## 'ਕੁਝ ਮੇਰੇ ਵਲੋਂ'

ਜਿਵੇਂ ਬੜੀ ਹੀ ਇੱਕ ਪੁਰਾਤਨ ਕਹਾਵਤ ਹੈ ਕਿ … ਇੱਕ ਤਾਂ ਵਿਚਾਰੀ ਕਮਲੀ ਦੂਜਾ ਸਿਵਿਆਂ ਦੇ ਰਾਹ ਪੈ ਗਈ। ਜਾਂ ਇਵੇਂ ਵੀ ਕਹਿ ਸਕਦੇ ਹੋ … ਜਿਉਂ ਜੰਮੇ ਬੋਦੀਓਂ ਲੰਮੇ। ਸ਼ੁਰੂ ਤੋਂ ਹੀ ਮੇਰਾ ਸੁਭਾਅ ਬੜਾ ਹੀ ਕੋਮਲ ਤੇ ਜਜ਼ਬਾਤੀ ਜਿਹਾ ਸੀ। ਕਿਸੇ ਸੱਤ ਬੇਗਾਨੇ ਦਾ ਵੀ ਦੁਖ ਮੈਥੋਂ ਜਰਿਆ ਨਾਂ ਜਾਂਦਾ। ਕਿਸੇ ਦੀ ਵੀ ਮਾੜੀ ਜਿਹੀ ਤਕਲੀਫ਼ ਨਾਲ, ਮੇਰਾ ਮੋਮ ਦਿਲ ਫਟ ਪਿੱਘਲ ਜਾਂਦਾ। ਫੇਰ ਮੈਂ ਝਲਿਆਂ ਵਾਂਗ ਉਸਦੇ ਦੁੱਖ ਨੂੰ ਆਪਣਾ ਦੁੱਖ ਸਮਝਕੇ ਹਾਲੋਂ-ਬੇਹਾਲ ਹੋ ਜਾਂਦਾ। ਮੇਰੀ ਇਸ ਚੰਦਰੀ ਬੀਮਾਰੀ ਨੇ, ਹਮੇਸ਼ਾ ਹੀ ਮੈਨੂੰ ਕਿਸੇ ਨ ਕਿਸੇ ਮੁਸੀਬਤ ਵਿੱਚ ਉਲਝਾਈ ਰੱਖਿਆ।

ਆਪੇ ਖਤਾਵਾਰ ਹਾਂ ਜੋ ਅਜੇਹਾ ਦਿਲ ਪਾਯਾ ਏ,
ਜ਼ਰਾ ਜਿਹੀ ਗਲੋਂ ਰੁੱਸਿਆ, ਟੁੱਟਿਆ, ਤਿਲਮਿਲਾਯਾ ਏ।
ਕਦੇ ਜ਼ਰਾ ਜਿਹੀ ਗੱਲ ਪਿਛੇ, ਵਰ੍ਹਿਆਂ ਦੀ ਤੋੜ ਦਿਤੀ,
ਕਦੇ ਜ਼ਰਾ ਜਿਹੀ ਗਲ ਨੂੰ ਅਸਾਂ ਵਰਸਾਂ ਨਿਭਾਇਆ ਏ।

ਹਰ ਬਾਰ ਮੈਂ ਤੌਬਾ ਕਰਦਾ। ਪਰ ਫੇਰ ਓਹੀ ਕੁੱਤੇ ਦੀ ਪੂੰਛ ਵਾਂਗਰਾਂ ਆਪਣੀ ਆਦਤ ਤੋਂ ਮਜਬੂਰ ਹੋਕੇ, ਕੋਈ ਨ ਕੋਈ ਨਵਾਂ ਪੰਗਾ ਲੈ ਹੀ ਛੱਡਦਾ। ਪਤਾ ਨਹੀਂ ਇਸ ਫ਼ਿਤਰਤ ਕਰਕੇ, ਮੈਨੂੰ ਬਚਪਨ ਤੋਂ ਬੁੜਾਪੇ ਤੀਕ, ਬੜੇ ਹੀ ਉਤਾਰ ਚੜਾਵ, ਦੁਖ, ਪਛਤਾਵੇ, ਸੰਤਾਪ ਨਮੋਸ਼ੀਆਂ ਦੇ ਆਪਣੇ ਨੰਗੇ ਪਿੰਡੇ ਤੇ ਜ਼ਮੀਰ ਉਤੇ ਜ਼ਖਮ ਸਹਿਣੇ ਪਏ। ਉਨ੍ਹਾਂ ਜ਼ਖਮਾਂ ਵਿੱਚ ਕਈ ਤਾਂ ਏਨੇ ਗਹਿਰੇ ਸੀ ਜੋ ਅੱਜ ਤਾਈਂ ਅੱਲ੍ਹੇ ਨੇ। ਅਤੇ ਕਈ ਜ਼ਖਮ ਆਪੇ ਰਿਸ ਰਿਸ ਕੇ ਯਾਦਾਂ ਦੇ ਨਸੂਰ ਬਣ ਗਏ।

ਮੁੱਢ ਤੋਂ ਹੀ ਕਈ ਕਰੋਪੀਆਂ ਜੋ ਮੈਨੂੰ ਮੇਰਾ ਨਸੀਬ ਬਖ਼ਸ਼ਦਾ ਰਿਹਾ ਅਤੇ ਕੁੱਝ ਮੈਂ ਆਪ ਆਪਣੇ ਨਰਮ ਸੁਭਾਅ ਕਰਕੇ ਸਹੇੜ ਲਈਆਂ … ਬੱਸ ਕੋਈ ਨ ਕੋਈ ਅਨਸੁਖਾਵੀਂ ਘਟਨਾ ਮੇਰੀ ਜ਼ਿੰਦਗੀ ਵਿੱਚ ਸਦਾ ਹੀ ਘਟਦੀ ਰਹੀ। ਕੁੱਝ ਲੋਕ ਤਾਂ ਮੇਰੀ ਇਸ ਰਹਿਮ ਦਿਲ ਤਬੀਅਤ ਨੂੰ ਪਸੰਦ ਵੀ ਕਰਦੇ … ਪਰ ਬਹੁਤੇ ਮੈਨੂੰ ਸੌਦਾਈ ਕਹਿ ਕੇ ਮੇਰੀ ਖਿੱਲ੍ਹੀ ਵੀ ਉਡਾ ਛੱਡਦੇ।

ਜਿਵੇਂ ਸਭ ਨਾਲੋਂ ਪਹਿਲਾਂ, ਪਿੰਡ ਵਿੱਚ ਕਿਸੇ ਨਵੇਂ ਉਸਰ ਰਹੇ ਖੂਹ ਦੀ ਨੀਂਵ ਵਿੱਚ ਸਦਾ ਲਈ ਦਫ਼ਨ ਹੋ ਰਹੀ ਵੱਡੀ ਸਾਰੀ ਚੌਗਾਠ ਨੁਮਾ ਲੱਕੜ ਲਈ ਮੇਰਾ ਦਿਲ ਵਿਆਕੁਲ ਹੋਂਦਾ … ਕੀ ਇਸ ਅਭਾਗੀ ਲੱਕੜ ਨੂੰ ਫੇਰ ਕਦੇ ਕੋਈ ਨਹੀਂ ਦੇਖ ਸਕੇਗਾ - ਕੀ ਇਹ ਹਮੇਸ਼ਾ ਏਨ੍ਹੇ ਭਾਰ ਥੱਲੇ ਹੀ ਦਬੀ ਰਹੇਗੀ। ਮੇਰੀ ਅਯਾਣੀ ਉਮਰ ਵਿੱਚ ਏਨੀਂ ਡੂੰਘੀ ਗਲ ਨੂੰ ਸਭ ਨੇ ਹਸਕੇ ਨਜ਼ਰ ਅੰਦਾਜ਼ ਕਰ ਦਿੱਤਾ …।

ਇਵੇਂ ਹੀ ਇੱਕ ਵਾਰ ਮੈਂ ਆਪਣੀ ਮੌਤ ਆਪ ਸਹੇੜੀ। ਮੈਂ ਨਿੱਕਾ ਜਿਹਾ ਬਾਲ, ਦੂਜੇ ਮੁੰਡਿਆਂ ਦੀ ਰੀਸੀ ਮੱਝ ਦੀ ਪੂੰਛ ਫੜਕੇ ਤਰਨਾ ਸਿਖਦਾ ਸਿਖਦਾ, ਕਿਵੇਂ ਡੁਬਣੋਂ ਮਸੀਂ ਬਚਿਆ, ਕਿਵੇਂ ਮੱਝ ਨੇ ਵਿਚਾਲੇ ਛੱਪੜ ਦੇ ਜਾ ਕੇ, ਮਾੜੀਆਂ ਜਿਹੀਆਂ ਆਪਣੀਆਂ ਨਾਸਾਂ ਬਾਹਰ ਕੱਢਕੇ …. ਮੇਰੇ ਗੋਤੇ ਲੁਆ ਦਿੱਤੇ …।

ਕਿਵੇਂ ਮੈਂ ਬਾਲਪਣ ਵਿੱਚ ਹੀ ਆਪਣੇ ਸੀਰੀ ਦੇ ਘਰ ਜਾ ਕੇ ਮੱਕੀ ਦੀਆਂ ਰੋਟੀਆਂ ਖਾਧੀਆਂ ਤੇ ਆਪਣੀ ਫ਼ਿਰਾਕ-ਦਿਲੀ ਤੇ ਭੋਲੇਪਣ ਨਾਲ ਜ਼ਾਤ-ਪਾਤ ਦੇ ਵਿਤਕਰੇ ਦੀਆਂ ਧੱਜੀਆਂ ਉਡਾਈਆਂ। ਇਸੇ ਕਰਕੇ ਕਈ ਮੈਨੂੰ ਲਾਡ ਨਾਲ ਛੋਟਾ ਗਾਂਧੀ ਵੀ ਕਹਿਣ ਲੱਗ ਪਏ।

ਇਸੇ ਤਰ੍ਹਾਂ ਸ਼ਾਇਦ ਇਹ ਵੀ ਮੇਰੇ ਭਾਵੁਕ ਸੁਭਾਅ ਦਾ ਹਿੱਸਾ ਹੀ ਹੋਵੇ। ਬਚਪਨੇ ਵਿੱਚ ਅਕਸਰ ਬੱਚੇ ਤੱਤਾ ਤੱਤਾ ਗੁੜ ਸੁਆਦ ਲਈ ਹੀ ਖਾਂਦੇ ਨੇ। ਤੇ ਫੇਰ ਦੋ ਘੜੀ ਮਿੱਠਤ ਦਾ ਅਨੰਦ ਮਾਣਿਆ ਤੇ ਗੁੜ ਨੂੰ ਭੁੱਲ ਗਏ। ਪਰ ਮੈਂ ਹਮੇਸ਼ਾ ਹੀ ਵਿਚਾਰੇ ਗੰਨੇ ਤੋਂ ਗੁੜ ਬਣਨ ਦੀ ਕਰੜੀ ਘਾਲਣਾ ਵਿੱਚ ਉਲਝ ਜਾਂਦਾ। ਕਿਵੇਂ ਗੰਨਾ ਆਪਣਾ ਵਜੂਦ ਗੁਆਕੇ, ਏਨੇ ਤਨ ਤੇ ਤਸੀਹੇ ਝੱਲ ਕੇ ਫੇਰ ਗੁੜ ਬਣਦਾ ਹੈ। ਖਾਣ ਵਾਲਾ ਸਿਰਫ਼ ਉਸਦੀ ਮਿਠਤ ਦਾ ਸੁਆਦ ਮਾਣਦਾ ਹੈ। ਕੋਈ ਉਸਦੀ ਸਹੀ ਤਕਲੀਫ਼ ਨਹੀਂ ਜਾਣਦਾ।

ਇਸੇ ਤਰ੍ਹਾਂ ਸਾਰੇ ਪਰਿਵਾਰ ਵਿੱਚ ਮੈਂ ਸਭ ਤੋਂ ਛੋਟਾ ਜੀ ਸੀ। ਪਰ ਮੇਰੀ ਸੋਚ ਉਸ ਵੇਲੇ ਵੀ ਮੇਰੀ ਉਮਰ ਨਾਲੋਂ ਕਿਤੇ ਵਡੇਰੀ ਸੀ। ਸਾਡੇ ਘਰ ਦਾ ਬਜ਼ੁਰਗ ਨੌਕਰ ਜਿਸਨੂੰ ਸਾਰੇ ਵਰਿਆਮਾ ਕਹਿੰਦੇ ਸਨ। ਪਰ ਮੈਂ ਹਮੇਸ਼ਾ ਹੀ ਉਸਦਾ ਆਪਣੇ ਪਿਤਾ ਵਾਂਗੂ ਸਤਿਕਾਰ ਕਰਦਾ ਸੀ ਤੇ ਹਮੇਸ਼ਾ ਉਸਨੂੰ ਆਪਣਾ ਯਾਰ ਤਾਇਆ ਕਹਿੰਦਾ ਸੀ। ਕਿਵੇਂ ਚਾਈਂ ਚਾਈਂ ਉਸਦੇ ਹੁੱਕੇ ਲਈ ਪਾਥੀ ਤੇ ਰੱਖਕੇ ਮਘਦੇ ਕੋਲੇ ਲੈ ਕੇ ਜਾਣਾ। ਕਿਵੇਂ ਬੇਸਬਰੀ ਨਾਲ ਉਸਦੇ ਹੁੱਕੇ ਦੀ ਗੁੜ ਗੁੜ ਸੁਣਨ ਲਈ ਬੈਠਿਆਂ ਰਹਿਣਾ … ਕਿਵੇਂ ਮੇਰੇ ਯਾਰ ਤਾਏ ਨੇ … ਆਪਣੇ ਆਖਰੀ ਦਮਾਂ ਤੇ ਆਪਣੀ ਚਿਤਾ ਨੂੰ ਸਿਰਫ਼ ਆਪਣੇ ਨਿੱਕੇ ਯਾਰ ਦੇ ਹੱਥੋਂ ਹੀ ਲਾਂਬੂ ਲਾਣ ਦਾ ਆਖਰੀ ਤਰਲਾ ਕਰਨਾ … ਭਾਵੇਂ ਮੈਂ ਵੀ ਅੱਜ ਉਸੇ ਦੀ ਉਮਰ ਦਾ ਹਾਣੀ ਬਜ਼ੁਰਗ ਹੋ ਗਿਆ ਹਾਂ। ਪਰ ਉਸਦੀ ਯਾਦ ਅੱਜ ਵੀ ਮੇਰੇ ਦਿਲ ਵਿੱਚ ਉਵੇਂ ਹੀ ਜਵਾਨ ਹੈ।

ਇਸ ਤੋਂ ਬਾਅਦ ਤਕਰੀਬਨ ਮੇਰਾ ਸ਼ਹਿਰੀ ਸਫ਼ਰ ਆਪਣੇ ਫੌਜੀ ਪਿਤਾ ਜੀ ਦੇ ਨਾਲ ਸ਼ੁਰੂ ਹੋ ਗਿਆ। ਹਮੇਸ਼ਾ ਖਾਨਾਬਦੋਸ਼ਾਂ ਵਾਂਗ ਅਸੀਂ ਤੁਰੇ ਹੀ ਰਹਿੰਦੇ, ਕਦੇ ਇਸ ਸ਼ਹਿਰ ਕਦੇ ਉਸ ਸ਼ਹਿਰ। ਕਦੇ ਮੰਜੇ ਪੀੜ੍ਹੀਆਂ ਦੇ ਸਰਾਵੇ-ਪਾਵੇ ਉਧੇੜ ਲੈਣੇ ਤੇ ਦੂਜੇ ਸ਼ਹਿਰ ਜਾ ਕੇ ਫੇਰ ਤੋਂ ਮੰਜੀਆਂ ਪੀੜੀਆਂ ਠੋਕਣੀਆਂ ਤੇ ਦੌਣਾਂ ਕਸਣੀਆਂ ਤੇ ਬੋਰੀਆਂ ਦੇ ਟਾਟਾਂ ਵਿੱਚ ਸੂਏ ਤੇ ਸੇਬੇ ਨਾਲ ਸਾਰਾ ਸਮਾਨ ਖੋਲ੍ਹਣਾ। ਬੜੇ ਧਿਆਨ ਨਾਲ ਦੇਖਣਾ ਕਿਤੇ ਟੁੱਟ ਤੇ ਨਹੀਂ ਗਿਆ। ਫੇਰ ਨਵੇਂ ਨਵੇਂ ਸੂਬਿਆਂ ਦੀਆਂ ਨਵੀਆਂ ਨਵੀਆਂ ਭਾਸ਼ਾਵਾਂ ਤੇ ਸਭਿਆਚਾਰਾਂ ਵਿੱਚ ਵਿਚਰਨਾ ਸ਼ੁਰੂ ਕਰ ਦੇਣਾ। ਕੁੱਝ ਉਹਨਾਂ ਦਾ ਸਿਖਣਾ, ਕੁੱਝ

ਆਪਣਾ ਦੱਸਣਾ। ਕਦੇ ਹਿੰਦੀ, ਕਦੇ ਗੁਜਰਾਤੀ, ਕਦੇ ਮਰਾਠੀ ਤੇ ਸੰਸਕ੍ਰਿਤ ਪੜਨੀਆਂ ਪੈਂਦੀਆਂ। ਘਾਟ ਘਾਟ ਦਾ ਪਾਣੀ ਪੀਤਾ। ਖ਼ਾਸ ਕਰਕੇ ਮਹਾਂਰਾਸ਼ਟਰ ਦੇ ਪੂਨਾ ਕਿਰਕੀ ਦੇ ਵਿੱਚ ਰਹਿੰਦੇ ਆਪਣੀ ਕੋਮਲ ਕਲਾ ਚਿਤਰਕਾਰੀ ਨੂੰ ਨਿਖਾਰਨ ਦਾ ਭਰਪੂਰ ਮੌਕਾ ਮਿਲਿਆ।

ਇਸੇ ਤਰ੍ਹਾਂ 13-14 ਸਾਲ ਦੀ ਉਮਰ ਵਿੱਚ ਹੀ ਆਪਣੇ ਮਾਂ ਪਿਓ ਨੂੰ ਛੱਡ ਕੇ ਮੈਂ ਕੱਲਾ ਹੀ ਮਹਾਂਰਾਸ਼ਟਰ ਤੋਂ ਸ਼ਿਮਲੇ (ਪੰਜਾਬ) ਆਪਣੇ ਸਾਰਿਆਂ ਨਾਲੋਂ ਵੱਡੇ ਭਾਜੀ ਕੋਲ ਆ ਗਿਆ। ਫੇਰ ਕਦੇ ਮਾਂ ਪਿਓ ਨਾਲ ਕੱਠਿਆਂ ਰਹਿਣ ਦਾ ਮੌਕਾ ਨਹੀਂ ਜੁੜਿਆ। ਬੱਸ ਕਦੇ ਹੋਸਟਲਾਂ ਵਿੱਚ ਕਦੇ ਦੇਸਾਂ ਪਰਦੇਸਾਂ ਵਿੱਚ ਟ੍ਰੇਨਿੰਗ ਤੇ ਫੇਰ ਨੌਕਰੀ ਵੀ ਅਜਿਹੀ ਮਿਲੀ ਅੱਜ ਇਥੇ ਤੇ ਕਲ ਓਥੇ, ਬਸ ਫੇਰ ਕੀ ਮੇਰੀ ਆਵਾਰਗੀ ਦਾ ਅਧੂਰਾ ਸਫ਼ਰ ਚਾਲੂ ਹੋ ਗਿਆ, ਜੋ ਅੱਜ ਤਾਈਂ ਵੀ ਜਾਰੀ ਹੈ।

ਇਸੇ ਤਰ੍ਹਾਂ ਆਪਣੇ ਪੰਜਾਬੀ ਮਾਪਿਆਂ ਦੀ ਧੱਕੇ ਸ਼ਾਹੀ ਤਾਂ ਮਸ਼ਹੂਰ ਹੈ, ਉਹ ਵੀ ਖ਼ਾਸ ਕਰਕੇ ਆਪਣੀ ਔਲਾਦ ਦੇ ਮਾਮਲੇ ਵਿੱਚ। ਜੋ ਉਹ ਚਾਹੁਣ ਉਹੀ ਕਿਤਾ-ਕਰਮ ਤੁਹਾਨੂੰ ਚੁਣਨਾ ਪਵੇਗਾ। ਮੈਂ ਇੱਕ ਚਿਤਰਕਾਰ ਬਣਨਾ ਚਾਹੁੰਦਾ ਸੀ, ਮੈਨੂੰ ਧੱਕੇ ਨਾਲ ਇੰਜੀਨਿਅਰਿੰਗ ਵਿੱਚ ਦਾਖਿਲ ਕਰਵਾ ਦਿੱਤਾ। ਜਿਵੇਂ ਕਿਸੇ ਵੱਗੇ ਨੂੰ ਕਿਤੇ ਕਸੂਤਾ ਜੋਤ ਦਿਓ, ਤੇ ਫੇਰ ਉਹ ਮੁਫ਼ਤ ਦੀ ਮਾਰ ਸੱਟਾਂ ਖਾਂਦਾ ਹੀ ਰਹਿੰਦਾ ਹੈ। ਤੇ ਉਸਤੋਂ ਪੈਂਡਾ ਵੀ ਕਦੇ ਨਹੀਂ ਮੁੱਕਦਾ। ਕੁੱਝ ਕੁਝ ਮੇਰਾ ਵੀ ਇਹੀ ਹਾਲ ਹੋਇਆ। ਪਹਿਲਾਂ ਪਹਿਲ ਰੇਲ ਹਾਦਸੇ ਨੇ ਮੈਨੂੰ ਮੂਲੋਂ ਹੀ ਬੌਂਦਲਾਕੇ ਰੱਖ ਦਿੱਤਾ। ਜਿਵੇਂ ਮੇਰਾ ਕੋਮਲ ਹਿਰਦਾ ਵਲੂੰਦਰਿਆ ਗਿਆ ਹੋਵੇ। ਜਾਣੋਂ ਫੇਰ ਮੇਰੀ ਦਿਮਾਗੀ ਤੇ ਜਿਸਮਾਨੀ ਤਾਕਤ ਦਾ ਆਪਸੀ ਤਾਲ ਮੇਲ ਟੁੱਟ ਗਿਆ ਹੋਵੇ। ਰੋਜ਼ ਕਿਸੇ ਨ ਕਿਸੇ ਹਾਦਸੇ ਦਾ ਸ਼ਿਕਾਰ ਹੋਣ ਲੱਗ ਪਿਆ।

ਇਸ ਮੁਸੀਬਤ ਤੋਂ ਹਾਲੇ ਥੋੜਾ ਬਹੁਤ ਨਿਕਲਿਆ ਹੀ ਸੀ ਦੂਜੀ ਇੱਕ ਤਰਫ਼ਾ ਪਿਆਰ ਦੀ ਅਲਾਮਤ ਸਹੇੜ ਲਈ। ਜਿਸ ਮੈਨੂੰ ਰੱਜਕੇ ਖੱਜਲ ਖੁਆਰ ਕੀਤਾ। ਇੱਕ ਦਿਨ ਇਸੇ ਭਾਵੁਕ ਤੇ ਨਰਮ ਸੁਭਾਅ ਕਾਰਨ ਮੈਂ ਆਤਮ ਹੱਤਿਆ ਦਾ ਵੀ ਕਲੰਕ ਸਦਾ ਲਈ ਖੱਟ ਲਿਆ। ਭਾਵੇਂ ਮੇਰੀ ਵਧੀ, ਜਾਂ ਕੁੱਝ ਮੇਰੇ ਆਪਣਿਆਂ ਦੀ ਭੱਜ ਦੌੜ ਸਦਕਾ ਮੈਂ ਕਿਵੇਂ ਵੀ ਬਚ ਤਾਂ ਗਿਆ ਪਰ ਸਾਰੀ ਉਮਰ ਲਈ ਆਪਣਾ ਸ਼ਰੀਰ ਨਕਾਰਾ ਕਰ ਲਿਆ। ਜਿਸ ਜ਼ਹਿਰ ਦਾ ਸੰਤਾਪ ਮੈਂ ਤਕਰੀਬਨ ਪਿਛਲੇ 50 ਸਾਲਾਂ ਤੋਂ ਹੰਢਾ ਰਿਹਾ ਹਾਂ, ਇਸੇ ਅਧੂਰੇ ਪਿਆਰ ਨੇ ਮੈਨੂੰ ਕਿਤੇ ਵੀ ਟਿਕਣ ਨਹੀਂ ਦਿੱਤਾ। ਨਾਂ ਹੀ ਕਦੇ ਕਿਸੇ ਹੋਰ ਦਾ ਹੋਣ ਦਿੱਤਾ। ਬਸ ਕੈਂਸਰ ਵਾਂਗ ਮੇਰੀ ਨਸ-ਨਸ ਵਿੱਚ ਇਸਦਾ ਜ਼ਹਿਰੀਲਾ ਮਾਦਾ ਵਿਕਸਦਾ ਰਿਹਾ। ਹੌਲੀ ਹੌਲੀ ਇਸਦੇ ਅੱਲ੍ਹੇ ਜ਼ਖ਼ਮ ਸਦੀਵੀਂ ਨਸੂਰ ਬਣ ਗਏ ਜਿਨ੍ਹਾਂ ਮੈਨੂੰ ਅਤਿ ਦਾ ਸੋਗੀ ਸ਼ਾਇਰ ਤਾਂ ਬਣਾ ਦਿੱਤਾ ਪਰ ਹੁਣ ਮੇਰੀ ਹਰ ਚੰਦਰੀ ਸੋਚ ਬਸ ਮੌਤ ਤੇ ਆਕੇ ਰੁਕ ਜਾਂਦੀ ਏ।

ਫੇਰ ਮੈਂ ਆਪਣੀ ਅੰਦਰੋਂ ਅਪਾਹਜ ਜ਼ਿੰਦਗੀ ਨਾਲ ਕਿਵੇਂ ਵੀ ਸਮਝੌਤਾ ਕਰਕੇ, ਆਪਣਾ ਮਕੈਨੀਕਲ ਇੰਜਨੀਰਿੰਗ ਦਾ ਡਿਪਲੋਮਾ ਤੇ ਟ੍ਰੇਨਿੰਗ ਪੂਰੀ ਕੀਤੀ, ਕਿਸੇ ਤਰ੍ਹਾਂ ਵਧੀਆ ਸਰਕਾਰੀ ਨੌਕਰੀ ਵੀ ਮਿਲ ਗਈ। ਮੈਂ ਇੰਡਸਟਰੀ ਇਨਸਪੈਕਟਰ ਲੱਗ ਗਿਆ। ਬੜੀ ਹੀ ਸ਼ਾਨੋਸ਼ੌਕਤ ਵਾਲੀ ਨੌਕਰੀ ਸੀ। ਆਪਣੀ ਨੌਕਰੀ ਦੇ ਦੌਰਾਨ ਮੈਂ ਆਪਣੇ ਉਸਤਾਦ ਨੰਦਲਾਲ ਨੂਰਪੁਰੀ ਜੀ ਦੀ ਪੂਰੀ ਦਿਲੋਂ ਸੇਵਾ ਕੀਤੀ, ਉਹਨਾਂ ਕੋਲੋਂ ਬੜਾ ਕੁੱਝ ਸਿੱਖਿਆ ਵੀ ਪਰ ਮੈਂ ਉਹਨਾਂ ਨੂੰ ਅਣ ਆਈ ਮੌਤ ਤੋਂ ਨਹੀਂ ਬਚਾ ਸਕਿਆ। ਇਸੇ ਬਟਾਲੇ ਨੇ ਮੈਨੂੰ ਦੋ ਆਜ਼ੀਮ ਸਖ਼ਸ਼ੀਅਤਾਂ ਬਖ਼ਸ਼ੀਆਂ। ਸਭ ਨਾਲੋ ਵਧ ਮੇਰਾ ਦਰਵੇਸ਼ ਯਾਰ ਅਜੀਤ ਸਿੰਘ ਦਿਓਲ ਤੇ ਸ਼ਿਵ ਕੁਮਾਰ ਬਟਾਲਵੀ। ਪਰ ਛੇਤੀ ਹੀ ਇਥੋਂ ਮੇਰਾ ਮਨ ਉਚਾਟ ਹੋ ਗਿਆ ਤੇ ਮੇਰੀ ਧੁਰੋਂ ਲਿਖੀ ਆਵਾਰਗੀ ਨੇ ਮੈਨੂੰ ਇਥੇ ਵੀ ਟਿਕਣ ਨਾ ਦਿੱਤਾ ਤੇ ਮੈਂ ਵਿਚੋ ਸਭ ਕੁੱਝ ਛੱਡਕੇ ਤੇ ਦੁਖੀ ਅੰਮੜੀ ਦੀ ਆਹ ਵੀ ਲੈ ਕੇ ਬੰਬਈ ਫ਼ਿਲਮੀ ਜਗਤ ਵੱਲ ਤੁਰ ਪਿਆ।

ਸੋ ਫ਼ਿਲਮੀ ਦੁਨੀਆਂ ਵਿੱਚ ਧਰਮ ਭਾਜੀ ਤੇ ਅਜੀਤ ਯਾਰ ਦੀ ਮੇਹਰ ਸਦਕਾ। ਤਕਰੀਬਨ ਸਾਲ ਬਹੁਤ ਹੀ ਸਿਰੜ ਅਤੇ ਈਮਾਨਦਾਰੀ ਨਾਲ ਹਰ ਫ਼ਿਲਮੀ ਕਿਰਤ ਹੱਥੀਂ ਕਰਕੇ ਦੇਖੀ। ਹਰ ਹੀਲੇ ਆਪਣੇ ਅੰਦਰਲੇ ਜਨੂੰਨ ਨੂੰ ਜੀਂਦਾ ਰੱਖਿਆ। ਜਦੋਂ ਹੌਲੀ ਹੌਲੀ ਗੱਡੀ ਲੀਹ ਤੇ ਆ ਗਈ ਤਾਂ ਅਚਾਨਕ ਫੇਰ ਮਾਤਾ ਜੀ ਕਾਫ਼ੀ ਬੀਮਾਰ ਪੈ ਗਏ। ਇਸ ਵਾਰ ਮੇਰੀ ਅੰਮੜੀ ਇੱਕ ਜਿੱਦ ਕਰਕੇ ਬੈਠ ਗਈ। ਉਸ ਮੈਨੂੰ ਆਪਣੀ ਮਮਤਾ ਦਾ ਵਾਸਤਾ ਪਾ ਦਿੱਤਾ। ਬਸ ਜੇ ਤੈਨੂੰ ਮੇਰੇ ਨਾਲ ਥੋੜਾ ਜਿਹਾ ਵੀ ਪਿਆਰ ਹੈ ਜੇ ਤੂੰ ਮੇਰਾ ਥੋੜਾ ਜਿਨਾ ਵੀ ਸਤਿਕਾਰ ਕਰਦਾ ਹੈਂ ਤਾਂ ਇਥੋਂ ਸਿੱਧਾ ਹੀ ਕੈਨੇਡਾ ਆਪਣੇ ਭੈਣ ਭਰਾਵਾਂ ਕੋਲ ਚਲੇ ਜਾ। ਮੈਂ ਬੜੀਆਂ ਮਿੰਨਤਾਂ ਕੀਤੀਆਂ। ਦਲੀਲਾਂ ਦਿੱਤੀਆਂ। ਉਹ ਕਹਿੰਦੇ ਪਿਛਲੇ 10 ਸਾਲਾਂ ਤੋਂ ਤੇਰਾ ਇਹੀ ਰੋਣਾ ਸੁਣਦੇ ਆਏ ਹਾਂ। ਹਾਂ ਜਾਂ ਨਾਂਹ। ਸੋ ਸਰਵਣ ਪੁੱਤ ਬਣ ਕੇ ਕੈਨੇਡਾ ਤਾਂ ਆ ਗਿਆ ਪਰ ਮੇਰੀਆਂ ਨਾਕਾਮੀਆਂ, ਮਨਹੂਸੀਆਂ ਮੇਰੇ ਤੋਂ ਪਹਿਲੋਂ ਹੀ ਬਿਨਾਂ ਜਹਾਜ ਚੜ੍ਹੇ ਹੀ ਪਹੁੰਚ ਗਈਆਂ। ਪੈਰ ਪੈਰ ਤੇ ਅਸਫ਼ਲਤਾ, ਨਮੋਸ਼ੀਆਂ ਨੇ ਮੇਰਾ ਤੇ ਮੇਰੀ ਮਾਂ ਦਾ ਲੱਕ ਤੋੜ ਦਿੱਤਾ। ਉਹ ਵਿਚਾਰੀ ਤਾਂ ਪੱਕੀ ਹੀ ਮੰਜੀ ਫੜਕੇ ਬਹਿ ਗਈ।

ਇਥੇ ਕੈਨੇਡਾ ਆ ਕੇ ਮੈਂ ਮੂਲੋਂ ਹੀ ਕਖੋਂ ਹੌਲਾ ਹੋ ਗਿਆ। ਜਿਵੇਂ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ, ਖਾਏ ਤਾਂ ਕੋਹੜੀ ਛੱਡੇ ਤਾਂ ਕਲੰਕੀ ਵਾਲੀ ਗੱਲ ਹੋ ਗਈ। ਇਥੇ ਵੀ ਦਰ ਦਰ ਦੀਆਂ ਠੋਕਰਾਂ ਹੀ ਨਸੀਬ ਹੋਈਆਂ। ਬਸ ਵਕਤ ਨਾਲ ਸਮਝੌਤਾ ਕਰ, ਨੀਵੀਂ ਪਾ ਕੇ ਦਿਨ ਕੱਟਣੇ ਸ਼ੁਰੂ ਕਰ ਦਿੱਤੇ। ਜਿਵੇਂ ਕਹਿੰਦੇ ਨੇ ਰੰਡੀ ਤਾਂ ਵਿਚਾਰੀ ਰੰਡੇਪਾ ਕੱਟ ਲਵੇ ਪਰ ਭੈੜੇ ਮੁਸ਼ਟੰਡੇ ਨਹੀਂ ਜੀਣ ਦਿੰਦੇ। ਸੋ ਕੁੱਝ ਨਵੇਂ ਬਣੇ ਤਮਾਸ਼ਬੀਨ ਯਾਰਾਂ ਨੇ ਮੈਨੂੰ ਚੁੱਕ ਚੁਕਾਕੇ ਮੁੜ ਕੇ ਇੱਕ ਪੰਜਾਬੀ ਫ਼ਿਲਮ ਦਾ ਨਿਰਮਾਣ ਕਰਨ ਲਈ ਬੰਬਈ ਵਲ ਤੋਰ ਦਿੱਤਾ। ਕਿਸੇ ਵੀ ਯਾਰ ਨੇ ਮੁੜ ਮੇਰੀ ਸਾਰ ਨਾ ਲਈ। ਕੱਲਾ ਫੱਸ ਗਿਆ। ਘਰ ਬਾਰ ਵੇਚ ਕੇ ਫ਼ਿਲਮ ਤਾਂ ਪੂਰੀ ਕਰ ਲਈ ਪਰ 84 ਦੇ ਦੰਗਿਆਂ ਕਰਕੇ ਮੈਂ ਫ਼ਿਲਮ ਰਲੀਜ਼ ਨਾ ਕਰ ਸਕਿਆ।

"ਸਭ ਕੁਛ ਲੁਟਾਕੇ ਹੋਸ਼ ਮੇ ਆਏ ਤੋ ਕਿਆ ਆਏ"

ਅਸੀਂ ਫੇਰ ਕੈਨੇਡਾ ਵਾਪਿਸ ਧੱਕੇ ਖਾਣ ਲਈ ਆ ਗਏ। ਨਾਲ ਧੱਕੇ ਖਾਣ ਲਈ ਆਪਣੇ ਬਿਰਧ ਪਿਤਾ ਜੀ ਨੂੰ ਵੀ ਨਾਲ ਹੀ ਲੈ ਆਇਆ ਤੇ ਨਾਲ ਨਾਲ ਆਪਣੀ ਅੰਮੜੀ ਦਾ ਦਿੱਤਾ ਸ਼ਰਾਪ ਵੀ ਹਮੇਸ਼ਾ ਮੇਰੇ ਅੰਗ ਸੰਗ ਰਹਿੰਦਾ ਰਿਹਾ। ਜਿਵੇਂ ਹੱਥਾਂ ਨਾਲ ਦਿੱਤੀਆਂ ਗੰਢਾਂ ਨੂੰ ਹੁਣ ਦੰਦਾ ਨਾਲ ਖੋਲ੍ਹਣਾ ਪੈ ਰਿਹਾ ਹੋਵੇ। ਸੋਨੇ ਨੂੰ ਹੱਥ ਪਾਂਦਾ ਮਿੱਟੀ ਹੋ ਜਾਂਦਾ। ਹੁਣ ਤਾਂ ਮੇਰੇ ਤੇ ਆਈ ਕਰੋਪੀ ਦਾ ਸੰਤਾਪ ਮੇਰੇ ਭੈਣ ਭਰਾਵਾਂ ਨੂੰ ਵੀ ਭੁਗਤਣਾ ਪਿਆ। ਅੰਤ ਮਾੜੇ ਹਾਲਾਤਾਂ ਨਾਲ ਜੂਝਦੇ ਜੂਝਦੇ ਨੇ ਆਪਣਾ ਪਿਤਾ ਵੀ ਗੁਆਇਆ। ਫੇਰ ਇੱਕ ਇੱਕ ਕਰਕੇ ਦੋਵੇਂ ਬਾਹਾਂ ਵੀ ਭੱਜੀਆਂ, ਦੋਵੇਂ ਵੀਰੇ ਮੈਨੂੰ ਕੱਲਿਆਂ ਛੱਡਕੇ ਹਮੇਸ਼ਾ ਲਈ ਤੁਰ ਗਏ। ਜਾਣੋਂ ਜ਼ਿੰਦਗੀ ਬੇਮਾਇਨੀ ਜਿਹੀ ਹੋ ਗਈ ਹੋਵੇ। ਬਸ ਹੁਣ ਜੀਵਨ ਨਾਲ ਸੰਘਰਸ਼ ਕਰਨਾ ਉਕਾ ਹੀ ਛੱਡ ਦਿੱਤਾ। ਨਾ ਹੁਣ ਸ਼ਰੀਰ ਵਿੱਚ ਕੋਈ ਤਾਣ ਰਿਹਾ ਨਾ ਹੀ ਕੋਈ ਸਿਰੜ ਹੀ ਰਿਹਾ ਹੈ। ਨਾ ਹੀ ਕੋਈ ਹੁਣ ਚੰਗੇ ਮਾੜੇ ਦਾ ਲਾਂਝਾਂ ਰਿਹਾ ਹੈ। ਬਸ ਹੁਣ ਟਹਿਣੀਓਂ ਟੁੱਟੇ ਪੱਤੇ ਵਾਂਗ ਸਭ ਕੁੱਝ ਕਿਸਮਤ ਦੀ ਹਨ੍ਹੇਰੀ ਦੇ ਹਵਾਲੇ ਕਰ ਦਿੱਤਾ ਹੈ। ਜਿੱਧਰ ਮਰਜ਼ੀ ਲੈ ਜਾਏ ਕੋਈ ਹੀਲ ਹੁੱਜਤ ਨਹੀਂ ਰਹੀ।

ਫੇਰ ਇਸੇ ਭੱਜ ਦੌੜ ਵਿੱਚ ਕਿਸਮਤ ਦੀ ਹਨ੍ਹੇਰੀ ਪਾਕਿਸਤਾਨ ਦੀ ਫੇਰੀ ਤੇ ਲੈ ਗਈ । ਪਤਾ ਨਹੀਂ ਕਿਉਂ ਬਾਬੇ ਨਾਨਕ ਦੇ ਸ਼ਹਿਰ ਕਿਸਮਤ ਕੁੱਝ ਚਿਰ ਲਈ ਸਾਡੇ ਤੇ ਮਿਹਰਬਾਨ ਹੋ ਗਈ। ਬੜੇ ਦਰਵੇਸ਼ ਬੰਦਿਆਂ ਦੇ ਦੀਦਾਰ ਹੋਏ। ਇੱਕ ਮਹੀਨਾਂ ਸੂਟਿੰਗ ਕੀਤੀ ਤੇ ਪਾਕਿਸਤਾਨ ਫ਼ਨਕਾਰਾਂ ਦੀ ਆਵਾਜ਼ ਵਿੱਚ ਆਪਣੀਆਂ 12 ਗ਼ਜ਼ਲਾਂ ਵੀ ਰੀਕਾਰਡ ਕਰਵਾਈਆਂ। ਆਪਣਿਆਂ ਨਾਲੋਂ ਬੇਗਾਨੇ ਨੇ ਇਸੇ ਨਿਮਾਣੇ ਬੰਦੇ ਨੂੰ ਰੱਜ ਕੇ ਮਾਣ ਸਤਿਕਾਰ ਦਿੱਤਾ।

ਇਸੇ ਤਰ੍ਹਾਂ ਅਖ਼ੀਰ ਵਿੱਚ 2009 ਜੂਨ ਕਿਸਮਤ ਮੈਨੂੰ ਦੁਨੀਆਂ ਦੇ ਸਭ ਨਾਲੋਂ ਖੂਬਸੂਰਤ ਸ਼ਹਿਰ ਵੈਨਕੂਵਰ ਲੈ ਗਈ। ਉਥੇ ਵੀ ਇਸ ਗੁਮਨਾਮ ਖ਼ਾਕਸਾਰ ਨੂੰ ਰੱਜਵਾਂ ਪਿਆਰ ਸਤਿਕਾਰ ਮਿਲਿਆ। ਖ਼ਾਸ ਕਰਕੇ ਟੀ.ਵੀ ਤੇ ਰੇਡੀਓ ਹੋਸਟ, ਬੇਟੇ ਬਲਜਿੰਦਰ ਅਟਵਾਲ ਨੇ ਜਿਵੇਂ ਕਿਸੇ ਦਮ ਤੋੜਦੇ ਮਰੀਜ਼ ਤੇ ਔਕਸੀਜ਼ਨ ਮਾਸਕ ਰੱਖ ਦਿੱਤਾ ਹੋਵੇ। ਉਨ੍ਹਾਂ ਮੇਰੀ ਰੇਡਿਓ ਤੇ ਟੀ.ਵੀ. ਦੇ ਹਜ਼ਾਰਾਂ ਸਰੋਤਿਆਂ ਨਾਲ ਸਾਂਝ ਪੁਆਈ। ਇੱਕ ਹੋਰ ਕਰਮ ਮੇਰੇ ਤੇ ਕੀਤਾ। ਮੇਰੀਆਂ ਇੰਟਰਵਿਊਜ਼ ਇਨਟਰਨੈਟ ਤੇ ਪਾ ਦਿੱਤੀਆਂ। ਫੇਰ ਦੁਨੀਆਂ ਦੇ ਹਰ ਕੋਨੇ ਤੋਂ ਸਰੋਤਿਆਂ ਦੇ ਪਿਆਰ ਭਿੱਜੇ ਫੁੱਲ ਆਏ।

ਤਕਰੀਬਨ ਹਰ ਸ੍ਰੋਤੇ ਨੇ ਇਹੀ ਮੰਗ ਕੀਤੀ ਕਿ ਬਲਬੀਰ ਜੀ ਤੁਸੀਂ ਜ਼ਰੂਰ ਆਪਣੇ ਜੀਂਦੇ ਜੀਅ ਆਪਣੀ ਸਵੈ ਜੀਵਨੀ ਲਿਖਕੇ ਆਪਣੀ ਜ਼ਿੰਦਗੀ ਦੇ ਏਨੇ ਤਲਖ਼ ਤਜ਼ਰਬਿਆਂ ਦੀ ਸਾਡੇ ਨਾਲ ਸਾਂਝ ਪਾਓ ਪਰ ਪੂਰੀ ਸ਼ਿੱਦਤ ਤੇ ਈਮਾਨਦਾਰੀ ਨਾਲ ਪਾਣਾ। ਕੁੱਝ ਵੀ ਲਕੋਣਾ ਨਹੀਂ ਆਦਿ। ਉਹੀ ਗੱਲ ਹੋਈ ਕੀ ਨੰਗਾ ਨਹਾਊ ਤੇ ਕੀ ਨਿਚੋੜੂ। ਮੇਰੇ ਪਿਆਰੇ ਸ੍ਰੋਤਿਓ ਸੱਚ ਪੁੱਛੋ ਤਾਂ ਮੇਰੇ ਕੋਲ ਕੁੱਝ ਵੀ ਦੱਸਣ ਜਾਂ ਲਕੋਣ ਵਾਲਾ ਨਹੀਂ। ਯਾਰੋ ਕੀ ਖੋਲ੍ਹਾਂ ਆਪਣੀ ਜ਼ਿੰਦਗੀ ਦੀ ਖਿਦੋ ਨੂੰ, ਸਿਰਫ਼ ਵਿੱਚ ਫਟੀਆਂ ਪੁਰਾਣੀਆਂ ਸਹਿਕਦੀਆਂ ਲੀਰਾਂ ਨੇ ਤੇ ਕੁੱਝ ਕੌੜੀਆਂ ਯਾਦਾਂ ਦੇ ਸਹਿਕਦੇ ਨਸੂਰ ਨੇ। ਜਿਨ੍ਹਾਂ ਨੂੰ ਮੈਂ ਆਪਣੀ ਜੱਪਤ ਦੀ ਬੁੱਕਲ ਵਿੱਚ ਲੁਕਾਈ ਫਿਰਦਾ ਹਾਂ। ਪਰ ਕਿਵੇਂ ਵੀ ਮੈਂ ਆਪਣੀ ਸਵੈ ਜੀਵਨੀ ਸ੍ਰੋਤਿਓ ਆਪਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤੀ ਹੈ ਕਿਉਂਕਿ ਇਹ ਅਭਾਗਣ ਸਵੈਜੀਵਨੀ ਕੱਲ ਵੀ ਅਧੂਰੀ ਸੀ, ਅੱਜ ਵੀ ਅਧੂਰੀ ਹੀ ਹੈ। ਤੇ ਕੱਲ ਨੂੰ ਮੇਰੇ ਮਰਨ ਪਿੱਛੋਂ ਵੀ ਇਵੇਂ ਅਧੂਰੀ ਹੀ ਰਹੇਗੀ। ਜਿਵੇਂ ਕੋਮਾ ਵਿੱਚ ਪਈ ਹੋਵੇ।

ਅੱਗੇ ਤੁਹਾਡੀ ਮਰਜ਼ੀ ਹੈ ਮੇਰੇ ਪਿਆਰੇ ਸ੍ਰੋਤਿਓ ਤੁਸੀਂ ਇਸ ਵਿੱਚੋਂ ਹੰਸ ਬਣਕੇ ਮੋਤੀ ਚੁਗਣੇ ਨੇ ਜਾਂ ਬਗਲਾ ਬਣਕੇ ਸਿਰਫ਼ ਇਸ ਵਿੱਚੋਂ (ਨੁਕਸ) ਡੱਡਾਂ ਫੜਨੀਆਂ ਨੇ। ਸਭ ਦਾ ਆਪਣਾ ਆਪਣਾ ਸ਼ੌਕ ਤੇ ਸੁਭਾਅ ਹੁੰਦਾ ਹੈ।

ਵੈਸੇ ਤਾਂ ਮੈਂ ਕਦੇ ਸੋਚਿਆ ਸੀ ਕਿ ਮੈਂ ਆਪਣੇ ਹੀ ਇਨ੍ਹਾਂ ਕੁੱਝ ਸ਼ੇਅਰਾਂ ਦੀ ਤਰਜ਼ਮਾਨੀ ਕਰਦਾ ਕਰਦਾ ਹੀ ਮੁੱਕ ਜਾਵਾਂਗਾ ਪਰ

ਜ਼ਿੰਦਗੀ ਦੀ ਹਰ ਸ਼ੈਅ ਅਧੂਰੀ,
ਜੋ ਕਦੇ ਵੀ ਨ ਹੋਵੇਗੀ ਪੂਰੀ,
ਆਪਣੀ ਅਧੂਰੀ ਜ਼ਿੰਦਗੀ ਦੀ,
ਅਧੂਰੀ ਦਾਸਤਾਂ ਹਾਂ ਮੈਂ ....
ਮੇਰੇ ਨਾਲ ਹੀ ਮਿਟ ਜਾਣਗੇ,
ਮੇਰੇ ਸਾਰੇ ਹੀ ਨਾਮੋ-ਨਿਸ਼ਾਂ,
ਕਿਉਂਕਿ ਆਪਣੀ ਦਫ਼ਨ ਜ਼ਿੰਦਗੀ ਦਾ,
ਆਪੇ ਹੀ ਰਾਜਦਾਂ ਹਾਂ ਮੈਂ ....
ਯਾਰੋ ਅੱਜ ਹੋਕੇ ਕਿਤੇ ਮੇਹਰਬਾਂ ਮੌਤ ਹੀ ਨਾਂ ਆ ਜਾਏ!
ਧੜਕਨ ਜੋ ਰੁਕ ਰੁਕ ਕੇ ਚਲ ਰਹੀ ਏ, ਕੋਈ ਤਾਂ ਗੱਲ ਖ਼ਾਸ ਹੈ!
ਹੁਣ ਜਦ ਵਕਤ ਹੀ ਨਹੀਂ ਰਿਹਾ ਆਪਣਾ।
ਫਿਰ ਕਾਹਦਾ ਸਿਰੜ, ਕਾਹਦਾ ਰਾਜ਼ ਸਜਨਾਂ।।

ਧੰਨਵਾਦ

ਬਲਬੀਰ ਸਿਕੰਦ

Note: ਇਹ ਕਿਤਾਬ “ਜੰਗਾਲਿਆ ਕਿੱਲ” ਮੈਂ ਆਪਣੇ ਵੱਡੇ ਯਾਰ ਵੀਰੇ ਬਲਦੇਵ ਸਿਕੰਦ ਨੂੰ ਬੜੇ ਆਦਰ ਨਾਲ ਸਮਰਪਿਤ ਕਰਦਾ ਹਾਂ …

ਬਲਬੀਰ ਸਿਕੰਦ

## "ਜੰਗਾਲਿਆ ਕਿੱਲ"

ਸੰਨ 1958 ਦਾ ਨਵਾਂ ਸਾਲ, ਇੱਕ ਤੋਂ ਇੱਕ ਵੱਧ ਮਨਹੂਸੀਆਂ ਲੈ ਕੇ ਚੜਿਆ ਸੀ, ਪਹਿਲੀ ਜਨਵਰੀ ਨੂੰ ਹੀ ਤੜਕ ਸਾਰ ਏਨਾਂ ਭਿਆਨਕ, ਦਿਲ ਕੰਬਾਊ ਰੇਲ ਹਾਦਸਾ ਹੋਇਆ, ਜਿਸ ਮੇਰੇ (ਜਿਸਮ) ਦਿਲ, ਆਤਮਾ ਤੇ ਵਜੂਦ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ, ਜਾਂ ਇਉਂ ਕਹੋ ਉਸ ਮੇਰੀ ਜ਼ਿੰਦਗੀ ਦੀ ਨੁਹਾਰ ਹੀ ਬਦਲਕੇ ਰੱਖ ਦਿੱਤੀ। ਜਦ ਬੜੀ ਮੁਸ਼ਕਿਲ ਨਾਲ ਥੋੜਾ ਬਹੁਤ ਇਸਦੀ ਜ਼ਦ ਵਿਚੋਂ ਨਿਕਲਿਆ ਹੀ ਸੀ ਕਿ ਅਚਾਨਕ ਮੇਰਾ ਜਿਗਰੀ ਯਾਰ ਤਿਰਲੋਚਨ ਨੂੰ ਮੈਨੂੰ ਨੀਮ ਪਾਗਲ ਦੀ ਹਾਲਤ ਵਿੱਚ ਹੀ ਛੱਡਕੇ ਪਤਾ ਨਹੀਂ ਵਿਚਾਰੇ ਨੂੰ ਕਿਉਂ ਤੇ ਕਿੱਧਰ ਜਾਣਾ ਪਿਆ।

ਮੈਂ ਕਲਮ-ਕਲਾ ਬੌਂਦਲਿਆ ਜਿਹਾ, ਟਾਹਣਿਉਂ ਟੁੱਟੇ ਪੱਤੇ ਵਾਂਗ ਦਰ ਦਰ ਰੁਲਦਾ ਰਿਹਾ। ਕਦੀ ਇਧਰ ਕਦੀ ਓਧਰ। ਇਸੇ ਭਟਕਣ ਦੌਰਾਨ ਅਚਾਨਕ ਹੀ ਮੇਰਾ ਬਚਪਨ ਦਾ ਇੱਕ ਆੜੀ ਕਸ਼ਮੀਰਾ ਮਿਲ ਗਿਆ, ਜਿਸਦੀ ਖਸਤਾ ਤੇ ਨਿੱਘਰੀ ਹਾਲਤ ਦੇਖ ਕੇ ਮੈਂ ਇੱਕ ਦਮ ਧੁਰ ਅੰਦਰ ਤੀਕ ਹਿੱਲ ਗਿਆ ਹੋਵਾਂ। ਸ਼ੀਰੇ ਤੇ ਫੱਤੋ ਦੀ ਅਣਆਈ ਮੌਤ ਨੇ ਮੇਰੀ ਰੂਹ ਜ਼ਖ਼ਮੀ ਕਰ ਦਿੱਤੀ, ਮੇਰੀ ਸੋਚ ਲਹੂ ਲੁਹਾਨ ਹੋ ਗਈ, ਜਾਣੋ ਮੈਂ ਪੂਰੀ ਤਰ੍ਹਾਂ ਨਾਲ ਟੁੱਟ ਗਿਆ ਹੋਵਾਂ। ਮਰਦਾ ਕੀ ਨਾ ਕਰਦਾ। ਹਾਲਾਤ ਨਾਲ ਮੁੜ ਸਮਝੌਤਾ ਕਰਕੇ ਫੇਰ ਛੁੱਟੀਆਂ ਤੋਂ ਬਾਅਦ ਮੈਂ ਵਾਪਿਸ ਆਪਣੇ ਕਾਲਜ ਸੋਨੀਪਤ ਆ ਗਿਆ। ਮਨ ਬੜਾ ਹੀ ਉਚਾਟ ਰਹਿੰਦਾ। ਜ਼ਿੰਦਗੀ ਮੂਲੋਂ ਹੀ ਹੁਣ ਬੇਮਾਇਨੀ ਲੱਗਣ ਲੱਗ ਪਈ। ਜਿਵੇਂ ਸਿਆਣੇ ਕਹਿੰਦੇ ਨੇ ਕਿ ਆਫ਼ਤ ਕਦੇ ਕੱਲੀ ਨਹੀਂ ਆਉਂਦੀ। ਇੱਕ ਤੋਂ ਬਾਅਦ ਇੱਕ ਤੁਰੀ ਆਉਂਦੀ ਏ। ਜਿਵੇਂ ਕਿਤੇ ਆਫ਼ਤਾਂ ਦੇ ਪੂਰੇ ਟੱਬਰ ਦਾ ਮੇਰੇ ਘਰ ਲਈ ਵੀਜ਼ਾ ਲੱਗ ਗਿਆ ਹੋਵੇ।

ਇੱਕ ਦਿਨ ਮੇਰੇ ਇੱਕ ਹੋਰ ਸਹਿਪਾਠੀ ਸੰਤ ਸਿੰਘ ਨੂੰ ਪਤਾ ਨਹੀਂ ਕਿਉਂ ਮੇਰੇ ਤੇ ਤਰਸ ਆ ਗਿਆ ਹੋਵੇ ਜਾਂ ਮੈਂ ਹੀ ਅਨਹੋਣੀ ਦੇ ਵੱਸ ਪੈ ਕੇ ਅਜਿਹੇ ਘਾਤਕ ਰੋਗ ਨੂੰ ਸਹੇੜਨ ਲਈ ਆਪ ਉਸ ਨਾਲ ਰੋਹਤਕ ਉਸਦੇ ਘਰ ਤੁਰ ਪਿਆ। ਇਸਨੂੰ ਮੈਂ ਕੋਈ ਵਰਦਾਨ ਤਾਂ ਨਹੀਂ ਕਹਿ ਸਕਦਾ। ਹਾਂ ਇੱਕ ਨਸੂਰ, ਇੱਕ ਸ਼ਰਾਪ ਜ਼ਰੂਰ ਕਹਿ ਸਕਦਾ ਹਾਂ। ਜਿਸਦਾ ਸੰਤਾਪ ਮੈਂ ਪੂਰੀ ਹਯਾਤੀ ਤਿਲ ਤਿਲ ਮਰ ਕੇ ਹੰਢਾਇਆ।

ਉਸ ਮੈਨੂੰ ਰੋਹਤਕ ਲਿਜਾਕੇ ਦੂਜੇ ਦਿਨ ਆਪਣੀ ਇੱਕ ਗੁਆਂਢਣ ਕੁੜੀ ਪ੍ਰੀਤਮਾਂ ਨਾਲ ਮੇਰੀ ਮੁਲਾਕਾਤ ਕਰਵਾ ਦਿੱਤੀ। ਜ਼ਿੰਦਗੀ ਵਿੱਚ ਪਹਿਲੀ ਵਾਰ ਕਿਸੇ ਜਵਾਨ ਕੁੜੀ ਦੀ ਨੇੜਤਾ ਨਸੀਬ ਹੋਈ ਸੀ। ਉਹ ਵੀ ਕਿਸੇ ਜਾਦੂਗਰਨੀ ਤੋਂ ਘੱਟ ਨਹੀਂ ਸੀ। ਉਸ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਨਾਂਲ ਮੈਨੂੰ ਹਮੇਸ਼ਾ ਲਈ ਅਜਿਹਾ ਕੀਲਿਆ ਜਿਸਤੋਂ ਮੈਂ ਚਾਹ ਕੇ ਵੀ ਕਦੇ ਭੱਜ ਨਾ ਸਕਿਆ। ਭਾਵੇਂ ਉਹ ਉਮਰ ਵਿੱਚ ਮੇਰੇ ਨਾਂਲੋਂ ਕੁੱਝ ਪੱਕੀ ਸੀ ਪਰ ਆਪਣਾ ਮੋਹ ਜਾਲ ਪਾਣ ਵਿੱਚ ਉਸਦੀ ਡਾਢੀ ਮੁਹਾਰਤ ਸੀ। ਉਸਨੂੰ ਮੇਰੀ ਮਾਸੂਮ ਤੇ ਸੋਹਣੀ ਸ਼ਕਲ ਭਾਵੇਂ ਚੰਗੀ ਲੱਗੀ ਸੀ ਪਰ ਉਸ ਸ਼ਾਤਿਰ ਕੁੜੀ ਨੇ ਮੈਨੂੰ ਕਦੀ ਜ਼ਾਹਿਰ ਹੋਣ ਨਹੀਂ ਦਿੱਤਾ। ਅਸੀਂ ਭੋਲੇ ਪੰਛੀ ਉਸਦੀਆਂ ਫ਼ਰੇਬੀ ਲੱਛੇਦਾਰ ਗੱਲਾਂ ਅਤੇ ਝੂਠੀ ਹਮਦਰਦੀ ਵਿੱਚ ਅਜਿਹੇ ਜਕੜੇ ਕਿ ਉਸਨੂੰ ਪੂਰੀ ਤਰ੍ਹਾਂ ਆਪਣਾ ਆਪਾ ਸਮਰਪਿਤ ਕਰ ਦਿੱਤਾ ਤੇ ਫੇਰ ਕਦੇ ਮੁੜ ਪਿੱਛੇ ਨਾ ਦੇਖਿਆ। ਧੱਕੇ ਨਾਲ ਇੱਕ ਨਵਾਂ ਅਵੱਲੜਾ ਰੋਗ ਲਾ ਲਿਆ।

ਕੱਚੀ ਉਮਰ ਦਾ ਇਸ਼ਕ ਅਵੱਲੜਾ ਹੱਡੀਂ ਜਾਂਦਾ,
ਉਹ ਓਵੇਂ ਰਹਿੰਦਾ ਧੁੱਖਦਾ, ਭਾਵੇਂ ਸਿਵਾ ਮੱਚ ਜਾਂਦਾ॥
ਅਯਾਣੀ ਉਮਰੇ, ਸੱਜਰੇ ਖ਼ੂਨ ਨੂੰ ਬਿਰਹਾ ਜਾਗ ਲੱਗਿਆ,
ਆਪੇ ਕੁੜ ਕੁੜ ਕੇ, ਵਿਚਾਰਾ ਵਾਧੂ ਸਾਹਾਂ ਲਈ ਬੱਚ ਜਾਂਦਾ॥

ਉਸਦੀ ਸਾਹਿਤਕ ਰੁਚੀ ਨੇ ਮੈਨੂੰ ਬੜਾ ਹੀ ਪ੍ਰਭਾਵਿਤ ਕੀਤਾ। ਹਰ ਵੇਲੇ ਉਸਨੂੰ ਮਿਲਣ ਦੀ ਨਿਰੋਈ ਤਾਂਘ ਬਣੀ ਰਹਿੰਦੀ। ਰੋਜ਼ ਰੋਜ਼ ਤਾਂ ਕਾਲਜ ਵਿਚੋਂ ਛੁੱਟੀਆਂ ਨਹੀਂ ਸੀ ਮਿਲਦੀਆਂ। ਨਾਂ ਹੀ ਜੇਬ ਇਜਾਜ਼ਤ ਦਿੰਦੀ ਸੀ ਕਿ ਮੂੰਹ ਚੁੱਕ ਕੇ ਆਏ ਦਿਨ ਤੁਰੇ ਰਹੋ। ਉਥੇ ਗਏ ਦਾ ਹਰ ਵਾਰੀ ਉਹ ਚੰਗਾ ਚੋਖਾ ਖਰਚਾ ਕਰਵਾ ਦਿੰਦੀ ਸੀ। ਬੜੀ ਮੁਸ਼ਕਿਲ ਨਾਲ ਵਾਪਸੀ ਕਿਰਾਏ ਜੋਗੇ ਪੈਸੇ ਬਚਾ ਕੇ ਆਉਣਾ ਪੈਂਦਾ ਸੀ। ਫੇਰ ਬਾਕੀ ਸਾਰਾ ਮਹੀਨਾ ਤਕਰੀਬਨ ਫਾਕਾ ਮਸਤੀ ਵਿੱਚ ਹੀ ਲੰਘਦਾ ਸੀ। ਵਿਦਿਆਰਥੀ ਜੀਵਨ ਦੇ ਇਸ਼ਕ ਵੀ ਤੰਗੀ ਤਰੁਸ਼ੀਆਂ ਵਾਲੇ ਹੀ ਹੁੰਦੇ ਨੇ। ਜਦੋਂ ਉਸ ਦੇਖਿਆ ਕਿ ਪੰਛੀ ਪੂਰੀ ਤਰ੍ਹਾਂ ਮੇਰੇ ਜਾਲ ਵਿੱਚ ਫੱਸ ਗਿਆ ਏ ਫੇਰ ਉਸ ਕਦੇ ਕਦੇ ਮੇਰੇ ਨਾਲ ਵਧੀਕੀਆਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸਦੇ ਘਰ ਗਏ ਨੂੰ, ਉਸ ਗੱਲ ਗੱਲ ਵਿੱਚ ਮੇਰਾ ਨਿਰਾਦਰ ਕਰਨਾ, ਕੁੱਝ ਹੀਣਤਾ ਭਰਿਆ ਰੁੱਖਾ-ਰੁੱਖਾ ਵਰਤਾਓ ਕਰਨਾ ਸ਼ੁਰੂ ਕਰ ਦਿੱਤਾ। ਮੇਰਾ ਮਜਾਜ਼ ਸ਼ੁਰੂ ਤੋਂ ਹੀ ਬੜਾ ਭਾਵੁਕ ਤੇ ਨਾਜ਼ੁਕ ਜਿਹਾ ਸੀ। ਕੁੱਝ ਘਰ ਦਿਆਂ ਦਾ ਲਾਡਲਾ ਵੀ ਸੀ।

ਅਕਸਰ ਮੈਂ ਦਿਲ ਤੇ ਪੱਥਰ ਰੱਖਕੇ, ਇੱਕ ਫ਼ੈਸਲਾ ਕਰ ਲੈਂਦਾ ਕਿ ਹੁਣ ਕਦੇ ਵੀ ਨਹੀਂ ਜਾਣਾ ਇਸ ਕੋਲ। ਐਵੇਂ ਹੋਰ ਜ਼ਲੀਲ ਹੋਣ ਲਈ। ਫ਼ੇਰ ਮਹੀਨੇ ਦੋ ਬਾਅਦ ਆਪੇ ਪ੍ਰੀਤਮਾ ਨੇ ਬੜੀ ਹੀ ਜਜ਼ਬਾਤੀ ਜਿਹੀ ਚਿੱਠੀ ਲਿਖ ਦੇਣੀ ਕਿ ਤੈਨੂੰ ਮਿਲਣ ਨੂੰ ਬੜਾ ਜੀ ਕਰਦਾ ਹੈ। ਤੂੰ ਮੈਨੂੰ ਬੜਾ ਹੀ ਚੰਗਾ ਲੱਗਦਾ ਹੈਂ। ਕੋਈ ਆਪਣਿਆਂ ਨਾਲ ਵੀ ਇਉਂ ਰੁੱਸਦਾ ਹੈ, ਆਦਿ। ਬੱਸ ਐਵੇਂ ਉਸਦਾ ਸਦਾ ਦੋਗਲਾ ਜਿਹਾ ਇਜ਼ਹਾਰ ਗੁਮਰਾਹ ਕਰਦਾ ਰਿਹਾ। ਬਿਲੇ ਇਸ ਸ਼ਨੀਚਰਵਾਰ ਨੂੰ ਜ਼ਰੂਰ ਆਵੀਂ। ਭਾਵੇਂ ਐਤਵਾਰ ਸ਼ਾਮੀਂ ਜਾਂ ਸੋਮਵਾਰ। ਪਹਿਲੀ ਬੱਸੇ ਚਲਿਆ ਜਾਵੀਂ। ਮੇਰੇ ਝੱਲੇ ਦਿਲ ਨੇ ਫੇਰ ਸਾਰੇ ਗਿਲੇ ਸ਼ਿਕਵੇ ਭੁਲਾਕੇ ਇੱਕ ਵਫ਼ਾਦਾਰ ਕੂਕਰ ਵਾਂਗ ਫੇਰ ਉਸਦੇ ਦਰ ਤੇ ਪਹੁੰਚ ਜਾਣਾ। ਫੇਰ ਉਵੇਂ ਹੀ ਆਪਣੀ ਵਫ਼ਾ ਦੀ ਪੂਛਲ ਹਿਲਾਈ ਜਾਣੀ।

ਬੜੀ ਹੀ ਕੋਸ਼ਿਸ਼ ਕਰਨੀ ਕਿ ਐਤਕੀਂ ਇਸ ਅੱਗੇ ਆਪਣੇ ਦਿਲ ਦਾ ਖੁੱਲ੍ਹ ਕੇ ਇਜ਼ਹਾਰ ਕਰਾਂਗਾ। ਉਸਦੇ ਦਿਲ ਤੋਂ ਵੀ ਜਾਣੂ ਹੋਵਾਂਗਾ ਕਿ ਉਹ ਵੀ ਮੈਨੂੰ ਪਿਆਰ ਕਰਦੀ ਹੈ ਜਾਂ ਸਿਰਫ਼ ਦਿਲ ਪਰਚਾਵਾ ਹੀ। ਕੁੱਝ ਉਸ ਸ਼ਾਤਿਰ ਕੁੜੀ ਨੇ ਜਾਣਕੇ ਸੁਣੀ ਅਣਸੁਣੀ ਕਰ ਦੇਣੀ। ਕੁੱਝ ਅਸੀਂ ਪੂਰਾ ਤਾਣ ਲਾ ਕੇ ਵੀ ਆਪਣੇ ਦਿਲ ਦੀ ਗੱਲ ਉਸਨੂੰ ਕਹਿ ਨਾਂ ਸਕਣਾ। ਫੇਰ ਉਵੇਂ ਹੀ ਸੱਖਣੇ ਆਪਣੇ ਆਪ ਨੂੰ ਲਾਹਨਤਾਂ ਪਾਉਂਦੇ, ਕੋਸਦੇ, ਪਛਤਾਂਦੇ ਵਾਪਿਸ ਮੁੜ ਆਣਾ। ਮੁੜ ਕਦੇ ਵਾਪਿਸ ਨਾ ਜਾਣ ਦੀ ਕਸਮ ਪਾ ਲੈਣੀ। ਫੇਰ ਉਹੀ ਤਮਾਸ਼ਾ ਮੁਢੋਂ ਸੁੱਢੋਂ ਦੁਹਰਾਇਆ ਜਾਂਦਾ। ਜਿਵੇਂ ਕਿਸੇ ਸਿਨੇਮਾਘਰ ਵਿੱਚ ਬਾਰ ਬਾਰ ਉਹੀ ਫ਼ਿਲਮ ਦਿਖਾਈ ਜਾਵੇ। ਕੁੱਝ ਦਰਸ਼ਕ ਤਾਂ ਊਬ ਜਾਂਦੇ, ਕੁੱਝ ਮੇਰੇ ਵਰਗੇ ਢੀਠ, ਹਰ ਸੀਨ, ਹਰ ਗਾਣਾ, ਹਰ ਮੁਕਾਲਮਾ ਜ਼ਬਾਨੀ ਯਾਦ ਕਰ ਲੈਂਦੇ। ਇਸੇ ਤਰ੍ਹਾਂ ਦਾ ਮਜ਼ਾਕ ਜਿਹਾ ਆਪਣੇ ਦੋਸਤਾਂ ਵਿੱਚ ਮੈਂ ਬਣਕੇ ਰਹਿ ਗਿਆ ਸਾਂ। ਅਕਸਰ ਮੇਰੇ ਦੋਸਤ ਮੇਰੇ ਪਾਗਲਪਨ ਤੇ ਹੱਸਦੇ ਤੇ ਕੁੱਝ ਕਹਿੰਦੇ ਛੱਡ ਖਹਿੜਾ ਇਸ ਮਜਨੂੰ ਦਾ। ਉਹੀ ਢਾਕ ਦੇ ਤਿੰਨ ਪਾਤ। ਇਸ ਇੱਕ ਦਿਨ ਏਦਾਂ ਹੀ ਹੌਕੇ ਭਰ ਭਰ ਕੇ ਮਰ ਜਾਣਾ ਏ। ਮੈਂ ਹੁਣ ਕੁੱਝ ਪੱਕਾ ਮਨ ਬਣਾ ਲਿਆ ਕਿ ਹੁਣ ਹੋਰ ਨਹੀਂ ਨਮੋਸ਼ੀ ਝੱਲਣੀ। ਚਾਹੇ ਕੁੱਝ ਵੀ ਹੋ ਜਾਵੇ ਉਸਨੂੰ ਤਾਂ ਮੇਰੇ ਨਾਲ ਉੱਕਾ ਹੀ ਮੋਹ ਨਹੀਂ। ਬੱਸ ਮੈਂ ਹੀ ਉਸਤੇ ਐਵੇਂ ਮਰੀ ਜਾਂਦਾ ਹਾਂ। ਇੱਕ ਤਰਫ਼ਾ ਇਸ਼ਕ ਦਾ ਤਾਂ ਕੋਈ ਕਿੱਧਰੇ ਅੰਤ ਨਹੀਂ। ਬਸ ਭਟਕਣ ਹੀ ਭਟਕਣ ਹੈ ਚਾਰੇ ਪਾਸੇ।

ਤੈਨੂੰ ਚਾਹੁਣਾ ਤੇ ਤੈਨੂੰ ਪਾਣਾ, ਜਿਵੇਂ ਇੱਕ ਨਦੀ ਦੇ ਦੋ ਤਿਹਾਏ ਕਿਨਾਰੇ ਨੇ।
ਵਿੱਚ ਬਣਕੇ ਲਹਿਰਾਂ ਮਚਲਦੇ ਜਜ਼ਬੇ, ਸੱਖਣੀ ਜ਼ਿੰਦਗੀ ਨੂੰ ਸਿਰਫ਼ ਲਾਰੇ ਨੇ॥
ਇੱਕ ਤਰਫ਼ਾ ਪਿਆਰ ਜਿਵੇਂ ਦੂਰ ਕਿਤੇ ਰਤੀਲੇ ਤੇ ਚਮਕੀਲੇ ਮੁਨਾਰੇ ਨੇ।
ਜਦ ਵੀ ਛੋਹਿਆ, ਇਹ ਢਹਿ ਜਾਣਗੇ, ਸਿਰਫ਼ ਅਹਿਸਾਸ ਦੇ ਸਹਾਰੇ ਨੇ॥

ਇਵੇਂ ਇੱਕ ਦੋ ਮਹੀਨੇ ਬੀਤ ਗਏ ਮੈਨੂੰ ਆਪਣੇ ਆਪ ਵਿੱਚ ਧੁਖਦਿਆਂ ਪਰ ਮੈਂ ਕਦੇ ਧੂੰਆਂ ਬਾਹਰ ਨਹੀਂ ਸੀ ਨਿਕਲਣ ਦਿੱਤਾ। ਇਸੇ ਤੜਫ਼ ਤੇ ਘੁਟਨ ਨੇ ਮੇਰੇ ਅੰਦਰ ਇੱਕ ਬਿਰਹਾ ਸ਼ਾਇਰੀ ਦਾ ਜਾਗ ਲਾਇਆ। ਮੈਂ ਜ਼ਖ਼ਮੀ ਦਿਲ ਦੇ ਵਲਵਲਿਆਂ ਨੂੰ ਲਫ਼ਜ਼ਾਂ ਵਿੱਚ ਪਰੋਣ ਲੱਗ ਗਿਆ। ਕਦੀ ਕਦੀ ਉਸਦੀ ਆਪਣੇ ਹੀ ਤਸੱਵਰ ਨਾਲ ਤਸਵੀਰ ਬਣਾ ਲੈਂਦਾ ਜਦੋਂ ਮੇਰੇ ਯਾਰ ਮੇਰੀ ਸ਼ਾਇਰੀ ਦਾ ਆਨੰਦ ਮਾਣਨ ਲੱਗ ਪਏ ਤਾਂ ਮੈਨੂੰ ਇਹ ਮਿੱਠਾ-ਮਿੱਠਾ ਦਰਦ ਚੰਗਾ ਲੱਗਣ ਲੱਗ ਪਿਆ। ਜਿਵੇਂ ਕੁੱਤੇ ਨੂੰ ਹੱਡ ਚੂਸਦਿਆਂ ਚੂਸਦਿਆਂ ਆਪਣੇ ਹੀ ਜ਼ਖ਼ਮੀ ਤਾਲੂ ਦਾ ਲਹੂ ਸੁਆਦ ਲੱਗਣ ਲੱਗ ਪੈਂਦਾ ਹੋਵੇ।

ਯਾਦਾਂ ਦੀਆਂ ਕੋਰੀਆਂ ਹੱਡੀਆਂ ਨੂੰ ਹਿਰਸਾਂ ਰਹੀਆਂ ਚਰੂੰਡਦੀਆਂ
ਜਿਵੇਂ, ਮੈਂ ਆਪਣੇ ਹੀ ਲਹੂ ਦਾ, ਆਪਣੇ ਆਪ ਨੂੰ ਚਸਕਾ ਪਾ ਲਿਆ ...
ਗੂੰਗੇ ਗੀਤਾਂ ਲਈ, ਅੰਨੇ ਖਾਬਾਂ ਲਈ, ਜੀਣਾ ਵੀ ਕੋਈ ਜੀਣਾ ਏ
ਜਿੰਨੀ ਭੁਗਤ ਲਈ ਓਨੀ ਬਥੇਰੀ, ਜਾ ਜਾ ਕੇ ਮੌਤ ਨੂੰ ਬੁਲਾ ਲਿਆ।

ਉਸਦੇ ਇੱਕ ਦੋ ਖ਼ਤ ਆਏ, ਓਹੀ ਪੁਰਾਣੀ ਰਣਨੀਤੀ, ਨਾਂ ਹੀ ਇਨਕਾਰ ਨਾਂ ਹੀ ਇਜ਼ਹਾਰ। ਫੇਰ ਉਹੀ ਦੋਗਲੀ ਜਿਹੀ ਨੀਤੀ, ਨਾਲ ਫੇਰ ਗੁੱਝੇ ਜਿਹੇ ਪਿਆਰ ਦੇ ਇਸ਼ਾਰੇ, ਜਿਵੇਂ ਕੋਈ ਗੋਂਗਲੂਆਂ ਨਾਲੋਂ ਮਿੱਟੀ ਲਾਹ ਰਿਹਾ ਹੋਵੇ। ਬਸ ਮੈਨੂੰ ਕਿਸੇ ਭੰਬਲਭੂਸੇ ਵਿੱਚ ਪਾਉਣ ਦਾ ਉਸਦਾ ਸ਼ੜਯੰਤਰ ਮੇਰੇ ਤੇ ਚੱਲ ਗਿਆ ਹੋਵੇ। ਤੇ ਫੇਰ ਢੀਠਾਂ ਵਾਂਗ ਨੀਵੀਂ ਪਾਕੇ ਉਸਦੇ ਦਰ ਚਲਾ ਗਿਆ ਹੋਵਾਂ। ਚਾਂਈਂ ਚਾਂਈਂ ਆਪਣੇ ਹੱਥੀਂ ਬਣਾਏ ਉਸਦੇ ਚਿੱਤਰ ਉਸਨੂੰ ਭੇਂਟ ਕੀਤੇ। ਫੇਰ ਆਪਣੇ ਦੁਖੀ ਦਿਲ ਦਾ ਹਾਲ ਸੁਣਾਉਂਦਿਆਂ ਕਵਿਤਾਵਾਂ ਉਸਦੀ ਨਜ਼ਰ ਕੀਤੀਆਂ:

ਮੇਰੀ ਦੁਖਦੀ ਰਗ ਪੇ ਹਾਥ ਰਖਕੇ ਮਜ਼ਾ ਭੀ ਆਪ ਲੇਤੇ ਹੋ,
ਫਿਰ ਆਂਖੋਂ ਆਂਖੋਂ ਮੇਂ ਅਸ਼ਕ ਪੀਏ ਜਾਨੇ ਕੋ ਕਹਿਤੇ ਹੋ।

ਕਈ ਬਾਰ ਉਸ ਮੇਰੀਆਂ ਨਜ਼ਮਾਂ ਪੜੀਆਂ ਤੇ ਗੌਰ ਨਾਲ ਸੁਣੀਆਂ ਵੀ ਤੇ ਮੂੰਹੋਂ ਬੋਲਦੀ ਚਿਤਰਕਾਰੀ, ਮੇਰੇ ਤਰਸਦੇ ਪਿਆਰ ਦਾ ਇਜ਼ਹਾਰ ਵੀ ਕਰਵਾਉਂਦੀਆਂ ਅਤੇ ਨਜ਼ਮਾਂ ਦੀ ਅੰਦਰਲੀ ਰੂਹ ਸਾਫ ਕਹਿ ਰਹੀ ਸੀ ਕਿ ਇਨ੍ਹਾਂ ਦੀ ਹਰ ਹੂਕ ਵਿੱਚ ਤੇਰੇ ਲਈ ਪਿਆਰ ਦੀ ਫ਼ਰਿਆਦ ਹੈ। ਤੇਰੀ ਯਾਦ ਤੇ ਤੜਫ਼ ਹੈ। ਜੇ ਫੇਰ ਵੀ ਕੋਈ ਜਾਣਕੇ ਅਣਜਾਨ ਬਣੀ ਜਾਵੇ ਤਾਂ ਬੰਦਾ ਕੀ ਕਰੇ। ਮੈਂ ਇੱਕ ਦਿਨ ਦੱਬੀ ਜ਼ੁਬਾਨ ਵਿੱਚ ਕਹਿ ਹੀ ਦਿੱਤਾ ਕਿ ਸਭ ਕੁੱਝ ਸਿਰਫ਼ ਆਪ ਲਈ ਮੇਰੀ ਸ਼ਰਧਾ ਦੇ ਫੁੱਲ ਨੇ। ਅੱਗੋਂ ਪ੍ਰੀਤਮਾ ਨੇ ਬੜੇ ਵਿਅੰਗਮਈ ਲਹਿਜ਼ੇ ਵਿੱਚ ਕਿਹਾ. . ਸਗੋਂ ਤੈਨੂੰ ਤਾਂ ਮੇਰਾ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਮੈਂ ਤੈਨੂੰ ਇੱਕ ਸ਼ਾਇਰ ਬਣਾ ਦਿੱਤਾ। ਕਿਸੇ ਦੀ ਹਮਦਰਦੀ ਨੂੰ ਕੋਈ ਨਾਦਾਨ ਐਵੇਂ ਪਿਆਰ ਸਮਝ ਲਵੇ ਤਾਂ ਇਸ ਵਿੱਚ ਮੇਰਾ ਕੀ ਕਸੂਰ।

ਜਾਣੋਂ ਇਹ ਮੇਰੇ ਅਲ੍ਹੜ ਤੇ ਮਾਸੂਮ ਪਿਆਰ ਨੂੰ ਪਹਿਲਾ ਝਟਕਾ ਲੱਗਾ ਸੀ ਜੋ ਮੈਥੋਂ ਬਰਦਾਸ਼ਤ ਨਹੀਂ ਸੀ ਹੋਇਆ। ਇਸ ਤਰ੍ਹਾਂ ਦੇ ਅਪਮਾਨ ਝੱਲਣ ਲਈ ਤਾਂ ਮੈਂ ਏਨੀਂ ਦੂਰ ਨਹੀਂ ਸੀ ਆਇਆ। ਏਨੇਂ ਨਿਰਾਦਰ, ਹਤਕਾਂ, ਹੀਣਤਾ ਲਈ ਮੈਂ ਕਦੇ ਤਿਆਰ ਨਹੀਂ ਸਾਂ। ਜਾਣੋਂ ਉਹੀ ਧਰਤੀ ਮੈਨੂੰ ਆਪਦੇ ਆਪ ਵਿੱਚ ਗਰਕ ਹੋਣ ਨੂੰ ਵਿਹਲ ਨਾ ਦੇ ਰਹੀ ਹੋਵੇ। ਮੈਨੂੰ ਦੋ ਪਲ ਵੀ ਹੋਰ ਉਥੇ ਰਹਿਣਾ ਭਾਰੂ ਜਿਹਾ ਲੱਗ ਰਿਹਾ ਸੀ। ਜਾਣੋ ਅੱਗੇ ਪਈ ਰੋਟੀ ਦੀ ਥਾਲੀ ਵਿਚੋਂ ਪਹਿਲੀ ਬੁਰਕੀ ਹੀ ਮੇਰੇ ਗਲੇ ਵਿੱਚ ਅਟਕ ਕੇ ਫੁੱਲ ਗਈ ਹੋਵੇ। ਉਵੇਂ ਹੀ ਰੋਟੀ ਦੀ ਥਾਲੀ ਪਈ ਰਹਿ ਗਈ। ਜਿਵੇਂ ਮੇਰਾ ਦੱਮ ਜਿਹਾ ਘੁੱਟਣ ਲੱਗ ਪਿਆ ਹੋਵੇ। ਮੈਂ ਉੱਠਕੇ ਉਦਾਂ ਹੀ ਘਰੋਂ ਬਾਹਰ ਆ ਗਿਆ। ਇੱਕ ਤਾਂ ਸਰਦੀ ਦੀ ਰੁੱਤ ਉੱਤੋਂ ਕਾਲੀ ਰਾਤ ਵਿੱਚ ਮੈਂ ਉਵੇਂ ਹੀ ਗੁਆਚਾ ਗੁਆਚਾ ਆਪਣੀ ਧੁੰਨ ਵਿੱਚ ਤੁਰਿਆ ਜਾ ਰਿਹਾ ਸੀ। ਉਦੋਂ ਹੀ ਪਤਾ ਲੱਗਾ ਜਦੋਂ ਰੋਹਤਕ ਤੋਂ ਸੋਨੀਪਤ

ਜਾਂਦੀ ਸੜਕ ਤੇ ਮੈਂ ਅੱਠ-ਦਸ ਮੀਲ ਨਿਕਲ ਆਇਆ। ਪਿੰਡਾਂ ਦੇ ਲੋਕ ਘੂਕ ਸੁੱਤੇ ਪਏ ਸਨ। ਕਿਤੋਂ ਵੀ ਕੋਈ ਟ੍ਰੈਫਿਕ ਦੀ ਆਵਾਜ਼ ਨਹੀਂ ਸੀ। ਹਾਂ ਮੇਰੇ ਵਾਂਗੂੰ ਠੰਡ ਦੇ ਮਾਰੇ ਬੇਘਰ ਕੁੱਤੇ ਜ਼ਰੂਰ ਜਾਗਦੇ ਸਨ। ਜਿਹੜੇ ਭੌਂਕ ਭੌਂਕ ਕੇ ਮੇਰਾ ਸਵਾਗਤ ਕਰਦੇ ਤੇ ਮੈਨੂੰ ਪਿੰਡੋਂ ਬਾਹਰ ਕੱਢਕੇ ਹੀ ਪਿੱਛੇ ਮੁੜਦੇ। ਤਕਰੀਬਨ ਅੱਧੀ ਰਾਤ ਤੋਂ ਉੱਪਰ ਹੋ ਚੁੱਕੀ ਸੀ। ਅੱਜ ਰਾਤ ਦਾ ਸੱਨਾਟਾ ਤੇ ਕੱਕਰ ਪੂਰੇ ਜੋਬਨ ਤੇ ਸੀ। ਮੈਂ ਪੂਰੀ ਤਰ੍ਹਾਂ ਨਾਲ ਠਰ ਚੁੱਕਾ ਸਾਂ। ਮੇਰੀਆਂ ਲੱਤਾਂ ਬੁਰੀ ਤਰ੍ਹਾਂ ਜਵਾਬ ਦੇ ਚੁੱਕੀਆਂ ਸਨ। ਕਿਤੇ ਵੀ ਕੋਈ ਰੁਕਣ ਦਾ ਟਿਕਾਣਾ ਨਹੀਂ ਸੀ। ਰਾਹ ਵਿੱਚ ਕਿਸੇ ਛੋਟੇ ਜਿਹੇ ਬੱਸ ਸਟਾਪ ਦੇ ਕਿਸੇ ਚਾਹ ਵਾਲੇ ਦੀ ਭੱਠੀ ਵੀ ਠਰ ਚੁੱਕੀ ਸੀ, ਨਹੀਂ ਤਾਂ ਘੜੀ ਬਿੰਦ ਉਸ ਕੋਲ ਹੀ ਬਹਿ ਲੈਂਦਾ। ਉਸ ਭੱਠੀ ਦੇ ਆਲੇ ਦੁਆਲੇ ਆਵਾਰਾ ਕੁੱਤੇ ਗੁੱਛਾ ਮੁੱਛਾ ਹੋਏ ਬੈਠੇ ਸਨ। ਇਸੇ ਤਰ੍ਹਾਂ ਛੇ-ਸੱਤ ਮੀਲ ਹੋਰ ਅੱਗੇ ਨਿਕਲ ਆਇਆ। ਹੁਣ ਤਾਂ ਸਰੀਰ ਬਿਲਕੁਲ ਹੀ ਜਵਾਬ ਦੇ ਚੁੱਕਾ ਸੀ। ਪਿੰਡੋਂ ਬਾਹਰ ਅੱਜ ਫੇਰ ਇੱਕ ਸਿਵਾ ਮੱਚ ਰਿਹਾ ਸੀ। ਪਹਿਲਾਂ ਤਾਂ ਮੈਂ ਠੰਡ ਦੇ ਮਾਰੇ ਨੇ ਉਸ ਕੋਲ ਬਹਿ ਕੇ ਅੱਗ ਸੇਕੀ। ਫੇਰ ਇੱਕ ਦਮ ਉਹੀ ਪੁਰਾਣਾ ਆਦਮਖੋਰਾਂ ਵਾਲਾ ਹਾਦਸਾ ਯਾਦ ਆ ਗਿਆ। ਫਿਰ ਉਥੋਂ ਵੀ ਛੇਤੀ ਛੇਤੀ ਚਾਲੇ ਪਾ ਲਏ। ਸ਼ਾਇਦ ਇਸੇ ਵੇਲੇ ਮੇਰੀ ਇਸ ਗਜ਼ਲ ਨੇ ਜਨਮ ਲਿਆ ਸੀ:

ਮੇਰੀ ਜਾਨ ਤੋਂ ਪਿਆਰੇ, ਮੇਰੀ ਜਾਨ ਲੈਕੇ ਤਾਂ ਖੁਸ਼ ਹੋਣਗੇ।
ਬੁੱਲਾਂ ਚ ਦਬ ਹਾਸਾ, ਓਪਰੇ ਮਨੋ ਭਾਵੇਂ ਉਹ ਸਾਨੂੰ ਰੋਣਗੇ।
ਚਲੋ ਟਲੀ ਬਲਾ, ਇੱਕ ਅੱਧ ਜਲੇ ਪਰਵਾਨੇ ਦੀ ਸੱਜਨਾਂ।
ਉਦੋਂ ਫੇਰ ਸ਼ਮਾਂ ਦੇ, ਹੋਰ ਬਾਕੀ ਵੀ ਅਰਮਾਨ ਪੂਰੇ ਹੋਣਗੇ।
ਫੇਰ ਤੋੜੇਗਾ ਫ਼ੁੱਲ ਮਾਲੀ, ਭਾਵੇਂ ਇਕੋ ਹੀ ਡਾਲ ਤੋਂ ਯਾਰੋ,
ਅੱਧੇ ਬਣਨਗੇ ਤੇਰਾ ਸ਼ਿੰਗਾਰ, ਅੱਧੇ ਅਰਥੀ ਵਿੱਚ ਧੁਖਦੇ ਹੋਣਗੇ।
ਸਫ਼ਰ ਦੋਹਾਂ ਦੇ ਇਕੋ ਹੀ ਘੜੀ, ਭਾਵੇਂ ਸ਼ੁਰੂ ਹੋਣਗੇ,
ਯਾਰ ਅਰਥੀ ਤੇ ਹੋਣਗੇ, ਤੇ ਉਹ ਡੋਲੀ ਵਿੱਚ ਬੈਠੇ ਹੋਣਗੇ।
ਤੇਰੇ ਜੀ ਆਇਆ ਨੂੰ ਵਜਸਨ ਬਾਜੇ ਵੱਧ ਵੱਧਕੇ ਤੇਲ ਚੋਣਗੇ,
ਮੇਰੇ ਯਾਰ ਮੇਰੀ ਸੱਖਣੀ ਅਰਥੀ ਵੀ ਚੁੱਕਣੋ ਮੁਨਕਰ ਹੋਣਗੇ।
ਸੁਹਾਗਣ ਰਾਤ ਦੇ ਚਾ ਪਾ ਗਲ ਬਾਹਾਂ, ਫੁੱਲਾਂ ਦੀ ਸੇਜੇ ਸੋਣਗੇ।
ਇੱਧਰ ਬਾਲਣੋਂ ਸੱਖਣੀ ਲਾਸ਼ ਮੇਰੀ ਹੱਡਾਂ ਰੋੜੀ ਧੂੰਦੇ ਹੋਣਗੇ।

ਇਹਨਾਂ ਲਫ਼ਜ਼ਾਂ ਦੇ ਤਾਣੇ ਬਾਣੇ ਵਿੱਚ ਉਲਝਿਆ ਪਤਾ ਨਹੀਂ ਕਦੋਂ ਮੈਂ ਤੀਹ ਮੀਲ ਦਾ ਸਫ਼ਰ ਮੁਕਾ ਕੇ ਕਦੋਂ ਮੈਂ ਸੋਨੀਪਤ ਪਹੁੰਚ ਗਿਆ। ਮਾੜੀ ਮੋਟੀ ਸੜਕ ਤੇ ਚਹਿਲ ਪਹਿਲ ਹੋਣੀ ਸ਼ੁਰੂ ਹੋ ਗਈ ਸੀ। ਇੱਕ ਚਾਹ ਦੀ ਦੁਕਾਨ ਵਾਲੇ ਨੇ ਆਪਣੀ ਭੱਠੀ ਵਿੱਚ ਹਾਲੇ ਅੱਗ ਮਚਾਈ ਹੀ ਸੀ ਕਿ ਮੈਂ ਕੋਲ ਜਾ ਕੇ ਖੜਾ ਹੋ ਗਿਆ। ਥੋੜੀ ਜਿਹੀ ਸ਼ਰੀਰ ਨੂੰ ਰਾਹਤ ਮਿਲੀ। ਜਾਣੋਂ ਦੁਕਾਨ ਵਾਲਾ ਕੋਈ ਹਰਆਨਵੀ ਜਿਹਾ ਜਾਪਦਾ ਸੀ। ਉਸ ਥੋੜੀ ਦੇਰ ਬਾਅਦ ਮੈਨੂੰ ਸੰਬੋਧਨ ਕਰਦੇ ਹੋਏ ਕਿਹਾ, ਛੋਰੇ ਕਿੱਤ ਜਾਗਾ ਤੂ, ਪਹਿਲੀ ਬਸ ਜਾਣੇ ਮੇ ਤੋ ਇਬ ਘਣੀ ਦੇਰ ਸੈਂ। ਨਹੀਂ ਚੌਧਰੀ ਜੀ ਮੇਰੀ ਤੋ ਰੋਹਤਕ ਸੇ ਗਤ ਨੇ-ਆਖ਼ਰੀ ਬਸ ਛੂਟ ਗਈ ਥੀ। ਬਸ ਜੂੰ ਹੀ ਜਾੜੇ ਮੇ ਸਾਰੀ ਰਾਤ ਚਲਤਾ ਚਲਤਾ ਸੋਨੀਪਤ ਪਹੁੰਚ ਗਿਆ ਹੂੰ। ਬਸ ਚੌਧਰੀ ਸਾਹਿਬ ਜਲਦੀ ਸੇ ਏਕ ਗਰਮ ਗਰਮ ਚਾਹ ਪਿਲਾ ਦੋ ਤੋ ਘਣੀ ਮਿਹਰਬਾਨੀ ਹੋਗੀ ਥਾਰੀ। ਦੇਖਤਾ ਹੂੰ ਛੋਰੇ, ਅਗਰ ਰਾਤ ਕਾ ਥੋੜਾ ਦੂਧ ਬਚਾ ਹੂਆ ਤੋ ਅਬੀ ਪਿਆ ਦੂੰਗਾ ਤਨੇ। ਥੋੜੀ ਉਰੀ ਨੇ ਭੱਠੀ ਕੇ ਪਾਸ ਆ ਕੇ ਬੈਠ ਜਾ। ਇੱਕ ਗਲਾਸ ਗਰਮ ਗਰਮ ਚਾਹ ਮੈਨੂੰ ਦੇ ਦਿੱਤੀ ਤੇ ਇੱਕ ਚਾਹ ਆਪ ਲੈ ਕੇ ਪੀਣ ਲੱਗ ਪਿਆ। ਚਾਹ ਪੀ ਕੇ ਮੈਂ ਚੌਧਰੀ ਸਾਹਿਬ ਨੂੰ ਪੰਜ ਰੁਪਏ ਦਾ ਨੋਟ ਦਿੱਤਾ। ਚੌਧਰੀ ਜੀ ਬੋਲੇ, ਛੋਰੇ ਸਵੇਰੇ ਸਵੇਰੇ ਛੁੱਟਾ ਕਹਾਂ ਸੇ ਲਾਊਂਗਾ। ਜਾ ਫਿਰ ਕਭੀ ਆਤਾ ਜਾਤਾ ਦੇ ਜਾਣਾ। ਨਹੀਂ ਚੌਧਰੀ ਜੀ ਆਪਕੀ ਬੋਹਣੀ ਕਾ ਟਾਇਮ ਸੈਂ। ਆਪ ਨੋਟ ਰੱਖ ਲੋ ਮੈਂ ਹੀ ਫਿਰ ਕਭੀ ਆਤਾ ਜਾਤਾ ਲੇ ਜਾਉਂਗਾ। ਚੌਧਰੀ ਜੀ ਨੇ ਨੋਟ ਮੇਰੀ ਜੇਬ ਮੇ ਡਾਲਤੇ ਹੁਏ ਕਹਾ ਅਰੇ ਤੂ ਬਾਵਲਾ ਮਤ ਬਣ, ਤੂ ਮੇਰੇ ਬੇਟੇ ਜੈਸਾ ਹੈ। ਮਨੇ ਖੁਦ ਨੇ ਵੀ ਚਾਏ ਪੀਣੀ ਥੀ। ਮੈਨੂੰ ਚੌਧਰੀ ਦੀ ਅਪਣੱਤ ਦਾ ਉਸਦੀ ਚਾਹ ਤੇ ਭੱਠੀ ਦੀ ਅੱਗ ਨਾਲੋਂ ਵੀ ਜ਼ਿਆਦਾ ਨਿੱਘ ਮਾਣਿਆ। ਮੈਂ ਹੋਸਟਲ ਆ ਕੇ ਅਜਿਹਾ ਰਜਾਈ ਵਿੱਚ ਵੜਿਆ ਪੂਰੇ ਚੌਵੀ ਘੰਟੇ ਬੇਸੁਦੀ ਵਿੱਚ ਹੂੰਗਦਾ ਰਿਹਾ। ਜਾਣੋਂ ਚੜੇ ਤਾਪ ਦੇ ਸੇਕ ਨੇ ਮੇਰੀ ਭੁੱਖ ਵੀ ਮਾਰ ਦਿੱਤੀ ਹੋਵੇ। ਮੈਨੂੰ ਕੋਈ ਹੋਸ਼ ਨਹੀਂ ਸੀ। ਨਾ ਹੀ ਹੋਸ਼ ਵਿੱਚ ਮੁੜਕੇ ਮੈਂ ਆਣਾ ਚਾਹੁੰਦਾ ਸੀ। ਜਾਣੋਂ ਕਿ ਉਨ੍ਹਾਂ ਮਾਰੂ ਸੋਚਾਂ ਤੋਂ ਮੈਂ ਜਾਣਕੇ ਕੰਨੀਂ ਕਤਰਾ ਰਿਹਾ ਸੀ। ਕਿਵੇਂ ਨਾ ਕਿਵੇਂ ਟਾਲਾ ਹੋ ਜਾਵੇ ਪਰ ਕਿੱਥੇ।

ਦੂਜੇ ਦਿਨ ਵੀ ਜਦ ਮੇਰਾ ਬੁਖ਼ਾਰ ਨਾ ਟੁੱਟਿਆ ਤਾਂ ਰਘਵੀਰ ਮੈਨੂੰ ਜ਼ਬਰਦਸਤੀ ਰਿਕਸ਼ਾ ਤੇ ਕੰਬਲ ਦੀ ਬੁੱਕਲ ਵਿੱਚ ਲਪੇਟ ਕੇ ਨੇੜਲੇ ਡਾਕਟਰ ਦੇ ਲੈ ਗਿਆ। ਉਸ ਚੈਕਅਪ ਕਰਕੇ ਕਿਹਾ ਕਿ ਇਸਨੂੰ ਤਾਂ ਨਮੋਨੀਆਂ ਦਾ ਸਖਤ ਅਟੈਕ ਹੋਇਆ ਹੈ। ਇੱਕ ਟੀਕਾ ਮੈਂ ਹੁਣੇ ਲਾ ਦਿੰਦਾ ਹਾਂ ਤੇ ਬਾਕੀ ਚਾਰ ਦਿਨਾਂ ਦੀ ਦਵਾਈ ਦੇ ਦਿੰਦਾ ਹਾਂ। ਜੇ ਛੇਤੀ ਬੁਖ਼ਾਰ ਨਾਂ ਟੁੱਟਿਆ ਤਾਂ ਇਸਨੂੰ ਵੱਡੇ ਹਸਪਤਾਲ ਲੈ ਜਾਣਾ। ਹਲਕਾ-ਫੁਲਕਾ ਖਾਣ ਨੂੰ ਦੇਣਾ। ਦੁੱਧ-ਪਾਣੀ ਜਿੰਨ੍ਹਾਂ ਜ਼ਿਆਦਾ ਪੀਏਗਾ, ਓਨੀਂ ਹੀ ਛੇਤੀ ਆਰਾਮ ਆਵੇਗਾ। ਬੁਖ਼ਾਰ ਤਾਂ ਤੀਜੇ ਦਿਨ ਲੱਥ ਗਿਆ ਪਰ ਸਰੀਰ ਵਿੱਚ ਕਮਜ਼ੋਰੀ ਬਹੁਤ ਹੋ ਗਈ ਸੀ। ਬੱਜਾ-ਰੁੱਜਾ ਦੋ ਤਿੰਨ ਦਿਨ ਮੰਜੀ ਤੇ ਕੱਲਮ-ਕੱਲਾ ਹੀ ਪਿਆ ਰਿਹਾ। ਰੋਜ਼ ਰੋਜ਼ ਮੇਰੇ ਪਿੱਛੇ ਕਿਹੜਾ ਛੁੱਟੀ ਕਰੇ। ਆਖ਼ਿਰ ਕਿਸੇ ਨਾ ਕਿਸੇ ਤਰ੍ਹਾਂ ਔਖਾ ਸਖਾਲਾ ਮੈਂ ਕਿਵੇ ਵੀ ਕਰਕੇ ਆਪਣੇ ਕਾਲਿਜ ਪਹੁੰਚਿਆ। ਇੱਕ ਜਿਸਮਾਨੀ ਕਮਜ਼ੋਰੀ, ਦੂਜੀ

ਦਿਮਾਗੀ ਉਥਲ-ਪੁਥਲ ਵਿੱਚ ਇੱਕ ਇਕ ਪੀਰਡ ਸਦੀਆਂ ਵਰਗਾ ਲੱਗਦਾ ਸੀ। ਨਾ ਹੀ ਕੋਈ ਪੜ੍ਹਾਈ ਸਮਝ ਆਉਂਦੀ ਨਾ ਹੀ ਸਮਾਂ ਅੱਗੇ ਤੁਰਦਾ ਸੀ। ਨਾ ਹੀ ਦਿਲ ਚੈਨ ਫੜਦਾ। ਜਾਵਾਂ ਤਾਂ ਜਾਵਾਂ ਕਿੱਥੇ? ਕਰਾਂ ਤਾਂ ਕੀ ਕਰਾਂ?

ਜਿਥੇ ਜਾਈਏ, ਸਾਡੀ ਤਾਂ ਓਹੀ ਬੇਕਰਾਰੀ ਏ,
ਹੁਣ ਨ ਜਾਣੋ, ਕਿੱਥੇ ਜਾਣ ਦੀ ਤਿਆਰੀ ਏ॥
ਕਹਿਣ ਨੂੰ ਵੀ, ਕੋਈ ਆਪਣਾ ਨਹੀਂ ਮਿਲਦਾ,
ਗ਼ੈਰ ਹੋਕੇ ਜੀਣਾ, (ਹਾਏ) ਕਿੰਨ੍ਹੀ ਲਾਚਾਰੀ ਏ॥

ਕੁਝ ਦਿਨਾਂ ਬਾਅਦ ਵਿਚਾਰਾ ਸੰਤ ਸਿੰਘ ਮੇਰੀ ਖ਼ਬਰ ਲੈਣ ਆਇਆ। ਹਾਂ ਬਲਬੀਰ ਯਾਰ, ਦੂਜੇ ਦਿਨ ਜਦੋਂ ਪ੍ਰੀਤਮਾਂ ਦੇ ਘਰ ਤੇਰਾ ਪਤਾ ਕਰਨ ਗਿਆ ਕਿ ਆਪਾਂ ਕਦੋਂ ਵਾਪਿਸ ਜਾਣਾ ਹੈ? ਕੀ ਪ੍ਰੋਗਰਾਮ ਬਣਾਈਏ? ਸਵੇਰੇ ਸਵੇਰੇ ਪਹਿਲੀ ਬੱਸ ਜਾਂ ਅੱਜ ਸ਼ਾਮ ਦੀ ਬੱਸ ਤੇ ਚੱਲੀਏ? ਪਰ ਜਦੋਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਤੇਰਾ ਯਾਰ ਵੀ ਅਜੀਬ ਬੰਦਾ ਹੈ, ਵਿੱਚ ਹੀ ਰੋਟੀ ਛੱਡਕੇ ਰਾਤੀਂ ਅੱਠ-ਨੌਂ ਵਜੇ ਦੇ ਕਰੀਬ, ਕਿਸੇ ਨੂੰ ਦੱਸੇ ਸੁਣੇ ਬਗ਼ੈਰ ਪਤਾ ਨਹੀਂ ਕਿਹੜੇ ਵੇਲੇ ਚੋਰਾਂ ਵਾਂਗ ਚੁੱਪ ਚਾਪ ਖਿਸਕ ਗਿਆ। ਅਸੀਂ ਸੋਚਿਆ ਸ਼ਾਇਦ ਤੇਰੇ ਘਰ ਵੱਲ ਚਲਿਆ ਗਿਆ ਹੋਣਾ ਏ। ਹੋਰ ਤਾਂ ਇਸ ਸ਼ਹਿਰ ਵਿੱਚ ਉਸਨੂੰ ਕੋਈ ਜਾਣਦਾ ਵੀ ਨਹੀਂ। ਸੋਨੀਪਤ ਜਾਣ ਵਾਲੀ ਆਖ਼ਰੀ ਬੱਸ ਵੀ ਸ਼ਾਮੀ ਨਿੱਕਲ ਜਾਂਦੀ ਹੈ। ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਤੂੰ ਉਹ ਰਾਤ ਕਿਵੇਂ ਤੇ ਕਿੱਥੇ ਕੱਟੀਂ ਹੋਵੇਗੀ। ਤੈਨੂੰ ਤਾਂ ਰੋਹਤਕ ਵਿਚ ਹੋਰ ਕੋਈ ਜਾਣਦਾ ਵੀ ਨਹੀਂ ਸੀ।

ਏਨੇ ਨੂੰ ਰਘਵੀਰ ਚਾਹ ਬਣਾਕੇ ਲੈ ਆਇਆ। ਉਸ ਸੰਤ ਸਿਘ ਦੀ ਗੱਲ ਵਿੱਚ ਹੀ ਬੋਚ ਲਈ। ਤੇ ਕਿਹਾ ਜਾਣਾ ਇਸ ਭੜਵੇ ਨੇ ਢੱਠੇ ਖੂਹ ਵਿੱਚ ਸੀ। ਮਜਨੂੰ ਦੀ ਉਲਾਦ ਜਨਾਬ ਸਾਰੀ ਰਾਤ ਪਾਲੇ ਵਿੱਚ ਠਰਦੇ ਮਰਦੇ, ਕੁੱਤੇ ਖਸੀ ਕਰਦੇ ਰਹੇ। ਰੋਹਤਕ ਤੋਂ ਪੈਦਲ ਹੀ ਤੀਹ ਮੀਲ, ਠਰੀ, ਅੱਨੀ, ਬੋਲੀ, ਰਾਤ ਵਿੱਚ ਤੁਰੇ ਰਹੇ ਨਾ ਇਸ ਨਾਮੁਰਾਦ ਨੇ ਕੁੱਝ ਖਾਧਾ ਪੀਤਾ ਸੀ, ਨਾ ਹੀ ਤਨ ਤੇ ਚੱਜ ਦਾ ਕੋਈ ਗਰਮ ਕੱਪੜਾ ਹੀ ਸੀ। ਉਹ ਤਾਂ ਰੱਬ ਦਾ ਸ਼ੁਕਰ ਕਰੋ ਕਿ ਕਿਵੇਂ ਨਾ ਕਿਵੇਂ ਮਰਦਾ ਢਹਿੰਦਾ ਇਹ ਇੱਥੇ ਹੋਸਟਲ ਤੀਕ ਪਹੁੰਚ ਗਿਆ। ਰਾਹ ਵਿੱਚ ਨਮੋਨਿਆਂ ਤਾਂ ਹੋ ਹੀ ਗਿਆ ਸੀ। ਜੇ ਕਿਤੇ ਰਾਹ ਵਿੱਚ ਹੀ ਬੋਲੋ ਰਾਮ ਹੋ ਜਾਂਦੀ ਤਾਂ ਸੜਕ ਤੇ ਪਈ ਲਾਵਾਰਸ ਲਾਸ਼ ਦਾ ਹਸ਼ਰ ਤਾਂ ਤੈਨੂੰ ਪਤਾ ਹੀ ਹੈ, ਕੀ ਹੁੰਦਾ ਹੈ। ਜਾਂ ਕੋਈ ਉਸ ਲਾਸ਼ ਨੂੰ ਟਰੱਕ ਆਦਿ ਮਿੱਧ ਕੇ ਨਿੱਕਲ ਜਾਂਦਾ ਹੈ। ਬਾਕੀ ਮਿੱਧੀ ਲਾਸ਼ ਨੂੰ ਭੁੱਖੇ ਕੁੱਤੇ ਬਿੱਲੇ, ਕਿਵੇਂ ਚੀਰ ਫਾੜ ਕੇ ਅਣਪਛਾਤਾ ਕਰ ਦਿੰਦੇ ਨੇ। ਵਿਚਾਰਾ ਸੰਤ ਸਿੰਘ ਤਾਂ ਜਾਣੋਂ ਅੰਦਰੋਂ ਅੰਦਰੀਂ ਕੰਬ ਗਿਆ ਹੋਵੇ।

ਰਘਵੀਰ ਨੇ ਬੜੇ ਰੋਹ ਨਾਲ ਕਿਹਾ "ਸੰਤਿਆ ਸਾਰੇ ਸਿਆਪੇ ਦੀ ਜੜ੍ਹ ਤਾਂ ਤੂੰ ਹੈ। ਨਾ ਹੀ ਤੂੰ ਬਾਰ ਬਾਰ ਇਸਨੂੰ ਰੋਹਤਕ ਨਾਲ ਲਿਜਾਂਦਾ। ਨਾ ਹੀਂ ਇਸਦਾ ਇਹ ਹਾਲ ਹੁੰਦਾ। ਅੱਜ ਤੋਂ ਬਾਅਦ ਹੁਣ ਜੇ ਇਹ ਗਿਆ ਜਾਂ ਤੂੰ ਇਸਨੂੰ ਨਾਲ ਲੈ ਕੇ ਗਿਆ ਤਾਂ ਦੋਨਾਂ ਦੀਆਂ ਟੰਗਾਂ ਨਾ ਭੰਨ ਦਿੱਤੀਆਂ ਤਾਂ ਮੈਨੂੰ ਜੱਟ ਦਾ ਪੁੱਤ ਨਾ ਕਹਿਣਾ। ਮੈਂ ਗੱਲ ਨੂੰ ਠੰਡਾ ਕਰਨ ਲਈ ਮਸੀਂ ਰਘਵੀਰ ਨੂੰ ਚੁੱਪ ਕਰਾਇਆ। ਮੇਰੇ ਕਮਲੇ ਯਾਰਾ ਚਾਹ ਤਾਂ ਕਦੋਂ ਦੀ ਠੰਡੀ ਹੋ ਗਈ ਹੈ ਤੂੰ ਹਾਲੀ ਤਾਂਈ ਉਵੇਂ ਹੀ ਤੱਤਾ, ਉਬਲੀ ਜਾਨਾ ਏਂ। ਨਾਲੇ ਇਸ ਗਰੀਬ ਦਾ ਕੀ ਕਸੂਰ। ਇਸ ਤਾਂ ਆਪਦੇ ਵਲੋਂ ਸਭ ਕੁੱਝ ਚੰਗਾ ਹੀ ਕੀਤਾ ਸੀ। ਮੇਰੇ ਹੀ ਨਸੀਬ ਮਾੜੇ ਨੇ। ਹਰ ਪਾਸੇ ਨਿਰਾਸਤਾ, ਨਿਰਾਦਰ, ਬੇਕਦਰੀ। ਮੈਂ ਹੀ ਸਭ ਤੇ ਬੋਝ ਬਣਿਆ ਹਾਂ। ਤੈਨੂੰ ਵੀ ਕਿੰਨਾਂ ਤੰਗ ਕਰਦਾ ਹਾਂ। ਮੈਂ ਹੀ ਕਿਉਂ ਨਹੀਂ ਮਰ ਜਾਂਦਾ। ਸਾਰੇ ਹੀ ਪੁਆੜੇ ਮੁੱਕ ਜਾਣ। ਇੱਕ ਦਿਨ ਵੇਖੀਂ ਤਿਰਲੋਚਨ ਵਾਂਗੂ ਤੂੰ ਵੀ ਮੈਥੋਂ ਅੱਕਕੇ, ਕਿਨਾਰਾ ਕਰ ਲਵੇਂਗਾ। ਮੈਂ ਫੇਰ ਕਲੱਮ ਕੱਲਾ।" ਹੁਣ ਰਘਵੀਰ ਕੁਝ ਭਾਵੁਕ ਜਿਹਾ ਹੋ ਕੇ ਕਹਿਣ ਲੱਗਾ "ਉਸ ਅਭਾਗੇ ਦੀ ਮਜਬੂਰੀ ਉਹੀ ਜਾਣੇ। ਨਾ ਮੈਂ ਤੈਨੂੰ ਏਦਾਂ ਮਰਨ ਦਿਆਂਗਾ ਤੇ ਨਾ ਹੀ ਛੱਡਕੇ ਭੱਜਾਂਗਾ। ਹਾਂ ਤੈਨੂੰ ਬੰਦੇ ਦਾ ਪੁੱਤ ਜ਼ਰੂਰ ਬਣਾ ਦਿਆਂਗਾ। ਹੁਣ ਤਾਈਂ ਤਾਂ ਮੈਂ ਕੀਤੇ ਤੇਰਾ ਬਹੁਤ ਲਿਹਾਜ਼। ਹੁਣ ਅਸੀਂ ਨਹੀਂ ਸੁਣਨੀ ਤੇਰੀ ਰੋਜ ਦੀ ਰੀਂ ਰੀਂ। ਹਾਲ ਪਾਰਿਆ। ਜੇਰਾ ਕਰ, ਅਣਖ ਨਾਲ ਜੀ, ਆਪਾਂ ਇਥੇ ਪੜ੍ਹਨ ਆਏ ਹਾਂ। ਬਸ ਪੜਨਾ ਹੀ ਹੈ। ਜੇ ਤੇਰੀ ਕੋਈ ਪਰਵਾਹ ਨਹੀਂ ਕਰਦਾ ਨਾ ਕਰੇ। ਤੂੰ ਸਾਰੇ ਜੱਗ ਨੂੰ ਖ਼ੁਸ਼ ਕਰਨ ਦਾ ਠੇਕਾ ਲਿਆ ਏ!" ਮੈਂ ਵਿਚੋਂ ਹੀ ਉਸਦੀ ਗੱਲ ਨੂੰ ਟੋਕਦੇ ਹੋਏ ਕਿਹਾ "ਚੰਗਾ ਸੰਤ ਛੋਟੇ ਭਾਈ, ਗੁੱਸਾ ਨਾ ਕਰੀਂ ਉਸਦੀਆਂ ਗੱਲਾਂ ਦਾ। ਇਸਦੇ ਕਹੇ ਸੁਦੇ ਦੀ ਮੈਂ ਤੈਥੋਂ ਮਾਫ਼ੀ ਮੰਗਦਾ ਹਾਂ। ਤੂੰ ਜਾ ਕੇ ਆਰਾਮ ਨਾਲ ਆਪਦੀ ਪੜ੍ਹਾਈ ਕਰੀਂ। ਮੇਰਾ ਤੂੰ ਉਕਾ ਫ਼ਿਕਰ ਨਾ ਕਰੀਂ।" ਉਹ ਗਰੀਬ ਅੱਛਾ ਜੀ, ਅੱਛਾ ਜੀ, ਕਹਿੰਦਾ ਕਹਿੰਦਾ ਆਪਣੀ ਖਹਿੜਾ ਛੁੜਾਕੇ ਚਲਾ ਗਿਆ। ਬਾਅਦ ਵਿੱਚ ਮੈਂ ਰਘਵੀਰ ਨੂੰ ਜ਼ਰਾ ਡਾਂਟਿਆ, "ਕਮਲਿਆ! ਤੂੰ ਮੇਰਾ ਗੁੱਸਾ ਉਸ ਗਰੀਬ ਤੇ ਕਿਉਂ ਕੱਢਿਆ? "ਰਘਵੀਰ ਨੇ ਅੱਗੋਂ ਬੁੜ-ਬੁੜ ਕਰਦੇ ਨੇ ਕਿਹਾ, "ਚੰਗਾ ਚੰਗਾ! ਗਰੀਬ ਨਿਮਾਣੇ ਬਣਕੇ ਜਣੇ-ਖਣੇ ਦੇ ਛਿੱਤਰ ਖਾਈ ਜਾਓ।" ਮੈਂ ਦੁਖੀ ਹੋ ਕੇ ਮੂੰਹ ਤੇ ਫੇਰ ਤੋਂ ਰਜਾਈ ਲੈ ਕੇ ਪੈ ਗਿਆ। ਪਰ ਸੋਚਾਂ ਨੇ ਦੇਰ ਰਾਤ ਤਾਂਈ ਮੇਰਾ ਖਹਿੜਾ ਨਾਂ ਛੱਡਿਆ।

ਹੁਣ ਮੈਂ ਬੱਜਾ-ਰੁੱਜਾ ਭਾਵੇਂ ਕਿਵੇਂ ਨਾ ਕਿਵੇਂ ਕਾਲਿਜ ਤਾਂ ਚਲਾ ਜਾਂਦਾ; ਬਸ ਸਮਝੋ ਤਾਂ ਖਾਨਾ ਪੂਰਤੀ ਵਾਲੀ ਗੱਲ ਸੀ। ਹੌਲੀ-ਹੌਲੀ ਜੂੰ ਦੀ ਤੋਰੇ ਤੁਰਿਆ। ਅਕਸਰ ਲੇਟ ਹੀ ਪਹੁੰਚਦਾ। ਇਹੀ ਹਾਲ ਮੁੜਦਿਆਂ ਵਾਰੀ ਹੁੰਦਾ। ਵਾਪਿਸ ਹੋਸਟਲ ਪਹੁੰਚਣ ਦੀ ਰਤਾ ਤਾਂਘ ਨਾ ਹੁੰਦੀ। ਅਕਸਰ ਹੋਸਟਲ ਦਾ ਮੈਸ ਵੀ ਬੰਦ ਹੋ ਜਾਂਦਾ। ਉਵੇਂ ਭੁੱਖਾ ਭਾਣਾ ਬਿਨਾ ਕੱਪੜੇ ਬਦਲੇ ਬਿਸਤਰੇ ਵਿੱਚ ਵੜ ਜਾਂਦਾ। ਜਿਵੇਂ ਕੋਈ ਚਲਦੀ ਫਿਰਦੀ ਲਾਸ਼ ਹੋਵੇ ਜਾਂ ਕੋਈ ਚਾਬੀ ਵਾਲਾ ਖਿਡੌਣਾ। ਚਾਬੀ ਭਰੀ ਤਾਂ ਕਾਲਿਜ ਪਹੁੰਚ ਗਿਆ। ਤੇ ਫੇਰ ਹੋਸਟਲ ਡਿੱਗਦਾ ਢਹਿੰਦਾ ਪਹੁੰਚ ਗਿਆ। ਕੁੱਝ ਸ਼ੋਹਦੇ ਜਿਹੇ ਮੁੰਡੇ ਮੇਰਾ ਮਜ਼ਾਕ ਉਡਾਉਣ ਲੱਗ ਪਏ। ਕੁੱਝ ਉਵੇਂ ਹੀ ਕੰਨੀਂ ਕਤਰਾਉਣ ਲੱਗ ਪਏ। ਕੁੱਝ ਜਾਣ ਬੁੱਝ ਕੇ ਪਾਸਾ ਵੱਟ ਜਾਂਦੇ। ਜਿਵੇਂ ਮੈਂ ਕੋਈ ਨੈਸ਼ ਜਿਹੀ

ਫਾਲਤੂ ਸ਼ੈ ਹੋਵਾਂ। ਹੌਲੀ-ਹੌਲੀ ਇਹ ਹੀਣਤਾ ਭਾਵ ਘਾਤਕ ਰੂਪ ਧਾਰ ਗਿਆ। ਮੈਨੂੰ ਜੀਣਾ ਬੋਝ ਜਾਪਣ ਲੱਗ ਪਿਆ। ਜੀਣ ਦੀ ਹਰ ਤਾਂਘ ਦਮ ਤੋੜਨ ਲੱਗੀ। ਮੌਤ ਸਿਰ ਤੇ ਮੰਡਰਾਉਣ ਲੱਗੀ। ਨਿਰਾਸ਼ ਜ਼ਿੰਦਗੀ ਨੇ ਆਤਮ ਹੱਤਿਆ ਵਾਲਾ ਰੁਖ਼ ਕਰ ਲਿਆ। ਮੈਨੂੰ ਅਜੀਬ ਜਿਹੀ ਇਚੋਤਾਈ ਲੱਗੀ ਰਹਿੰਦੀ ਕਿ ਮੈਂ ਸਭ ਤੇ ਬੋਝ, ਮੈਂ ਮਨਹੂਸ ਹਾਂ, ਮੈਨੂੰ ਕੋਈ ਪਿਆਰ ਨਹੀਂ ਕਰਦਾ, ਮੈਂ ਕਿੰਨਿਆਂ ਦੀ ਮੌਤ ਦਾ ਕਾਰਨ ਬਣੀ ਜਾਵਾਂਗਾ। ਮੈਂ ਆਪ ਹੀ ਕਿਉਂ ਨਹੀਂ ਮਰਦਾ। ਪਹਿਲਾਂ ਰੇਲ ਹਾਦਸਾ। ਫੇਰ ਸ਼ੀਰਾ ਫੱਤੋ ਦੀਆਂ ਅਣਆਈਆਂ ਮੌਤਾਂ। ਪਤਾ ਨਹੀਂ ਤਿਰਲੋਚਨ ਵਿਚਾਰਾ ਹੈ ਵੀ ਕਿ ਨਹੀਂ? ਮੈਂ ਮਨਹੂਸ ਹਾਂ, ਨੈਸ਼ ਹਾਂ, ਮੈਂ ਆਪਣੇ ਜ਼ਮੀਰ ਤੇ ਬੋਝ ਹਾਂ, ਮੇਰੀ ਮੌਤ ਮੇਰੀ ਸਭ ਨੂੰ ਸੁਰਖ਼ਰੂ ਕਰ ਦੇਵੇਗੀ। ਅੱਜ ਮੇਰਾ ਅਹਿਸਾਸ ਉੱਕਾ ਹੀ ਡੋਲ ਗਿਆ। ਮੇਰੀ ਸੋਚ ਸੁੰਨ ਹੋ ਚੁੱਕੀ ਸੀ। ਮੈਂ ਬੌਂਦਲਿਆ ਗੁਆਚਾ ਗੁਆਚਾ, ਜਾਣੋਂ ਮੈਂ ਮੌਤ ਦੇ ਪਿੱਛੇ ਅੱਖਾਂ ਮੀਟੀ ਬੇਹਤਾਸ਼ਾ ਭੱਜ ਰਿਹਾ ਹੋਵਾਂ। ਮੌਤ ਮੈਨੂੰ ਡਾਹ ਨਾਂ ਦੇ ਰਹੀ ਹੋਵੇ। ਜਿਵੇਂ ਮੇਰਾ ਕਾਲ ਮੇਰੇ ਸਿਰ ਤੇ ਚੜ੍ਹ ਕੇ ਬੋਲ ਰਿਹਾ ਹੋਵੇ। ਮੈਂ ਇਲੈਕਟਰੋ ਪਲੇਟਿੰਗ ਵਾਲੇ ਆਪਦੇ ਪਰੈਕਟੀਕਲ ਪਲਾਂਟ ਵਿੱਚ ਧੁੱਸ ਮਾਰ ਕੇ ਵੜ ਗਿਆ। ਓਥੇ (ਸਾਈਨਾਇਡ ਤੇਜ਼ਾਬ) ਨਾਲ ਬਣੇ ਇਲੈਕਟਰੋਪਲੇਟਿੰਗ ਸਲੂਸ਼ਨ ਦੇ ਚਲਦੇ ਟੱਬ ਵਿਚੋਂ ਇੱਕ ਛੋਟਾ ਸੈਂਪਲਰ ਜ਼ਾਰ ਭਰਕੇ ਪੀ ਲਿਆ। ਪੀਂਦਿਆਂ ਸਾਰ ਹੀ ਸਾਰੇ ਸਰੀਰ ਵਿੱਚ ਜਿਵੇਂ ਅੱਗ ਲੱਗ ਗਈ ਹੋਵੇ। ਥੋੜੀ ਹੀ ਦੇਰ ਵਿੱਚ ਮੈਨੂੰ ਖ਼ੂਨ ਦੀ ਉਲਟੀ ਆਈ ਤੇ ਮੈਂ ਚੱਕਰ ਖਾ ਕੇ ਜ਼ਮੀਨ ਤੇ ਗਿਰ ਪਿਆ। ਸਾਰੇ ਮਾਸਟਰਾਂ ਤੇ ਮੁੰਡਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪ੍ਰਿੰਸੀਪਲ ਸਾਹਿਬ ਨੇ ਵੱਡੇ ਹਸਪਤਾਲ ਫੋਨ ਕਰਕੇ ਫਟਾਫਟ ਐਂਬੂਲੈਂਸ ਮੰਗਵਾ ਲਈ। ਤੇ ਬਿਆਨ ਦਿੱਤਾ ਕਿ ਸਾਡੇ ਇੱਕ ਵਿਦਿਆਰਥੀ ਨੇ ਪਾਣੀ ਸਮਝਕੇ ਇਲੈਕਟਰੋਪਲੇਟਿੰਗ ਦਾ ਸਲੂਸ਼ਨ ਪੀ ਲਿਆ ਹੈ। ਕਿਸੇ ਤਰ੍ਹਾਂ ਹਸਪਤਾਲ ਪਹੁੰਚੇ। ਅੱਗੋਂ ਡਾਕਟਰ ਕੇਸ ਨੂੰ ਹੱਥ ਨਾ ਪਾਉਣ। ਕਿ ਇਹ ਤਾਂ ਆਤਮ ਹੱਤਿਆ ਦਾ ਕੇਸ ਹੈ। ਪਹਿਲਾਂ ਪੁਲੀਸ ਨੂੰ ਆਣ ਦਿਓ। ਸਾਡੇ ਸਰ ਉਨ੍ਹਾਂ ਦੇ ਗਲ ਪੈ ਗਏ। ਜੇ ਪੁਲਿਸ ਦੇ ਆਉਂਦਿਆਂ ਆਉਂਦਿਆ ਤੱਕ ਸਾਡਾ ਮੁੰਡਾ ਮਰ ਗਿਆ ਤਾਂ ਤੁਸੀਂ ਉਹਦੀ ਮੌਤ ਦੇ ਜ਼ਿੰਮੇਵਾਰ ਤੁਸੀਂ ਹੋਵੋਗੇ। ਮੈਂ ਆਪ ਕਹਿੰਦਾ ਹਾਂ, ਬੇਸ਼ਕ ਤੁਸੀਂ ਬਾਕੀ ਸਾਰੇ ਸਟੂਡੈਂਟਸ ਨੂੰ ਪੁੱਛ ਲਵੋ ਕਿ ਇਹ ਸਿਰਫ਼ ਹਾਦਸਾ ਹੈ, ਕੋਈ ਸੁਈਸਾਈਡ ਕੇਸ ਨਹੀਂ। ਸਲੂਸ਼ਨ ਦਾ ਰੰਗ ਬਿਲਕੁਲ ਪਾਣੀ ਵਰਗਾ ਹੁੰਦਾ ਹੈ। ਕਿਸੇ ਨੂੰ ਵੀ ਗਲਤੀ ਲੱਗ ਸਕਦੀ ਹੈ। ਫੇਰ ਡਾਕਟਰਾਂ ਨੇ ਜਲਦੀ ਜਲਦੀ ਇਲਾਜ ਕਰਨਾ ਸ਼ੁਰੂ ਕੀਤਾ। ਦੋ ਤਿੰਨ ਘੰਟਿਆਂ ਦੀ ਸਖ਼ਤ ਮਿਹਨਤ ਨਾਲ ਜ਼ਹਿਰ ਪੇਟ ਵਿਚੋਂ ਪਾਵੇਂ ਬਾਹਰ ਕੱਢ ਦਿੱਤਾ ਗਿਆ ਸੀ। ਕਈ ਕਈ ਵਾਰੀ ਪੇਟ ਦੀ ਇੱਕ ਇਕ ਨਾੜੀ ਫ਼ਲਸ਼ ਕੀਤੀ। ਕਈ ਨਾੜਾਂ ਤਾਂ ਬੁਰੀ ਤਰ੍ਹਾਂ ਨਾਲ ਚੀਰੀਆਂ ਗਈਆਂ। ਖ਼ੂਨ ਬੰਦ ਨਹੀਂ ਸੀ ਹੋ ਰਿਹਾ। ਨਵਾਂ ਖ਼ੂਨ ਲਾਇਆ ਗਿਆ। ਗੁਲੂਕੋਜ਼ ਅਲਗ ਚਾੜਿਆ ਤੇ ਉਸੇ ਵਿੱਚ ਹੀ ਟੀਕਿਆਂ ਰਾਹੀਂ ਹੋਰ ਦਵਾਈਆਂ ਪਾਉਂਦੇ ਰਹੇ।

ਰਘਵੀਰ ਨੇ ਬੜੇ ਹੌਂਸਲੇ ਨਾਲ ਸਾਰੀ ਪੈਰਵੀ ਕੀਤੀ। ਸਾਰੇ ਹੀ ਮੁੰਡਿਆਂ ਨੂੰ ਪੈਸੇ ਕੱਠੇ ਕਰਨ ਲਈ ਦੁੜਾਇਆ। ਜਿੰਨ੍ਹੇ ਵੀ ਜਿੱਥੋਂ ਵੀ ਜਿਸ ਕੋਲੋਂ ਮਿਲਦੇ ਨੇ ਲੈ ਆਵੋ। ਕੁੱਝ ਕੁ ਨੂੰ ਹਰਜੀਤ ਨੂੰ ਲੱਭਣ ਭੇਜ ਦਿੱਤਾ। ਕਿਉਂਕਿ ਉਸਦਾ ਪਿਤਾ ਥਾਣੇ ਵਿੱਚ ਵੱਡਾ ਥਾਣੇਦਾਰ ਲੱਗਿਆ ਹੋਇਆ ਸੀ। ਹਰਜੀਤ ਨੇ ਵੀ ਪੂਰੇ ਤਾਣ ਨਾਲ ਆਪਣੇ ਪਿਤਾ ਨੂੰ ਮਨਾਂਇਆ। ਬਾਕੀ ਮੁੰਡਿਆਂ ਨੇ ਬੜੇ ਤਰਲੇ ਮਿੰਨਤਾਂ ਕੀਤੀਆਂ ਥਾਣੇਦਾਰ ਸਾਹਿਬ ਦੀਆਂ ਤਾਂ ਜਾ ਕੇ ਇਹ ਹਾਦਸਾ ਪੁਲੀਸ ਕੇਸ ਹੋਣ ਤੋਂ ਬਚਿਆ। ਫੇਰ ਪੁਲਿਸ ਨੇ ਵੀ ਵਾਰਨਿੰਗ ਦੇ ਕੇ ਛੱਡ ਦਿੱਤਾ ਕਿ ਉਸ ਰੂਮ ਵਿੱਚ ਵੱਡੇ ਅੱਖਰਾਂ ਨਾਲ ਥਾਂ ਥਾਂ ਤੇ ਲਿਖਕੇ ਲਾਓ ਕਿ ਇਸ ਰੂਮ ਵਿੱਚ ਕੁੱਝ ਵੀ ਪੀਣਾ ਸਖ਼ਤ ਮਨਾ ਹੈ, ਆਦਿ।

ਇਧਰੋਂ ਪ੍ਰਿੰਸੀਪਲ ਜੀ ਨੇ ਬਲਦੇਵ ਵੀਰ ਜੀ ਨੂੰ ਤਾਰ ਜਾਂ ਫੋਨ ਕਰਕੇ ਬੁਲਾ ਲਿਆ ਸੀ। ਅਗਲੇ ਹੀ ਦਿਨ ਬਲਦੇਵ ਭਾਜੀ ਹਸਪਤਾਲ ਵਿੱਚ ਪਹੁੰਚ ਗਏ। ਮੈਨੂੰ ਜੀਉਂਦਾ ਦੇਖਕੇ ਉਹਨਾਂ ਸਭ ਨਾਲੋਂ ਪਹਿਲਾਂ ਤਾਂ ਰੱਬ ਦਾ ਸ਼ੁਕਰ ਗੁਜ਼ਾਰਿਆ ਕਿ ਰੱਬਾ ਤੇਰਾ ਕੋਟਿ ਕੋਟਿ ਧੰਨਵਾਦ ਹੈ ਜੋ ਤੂੰ ਆਪ ਹੱਥ ਦੇ ਕੇ ਮੇਰੇ ਬੱਚੇ, ਮੇਰੇ ਨਿੱਕੇ ਵੀਰ ਦੀ ਰੱਖਿਆ ਕੀਤੀ ਹੈ। ਫੇਰ ਸਾਰੇ ਹੀ ਸਟਾਫ਼ ਤੇ ਸਹਿਪਾਠੀਆਂ ਦਾ ਧੰਨਵਾਦ ਕੀਤਾ। ਫੇਰ ਰਘਵੀਰ ਨੂੰ ਗਲਵੱਕੜੀ ਵਿੱਚ ਲੈ ਲਿਆ। ਉਸਨੂੰ ਬੜਾ ਹੀ ਪਿਆਰ ਦਿੱਤਾ। "ਮੇਰੇ ਬੱਚੇ ਤੂੰ ਅੱਜ ਹਿੰਮਤ ਕਰਕੇ ਆਪਦੇ ਯਾਰ ਨੂੰ ਬਚਾ ਲਿਆ ਹੈ। ਤੇਰਾ ਮੈਂ ਕੀ, ਸਾਡਾ ਸਾਰਾ ਪਰਿਵਾਰ ਰਿਣੀ ਰਹੇਗਾ।" "ਭਾਜੀ ਹਾਲੇ ਤਾਂਈਂ ਬਿਲੇ ਨੂੰ ਹੋਸ਼ ਨਹੀਂ ਆਇਆ ਪਰ ਡਾਕਟਰ ਕਹਿੰਦੇ ਨੇ ਤੁਹਾਡਾ ਮੁੰਡਾ ਹੁਣ ਖ਼ਤਰੇ ਤੋਂ ਬਾਹਰ ਹੈ। ਪੂਰੀ ਤਰ੍ਹਾਂ ਨਾਲ ਰਾਜ਼ੀ ਹੋ ਜਾਏਗਾ। ਕੋਈ ਵੱਡਾ ਨੁਕਸਾਨ ਵੀ ਹੋ ਸਕਦਾ ਹੈ। ਸੰਭਵ ਹੈ ਕੋਈ ਅੰਗ ਵੀ ਮਾਰਿਆ ਜਾ ਸਕਦਾ ਹੈ।" ਵਿਚਾਰੇ ਭਾਜੀ ਵੱਡੇ ਡਾਕਟਰ ਅੱਗੇ ਹੱਥ ਜੋੜਕੇ ਖੜੇ ਹੋ ਗਏ।" ਡਾਕਟਰ ਸਾਹਿਬ! ਅੱਗੇ ਜਿੱਥੇ ਇੰਨਾ ਉਪਕਾਰ ਕੀਤਾ ਏ ਹੁਣ ਇਸ ਨੂੰ ਪੂਰੀ ਤਰ੍ਹਾਂ ਨਾਲ ਠੀਕ ਕਰਨ ਵਿੱਚ ਕੋਈ ਕਸਰ ਨਾਂ ਛੱਡਣਾ। ਇੱਕ ਵਾਰ ਪੂਰੀ ਵਾਹ ਲਾ ਦੇਣਾ। ਅੱਗੇ ਜੋ ਭਾਵੇਂ ਕਰਤਾਰ।" ਭਾਜੀ ਨੇ ਪ੍ਰਿੰਸੀਪਲ ਸਾਹਿਬ ਤੇ ਥਾਣੇਦਾਰ ਸਾਹਿਬ ਦਾ ਆਪ ਉਨ੍ਹਾਂ ਦੇ ਘਰ ਜਾ ਕੇ ਸ਼ੁਕਰੀਆ ਅਦਾ ਕੀਤਾ। ਕਾਫੀ ਸਾਰੇ ਪੈਸੇ ਰਘਵੀਰ ਨੂੰ ਦੇ ਦਿੱਤੇ, ਕਿਹਾ "ਜਿਸ ਜਿਸ ਬੱਚੇ ਨੇ ਵੇਲੇ ਸਿਰ ਮਦਦ ਕੀਤੀ ਹੈ, ਉਸਨੂੰ ਧੰਨਵਾਦ ਸਹਿਤ ਪੈਸੇ ਮੋੜ ਦਿਓ।" ਤਿੰਨ ਚਾਰ ਦਿਨਾਂ ਬਾਅਦ ਥੋੜਾ ਮੋੜ ਪੈਣ ਦੇ ਬਾਅਦ ਭਾਜੀ ਨੇ ਇੱਕ ਟੈਕਸੀ ਭਾੜੇ ਤੇ ਕੀਤੀ ਤੇ ਮੈਨੂੰ ਚੰਡੀਗੜ੍ਹ ਆਪਣੇ ਕੋਲ ਲੈ ਗਏ ਤੇ ਉਥੇ ਪੀ.ਜੀ.ਆਈ ਵਿੱਚ ਦਾਖਲ ਕਰਵਾ ਦਿੱਤਾ। ਰਘਵੀਰ ਵੀ ਸਾਡੇ ਨਾਲ ਹੀ ਚੰਡੀਗੜ੍ਹ ਆ ਗਿਆ।

ਇਧਰ ਇਸ ਹਾਦਸੇ ਦੀ ਗੱਲ ਸਾਡੇ ਕਾਲਜ ਤੋਂ ਤੁਰਦੀ ਤੁਰਦੀ ਸਾਡੇ ਹੋਸਟਲ ਤੱਕ ਅੱਪੜ ਗਈ। ਫੇਰ ਹੌਲੀ-ਹੌਲੀ ਲੋਕਾਂ ਦੇ ਘਰਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਈ। ਜਿੰਨੇ ਹੀ ਮੂੰਹ ਉਨੀਆਂ ਹੀ ਗੱਲਾਂ। ਕੁੱਝ ਤਾਂ ਬੜੇ ਹੀ ਤਿਹ ਵਿੱਚ ਭਿੱਜਕੇ ਕਹਿੰਦੇ ਕਿ ਵਿਚਾਰੇ ਬਲਬੀਰ ਤੇ ਤਾਂ ਜ਼ਰੂਰ ਕੋਈ ਨਾ ਕੋਈ ਕਰੋਪੀ ਆਈ ਹੋਈ ਏ। ਹਾਂ ਯਾਰ ਮੈਨੂੰ ਤਾਂ ਲੱਗਦਾ ਹੈ

ਕਿ ਉਹ ਕੁੱਝ ਹਿੱਲ ਜਿਹਾ ਗਿਆ ਹੋਵੇ। ਹਰ ਦਿਨ ਕਿਸੇ ਨਾਂ ਕਿਸੇ ਪਰੈਕਟੀਕਲ ਪੀਰਡ ਵਿੱਚ ਉਸਦੇ ਕੋਈ ਨਾ ਕੋਈ ਸੱਟ ਲੱਗੀ ਰਹਿੰਦੀ ਹੈ। ਹਾਂ ਪਿਛਲੇ ਹਫਤੇ ਮਸ਼ੀਨ ਸ਼ੌਪ ਵਿੱਚ ਜੇ ਐਨ ਮੌਕੇ ਤੇ ਆ ਕੇ ਆਪਦੇ ਸਰ ਜੀ ਮੇਨ ਸਵਿੱਚ ਨਾ ਬੰਦ ਕਰਦੇ ਤਾਂ ਗਿਆ ਸੀ ਵਿਚਾਰਾ ਭੰਗ ਦੇ ਭਾੜੇ ਵਿਚ। ਇੱਕ ਹੋਰ ਧੱਕੇ ਨਾਲ ਆਪਣਾ ਮਸ਼ਵਰਾ ਦੇਣ ਲਈ ਆਣ ਰਲਿਆ, "ਆਹ ਇਲੈਕਟਰੋਪਲੇਟਿੰਗ ਸ਼ੌਪ ਵਿੱਚ ਜਿਹੜਾ ਹਾਦਸਾ ਹੋਇਆ ਸੀ ਭਾਵੇਂ ਸਭ ਨੇ ਆਪਣੇ ਆਪਣੇ ਬਚ ਬਚਾ ਲਈ ਇਸ ਹਾਦਸੇ ਨੂੰ ਇੱਕ ਮਹਿਜ ਐਕਸੀਡੈਂਟ ਦੀ ਸ਼ਕਲ ਦੇ ਦਿੱਤੀ ਸੀ ਪਰ ਮੰਨੋ ਨਾ ਮੰਨੋ ਮੇਰੀ ਗੱਲ, ਕੀਤੀ ਬਿੱਲੇ ਨੇ ਆਤਮ ਹੱਤਿਆ ਹੀ ਸੀ। ਚਲੋ ਆਪਾਂ ਕੀ ਲੈਣਾ।" ਅੱਗ ਲਾਈ ਤੇ ਡਬੂ ਕੰਧ ਤੇ, ਵਾਲੀ ਗੱਲ ਕੀਤੀ ਉਸ ਨੇ ਤੇ ਚਲਦਾ ਬਣਿਆ। ਇਸੇ ਤਰ੍ਹਾਂ ਹਰ ਇੱਕ ਦੀ ਆਪਣੀ ਆਪਣੀ ਸੋਚ ਤੇ ਨਜ਼ਰੀਆ ਸੀ। ਇਸੇ ਤਰ੍ਹਾਂ ਸੰਤ ਸਿੰਘ ਤੇ ਇਸ ਹਾਦਸੇ ਦਾ ਬਹੁਤ ਡੂੰਘਾ ਅਸਰ ਪਿਆ। ਉਸ ਮਨ ਹੀ ਮਨ ਵਿੱਚ ਆਪਣੇ ਆਪ ਤੇ ਕਈ ਵਾਰ ਧਿੱਕਾਰ ਜਿਹੀ ਪਾਈ। ਕਾਸ਼ ਮੈਂ ਵਿਚਾਰੇ ਬਲਬੀਰ ਨੂੰ ਪ੍ਰੀਤਮਾ ਨਾਲ ਨਾ ਮਿਲਾਉਂਦਾ। ਹੋ ਸਕਦਾ ਹੈ ਇਹ ਭਾਣਾ ਵਾਪਰਣੋਂ ਟੱਲ ਜਾਂਦਾ।

ਸੰਤ ਸਿੰਘ ਨੇ ਉਸੇ ਤਰ੍ਹਾਂ ਭਰੇ ਪੀਤੇ ਨੇ ਇਹ ਸਾਰਾ ਹਾਦਸਾ ਰੋਹਤਕ ਜਾਕੇ ਪ੍ਰੀਤਮਾ ਨਾਲ ਸਾਂਝਾ ਕੀਤਾ। ਪਹਿਲਾਂ ਤਾਂ ਉਸ ਸੁਣਕੇ ਬੜੇ ਹੰਕਾਰੇ ਤੇ ਹੋਛੇ ਜਿਹੇ ਲਹਿਜੇ ਵਿੱਚ ਇਸ ਗੱਲ ਦਾ ਮਜ਼ਾਕ ਉੜਾਇਆ ਜਿਵੇਂ ਕਿਸੇ ਗੱਲ ਦੀ ਕੋਈ ਖਿੱਲੀ ਉਡਾ ਰਿਹਾ ਹੋਵੇ। ਕਿ ਇਹੋ ਡਰਾਮੇ ਤਾਂ ਅੱਜਕਲ ਦੇ ਨਵੇਂ ਨਵੇਂ ਬਣੇ ਮਜਨੂੰ ਨਿੱਤ ਹੀ ਕਰਦੇ ਰਹਿੰਦੇ ਨੇ। ਵਿਚਾਰੀਆਂ ਕੁੜੀਆਂ ਦੀ ਹਮਦਰਦੀ ਲੈਣ ਲਈ। ਸੰਤ ਸਿੰਘ ਦੀਆਂ ਅੱਖਾਂ ਭਰ ਆਈਆਂ। ਮੈਂ ਤਾਂ ਦੀਦੀ ਤੇਰਾ ਬੜਾ ਹੀ ਸਤਿਕਾਰ ਕਰਦਾ ਸੀ। ਮੈਨੂੰ ਨਹੀਂ ਸੀ ਪਤਾ ਤੂੰ ਏਨੀ ਘਟੀਆ ਸੋਚ ਦੀ ਮਾਲਿਕ ਹੈ। ' ਹਾਏ ਓਏ ਰੱਬਾ ਮੈਂ ਕਾਹਨੂੰ ਉਸ ਗਰੀਬ ਨੂੰ ਤੇਰੇ ਜਿਹੀ ਨਿਰਮੋਹੀ ਕੁੜੀ ਨਾਲ ਮਿਲਾਇਆ। ਜਿਸ ਉਸ ਵਿਚਾਰੇ ਮਾਸੂਮ ਨੂੰ ਮੌਤ ਦੇ ਮੂੰਹ ਵਿੱਚ ਪਹੁੰਚਾ ਦਿੱਤਾ। ਸੰਤ ਸਿੰਘ ਭਰੀਆਂ ਅੱਖਾਂ ਤੇ ਭਰੇ ਦਿਲ ਨਾਲ ਉਥੋਂ ਉੱਠਕੇ ਆ ਗਿਆ।

ਫੇਰ ਜਾਣੋਂ ਹੌਲੀ ਹੌਲੀ ਪ੍ਰੀਤਮਾ ਦੇ ਸੁੱਤੇ ਜ਼ਮੀਰ ਨੇ ਉਸਦੀ ਆਤਮਾ ਨੂੰ ਧੁਰ ਅੰਦਰੋਂ ਝੰਜੋੜਿਆ, "ਕੀ ਮੈਂ ਸੱਚ-ਮੁੱਚ ਹੀ ਬੜੀ ਸਵਾਰਥੀ ਤੇ ਹੰਕਾਰੀ ਹੋਈ ਹਾਂ! ਮੈਂ ਕਮੀਨੀ ਵੀ ਹਾਂ। ਜਿਸ ਆਪਣੀਆਂ ਗ਼ਲਤੀਆਂ ਤੇ ਝੂਠੇ ਸ਼ੱਕ ਦਾ ਮਖੌਟਾ ਪਾ ਕੇ ਆਪਦਾ ਤਾਂ ਪੱਲੂ ਸਾਂਭ ਲਿਆ। ਕਿਤੇ ਸੱਚੀ-ਮੁੱਚੀ ਨਾ ਹੋ ਗਿਆ ਹੋਵੇ ਇਹ ਭਾਗ। ਮੈਂ ਤਾਂ ਐਵੇਂ ਉਸ ਮਾਸੂਮ ਮਲੂਕ ਜਿਹੇ ਮੁੰਡੇ ਦੇ ਦਿਲ ਨਾਲ ਖੇਲਦੀ ਰਹੀ। ਮੈਨੂੰ ਕੀ ਪਤਾ ਸੀ ਕਿ ਉਹ ਕਮਲਾ ਏਨੀ ਬੁਰੀ ਤਰ੍ਹਾਂ ਮੇਰੇ ਤੇ ਡੁੱਲ ਜਾਵੇਗਾ ਤੇ ਮੇਰੇ ਲਈ ਆਪਣੀ ਜਾਨ ਦੀ ਬਾਜ਼ੀ ਲਾ ਦੇਵੇਗਾ। ਨਹੀਂ ਨਹੀਂ ਮੈਂ ਇਹ ਚੰਗਾ ਨਹੀਂ ਕੀਤਾ। ਮੇਰਾ ਕੀ ਹੱਕ ਬਣਦਾ ਏ ਇਉਂ ਕਿਸੇ ਦੀ ਜ਼ਿੰਦਗੀ ਨਾਲ ਖੇਲਣ ਦਾ। ਮੈਂ ਉਸਦੀ ਤੇ ਉਸਦੇ ਸੁੱਚੇ ਪਿਆਰ ਦੀ ਕਾਤਿਲ ਹਾਂ। ਮੈਂ ਹੀ ਗੁਨਾਹਗਾਰ ਹਾਂ।" ਉਹ ਇਸੇ ਤਰ੍ਹਾਂ ਪਾਗਲਾਂ ਵਾਂਗ ਆਪਣੇ ਆਪ ਨਾਲ ਗੱਲਾਂ ਕਰਦੀ ਕਰਦੀ ਆਪ ਮੁਹਾਰੇ ਸੰਤ ਸਿੰਘ ਦੇ ਘਰ ਆ ਗਈ। "ਸੰਤ! ਮੇਰੇ ਛੋਟੇ ਵੀਰ, ਮੈਨੂੰ ਸੱਚ ਦੱਸੀਂ ਕੀ ਇਹ ਹਾਦਸਾ ਸੱਚੀਂ ਹੋਇਆ ਹੈ। ਕੀ ਬਲਬੀਰ ਬੱਚ ਗਿਆ ਏ? ਕੀ ਉਹ ਹੁਣ ਖਤਰੇ ਤੋਂ ਬਾਹਰ ਹੈ? ਕੀ ਮੈਂ ਉਸਨੂੰ ਮਿਲ ਸਕਦੀ ਹਾਂ? ਮੈਂ ਇੱਕ ਵਾਰ ਉਸ ਤੋਂ ਆਪਣੀ ਭੁੱਲ ਬਖ਼ਸ਼ਾਉਣੀ ਚਾਹੁੰਦੀ ਹਾਂ। ਮੈਨੂੰ ਨਹੀਂ ਸੀ ਪਤਾ ਕਿ ਅੱਜ ਦੇ ਜ਼ਮਾਨੇ ਵਿੱਚ ਵੀ ਕੋਈ ਕਿਸੇ ਲਈ ਜਾਨ ਦੇ ਸਕਦਾ ਹੈ। ਕਾਸ਼ ਮੈਂ ਉਸਦੇ ਅਣਭੋਲ ਪਿਆਰ ਦਾ ਅਹਿਸਾਸ ਕੀਤਾ ਹੁੰਦਾ। ਹੇ ਰੱਬਾ ਇੱਕ ਵਾਰ ਬਸ ਇੱਕ ਵਾਰ ਉਸਨੂੰ ਚੰਗਾ ਭਲਾ, ਰਾਜ਼ੀ ਕਰਦੇ। ਮੈਂ ਮੁੜ ਕਦੇ ਅਜਿਹੀ ਗੁਸਤਾਖ਼ੀ ਭੁੱਲਕੇ ਵੀ ਨਹੀਂ ਕਰੂੰਗੀ। ਮੈਂ ਉਸਨੂੰ ਸਾਰੀ ਜ਼ਿੰਦਗੀ ਏਨਾਂ ਪਿਆਰ ਕਰਾਂਗੀ ਕਿ ਉਸਦੇ ਹਰ ਅਲ੍ਹੇ ਜ਼ਖ਼ਮ ਤੇ ਆਪਣੇ ਪਿਆਰ ਦੀ ਮੱਲ੍ਹਮ ਲਾਵਾਂਗੀ।" ਪਤਾ ਨਹੀਂ ਕੀ ਕੀ ਵਾਅਦੇ ਕਰਦੀ ਉਹ ਆਪਣੇ ਆਪ ਨਾਲ ਬੇਬਾਕ, ਬੇਝਿਜਕ, ਆਪ ਮੁਹਾਰੇ ਸਭ ਦੇ ਸਾਹਮਣੇ ਸੰਤ ਸਿੰਘ ਤੇ ਉਸਦੇ ਘਰਦੇ ਉਸਦੇ ਮੂੰਹ ਵੱਲ ਦੇਖਦੇ ਰਹੇ।

"ਸੰਤ ਵੀਰੇ ਮੈਨੂੰ ਕੱਲ ਨੂੰ ਹੀ ਤੂੰ ਸੋਨੀਪਤ ਲੈ ਕੇ ਜਾਣਾ ਐ। ਆਪਾਂ ਦੋਵੇਂ ਚੱਲਾਂਗੇ। ਮੈਂ ਉਸਨੂੰ ਮਿਲਣਾ ਚਾਹੁੰਦੀ ਹਾਂ। ਉਨੀ ਦੇਰ ਮੈਨੂੰ ਚੈਨ ਕਿੱਥੇ।" ਅੱਗੋਂ ਸੰਤ ਨੇ ਕਿਹਾ, "ਪ੍ਰੀਤਮਾ ਦੀਦੀ, ਹਾਲ ਦੀ ਘੜੀ ਤਾਂ ਉਹ ਸੋਨੀਪਤ ਵਿੱਚ ਨਹੀਂ। ਉਸਦਾ ਵੱਡਾ ਵੀਰ ਜੋ ਚੰਡੀਗੜ੍ਹ ਵਿੱਚ ਇੱਕ ਵੱਡਾ ਅਫ਼ਸਰ ਲੱਗਿਆ ਹੋਇਆ ਏ, ਉਸਨੇ ਆਣਕੇ ਸਾਰੀ ਗੱਲ ਸਾਂਭ ਲਈ, ਨਹੀਂ ਤਾਂ ਐਂਵੇਂ ਪੁਲੀਸ ਕੇਸ ਬਣ ਜਾਣਾ ਸੀ। ਸਾਰੇ ਮੁੰਡਿਆਂ ਅਤੇ ਸਟਾਫ਼ ਮੈਂਬਰਾਂ ਨੇ ਰਲ ਕੇ ਬੜੀ ਭੱਜ ਦੌੜ ਕੀਤੀ ਸੀ। ਕਿਸੇ ਤਰ੍ਹਾਂ ਬਚਾ ਤਾਂ ਲਿਆ ਉਸਨੂੰ ਪਰ ਡਾਕਟਰ ਕਹਿੰਦੇ ਨੇ ਹਾਲੇ ਖ਼ਤਰਾ ਟਲਿਆ ਨਹੀਂ। ਸ਼ਾਇਦ ਇਸੇ ਲਈ ਉਸਦਾ ਵੱਡਾ ਭਰਾ ਤੇ ਉਸਦਾ ਖ਼ਾਸ ਦੋਸਤ ਰੂਮਮੇਟ ਰਘਵੀਰ ਉਸਨੂੰ ਟੈਕਸੀ ਵਿੱਚ ਪਾ ਕੇ ਚੰਡੀਗੜ੍ਹ ਪੀ.ਜੀ.ਆਈ ਵਿੱਚ ਜ਼ੇਰੇ ਇਲਾਜ ਲਈ ਲੈ ਗਏ ਨੇ। ਮੈਂ ਕੱਲ ਵਾਪਿਸ ਸੋਨੀਪਤ ਆਪਣੇ ਕਾਲਿਜ ਜਾਣਾ ਹੈ। ਦੀਦੀ ਜੋ ਵੀ ਨਵੀਂ ਖ਼ਬਰ ਮਿਲੀ, ਤੁਹਾਨੂੰ ਦੱਸਦਾ ਰਹਾਂਗਾ। ਤੁਸੀਂ ਵੀ ਰੱਬ ਅੱਗੇ ਅਰਦਾਸ ਕਰਨੀ। ਅਸੀਂ ਵੀ ਸਾਰੇ ਕਰਾਂਗੇ। ਰੱਬ ਭਲੀ ਕਰੂਗਾ।"

ਪਤਾ ਨਹੀਂ ਕਿੰਨੇ ਕੁ ਵਰਕੇ ਉਸ ਭਰ ਦਿੱਤੇ ਵਿਰਲਾਪ ਤੇ ਪਛਤਾਵੇ ਵਿਚ। ਪਤਾ ਨਹੀਂ ਕਦੋਂ ਕਿੰਨੀ ਵਾਰ ਰੋਈ ਤੇ ਕਦੋਂ ਉਹ ਚੁੱਪ ਹੋਈ। ਕਿੰਨੀ ਕੁ ਸ਼ਿੱਦਤ ਨਾਲ ਉਸ ਬਲਬੀਰ ਨੂੰ ਯਾਦ ਕੀਤਾ ਹੋਣਾ ਏ। ਆਖ਼ਿਰ ਇੱਕ ਦਿਨ ਉਸਦੇ ਸਬਰ ਦਾ ਜਿਵੇਂ ਬੰਨ੍ਹ ਟੁੱਟ ਗਿਆ ਹੋਵੇ। ਜਾਂ ਉਸਦਾ ਭਰਮ ਉਸਨੂੰ ਗੁਮਰਾਹ ਕਰ ਰਿਹਾ ਹੋਵੇ। ਉਹ ਅਚਾਨਕ ਹਫ਼ਤੇ ਕੁ ਬਾਅਦ ਸੋਨੀਪਤ ਸਾਡੇ ਹੋਸਟਲ ਆਪਦੇ ਕਿਸੇ ਜਾਣੂ ਨੂੰ ਨਾਲ ਲੈ ਕੇ ਆਣ ਪਹੁੰਚੀ। ਮੁੰਡੇ ਉਸਨੂੰ ਸੰਤ ਸਿੰਘ ਦੇ ਕਮਰੇ ਵਿੱਚ ਛੱਡ ਆਏ। ਤੇ ਫੇਰ ਉਸ ਬਲਬੀਰ ਦੇ ਕਮਰੇ ਵਿੱਚ ਜਾਣ ਦਾ ਇਜ਼ਹਾਰ ਕੀਤਾ। ਫੇਰ ਸੰਤ ਉਸਨੂੰ ਮੇਰੇ ਕਮਰੇ ਵਿੱਚ ਲੈ ਆਇਆ। ਉਥੇ ਉਸਨੇ ਮੇਰੀ ਹਰ ਚੀਜ਼ ਨੂੰ ਬੜੀ ਹੀ ਨੀਝ ਨਾਲ ਦੇਖਿਆ। ਫੇਰ ਉਸਦੀ ਅਚਾਨਕ ਆਪਣੀਆਂ, ਮੇਰੇ ਹੱਥ ਨਾਲ ਬਣਾਏ ਚਿੱਤਰਾਂ ਤੇ ਨਜ਼ਰ ਪਈ। ਉਸ ਬੜੇ ਗੌਰ ਨਾਲ ਆਪਣੀਆਂ ਦੋਨੋਂ ਤਿੰਨੋਂ ਪੇਂਟਿੰਗ ਨੂੰ ਵੇਖਿਆ। ਫੇਰ ਮੇਰੇ ਹੀ ਮੰਜੇ ਤੇ ਬਹਿ ਕੇ

ਕੋਲ ਪਏ ਮੇਜ਼ ਤੇ ਮੇਰੇ ਬਿਖਰੇ ਕਾਗਜ਼ਾਂ ਨੂੰ ਸਾਂਭਦੀ ਰਹੀ ਤੇ ਫੇਰ ਬੜੇ ਧਿਆਨ ਨਾਲ ਉਨ੍ਹਾਂ ਨੂੰ ਪੜ੍ਹਨ ਲੱਗ ਪਈ। ਪਤਾ ਨਹੀਂ ਇਹ ਉਸਦਾ ਆਪਣਾਪਣ ਸੀ ਜਾਂ ਕੁੱਝ ਘੋਖ ਕੇ ਆਪਣੇ ਭਰਮ ਨੂੰ ਪੱਠੇ ਪਾ ਰਹੀ ਸੀ। ਉਸਦੀ ਉਹੀ ਜਾਣੇ। ਏਨੇ ਨੂੰ ਦੂਜਾ ਮੁੰਡਾ ਬਾਹਰੋਂ ਦੋਨਾਂ ਲਈ ਗਲਾਸ ਵਿੱਚ ਚਾਹ ਲੈ ਕੇ ਆ ਗਿਆ। ਉਨ੍ਹਾਂ ਦੇ ਚਾਹ ਪੀਂਦਿਆਂ ਪੀਂਦਿਆਂ ਜਾਣੋਂ ਮੇਰੇ ਕਮਰੇ ਵਿੱਚ ਮੇਲਾ ਜਿਹਾ ਲੱਗ ਗਿਆ ਹੋਵੇ। ਜਾਣੋਂ ਫੇਰ ਮੁੰਡਿਆਂ ਦੀ ਆਪਸ ਵਿੱਚ ਘੁੱਸਰ ਮੁੱਸਰ ਜਿਹੀ ਹੋਣ ਲੱਗ ਗਈ ਹੋਵੇ। ਪਹਿਲਾਂ ਉਨ੍ਹਾਂ ਇੱਕ ਨਜ਼ਰ ਪੇਂਟਿੰਗ ਤੇ ਮਾਰੀ ਤੇ ਫੇਰ ਉਸ ਕੁੜੀ ਤੇ ਮਾਰਕੇ ਕਹਿਣ ਲੱਗੇ, “ਕਿਤੇ ਇਹ ਉਹੀ ਤਾਂ ਨਹੀਂ ਜਿਸ ਪਿੱਛੇ ਬਿਲੇ ਨੇ. .” ਦੂਜੇ ਨੇ ਉਸਨੂੰ ਇਸ਼ਾਰੇ ਨਾਲ ਹੀ ਚੁੱਪ ਕਰਾ ਦਿੱਤਾ। ਫੇਰ ਸੰਤ ਸਿੰਘ ਤੇ ਮੇਜਰ ਸਿੰਘ ਨੇ ਸਾਰਿਆਂ ਨੂੰ ਛੇਤੀਂ ਹੀ ਉਥੋਂ ਤੋਰਨ ਦੀ ਕੀਤੀ ਤੇ ਕਿਹਾ, “ਚੱਲੋ ਵੀ ਛੇਤੀ ਕਰੋ, ਤੁਹਾਡਾ ਕਾਲਿਜ ਜਾਣ ਦਾ ਵੇਲਾ ਹੋ ਗਿਆ ਏ। ਇਹ ਦੋਨੋਂ ਤਾਂ ਆਪਦੇ ਬਲਬੀਰ ਭਾਈ ਦੀ ਖ਼ਬਰ ਸਾਰ ਨੂੰ ਆਏ ਸਨ।” ਪਤਾ ਨਹੀਂ ਕਿਉਂ ਫੇਰ ਅੱਗੇ ਸਾਡੇ ਕਾਲਿਜ ਤਾਂਈ ਜਾਣ ਦਾ ਪ੍ਰੀਤਮਾ ਦਾ ਹੀਆ ਕਿਉਂ ਨਹੀਂ ਪਿਆ ਪਰ ਜਾਂਦੇ ਜਾਂਦੇ ਸਿਵਲ ਹਸਪਤਾਲ ਵਿੱਚ ਜ਼ਰੂਰ ਆਪਦੀ ਪੁਸ਼ਟੀ ਲਈ ਗੇੜਾ ਮਾਰਕੇ ਗਈ। ਫੇਰ ਸੰਤ ਸਿੰਘ ਨੇ ਉਨ੍ਹਾਂ ਦੋਹਾਂ ਨੂੰ ਰੋਹਤਕ ਦੀ ਬਸ ਤੇ ਚੜ੍ਹਾ ਦਿੱਤਾ ਤੇ ਆਪ ਉਲਝਿਆ ਉਲਝਿਆ ਕਾਲਿਜ ਪਹੁੰਚ ਗਿਆ। ਪ੍ਰੀਤਮਾ ਵਾਪਿਸ ਰੋਹਤਕ ਮੁੜ ਤਾਂ ਆਈ ਸੀ ਪਰ ਉਸਦਾ ਦਿਲੋ ਦਿਮਾਗ ਹਾਲੇ ਵੀ ਉਸ ਹਾਦਸੇ ਵਿੱਚ ਉਲਝੇ ਸਨ। ਉਹ ਚਾਹ ਕੇ ਵੀ ਇਸ ਵਿਚੋਂ ਨਿੱਕਲ ਨਹੀਂ ਸੀ ਪਾ ਰਹੀ। ਉਹ ਦੇਰ ਰਾਤ ਤਾਈਂ ਜਾਗਕੇ ਆਪਣੀ ਵੇਦਨਾਂ ਨੂੰ ਕਾਗਜ਼ਾਂ ਤੇ ਉਲੀਕਣ ਦੀ ਕੋਸ਼ਿਸ਼ ਕਰਦੀ ਰਹੀ। ਕਦੇ ਆਪੇ ਲਿਖਕੇ ਪਾੜ ਦਿੰਦੀ। ਕਦੀ ਸਾਂਭ ਲੈਂਦੀ। ਇਸੇ ਤਰ੍ਹਾਂ ਉਸਨੇ ਅੱਠ-ਦਸ ਦਿਨਾਂ ਵਿੱਚ ਪੰਦਰਾਂ-ਵੀਹ ਕੁ ਸਫ਼ੇ ਲਿਖ ਮਾਰੇ। ਫੇਰ ਜਾਣੋਂ ਦਰਦ ਮੱਠਾ ਪੈ ਗਿਆ ਜਾਂ ਹੌਲੀ ਹੌਲੀ ਹੋਸ਼ ਜਾਗਣ ਲੱਗ ਪਿਆ। ਹੁਣ ਉਸਦੀ ਬੇਤਾਬੀ ਮੇਰੀ ਸਿਹਤ ਜਾਙੀ ਨਾਲੋਂ ਵਿਰਲਾਪ ਵਿੱਚ ਉਲੀਕੇ ਆਪਣੀ ਵਫ਼ਾ ਪਰਾਸ਼ਚਿਤ ਤੇ ਇਜ਼ਹਾਰ ਦੇ ਜਜ਼ਬਾਤ ਨੂੰ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਤਾਂਈਂ ਪਹੁੰਚਦਾ ਕਰਨ ਦੀ ਬੇਸਬਰੀ ਉਸਨੂੰ ਬੇਕਰਾਰ ਕਰ ਰਹੀ ਸੀ। ਕਿਵੇਂ ਮੈਂ ਆਪਣੇ ਲਫ਼ਜ਼ਾਂ ਦੀ ਜਾਦੂਗਰੀ ਦਾ ਜਾਦੂ ਉਸਤੇ ਚਲਾਵਾਂ। ਬੱਸ ਇੱਕ ਬਾਰ ਬਲਬੀਰ ਮੇਰਾ ਵਿਰਲਾਪ ਭਰਿਆ ਇਹ ਲੰਬਾ ਚੌੜਾ ਖ਼ਤ ਪੜ੍ਹ ਲਵੇ ਸਹੀ । ਉਸ ਪਲਾਂ ਛਿਨਾਂ ਵਿੱਚ ਹੀ ਖੁਰ ਕੇ ਮੇਰੇ ਪੈਰਾਂ ਤੇ ਢਹਿ ਢੇਰੀ ਹੋ ਜਾਣਾ। ਉਹ ਬੜਾ ਹੀ ਭਾਵੁਕ, ਮੇਰਾ ਖ਼ਾਸ ਮੁਰੀਦ ਹੈ। ਮੇਰੇ ਕੀਤੇ ਨਿਰਾਦਰ, ਬੇਰੁਖੀਆਂ, ਤਸੀਹੇ, ਸਭ ਨਜ਼ਰ ਅੰਦਾਜ਼ ਕਰ ਦੇਵੇਗਾ ਤੇ ਮੈਨੂੰ ਫਿਰ ਤੋਂ ਮਸੂਮੀਅਤ ਦੀ ਦੇਵੀ ਸਮਝਕੇ ਪੂਜਨ ਲੱਗ ਜਾਵੇਗਾ।

ਜਦੋਂ ਸ਼ਨਿਵਾਰ ਨੂੰ ਦੇਰ ਰਾਤੀਂ ਸੰਤ ਸਿੰਘ ਰੋਹਤਕ ਆਪਣੇ ਘਰ ਆਇਆ ਤਾਂ ਘਰਦਿਆਂ ਨੇ ਦੱਸਿਆ ਕਿ ਆਪਣੀ ਗੁਆਂਢੀਆਂ ਦੀ ਵੱਡੀ ਕੁੜੀ ਪ੍ਰੀਤਮਾ ਦੋ ਤਿੰਨ ਵਾਰੀ ਤੇਰੇ ਆਣ ਦਾ ਪੁੱਛ ਗਈ ਏ। ਅੱਗੋਂ ਸੰਤ ਸਿੰਘ ਨੇ ਕਿਹਾ, “ਚੰਗਾ ਚੰਗਾ, ਮੈਂ ਆਪੇ ਜਾਕੇ ਸਵੇਰੇ ਉਨ੍ਹਾਂ ਨੂੰ ਮਿਲ ਲਵਾਂਗਾ।” ਖ਼ੈਰ ਦੂਜੇ ਦਿਨ ਸਵੇਰੇ ਸਵੇਰੇ ਸੰਤ ਸਿੰਘ ਪ੍ਰੀਤਮਾ ਦੇ ਘਰ ਚਲਿਆ ਗਿਆ। ਸਾਰੇ ਘਰਦਿਆਂ ਨਾਲ ਸਰਸਰੀ ਜਿਹੀ ਗੱਲ ਬਾਤ ਦੁਆ ਸਲਾਮ ਹੋਈ ਤੇ ਸੁਖ ਸਾਂਦ ਪੁੱਛੀ ਝੱਟ ਪੱਟ ਪ੍ਰੀਤਮਾ ਸੰਤ ਸਿੰਘ ਨੂੰ ਆਪਣੇ ਕਮਰੇ ਵਿੱਚ ਲੈ ਗਈ ਤੇ ਕਿਹਾ “ਤਾਰੀ! ਮੇਰੀ ਤੇ ਸੰਤ ਦੀ ਚਾਹ ਤੂੰ ਕਮਰੇ ਵਿੱਚ ਹੀ ਦੇ ਜਾਵੀਂ। ਮੈਂ ਇਸ ਨਾਲ ਆਪਣੀ ਨਵੀਂ ਲਿਖੀ ਕਹਾਣੀ ਸਾਂਝੀ ਕਰਨੀ ਹੈ।” ਕਮਰੇ ਦਾ ਦਰਵਾਜ਼ਾ ਢੋਂਦਿਆਂ ਦੀ ਪ੍ਰੀਤਮਾ ਨੇ ਆਪਣੇ ਦਿਲ ਦੇ ਰਾਜ਼ ਫੋਲਣੇ ਸ਼ੁਰੂ ਕਰ ਦਿੱਤੇ। “ਬਲਬੀਰ ਦਾ ਕੁੱਝ ਪਤਾ ਚੱਲਿਆ? ਹੁਣ ਉਹ ਕਿੱਦਾਂ ਹੈ? ਕੀ ਹਾਲੀ ਵੀ ਉਹ ਪੀ.ਜੀ.ਆਈ ਚੰਡੀਗੜ੍ਹ ਵਿੱਚ ਹੀ ਦਾਖਿਲ ਹੈ? ਜਾਂ ਆਪਣੇ ਘਰਦਿਆਂ ਕੋਲ ਉਹ ਜਲੰਧਰ ਪਹੁੰਚ ਗਿਆ ਏ? “ਜਾਣੋਂ ਪ੍ਰੀਤਮਾ ਨੇ ਸਵਾਲਾਂ ਦੀ ਇਕਦਮ ਝੜੀ ਲਾ ਦਿੱਤੀ ਹੋਵੇ। ਸੰਤ ਨੇ ਕਿਹਾ, “ਦੀਦੀ, ਹੁਣ ਉਹ ਖ਼ਤਰੇ ਤੋਂ ਬਾਹਰ ਹੈ ਪਰ ਉਸਨੂੰ ਪੂਰੀ ਤਰ੍ਹਾਂ ਨਾਲ ਤੰਦਰੁਸਤ ਹੋਣ ਵਿੱਚ ਸ਼ਾਇਦ ਸਾਲਾਂ ਵੱਧੀ ਲੱਗ ਜਾਣ। ਹਾਂ ਉਸਦਾ ਰੂਮਮੇਟ ਰਘਵੀਰ ਪਰਸੋਂ ਚੰਡੀਗੜ੍ਹੋਂ ਵਾਪਿਸ ਆ ਗਿਆ ਸੀ। ਕਹਿੰਦਾ ਸੀ ਕਿ ਸਾਰੇ ਵੱਡੇ ਡਾਕਟਰ ਕਹਿੰਦੇ ਸੀ ਰੱਬ ਦਾ ਸ਼ੁਕਰ ਹੈ ਸਿਕੰਦ ਸਾਹਿਬ, ਇਹ ਸਾਈਨਾਈਡ ਦਾ ਬਹੁਤ ਹੀ ਡਿਲਿਊਟ ਸਲੂਸ਼ਨ ਸੀ। ਤਾਂ ਮਰੀਜ਼ ਬੱਚ ਗਿਆ। ਨਹੀਂ ਤਾਂ ਅੱਜ ਤਾਈਂ ਇਸ ਨਾਮੁਰਾਦ ਸਾਈਨਾਈਡ ਦਾ ਕੋਈ ਸੁਆਦ ਤੱਕ ਨਹੀਂ ਦੱਸ ਸਕਿਆ। ਐਨਾ ਤੇਜ਼-ਤਰਾਰ ਜ਼ਹਿਰ ਹੈ, ਮਰੀਜ਼ ਦੀਆਂ ਬਹੁਤੀਆਂ ਆਂਦਰਾਂ ਬੁਰੀ ਤਰ੍ਹਾਂ ਅੰਦਰੋਂ ਚੀਰੀਆਂ ਗਈਆਂ ਨੇ। ਕਈ ਆਂਤਰੀਆਂ ਹਾਲੀ ਵੀ ਬਹੁਤ ਕਮਜ਼ੋਰ ਨੇ। ਕਦੇ ਵੀ ਫੱਟ ਸਕਦੀਆਂ ਨੇ। ਬਹੁਤ ਹੀ ਇਹਤਿਆਦ ਰੱਖਣਾ ਪਵੇਗਾ। ਸ਼ਾਇਦ ਇਸ ਜ਼ਹਿਰ ਦਾ ਖ਼ਾਮਿਆਜ਼ਾ ਮਰੀਜ਼ ਨੂੰ ਸਾਰੀ ਜ਼ਿੰਦਗੀ ਹੀ ਭੁਗਤਣਾ ਪਵੇਗਾ।” ਪ੍ਰੀਤਮਾ ਦੀਆਂ ਅੱਖਾਂ ਫੇਰ ਛਲਕ ਆਈਆਂ। ਪ੍ਰੀਤਮਾ ਫੇਰ ਬੜੇ ਭਾਵੁਕ ਤੇ ਦਿਲ ਫਰੇਬ ਅੰਦਾਜ਼ ਨਾਲ ਸੰਤ ਦਾ ਹੱਥ ਫੜਕੇ ਆਪਣੇ ਸਿਰ ਤੇ ਰੱਖ ਕੇ ਕਿਹਾ, “ਤੈਨੂੰ ਆਪਣੀ ਦੀਦੀ ਦੀ ਸੌਂਹ, ਮੈਨੂੰ ਸੱਚੀਂ ਸੱਚੀਂ ਦੱਸੀਂ। ਕੀ ਬਲਬੀਰ ਨੇ ਇਹ ਜ਼ਹਿਰ ਜਾਣਕੇ ਪੀਤਾ ਸੀ ਜਾਂ ਸੱਚੀਂ ਹੀ ਇੱਕ ਹਾਦਸਾ ਸੀ।” ਸੰਤ ਜਾਣੋਂ ਤ੍ਰਭਕ ਉੱਠਿਆ। ਜਾਣੋਂ ਉਸਦਾ ਪ੍ਰੀਤਮਾ ਲਈ ਸਾਰਾ ਸਤਿਕਾਰ ਪਲਾਂ ਵਿੱਚ ਘ੍ਰਿਣਾ ਵਿੱਚ ਬਦਲ ਗਿਆ ਹੋਵੇ।” ਸ਼ੀ-ਸ਼ੀ ਦੀਦੀ, ਤੁਸੀਂ ਹਾਲੀ ਵੀ ਉਸਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹੋ। ਹਾਏ ਹਾਏ, ਐਨੀ ਸ਼ੱਕੀ, ਵਹਿਮੀ ਤੇ ਘਟੀਆ ਸੋਚ ਹੈ ਆਪਦੀ। ਅਸੀਂ ਤਾਂ ਸਾਰਿਆਂ ਨੇ ਪੁਲਿਸ ਦੀ ਖੱਜਲ ਖੁਆਰੀ ਤੋਂ ਬਚਣ ਲਈ ਇਸ ਆਤਮ ਹੱਤਿਆ ਨੂੰ ਇੱਕ ਹਾਦਸੇ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਸੀ।” ਜਦ ਨੂੰ ਤਾਰੀ ਚਾਹ ਲੈ ਕੇ ਅੰਦਰ ਆ ਗਿਆ। “ਸੰਤ ਯਾਰ ਤੂੰ ਦੀਦੀ ਨਾਲ ਬਹਿ ਕੇ ਚਾਹ ਪੀ। ਮੈਂ ਉਨੀ ਦੇਰ ਵਿੱਚ ਕੇਸੀਂ ਇਸ਼ਨਾਨ ਕਰ ਲਵਾਂ। ਫੇਰ ਨਾਸ਼ਤਾ ਕੱਠੇ ਬਹਿ ਕੇ ਕਰਾਂਗੇ।” “ਚੰਗਾ ਚੰਗਾ ਤਾਰੀ ਵੀਰ।” ਗਰਮ ਗਰਮ ਚਾਹ ਦਾ ਪ੍ਰੀਤਮਾ ਤੇ ਸੰਤ ਨੇ ਘੁੱਟ ਘੁੱਟ ਪੀਤਾ। ਫੇਰ ਪ੍ਰੀਤਮਾ ਨੇ ਇੱਕ ਦਮ ਗੱਲ ਦਾ ਪਾਸਾ ਪਲਟਿਆ। “ਨਹੀਂ ਨਹੀਂ ਮੇਰੇ ਛੋਟੇ ਵੀਰੇ, ਮੈਨੂੰ ਮਾਫ਼ ਕਰੀਂ। ਮੇਰਾ ਇਹ ਉੱਕਾ ਹੀ ਮਤਲਬ ਨਹੀਂ ਸੀ। ਮੈਂ ਤਾਂ ਐਂਵੇਂ ਸਾਧਾਰਣ ਹੀ ਗੱਲ ਕੀਤੀ ਸੀ।” ਸੰਤ ਦੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਘੁੱਟ ਕੇ

ਕਿਹਾ, "ਮੇਰੇ ਬਹੁਤ ਹੀ ਚੰਗੇ ਤੇ ਪਿਆਰੇ ਵੀਰੇ। ਮੈਂ ਤੇਰੇ ਤੇ ਤਾਰੀ ਵਿੱਚ ਕਦੇ ਕੋਈ ਫ਼ਰਕ ਨਹੀਂ ਸਮਝਿਆ। ਜਿਵੇਂ ਕਿਸੇ ਨੂੰ ਜਜ਼ਬਾਤੀ ਬਲੈਕ ਮੇਲ ਕਰਨਾ ਹੋਵੇ। ਸੰਤ ਮੇਰੇ ਨਾਲ ਵਾਅਦਾ ਕਰ ਇਹ ਸਾਰੀ ਗੱਲ ਆਪਣੇ ਤਾਂਈਂ ਰੱਖੇਂਗਾ। ਕਦੇ ਬਲਬੀਰ ਨੂੰ ਨਾ ਦੱਸੀਂ। ਉਸਦਾ ਦਿਲ ਟੁੱਟ ਜਾਏਗਾ। ਉਹ ਕੁੱਝ ਜ਼ਿਆਦਾ ਹੀ ਜਜ਼ਬਾਤੀ ਜਿਹਾ ਹੈ। ਦੇਖ ਮੈਂ ਉਸਦੇ ਵਿਰਲਾਪ ਵਿੱਚ ਏਨਾਂ ਕੁੱਝ ਲਿਖਿਆ ਹੈ ਕਿ ਇਹ ਖ਼ਤ ਪੜ੍ਹਕੇ ਬਲਬੀਰ ਵਿੱਚ ਮੁੜਕੇ ਜੀਣ ਦੀ ਤਾਂਘ ਜਾਗ ਪਏਗੀ। ਉਹ ਛੇਤੀ ਤੋਂ ਛੇਤੀ ਚੰਗਾ ਹੋ ਜਾਏਗਾ। ਇਹ ਖ਼ਤ ਉਸ ਲਈ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਸਾਬਤ ਹੋਵੇਗਾ। ਬਸ ਤੂੰ ਇਹ ਲਿਫ਼ਾਫ਼ਾ ਕਿਸੇ ਵੀ ਤਰ੍ਹਾਂ ਉਸ ਤਾਈਂ ਪਹੁੰਚਾ ਦੇ।" ਸੰਤ ਨੇ ਦੱਬੀ ਜ਼ਬਾਨ ਵਿੱਚ ਆਖ ਹੀ ਦਿੱਤਾ, "ਦੀਦੀ, ਕਿਤੇ ਇਹ ਸਭ ਕੁੱਝ ਝੂਠਾ ਦਲਾਸਾ ਤਾਂ ਨਹੀਂ।" "ਨਹੀਂ ਨਹੀਂ ਸੰਤ ਵੀਰੇ, ਇਹ ਸਭ ਕੁੱਝ ਮੈਂ ਦਿਲੋਂ ਲਿਖਿਆ ਹੈ। ਹਾਂ ਇੱਕ ਹੋਰ ਬੇਨਤੀ ਹੈ, ਇਹ ਖ਼ਤ ਨਾ ਤੂੰ ਪੜੀਂ ਨਾ ਹੀ ਕਿਸੇ ਹੋਰ ਨੂੰ ਪੜ੍ਹਨ ਦੇਵੀਂ। ਇਹ ਖ਼ਤ ਸਿਰਫ਼ ਤੇ ਸਿਰਫ਼ ਬਲਬੀਰ ਲਈ ਹੈ।"

ਸੰਤ ਖ਼ਤ ਲੈ ਕੇ ਵਾਪਿਸ ਸੋਨੀਪਤ ਆ ਗਿਆ। ਰਘਵੀਰ ਕੋਲੋਂ ਮੇਰਾ ਜਲੰਧਰ ਦਾ ਪਤਾ ਮੰਗੇ ਤਾਂ ਕਿੱਦਾਂ ਮੰਗੇ। ਰਘਵੀਰ ਨੂੰ ਤਾਂ ਪ੍ਰੀਤਮਾ ਦੇ ਨਾ ਤੋਂ ਹੀ ਚਿੜ ਸੀ। ਉਹ ਅੱਖੜ ਜੱਟ ਤਾਂ ਪੂਰਾ ਭਰਿਆ ਪੀਤਾ ਬੈਠਾ ਸੀ। ਕਹਿੰਦਾ ਸੀ, "ਸੰਤਿਆ ਚੰਗਾ ਹੋਇਆ ਤੇਰੀ ਉਹ ਲੱਗਦੀ ਫੱਫੇ ਕੁੱਟਣੀ ਪ੍ਰੀਤਮਾ ਮੇਰੀ ਗ਼ੈਰ ਹਾਜ਼ਰੀ ਵਿੱਚ ਆਈ। ਨਹੀਂ ਤਾਂ ਮੈਂ ਉਸ ਨਾਲ ਪੂਰੀ ਕੁੱਤੇ ਖਾਣੀ ਕਰਨੀ ਸੀ। ਵੱਡੀ ਡਰਾਮੇ ਬਾਜ਼। ਸਾਡੇ ਯਾਰ ਦੀ ਜ਼ਿੰਦਗੀ ਨਾਲ ਖੇਡਦੀ ਹੈ। ਕੀ ਕਰੀਏ, ਆਪਣਾ ਹੀ ਭਾਂਡਾ ਮਾੜਾ ਹੈ ਜੋ ਅਜਿਹੀ ਮੱਕਾਰ ਛੂਕਰ ਦੇ ਮੋਹ ਵਿੱਚ ਅੰਨ੍ਹਾਂ ਹੋਇਆ ਫਿਰਦਾ ਹੈ।" ਅਜਿਹੀਆਂ ਕੌੜੀਆਂ ਸੱਚੀਆਂ ਗੱਲਾਂ ਸੁਣ ਕੇ ਵਿਚਾਰਾ ਸੰਤ ਸਿੰਘ ਕੁੱਝ ਸਹਿਮ ਜਿਹਾ ਗਿਆ। ਉਸ ਇੱਕ ਦੋ ਦਿਨਾਂ ਬਾਅਦ, ਆਨੇ ਬਹਾਨੇ ਰਘਵੀਰ ਕੋਲੋਂ ਮੇਰਾ ਜਲੰਧਰ ਦਾ ਪਤਾ ਮੰਗਿਆ ਤੇ ਆਪਣੀ ਅਤੇ ਪ੍ਰੀਤਮਾ ਦੀਆਂ ਕੱਠੀਆਂ ਚਿੱਠੀਆਂ ਪੋਸਟ ਕਰ ਦਿੱਤੀਆਂ। ਅੱਗੋਂ ਰੱਬ ਦਾ ਲੱਖ-ਲੱਖ ਸ਼ੁਕਰ ਹੈ ਕੁਦਰਤੀ ਉਹ ਖ਼ਤ ਛੁੱਟੀ ਆਏ ਬਲਦੇਵ ਵੀਰ ਜੀ ਦੇ ਹੀ ਹੱਥ ਲੱ-ਗਿਆ। ਵੀਰ ਜੀ ਨੇ ਬੜੇ ਹੀ ਗੌਰ ਨਾਲ ਪ੍ਰੀਤਮਾ ਵਾਲਾ ਸਾਰਾ ਖ਼ਤ ਪੜ੍ਹਿਆ। ਤੇ ਝਟ ਪਟ ਉਨ੍ਹਾਂ ਨੂੰ ਪ੍ਰੀਤਮਾ ਦੇ ਖ਼ਤ ਦਾ ਅਸਲ ਮਾਜਰਾ ਸਾਹਮਣੇ ਆ ਗਿਆ। ਉਨ੍ਹਾਂ ਇੱਕ ਦੋ ਦਿਨ ਪੂਰੀ ਸਹਿਜਤਾ ਨਾਲ ਸੋਚ ਵਿਚਾਰ ਕਰਕੇ ਇਸ ਖ਼ਤ ਅਤੇ ਪ੍ਰੀਤਮਾ ਦੇ ਮਾਜਰੇ ਦੀ ਮੇਰੇ ਨਾਲ ਸਾਂਝ ਪਾਈ।

"ਆਜਾ ਬਿੱਲੇ, ਚੱਲ ਥੋੜੀ ਸੈਰ ਕਰਕੇ ਆਈਏ।" ਪਹਿਲਾਂ ਤਾਂ ਬਲਦੇਵ ਵੀਰ ਜੀ ਇੱਧਰ ਉ-ੱਧਰ ਦੀਆਂ ਜਾਣਕੇ ਗੱਲਾਂ ਕਰਦੇ ਰਹੇ। ਫੇਰ ਅਚਾਨਕ ਕੁੱਝ ਗੰਭੀਰ ਜਿਹੇ ਹੋ ਕੇ ਕਹਿਣ ਲੱਗੇ, "ਬਿੱਲੇ ਕਿਤੇ ਮੈਂ ਤੈਨੂੰ ਜ਼ਬਰਦਸਤੀ ਸੋਨੀਪਤ ਇੰਜਨੀਅਰਿੰਗ ਕਾਲਿਜ ਵਿੱਚ ਦਾਖਿਲ ਕਰਾਕੇ ਗਲਤੀ ਤਾਂ ਨਹੀਂ ਕੀਤੀ। ਰੋਜ਼ ਇੱਕ ਨਾ ਇੱਕ ਮੁਸੀਬਤ ਤੇਰੇ ਤੇ ਆਈ ਰਹਿੰਦੀ ਹੈ।" "ਨਹੀਂ ਭਾਜੀ ਨਹੀਂ" ਮੈਂ ਉਹਨਾਂ ਦਾ ਹੱਥ ਘੁੱਟ ਕੇ ਫੜ ਲਿਆ ਤੇ ਉਨ੍ਹਾਂ ਨੇ ਵੀ ਆਪਣੇ ਹੱਥ ਦੀ ਪਕੜ ਹੋਰ ਪੀਡੀ ਕਰਕੇ ਕਿਹਾ, "ਬਿੱਲੇ, ਮੇਰੇ ਯਾਰ, ਮੇਰੇ ਬੱਚੇ, ਇਹ ਪ੍ਰੀਤਮਾ ਕੌਣ ਏ? ਇਹ ਰੋਗ ਕਦੋਂ ਦਾ ਤੂੰ ਲਾ ਲਿਆ? ਕੀ ਤੂੰ ਏਨੇ ਸਾਰੇ ਦੁੱਖ਼ ਕੱਠੇ ਸਹਿਣ ਦੇ ਕਾਬਿਲ ਹੈਂ? ਕੀ ਉਹ ਵੀ ਤੈਨੂੰ ਐਨਾਂ ਹੀ ਪਿਆਰ ਕਰਦੀ ਹੈ? ਜਾਂ ਸਿਰਫ਼ ਤੂੰ ਹੀ? "ਇੱਕ ਸਾਰ ਐਨੇ ਸਵਾਲਾਂ ਨਾਲ ਜਾਣੋਂ ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਜਿਹਾ ਛਾ ਗਿਆ। ਮੈਨੂੰ ਠੰਡੀਆਂ ਤ੍ਰੇਲੀਆਂ ਜਿਹੀਆਂ ਆ ਗਈਆਂ। ਮੈਂ ਇੱਕ ਦਮ ਬੌਂਦਲ ਜਿਹਾ ਗਿਆ ਹੋਵਾਂ। ਮੈਂ ਇੱਕ ਦਮ ਨਿੱਕੇ ਜਿਹੇ ਬਾਲ ਵਾਂਗ ਵੀਰੇ ਨੂੰ ਚਿੰਬੜ ਗਿਆ। "ਵੀਰਿਆ, ਮੈਨੂੰ ਮਾਫ਼ ਕਰ ਦੇਵੀਂ। ਮੈਂ ਸੱਚ ਮੁੱਚ ਬਹੁਤ ਭੈੜਾ ਹਾਂ। ਮੂਲੋਂ ਹੀ ਨਿੱਘਰ ਗਿਆ ਹਾਂ। ਹਰ ਵੇਲੇ ਤੁਹਾਨੂੰ ਸਾਰਿਆਂ ਨੂੰ ਕਿੰਨਾ ਤੰਗ ਕਰਦਾ ਹਾਂ। ਨਿੱਤ ਆਏ ਦਿਨ ਕੋਈ ਨਾ ਕੋਈ ਨਵੀਂ ਮੁਸੀਬਤ ਖੜੀ ਕਰੀ ਰੱਖਦਾ ਹਾਂ। ਮੈਨੂੰ ਸੱਚੀ ਮਰ ਜਾਣਾ ਚਾਹੀਦਾ ਸੀ। ਤੁਸੀਂ ਮੈਨੂੰ ਕਿਉਂ ਬਚਾਇਆ। ਮੈਂ ਸਭ ਤੇ ਬੋਝ ਹਾਂ।" ਹੁਣ ਸੱਚਮੁੱਚ ਹੀ ਮੇਰੇ ਆਪਣੇ ਬੋਝ ਨਾਲ ਹੀ ਮੇਰੀਆਂ ਟੰਗਾਂ ਕੰਬ ਰਹੀਆਂ ਸਨ। ਮੈਂ ਲੜਖੜਾਉਂਦਾ ਉੱਥੇ ਹੀ ਬਹਿ ਗਿਆ। ਵੀਰੇ ਨੇ ਮੈਨੂੰ ਹੌਂਸਲਾ ਦਿੱਤਾ ਤੇ ਕਿਹਾ, "ਬਸ ਤੂੰ ਏਥੇ ਹੀ ਮਾਰ ਖਾ ਜਾਂਦਾ ਏਂ। ਤੂੰ ਇੱਕ ਦਮ ਜਜ਼ਬਾਤੀ ਹੋ ਜਾਂਦਾ ਏਂ ਤੇ ਦਿਲ ਛੱਡ ਜਾਂਦਾ ਏਂ ਤੇ ਸ਼ਾਤਿਰ ਲੋਗ ਤੇਰੀ ਇਸੇ ਹੀ ਕਮਜ਼ੋਰੀ ਦਾ ਲਾਹਾ ਲੈਣ ਲੱਗ ਪੈਂਦੇ ਨੇ। ਝੱਲਿਆ ਆਪਣੇ ਆਪ ਨੂੰ ਤਕੜਾ ਕਰ। ਹਾਂ ਦੂਜਿਆਂ ਤੇ ਤਰਸ ਕਰਨਾ ਕੋਈ ਮਾੜਾ ਕਰਮ ਨਹੀਂ ਪਰ ਆਪਣੇ ਆਪ ਨੂੰ ਤਰਸਯੋਗ ਨਾਂ ਬਣਾਓ। ਕਦੇ ਵੀ ਰੇਤ ਦੀਆਂ ਕੰਧਾਂ ਤੇ ਘਰਾਂ ਦੀਆਂ ਛੱਤਾਂ ਨਹੀਂ ਟਿਕਦੀਆਂ। ਕਦੋਂ ਤੱਕ ਹੀਣਤਾ ਦੇ ਟੋਟੇ ਵਿੱਚ ਗਿਰਕੇ ਲੋਕਾਂ ਤੋਂ ਰਹਿਮ ਦੀ ਭੀਖ ਮੰਗਦਾ ਰਹੇਂਗਾ। ਮੇਰੇ ਬੱਚੇ ਟੀਸੀ ਤੇ ਚੜ੍ਹਨਾ ਸਿੱਖ। ਹਰ ਕੋਈ ਚੜ੍ਹਦੇ ਸੂਰਜ ਨੂੰ ਹੀ ਸਲਾਮ ਕਰਦਾ ਹੈ। ਡੁੱਬਦੇ ਸੂਰਜ ਤੋਂ ਸਭ ਕਤਰਾਉਂਦੇ ਨੇ।"

ਵੀਰੇ ਦੀਆਂ ਸੰਜੀਵਨੀ ਬੂਟੀ ਵਰਗੀਆਂ ਖਰੀਆਂ ਖਰੀਆਂ ਗੱਲਾਂ ਨੇ ਮੈਨੂੰ ਧੁਰ ਅੰਦਰੋਂ ਝੰਝੋੜ ਕੇ ਰੱਖ ਦਿੱਤਾ। ਕਿੰਨੀ ਦੇਰ ਅਸੀਂ ਦੋਵੇਂ ਭਰਾ ਜਮੀਨ ਤੇ ਹੀ ਬੈਠੇ-ਬੈਠੇ ਇੱਕ ਦੂਜੇ ਦਾ ਚਿਹਰਾ ਪੜ੍ਹਦੇ ਰਹੇ। ਅਖੀਰ ਮੈਂ ਹੀ ਚੁੱਪ ਨੂੰ ਤੋੜਦਿਆਂ ਕਿਹਾ, ਵੀਰੇ ਨੂੰ ਤਰਲਾ ਪਾਇਆ, "ਕੀ ਵੀਰ ਜੀ ਤੁਸੀਂ ਇਸ ਰਾਜ਼ ਨੂੰ ਰਾਜ਼ ਹੀ ਰਹਿਣ ਦਿਓਗੇ। ਕੀ ਤੁਸੀਂ ਮੈਨੂੰ ਇੱਕ ਮੌਕਾ ਦੇ ਸਕਦੇ ਹੋ। ਮੈਂ ਤੁਹਾਡੇ ਅੱਜ ਦੇ ਅਨਮੋਲ ਬੋਲਾਂ ਨੂੰ ਪੂਰੇ ਤਾਣ ਨਾਲ ਪੁਗਾਣ ਦੀ ਕੋਸ਼ਿਸ਼ ਕਰਾਂਗਾ।"

ਵੀਰੇ ਨੇ ਮੈਨੂੰ ਬਾਹੋਂ ਫੜਕੇ (ਜਿਵੇਂ ਨਰਕ ਵਿਚੋਂ ਕੱਢਦਿਆਂ) ਉਠਾਲਦਿਆਂ ਕਿਹਾ, "ਕਿਉਂ ਨਹੀਂ ਮੇਰੇ ਯਾਰ ਬੱਚੇ, ਮੈਂ ਤਾਂ ਹਮੇਸ਼ਾਂ ਤੋਂ ਤੇਰੇ ਨਾਲ ਹਾਂ ਤੇ ਮਰਦੇ ਦਮ ਤੱਕ ਰਹਾਂਗਾ। ਤੂੰ ਸ਼ੁਰੂ ਤੋਂ ਮੇਰੀ ਕਮਜ਼ੋਰੀ ਰਿਹਾ ਏਂ।" ਵੀਰੇ ਨੇ ਬੜੇ ਲਾਡ ਨਾਲ ਮੇਰੇ ਅੱਥਰੂ ਪੂੰਝਦਿਆਂ ਕਿਹਾ, "ਹਾਂ ਇੱਕ ਸ਼ਰਤ ਤੇ ਕਿ ਤੂੰ ਹੁਣ ਕਦੇ ਵੀ ਉਦਾਸ ਨਹੀਂ ਹੋਵੇਂਗਾ। ਸਦਾ ਹੱਸੇਂਗਾ।" "ਹਾਂ ਵੀਰਿਆ, ਜ਼ਰੂਰ ਹੱਸਾਂਗਾ, ਭਾਵੇਂ ਝੂਠਾ ਹਾਸਾ ਕਿਉਂ ਨਾ ਹੋਵੇ, ਹੱਸਾਂਗਾ ਜ਼ਰੂਰ।"

ਫੇਰ ਵੀਰੇ ਨੇ ਕੋਟ ਦੀ ਜ਼ੇਬ ਵਿਚੋਂ ਪ੍ਰੀਤਮਾ ਵਾਲਾ ਲਿਫਾਫਾ ਕੱਢਕੇ ਮੈਨੂੰ ਦੇ ਦਿੱਤਾ ਤੇ ਕਿਹਾ, "ਬਿੱਲੇ ਮੈਨੂੰ ਮਾਫ਼ ਕਰੀਂ ਤੇਰਾ ਜ਼ਾਤੀ ਖ਼ਤ ਮੈਂ ਬਿਨਾ ਤੇਰੀ ਇਜਾਜ਼ਤ ਦੇ ਪੜ੍ਹਿਆ। ਹਾਂ ਜੇ ਮੈਂ ਨਾ ਪੜ੍ਹਦਾ ਤਾਂ ਤੈਨੂੰ ਤੇਰੇ ਇਸ ਹਨ੍ਹੇਰੇ ਵਿਚੋਂ

ਕਿਵੇਂ ਕੱਢਦਾ। ਮੇਰੇ ਖ਼ਿਆਲ ਵਿੱਚ ਇਹ ਖ਼ਤ ਜੇ ਤੂੰ ਨਾ ਹੀ ਪੜ੍ਹੇਂ ਤਾਂ ਤੇਰੇ ਲਈ ਚੰਗਾ ਹੀ ਹੋਵੇਗਾ। ਜਿੰਨ੍ਹੀ ਵਾਰ ਤੂੰ ਇਸ ਖ਼ਤ ਨੂੰ ਪੜ੍ਹੇਂਗਾ, ਉਨਾ ਹੀ ਆਪਣੇ ਆਪ ਨੂੰ ਤੂੰ ਕਮਜ਼ੋਰ ਤੇ ਹੀਣਾ ਕਰੇਂਗਾ ਤੇ ਆਪਣੇ ਆਪ ਨੂੰ ਹਮੇਸ਼ਾ ਲਈ ਕਿਸੇ ਹੀਣਤਾ ਦੀ ਡੂੰਘੀ ਤੇ ਅੰਨ੍ਹੀ ਖਾਈ ਵਿੱਚ ਸਦਾ ਲਈ ਸਿੱਟ ਲਵੇਂਗਾ। ਤੇ ਫੇਰੇ ਤੇਰੇ ਤੇ ਅਜਿਹੇ ਆਤਮ ਹੱਤਿਆ ਦੇ ਕਾਰੇ ਅਕਸਰ ਭਾਰੂ ਹੁੰਦੇ ਰਹਿਣਗੇ। ਮੈਨੂੰ ਪਤਾ ਹੈ ਤੂੰ ਜ਼ਰੂਰਤ ਤੋਂ ਜ਼ਿਆਦਾ ਜਜ਼ਬਾਤੀ ਬੰਦਾ ਹੈਂ। ਹਰ ਜਜ਼ਬਾਤੀ ਬੰਦਾ ਮੋਮ ਵਰਗਾ ਹੁੰਦਾ ਏ। ਜੋ ਜ਼ਰਾ ਜਿੰਨੀ ਤਾਬ ਨਾਲ ਪਿਘਲ ਕੇ ਆਪਣਾ ਵਜੂਦ ਗੁਆ ਬੈਠਦਾ ਹੈ।"

ਮੈਂ ਕੰਬਦੇ ਕੰਬਦੇ ਹੱਥਾਂ ਨਾਲ ਖ਼ਤ ਤਾਂ ਲੈ ਲਿਆ ਤੇ ਨਾਲ ਹੀ ਵੀਰੇ ਨਾਲ ਵਾਅਦਾ ਕੀਤਾ। ਬੱਸ ਇੱਕ ਵਾਰ ਹੀ ਇਸ ਖ਼ਤ ਨੂੰ ਪੜ੍ਹਾਂਗਾ ਜ਼ਰੂਰ ਪਰ ਆਪਣੇ ਆਪ ਨੂੰ ਇਸਦੇ ਮਲਵੇ ਥੱਲ੍ਹੇ ਨਹੀਂ ਦੱਬਣ ਦਿਆਂਗਾ।

ਫੇਰ ਮੈਂ ਇਕਾਂਤ ਵਿੱਚ ਸਿਰਫ਼ ਇੱਕ ਵਾਰ ਉਹ ਖ਼ਤ ਪੜ੍ਹਿਆ। ਇੱਕ ਵਾਰ ਤਾਂ ਪ੍ਰੀਤਮਾਂ ਦੇ ਦਿਲਫ਼ਰੇਬ ਵਿਰਲਾਪ ਨੇ ਮੇਰੇ ਦਿਲ-ਦਿਮਾਗ਼ ਤੇ ਹਰ ਸੋਚ ਨੂੰ ਕੀਲ ਕੇ ਰੱਖ ਦਿੱਤਾ। ਜਾਣੋ ਇੱਕ ਵਾਰ ਤਾਂ ਜਜ਼ਬਿਆਂ ਦਾ ਹੜ੍ਹ ਜਿਹਾ ਆ ਗਿਆ ਹੋਵੇ। ਮੈਂ ਤਕਰੀਬਨ ਉਸ ਵਿੱਚ ਬਹਿ ਵੀ ਚੱਲਿਆ ਸੀ। ਪਰ ਛੇਤੀ ਹੀ ਵੀਰੇ ਦੀਆਂ ਉਸਾਰੂ ਦਲੀਲਾਂ ਨੇ ਜਿਵੇਂ ਮੈਨੂੰ ਇੱਕ ਦਮ ਹੱਥ ਫੜ ਕੇ ਉਸ ਦਲ ਦਲ ਵਿੱਚ ਧੱਸਣ ਤੋਂ ਪਹਿਲਾਂ ਹੀ ਕੱਢ ਲਿਆ ਹੋਵੇ। ਤੇ ਮੈਂ ਖ਼ਤ ਵੀਰੇ ਨੂੰ ਮੋੜ ਦਿੱਤਾ ਤੇ ਆਪ ਹੀ ਆਪਣੇ ਟੀਚੇ ਦੀ ਟੀਸੀ ਤੇ ਚੜ੍ਹਨ ਲਈ ਮੁੜ ਪਿਆ।

ਨਾ ਹੀ ਮੇਰਾ ਹਰਾਮੀ ਮਨ ਪੂਰੀ ਤਰ੍ਹਾਂ ਉਸਨੂੰ ਕਦੇ ਦਿਲੋਂ ਕੱਢ ਸਕਿਆ ਨਾ ਹੀ ਪ੍ਰੀਤਮਾ ਦੀ ਦੋਗਲੀ ਰਣਨੀਤੀ ਨੇ ਮੈਨੂੰ ਕਦੀ ਪੂਰੀ ਤਰ੍ਹਾਂ ਗਲੋਂ ਲਾਹਿਆ ਤੇ ਨਾ ਹੀ ਕਦੇ ਆਪਦੇ ਗਲ ਨਾਲ ਲਾਇਆ। ਹਮੇਸ਼ਾ ਹੀ ਉਹ ਚੰਦਰੀ ਸਿਰਫ਼ ਮੈਨੂੰ ਇੱਕ ਖਿਡੌਣਾ ਸਮਝਕੇ ਮੇਰੇ ਨਾਲ ਆਪਣਾ ਦਿਲ ਪਰਚਾਉਂਦੀ ਰਹੀ। ਉਹ ਬੜੀ ਹੀ ਨਿਪੁਣ ਸ਼ਾਤਿਰ ਸੀ। ਉਸਨੂੰ ਦੂਸਰੇ ਦੀਆਂ ਕਮਜ਼ੋਰੀਆਂ ਨੂੰ ਵਰਤਣ ਦਾ ਪੂਰਾ ਪੂਰਾ ਵੱਲ ਆਉਂਦਾ ਸੀ। ਉਹ ਡਾਢੀ ਫ਼ਰੇਬਣ ਕਿਸੇ ਦੀ ਦੁਖਦੀ ਨਬਜ਼ ਤੇਹੱਥ ਰੱਖਕੇ ਮਜ਼ਾ ਵੀ ਲੈਂਦੀ ਤੇ ਉਸ ਵਿਚਾਰੇ ਨੂੰ ਰੋਣ ਵੀ ਨਹੀਂ ਦਿੰਦੀ। ਉਹ ਸਾਰੀ ਜ਼ਿੰਦਗੀ ਮੇਰੀ ਜ਼ਿੰਦਗੀ ਨਾਲ ਲੁੱਕਣ-ਮੀਚੀ ਜਿਹੀ ਖੇਡਦੀ ਰਹੀ। ਹਮੇਸ਼ਾ ਮੇਰੀ ਸੋਚ ਇੱਕ ਕੋਹਲੂ ਦੇ ਬਲਦ ਵਾਂਗੂ ਬਸ ਉਸਦੇ ਦੁਆਲੇ ਹੀ ਘੁੰਮਦੀ ਰਹੀ। ਮੈਂ ਕਦੇ ਚਾਹਕੇ ਵੀ ਆਪਣੇ ਭਰਮ ਦੇ ਖੋਪੇ ਨਾ ਲਾਹ ਸਕਿਆ। ਕਦੇ ਹਕੀਕਤ ਦੇਖਣ ਦਾ ਜ਼ੇਰਾ ਨਾ ਕਰ ਸਕਿਆ। ਫੇਰ ਪਤਾ ਨਹੀਂ ਕਦੋਂ ਮੈਨੂੰ ਕੁੱਤੇ ਦੀ ਹੱਡੀ ਵਾਲਾ ਸੁਆਦ ਪੈ ਗਿਆ। ਮੈਂ ਵੀ ਅਕਸਰ ਆਪਦੇ ਅਤੀਤ ਦੇ ਤਾਲੂ ਵਿਚੋਂ ਯਾਦਾਂ ਦੇ ਸਿਮਟੇ ਆਪਣੇ ਹੀ ਲਹੂ ਦਾ ਸੁਆਦ ਮਾਨਣ ਲੱਗ ਪਿਆ ਤਾਂ ਇੱਕ ਦਿਨ ਇਹ ਅਸਹਿ ਦਰਦ ਵੱਧਕੇ ਆਪੇ ਹੀ ਇਬਾਦਤ ਬਣ ਜਾਂਦਾ ਏ।

ਅਕਸਰ ਇੱਕ ਤਰਫ਼ਾ ਪਿਆਰ ਦੀ ਕਸਕ ਤਿੱਖੀ ਹੋ ਜਾਂਦੀ ਏ!<br>
ਜਦੋਂ ਇਸ ਦਾ ਲੁਤਫ਼ ਆਣ ਲੱਗੇ ਤਾਂ ਇਹ ਇਬਾਦਤ ਬਣ ਜਾਂਦੀ ਏ।

ਇਸੇ ਤਰ੍ਹਾਂ ਮੈਂ ਕਾਫ਼ੀ ਹੱਦ ਤੱਕ ਆਪਣੇ ਆਪ ਨੂੰ ਸੰਭਾਲ ਲਿਆ ਸੀ। ਥੋੜੀ ਥੋੜੀ ਮੇਰੀ ਗੱਡੀ ਆਪਣੀ ਲੀਹ ਤੇ ਚੱਲਣ ਵੀ ਲੱਗ ਪਈ ਸੀ। ਫੇਰ ਇੱਕ ਦਿਨ ਅਚਾਨਕ ਪ੍ਰੀਤਮਾ ਦੀ ਚਿੱਠੀ ਆਈ। ਫੇਰ ਸੰਤ ਦੇ ਰਾਹੀਂ ਵੀ ਜ਼ਰੂਰੀ ਸੁਨੇਹੇ ਦਿੱਤੇ ਗਏ ਕਿ ਬਹੁਤ ਹੀ ਜ਼ਰੂਰੀ ਤੇ ਅਹਿਮ ਕੰਮ ਹੈ। ਤੇਰੇ ਨਾਲ ਕੁੱਝ ਆਪਣੀ ਖ਼ਾਸ ਗੱਲ ਸਾਂਝੀ ਕਰਨੀ ਹੈ। ਨਾਲੇ ਬਹੁਤ ਜੀ ਕਰਦਾ ਹੈ ਤੈਨੂੰ ਮਿਲਣ ਨੂੰ ਨਿਰਮੋਹੀਆ। ਭਾਵੇਂ ਘੜੀ ਦੀ ਘੜੀ ਹੀ ਆ ਕੇ ਮਿਲ ਜਾਵੀਂ। ਮੇਰਾ ਅੱਥਰਾ ਦਿਲ ਫਿਰ ਬੇਕਾਬੂ ਹੋ ਗਿਆ। ਇੱਕ ਦਮ ਢੀਠਾਂ ਵਾਂਗ ਪਲਾਂ ਵਿੱਚ ਪਸੀਚ ਗਿਆ। ਜਿਵੇਂ ਉਸਦਾ ਇੱਕ ਇੱਕ ਬੋਲ ਮੇਰੇ ਲਈ ਰੱਬ ਦਾ ਫ਼ਰਮਾਨ ਹੋਵੇ। ਜਿਵੇਂ ਲੇਲ੍ਹਾ ਆਪੇ ਤੁਰ ਪਿਆ ਹੋਵੇ ਕਸਾਈ ਵੱਲਾਂ। ਆਪ ਜ਼ਬਾ ਹੋਣ ਲਈ। ਉਸ ਬੜੀ ਹੀ ਅਪਣੱਤ ਤੇ ਹੋਸ਼ਿਆਰੀ ਨਾਲ ਆਪਣੇ ਮੋਹ ਜਾਲ ਵਿੱਚ ਪੰਛੀ ਨੂੰ ਫਿਰ ਤੋਂ ਫਸਾ ਲਿਆ। ਅਸੀਂ ਫੇਰ ਮਦਾਰੀ ਦੇ ਜਮੂਰੇ ਵਾਂਗ ਉਸਦੀ ਮਨਮਾਨੀ ਦੀ ਡੁਗ ਡੁਗੀ ਤੇ ਨੱਚਣ ਲੱਗ ਪਏ। ਉਸਦੇ ਹਰ ਹੁਕਮ ਦੀ ਪਾਲਣਾ ਕਰਨ ਲਈ ਤਿਆਰ ਪਰ ਤਿਆਰ ਹੋ ਗਏ। ਉਸ ਕੁੱਝ ਮਕਰੇ ਜਿਹੇ ਅੰਦਾਜ਼ ਵਿੱਚ ਪਤਾ ਨਹੀਂ ਕਿੱਥੋਂ ਮਗਰਮੱਛ ਵਾਲੇ ਹੰਝੂ ਝੱਟ ਲੈ ਆਈ ਤੇ ਕਿਹਾ ਕਿ," ਬਿੱਲੇ, ਮੈਨੂੰ ਤੇਰੇ ਤੇ ਬੜਾ ਹੀ ਮਾਣ ਹੈ ਤੇ ਮੈਂ ਦੁਨੀਆਂ ਦਾ ਸਭ ਤੋਂ ਆਪਦੇ ਨੇੜਲਾ ਬੰਦਾ ਤੈਨੂੰ ਹੀ ਸਮਝਦੀ ਹਾਂ ਕਿ ਤੂੰ ਕਿਵੇਂ ਵੀ ਮੈਨੂੰ ਇਸ ਮੁਸੀਬਤ ਵਿਚੋਂ ਕੱਢੇਂਗਾ। ਮੇਰੇ ਕੁੱਝ ਕੁ ਭਾਵੁਕ ਜਿਹੇ ਖ਼ਤ, ਜੋ ਮੈਂ ਮਾਸੂਮ ਪੁਣੇ ਵਿੱਚ ਆਪਣੇ ਇੱਕ ਉਜੱਡ ਜਾਟ ਜਮਾਤੀ ਨੂੰ ਲਿਖ ਬੈਠੀ ਸੀ, ਹੁਣ ਉਹ ਮੈਨੂੰ ਹਰ ਤਰ੍ਹਾਂ ਨਾਲ ਬਲੈਕਮੇਲ ਕਰਨ ਤੇ ਤੁਲਿਆ ਹੈ। ਮੈਨੂੰ ਬਹੁਤ ਹੀ ਤੰਗ ਕਰਦਾ ਹੈ। ਮੈਥੋਂ ਆਪਣੀ ਹਰ ਗੱਲ ਮਨਵਾਉਣੀ ਚਾਹੁੰਦਾ ਹੈ। ਉਹ ਅੱਜ ਕਲ ਤੁਹਾਡੇ ਸੋਨੀਪਤ ਦੇ ਨੇੜੇ ਹੀ ਗਨੌਰ ਵਿਖੇ ਰਹਿ ਰਿਹਾ ਹੈ। ਆਹ ਉਸਦਾ ਪਤਾ ਹੈ। ਬਿਲਕੁਲ ਗਨੌਰ ਰੇਲਵੇ ਸਟੇਸ਼ਨ ਦੇ ਨਾਲ ਹੀ ਤੀਸਰੀ ਗਲੀ ਵਿੱਚ ਰਹਿੰਦਾ ਹੈ। ਉਥੇ ਜਾਂਦੇ ਕਿਸੇ ਨੂੰ ਵੀ ਪੁੱਛ ਲੈਣਾ ਫੂਡ ਇਨਸਪੈਕਟਰ ਚੌਧਰੀ ਚਰਨ ਸਿੰਘ ਦਾ ਚੁਬਾਰਾ ਕਿੱਥੇ ਹੈ। ਉਹ ਖ਼ਤ ਉਸਨੇ ਆਪਦੇ ਚੁਬਾਰੇ ਦੀ ਸੱਜੀ ਅਲਮਾਰੀ ਦੇ ਉਤਲੇ ਖਾਨੇ ਵਿੱਚ ਰੱਖੇ ਨੇ। ਬਸ ਤੁਸੀਂ ਕਿਸੇ ਵੀ ਤਰ੍ਹਾਂ ਆਨੇ ਬਹਾਨੇ ਜਾਂ ਉਸਦੀ ਗ਼ੈਰ ਹਾਜ਼ਰੀ ਵਿੱਚ ਤਾਲਾ ਭੰਨਕੇ ਕੱਢ ਸਕਦੇ ਹੋ। ਹੋਰ ਉਥੇ ਦਿਨੇਂ ਕੋਈ ਆਉਂਦਾ ਜਾਂਦਾ ਵੀ ਨਹੀਂ। ਬੱਸ ਜਿਵੇਂ ਵੀ ਕਰਕੇ ਉਹ ਖ਼ਤ ਮੈਨੂੰ ਲਿਆ ਕੇ ਦੇ ਦੇਵੋ। ਨਹੀਂ ਤਾਂ ਮੇਰੀ ਜਾਨ ਸੂਲੀ ਤੇ ਟੰਗੀ ਰਹੇਗੀ।" ਬਸ ਮੈਂ ਉਸਨੂੰ ਦੁਖੀ ਨਹੀਂ ਦੇਖ ਸਕਦਾ ਸੀ। ਸ਼ਾਇਦ ਇਸੇ ਲਈ ਮੇਰਾ ਦਿਲ ਉਸਦੀ ਹਰ ਜਾਇਜ਼ ਨਜਾਇਜ਼ ਫਰਮਾਇਸ਼ ਮੰਨਣ ਨੂੰ ਝੱਟ ਪਟ ਬਿਨਾਂ ਕੁੱਝ ਸੋਚੇ ਸਮਝੇ ਤਿਆਰ ਹੋ ਜਾਂਦਾ ਸੀ। ਜਾਣੋ ਉਸ ਆਪਣੇ ਫਿਕਰਾਂ ਦੀ ਪੰਡ ਹੁਣ ਮੇਰੇ ਸਿਰ ਤੇ ਰੱਖ ਦਿੱਤੀ ਹੋਵੇ। ਮੈਂ ਦਿਨ ਰਾਤ ਉਸਦੇ ਹੁਕਮ ਦੀ ਤਾਮੀਲ ਕਰਣ ਦੇ ਫਿਰਾਕ ਵਿੱਚ ਰਹਿੰਦਾ।

ਫੇਰ ਮੈਂ ਆਪਣੇ ਇੱਕ ਹੋਰ ਹਰਿਆਣਵੀ ਜਮਾਤੀ ਹਰਸਰੂਪ ਸ਼ਰਮਾਂ ਨੂੰ ਆਪਣੇ ਨਾਲ ਗੰਢਿਆ। ਉਸਨੂੰ ਵਿਚਾਰੇ ਸੰਤ ਦੀ ਭੈਣ ਦੇ ਖ਼ਤਾਂ ਦਾ ਵਾਸਤਾ ਪਾਕੇ ਮਦਦ ਲਈ ਤਿਆਰ ਕੀਤਾ। ਹੌਲੀ ਹੌਲੀ ਉਸ (ਦੂਰੋਂ ਨੇੜਿਓਂ) ਪੁੱਛ ਪੁਛਾਕੇ ਉਸ ਨਾਲ ਦੂਰ ਨੇੜੇ ਦੀ ਪਹਿਚਾਨ ਕੱਢ ਲਈ। ਸੋ ਇੱਕ ਦਿਨ ਅਸੀਂ ਤਿੰਨੋ ਜਾਣਕੇ ਸ਼ਾਮੀ ਜਿਹੇ ਗਨੌਰ ਪਹੁੰਚ ਗਏ। ਅੱਗੋਂ ਚੌਧਰੀ ਚਰਨ ਸਿੰਘ ਵੀ ਬੰਦਾ ਪੂਰਾ ਖਰਾਂਟ ਤੇ ਚਾਲੂ ਸੀ। ਉਹ ਸਾਨੂੰ ਦੋ ਸਰਦਾਰ ਮੁੰਡਿਆਂ ਨੂੰ ਹਰਸਰੂਪ (ਹਰਿਆਣਵੀ) ਨਾਲ ਦੇਖਕੇ ਫਟ ਭਾਂਪ ਗਿਆ। ਪਰ ਉਸ ਜ਼ਰਾ ਵੀ ਜਾਹਿਰ ਨਹੀਂ ਹੋਣ ਦਿੱਤਾ। ਪਹਿਲਾਂ ਪਹਿਲ ਅਸੀਂ ਰਲ ਸਾਰਿਆਂ ਨੇ ਚਾਹ ਪਾਣੀ ਪੀਤਾ। ਫੇਰ ਐਂਵੇਂ ਸਰਸਰੀ ਇਧਰ ਉਧਰ ਦੀਆਂ ਗੱਲਾਂ ਮਾਰਦੇ ਅਸੀਂ ਸਾਰੇ ਉਸਦੇ ਚੁਬਾਰੇ ਵਿੱਚ ਪਹੁੰਚ ਗਏ। ਉਥੇ ਹੀ ਮੰਗਵਾ ਕੇ ਉਸ ਸਾਨੂੰ ਤੇ ਆਪ ਰੋਟੀ ਖਾਧੀ। ਫੇਰ ਗੱਲਾਂ ਗੱਲਾਂ ਵਿੱਚ ਉਹ ਆਪੇ ਸ਼ੁਰੂ ਹੋ ਗਿਆ (ਜਾਂ ਸਾਨੂੰ ਸਰਦਾਰ ਮੁੰਡਿਆਂ ਨੂੰ ਜਾਣ ਕੇ ਠਿੱਠ ਕਰਨਾ ਚਾਹੁੰਦਾ ਹੋਵੇਗਾ) "ਅਰੇ ਭਾਈ, ਕੇ ਨਾਮ ਤੇਰਾ, ਹਰਸਰੂਪ ਭਾਈ, ਏਕ ਸਰਦਾਰਨੀ ਮੇਰੀ ਵੀ ਦੋਸਤ ਹੋਵੇ ਥੀ।" ਫੇਰ ਉਸ ਨੇ ਸਰਦਾਰਨੀ ਦਾ ਨਾਂ ਲੈ ਕੇ ਦੋ ਚਾਰ ਮੋਟੀਆਂ ਮੋਟੀਆਂ ਗੰਦੀਆਂ ਗਾਲ਼ਾਂ ਕੱਢਕੇ ਉਸਨੂੰ ਸੰਬੋਧਨ ਕੀਤਾ "ਪਹਿਲੇ ਪਹਿਲ ਤੋ ਘਣੇ ਨਖ਼ਰੇ ਕਰੀ ਥੀ ਸੁਸਰੀ। ਮੇਰੇ ਅਦੇ ਚੌਖੇ ਨੋਟ ਖਰਚਾਏ ਮੇਰੇ ਉਸਨੇ। ਇਬ ਜਾਟ ਕੀ ਆਂਟ ਮੇਂ ਐਸੀ ਫਸੀ ਹੈ, ਖ਼ੂਬ ਰਗੜੀ ਮੈਨੇ। ਕਈ ਚੱਕਰ ਲਗਾ ਚੁਕੀ ਹੈ। ਮੇਰੇ ਖ਼ਤ ਮੁਝੇ ਵਾਪਿਸ ਕਰ ਦੇ। ਘਣੀ ਰੋਈ ਪੀਟੀ ਗਿੜਗੜਾਈ, ਮਗਰ ਹਮ ਨਹੀਂ ਮਾਨੇ।" ਮੈਂ ਅੱਗੋਂ ਭੋਲੇ ਜਿਹੇ ਬਣਕੇ ਕਿਹਾ, "ਚੌਧਰੀ ਬਾਹਿਬ ਖ਼ਤ ਤੋ ਘਣੇ ਰੋਮਾਂਟਿਕ ਹੋਂਗੇ। ਤੱਬੀ ਤੋ ਵੈ ਇਤਨੇ ਤੁਮਾਰੇ ਤਰਲੇ ਕਰੇ ਸੈਂ। ਹੋ ਸਕੇ ਤੋ ਹਮੇਂ ਭੀ ਪੜ੍ਹਕੇ ਸੁਣਾਨਾ। ਕੈਸੇ ਹੋਵੇ ਹੈਂ ਜੇ ਸੁਸਰੇ ਲਵ ਲੈਟਰ।" ਸਾਰੇ ਹੱਸ ਪਏ। ਰਾਮਸਰੂਪ ਨੇ ਚਰਨ ਸਿੰਘ ਚੌਧਰੀ ਨੂੰ ਹੋਰ ਫੂਕ ਛਕਾ ਦਿੱਤੀ, "ਜੇ ਤੋ ਦੋਨੋਂ ਮੇਰੇ ਜਮਾਤੀ ਸੈਂ। ਜਲੰਧਰ ਕੇ ਰਹਿਣ ਵਾਲੇ। ਇਨਕੀ ਕੌਣ ਸੀ ਵੋ ਬੋਬੋ ਲਾਗੇ ਸੈਂ। ਥਾਰੇ ਕਨੇ ਹੈਂ ਤੋ ਹਮੇਂ ਭੀ ਪੜ੍ਹਕੇ ਸੁਣਾਦੋ। ਹਮ ਭੀ ਜ਼ਰਾ ਆਪਣੀ ਤਬੀਅਤ ਕਰਾਰੀ ਕਰ ਲੇਵੇਂਗੇ। ਮੇਰੇ ਰੰਗੀਲੇ ਯਾਰ, ਨਹੀਂ ਤੋ ਥਾਰੀ ਮਰਜ਼ੀ।" ਚੌਧਰੀ ਜ਼ਰਾ ਹੋਰ ਮੌਜ ਵਿੱਚ ਆ ਗਿਆ, "ਕੇ ਕਹਿਣ ਲਗਾ, ਅਰੇ ਭਾਈ, ਹਰਸਰੂਪ, ਮੈਂ ਨਾ ਕਿਸੀ ਭੜਵੇ ਸੇ ਡਰੂੰ। ਇਸ ਇਲਾਕੇ ਮੇਂ ਆਪਣਾ ਪੂਰਾ ਰੋਅਬ ਸੈਂ। ਕਿਸੇ ਕੋ ਕਭੀ ਕੁਸਕਨ ਨਹੀਂ ਦਿਆ ਮਨੇ। ਸਾਲੇ ਪੁਲਸ ਵਾਲੇ ਮੇਰੀ ਜੇਬ ਮੇ ਸੈਂ। ਰੋਜ਼ ਕਾਮ ਪੜਤਾ ਉਨਕਾ ਮੁਝਸੇ। ਖ਼ੈਰ ਤਨੇ ਕਭੀ ਮੁਸ਼ਕਿਲ ਪੜੇ ਤੋ ਭਾਈ ਨੇ ਯਾਦ ਕਰ ਲੇਣਾ। ਵਹੀਂ ਬੈਠੇ ਬੈਠੇ ਸਭ ਨਿਪਟਾ ਦੂੰਗਾ।" ਪਹਿਲਾਂ ਸਾਡੇ ਸਾਰਿਆਂ ਤੇ ਚੰਗੀ ਧਾਕ ਜਮਾਕੇ ਕਹਿਣ ਲੱਗਾ, "ਅਰੇ ਭਾਈ, ਮੇਰੇ ਪਾਸ ਤੋ ਉਸ ਰਾਂਡ ਕੀ ਫੋਟੋ ਭੀ ਸੈਂ।" ਫਿਰ ਹਰਸਰੂਪ ਅਤੇ ਚੌਧਰੀ ਨੇ ਇੱਕ ਇਕ ਬੀੜੀ ਸੁਲਗਾਈ ਅਤੇ ਕਹਿਣ ਲੱਗੇ, "ਅਰੇ ਭਾਈ ਕਿਸੀ ਨੇ ਪਿਸ਼ਾਬ ਵਗੈਰਾ ਕਰਨਾ ਹੋ ਤੋ ਇਬੀ ਕਰ ਲੋ ਫਿਰ ਮੈਨੇ ਸੀੜਿਓਂ ਕੋ ਤਾਲਾ ਲਗਾਨਾ ਹੈ।" ਥੋੜੀ ਦੇਰ ਬਾਅਦ ਉਸਨੇ ਆਪੇ ਹੀ ਉਸੇ ਸੱਜ ਹੱਥ ਵਾਲੀ ਅਲਮਾਰੀ ਦੇ ਉਤਲੇ ਖਾਨੇ ਵਿੱਚ ਇੱਕ ਵੱਡਾ ਸਾਰਾ ਲਿਫਾਫਾ ਕੱਢਿਆ ਜਿਸ ਵਿੱਚ ਘਟੋ ਘਟ ਅੱਠ-ਦਸ ਹੋਰ ਖ਼ਤ ਵੀ ਸਨ। ਇੱਕ ਦੋ ਫੋਟੋਆਂ ਵੀ ਸਨ। ਇੱਕ ਗਰੁੱਪ ਫੋਟੋ ਵੀ ਸੀ ਜਿਸ ਵਿੱਚ ਪ੍ਰੀਤਮਾ ਬਿਲਕੁਲ ਚਰਨ ਸਿੰਘ ਦੇ ਨਾਲ ਸਟਕ ਕੇ ਖੜੀ ਸੀ। ਸਾਰੇ ਹੀ ਖ਼ਤ ਹਿੰਦੀ ਵਿੱਚ ਹੀ ਲਿਖੇ ਹੋਏ ਸਨ। ਫਿਰ ਚੌਧਰੀ ਦੋ ਤਿੰਨ ਖ਼ਾਸ ਖ਼ਾਸ ਖ਼ਤ ਬੜੇ ਚਟਕਾਰੇ ਲੈ ਲੈ ਕੇ ਪੜ੍ਹੇ। ਹਰਸਰੂਪ ਵਿਚੋਂ ਹੀ ਬੋਲ ਪਿਆ, "ਅਰੇ ਮੇਰੇ ਯਾਰ! ਸੁਸਰੀ ਲਿਖੇ ਤੋ ਘਣਾ ਸੈਂ।" ਫੇਰ ਇੱਕ ਦੋ ਖ਼ਤ ਉਸ ਮੈਨੂੰ ਵੀ ਦਿਖਾਏ। ਮੈਂ ਕਿਹਾ, "ਚੌਧਰੀ ਸਾਹਿਬ, ਲਿਖਤੀ ਤੋ ਸਚਮੁਚ ਹੀ ਮਸਤ ਹੈ।" ਅੱਗੋਂ ਚੌਧਰੀ ਕਹਿੰਦਾ, "ਸਰਦਾਰ ਜੀ, ਛੋਰੀ ਭੀ ਮਸਤ ਏਕ ਦਮ ਮਲਾਈ ਕੀ ਤਰ੍ਹਾਂ ਥੀ। ਇਬ ਤੋ ਮੇਰੇ ਸਾਸੂ ਕੀ ਕੇ ਸਾਰੇ ਨਖਰੇ ਨਿਕਾਲ ਦਿਏ ਮੈਨੇ। ਇਬ ਤੋ ਮੇਰਾ ਪਾਣੀ ਭਰੇ ਸੈਂ ਸੁਸਰੀ।" ਪਤਾ ਨਹੀਂ ਸਾਨੂੰ ਚਿੜਾਉਣ ਦਾ ਮਾਰਾ ਜ਼ਿਆਦਾ ਹੀ ਮਸਾਲੇ ਲਾ ਲਾ ਕੇ ਗਾਲ੍ਹਾਂ ਕੱਢਦਾ ਸੀ। ਚੌਧਰੀ ਨੇ ਗੱਲਾਂ ਕਰਦੇ ਕਰਦੇ ਨੇ ਸਾਰੇ ਖ਼ਤ ਫੋਟੋ ਸਮੇਤ ਫਿਰ ਤੋਂ ਉਥੇ ਹੀ ਉਸੇ ਅਲਮਾਰੀ ਵਿੱਚ ਰੱਖ ਦਿੱਤੇ। ਫੇਰ ਅੰਦਰੋਂ ਵੱਡਾ ਸਾਰਾ ਚਾਕੂ ਕੱਢਕੇ ਆਪਣੇ ਸਰਾਣੇ ਥੱਲੇ ਰੱਖ ਲਿਆ ਤੇ ਅਲਮਾਰੀ ਨੂੰ ਮੁੜ ਕੇ ਜੰਦਾ ਲਾ ਦਿੱਤਾ। ਅਸੀਂ ਦੋਵੇਂ ਦੜ ਵੱਟ ਕੇ ਉਵੇਂ ਪਏ ਰਹੇ। ਰਾਤੀਂ ਪਿਸ਼ਾਬ ਕਰਨ ਲਈ ਵੀ ਨਹੀਂ ਉਠੇ। ਖ਼ੈਰ ਸਵੇਰੇ ਚਾਹ ਦਾ ਕੱਪ ਕੱਪ ਪੀਤਾ। ਫੇਰ ਅਸਾਂ ਸਾਰਿਆਂ ਨੇ ਚੌਧਰੀ ਦੀ ਮਹਿਮਾਨ ਨਵਾਜ਼ੀ ਦਾ ਸਰਸਰੀ ਜਿਹਾ ਧੰਨਵਾਦ ਕੀਤਾ। ਤੇ ਉਹ ਸਾਨੂੰ ਸਵੇਰੇ ਅੱਠ ਵਜੇ ਸੋਨੀਪਤ ਵਾਲੀ ਗੱਡੀ ਤੇ ਬਿਠਾ ਕੇ ਚਲਿਆ ਗਿਆ। ਰਾਹ ਵਿੱਚ ਹਰਸਰੂਪ ਨੇ ਹੀ ਚੁੱਪ ਤੋੜਦਿਆਂ ਕਿਹਾ, "ਸਾਲਾ, ਘਣਾ ਚਾਲੂ ਔਰ ਖ਼ਤਰਨਾਕ ਮਾਨਸ ਲਾਗੇ ਸੈਂ। ਚੱਲੋ ਬਲਬੀਰ ਭਾਈ, ਆਪਣੀ ਕੋਸ਼ਿਸ਼ ਕਰਕੇ ਦੇਖ ਲੀ, ਕੋਈ ਬਾਤ ਨਹੀਂ ਯਾਰ, ਤੇਰੇ ਕੋ ਭੀ ਖਾਹਮਖਾਹ ਤੰਗ ਕਿਆ, ਹੋ ਸਕੇ ਤੋਂ ਹਮੇਂ ਮਾਫ਼ ਕਰ ਦੇਣਾ ਹਰਸਰੂਪ ਭਾਈ।"

ਰਾਹ ਵਿੱਚ ਸੰਤ ਸਿੰਘ ਨੇ ਝਿਜਕਦਿਆਂ ਝਿਜਕਦਿਆਂ ਕਿਹਾ, "ਬਲਬੀਰ ਯਾਰ ਜੇ ਤੂੰ ਗੁੱਸੇ ਨਾ ਹੋਵੇਂ ਤਾਂ ਤੇਰੇ ਨਾਲ ਇੱਕ ਗੱਲ ਸਾਂਝੀ ਕਰਨੀ ਹੈ। ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਏ ਕਿ ਪ੍ਰੀਤਮਾ ਬੜੀ ਹੀ ਮੱਕਾਰ ਤੇ ਚਾਲੂ ਹੈ। ਇਸੇ ਤਰ੍ਹਾਂ ਉਸ ਕਦੇ ਮੈਨੂੰ ਕੱਲ੍ਹੇ ਨੂੰ ਵੀ ਇਹੀ ਕੁੱਝ ਕਰਨ ਨੂੰ ਕਿਹਾ ਸੀ ਕਿ ਤੂੰ ਕਿਸੇ ਤਰ੍ਹਾਂ ਵੀ ਕਰਕੇ ਬਲਬੀਰ ਦੇ ਕਮਰੇ ਵਿਚੋਂ ਚੋਰੀ ਚੋਰੀ ਜਿਹੇ ਮੇਰੇ ਸਾਰੇ ਖ਼ਤ ਚੁੱਕ ਕੇ ਮੈਨੂੰ ਲਿਆ ਦੇਵੀਂ। ਕੀ ਪਤਾ ਹੁੰਦਾ ਏ ਬੰਦੇ ਦਾ? ਕੱਲ ਨੂੰ ਇਹ ਵੀ ਮੈਨੂੰ ਬਲੈਕਮੇਲ ਕਰੇ। ਨਾ ਹੀ ਮੇਰਾ ਕਦੇ ਜ਼ਮੀਰ ਮੰਨਿਆ ਅਜਿਹਾ ਘਟੀਆ ਕੰਮ ਕਰਨ ਨੂੰ। ਨਾ ਹੀ ਮੇਰਾ ਹੌਸਲਾ ਪਿਆ ਆਪ ਨੂੰ ਦੱਸਣ ਦਾ। ਅੱਜ ਅਚਾਨਕ ਮੇਰੇ ਦਿਮਾਗ਼ ਵਿੱਚ ਸਾਰੀਆਂ ਉਸ ਦੀਆਂ ਕਹੀਆਂ ਗੱਲਾਂ ਇੱਕ ਫ਼ਿਲਮ ਵਾਂਗ ਚੱਲਣ ਲੱਗ ਪਈਆਂ ਕਿ ਬਾਜ਼ਾਰ ਵਿੱਚ ਤੀਸਰੀ ਗਲੀ ਵਿੱਚ ਚੌਧਰੀ ਦਾ ਚੁਬਾਰਾ ਹੈ ਤੇ ਸੱਜੇ ਪਾਸੇ ਦੀ ਅਲਮਾਰੀ ਦੇ ਉਤਲੇ ਖਾਨੇ ਵਿੱਚ ਉਸਦੇ ਸਾਰੇ ਖ਼ਤ ਪਏ ਨੇ। ਇਸਦਾ ਮਤਲਬ ਪ੍ਰੀਤਮਾ ਇਥੇ ਕਈ ਵਾਰ ਆ ਚੁੱਕੀ ਹੈ ਤੇ ਆਪਣੀ ਪੂਰੀ ਵਾਹ ਵੀ ਲਾ ਚੁੱਕੀ ਹੈ ਤੇ ਉਸ ਜਾਟ ਦੀਆਂ ਸਾਰੀਆਂ ਗੱਲਾਂ ਸੋਲਾਂ ਆਨੇ ਸੱਚ ਸਨ।" ਮੈਂ ਇੱਕ ਦਮ ਸੁੰਨ ਜਿਹਾ ਹੋ ਗਿਆ। ਜਿਵੇਂ ਮੈਨੂੰ ਕਈ

ਹਜ਼ਾਰ ਬਿੱਛੂਆਂ ਨੇ ਰਲਕੇ ਕੱਠਿਆਂ ਡੰਕ ਮਾਰੇ ਹੋਣ। ਜਿਵੇਂ ਮੈਂ ਇੱਕ ਸਕਤੇ ਵਿੱਚ ਆ ਗਿਆ ਹੋਵਾਂ। ਪ੍ਰੀਤਮਾ ਲਈ ਮੇਰੀ ਅੰਨ੍ਹੀ ਸ਼ਰਧਾ ਇੱਕ ਦਮ ਰੇਤ ਵਾਂਗੂ ਕਿਰਣ ਲੱਗ ਪਈ। ਮੇਰਾ ਮੋਹ ਥਿਰਕਣ ਲੱਗਾ। ਜਾਣੋ ਮੇਰੇ ਪੈਰਾਂ ਥੱਲੋਂ ਯਕੀਨ ਦੀ ਮਿੱਟੀ ਆਪ ਮੁਹਾਰੇ ਖਿਸਕਣ ਲੱਗ ਪਈ ਹੋਵੇ। ਮੈਨੂੰ ਆਪਦੇ ਝੱਲੇ ਸਿਰੜ ਤੇ ਚਿੜ ਜਿਹੀ ਆਣ ਲੱਗ ਪਈ। ਮੈਂ ਸੰਤ ਦਾ ਹੱਥ ਫੜ ਕੇ ਕਿਹਾ, "ਮੇਰੇ ਯਾਰ, ਜੇ ਤੂੰ ਮੈਨੂੰ ਇਹ ਗੱਲਾਂ ਪਹਿਲਾਂ ਹੀ ਦਸ ਦਿੰਦਾ ਤਾਂ ਆਪਾਂ ਇਉਂ ਜਲੀਲ ਹੋਣ ਲਈ ਕਦੇ ਵੀ ਇਸ ਭੂਤਰੇ ਜਾਟ ਦੇ ਚੁਬਾਰੇ ਨਾ ਜਾਂਦੇ। ਨਾ ਹੀ ਆਪਣੀ ਜਾਨ ਖਤਰੇ ਵਿੱਚ ਪਾਉਂਦੇ।" ਸੰਤ ਨੇ ਕਿਹਾ, "ਹਾਂ ਇੱਕ ਗੱਲ ਹੋਰ ਮੈਂ ਆਪ ਨੂੰ ਨਹੀਂ ਦਸ ਸਕਿਆ ਕਿ ਤੁਹਾਨੂੰ ਬਹੁਤ ਤਕਲੀਫ਼ ਹੋਵੇਗੀ। ਪ੍ਰੀਤਮਾ ਨੇ ਤੁਹਾਡੇ ਜ਼ਹਿਰ ਖਾਣ ਵਾਲੇ ਸਾਰੇ ਹਾਦਸੇ ਨੂੰ ਬੜਾ ਹੀ ਤੋੜ ਮਰੋੜ ਕੇ ਇੱਕ ਨਾਟਕੀ ਢੰਗ ਨਾਲ ਪੇਸ਼ ਕੀਤਾ। ਉਸ ਆਪਦੇ ਆਪ ਨੂੰ ਬੜੀ ਹੀ ਸ਼ਰੀਫ਼ ਭੋਲੀ ਭਾਲੀ ਕੁੜੀ ਪੇਸ਼ ਕੀਤਾ ਤੇ ਤੁਹਾਨੂੰ ਇੱਕ ਪਾਖੰਡੀ ਤੇ ਮੱਕਾਰ, ਇੱਕ ਝੂਠਾ ਜਾਲਸਾਜ਼ੀ ਨਾਲ ਇੱਕ ਮਾਸੂਮ ਕੁੜੀ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰਨ ਵਾਲਾ ਇੱਕ ਘਟੀਆ ਜਿਹਾ ਦਿਲ ਫੇਕ ਆਸ਼ਿਕ ਦੱਸਿਆ। ਇਸ ਅਫਸਾਨੇ ਨੂੰ ਆਪਣੇ ਕਾਲਿਜ ਦੇ ਰੋਹਤਾਸ ਰਸਾਲੇ ਵਿੱਚ ਛਪਵਾਕੇ ਬੜੀ ਹੀ ਵਾਹ-ਵਾਹ ਖੱਟੀ ਹੈ। ਮੈਂ ਉਸਦੀ ਕਟਿੰਗ ਆਪ ਲਈ ਸਾਂਭ ਕੇ ਰੱਖੀ ਹੈ। ਆਪ ਜ਼ਰੂਰ ਪੜ੍ਹਨਾ।" ਸੰਤ ਦੀ ਇਸ ਗੱਲ ਨੇ ਤਾਂ ਮੈਨੂੰ ਉਕਾ ਹੀ ਠਾਰ ਦਿੱਤਾ। ਜਾਣੋ ਮੈਂ ਸੱਚ ਮੁੱਚ ਅੱਜ ਕਿਸੇ ਹੀਣਤਾ ਦੀ ਡੂੰਘੀ ਖਾਈ ਵਿੱਚ ਧੁਰ ਥੱਲੇ ਤਾਂਈ ਨਿਘਰ ਗਿਆ ਹੋਵਾਂ। ਪਤਾ ਨਹੀਂ ਕਿਵੇਂ ਪੈਰ ਘਸੀਟ ਘਸੀਟ ਕੇ ਮੈਂ ਮਸੀਂ ਅਪਾਣੇ ਹੋਸਟਲ ਤੱਕ ਪਹੁੰਚਿਆ ਤੇ ਡਾਢਾ ਸ਼ਰਮਸਾਰ ਹੋਇਆ, ਰਜਾਈ ਵਿੱਚ ਮੂੰਹ ਲਕੋ ਕੇ ਪੈ ਗਿਆ।

ਪਤਾ ਨਹੀਂ ਅੱਜ ਕਿੱਥੋਂ ਤੇ ਕਿਵੇਂ ਮੇਰੀ ਦਮ ਤੋੜਦੀ ਤਾਂਘ ਨੇ ਇੱਕ ਨਵੇਂ ਸਿਰੜੀ ਜਨੂੰਨ ਨੂੰ ਜਨਮ ਦਿੱਤਾ ਜੋ ਸਿਰੜ ਜ਼ਿੰਦਗੀ ਵਿੱਚ ਨਾਂ ਕਦੇ ਬੁਝਿਆ ਨਾ ਹੀ ਮਰ ਸਕਿਆ। ਬਸ ਧੁੱਖਦਾ ਹੀ ਰਿਹਾ। ਇਸ ਹੰਕਾਰੀ ਦਾ ਸਿਰ ਨੀਵਾਂ ਜ਼ਰੂਰ ਕਰਨਾ ਹੈ। ਕਿਵੇਂ, ਕਦੀ ਨਾ ਕਦੀ, ਕਿਸੇ ਵੀ ਤਰ੍ਹਾਂ, ਬਸ ਇੱਕ ਵਾਰ।

ਜਿਵੇਂ ਕਹਿੰਦੇ ਨੇ ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ। ਮੈਂ ਵੀ ਮੁੜਿਆ ਤਾਂ ਸੀ ਪਰ ਦੁਚਿੱਤਾ ਜਿਹਾ ਹੋ ਕੇ। ਪੂਰੀ ਤਰ੍ਹਾਂ ਨਾ ਤਾਂ ਪ੍ਰੀਤਮਾ ਦੇ ਮੋਹ ਦੀ ਪਕੜ ਵਿਚੋਂ ਬਾਹਰ ਆ ਸਕਿਆ। ਵਿੱਚ ਵਿਚਾਲੇ ਹੀ ਸਦਾ ਗੋਤੇ ਖਾਂਦਾ ਰਿਹਾ। ਦਿਲ ਤੇ ਦਿਮਾਗ ਵਿੱਚ ਅਕਸਰ ਇੱਕ ਖਿੱਚੋਤਾਣ ਚਲਦੀ ਹੀ ਰਹਿੰਦੀ। ਜਿਸਦਾ ਮੈਂ ਹਮੇਸ਼ਾ ਲਈ ਆਦੀ ਹੀ ਹੋ ਗਿਆ ਸਾਂ।

ਖ਼ੈਰ, ਹੁਣ ਮੈਂ ਖਿਆਲੀ ਦੁਨੀਆਂ ਵਿਚੋਂ ਨਿਕਲ ਕੇ ਥੋੜਾ ਥੋੜਾ ਹਕੀਕਤ ਵੱਲ ਪਰਤਣ ਲੱਗ ਪਿਆ। ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਲੱਗ ਪਿਆ। ਆਪਣੇ ਮਨਮੌਜੀ ਮਨ ਨੂੰ ਧੱਕੇ ਨਾਲ ਹਰ ਵੇਲੇ ਮਰਿਆਦਾ ਦੀ ਪਛਾੜੀ ਪਾ ਕੇ ਰੱਖਦਾ। ਕਿਸੇ ਤਰ੍ਹਾਂ ਰੋ ਪਿੱਟ ਕੇ ਆਪਣਾ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਪੂਰਾ ਕੀਤਾ ਤੇ ਨਾਲ ਹੀ ਆਪਣੀ ਅਪਰਿੰਟਸਸ਼ਿਪ ਵੀ ਪੂਰੀ ਕੀਤੀ। ਫੇਰ ਬਲਦੇਵ ਵੀਰੇ ਨੇ ਆਪਦੇ ਅਸਰ ਰਸੂਖ਼ ਨਾਲ ਮੈਨੂੰ ਇੰਡਸਟਰੀ ਇਨਸਪੈਕਟਰ ਫ਼ਾਰ ਇੰਜਨੀਰਿੰਗ ਡੀਵੈਲਪਮੈਂਟ ਲਗਵਾ ਦਿੱਤਾ। ਮੈਂ ਪਹਿਲੀ ਤੇ ਆਖਰੀ ਪੋਸਟ ਬਟਾਲੇ ਹੀ ਸੀ। ਮੇਰੇ ਮਤਹਿਤ ਤਿੰਨ ਜ਼ਿਲਿਆਂ ਦੇ ਕਾਰਖਾਨੇ ਆਉਂਦੇ ਸਨ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਜਲੰਧਰ। ਫੇਰ ਵੀ ਕਦੇ ਕਦੇ ਵਿੱਚ ਵਿਚਾਲੇ ਕੁੱਤੇ ਦੀ ਪੂਛ ਫ਼ਿਰ ਤੋਂ ਸਿੱਧੀ ਹੋ ਜਾਂਦੀ। ਮੁੜ ਪ੍ਰੀਤਮਾ ਨਾਲ ਕਿਤੋਂ ਨਾ ਕਿਤੋਂ ਰਾਬਤਾ ਕੱਢ ਹੀ ਲੈਂਦਾ। ਭਾਵੇਂ ਕਿਮਨੀ ਹੀ ਕੜਵਾਹਟ ਰਹੀ ਹੋਵੇ, ਮੈਂ ਢੀਠਾਂ ਵਾਂਗ ਕਿਤੋਂ ਵੀ ਹਰ ਨਵੇਂ ਸਾਲ ਦਾ ਕਾਰਡ ਪਾਣਾ ਨਾ ਭਲਦਾ। ਜਾਂ ਇਉਂ ਕਹਿ ਲਵੋ ਜਿਵੇਂ ਕੋਈ ਉਮਰ ਕੈਦੀ ਆਪਣੇ ਜੇਲ੍ਹਰ ਕੋਲ ਹਰ ਸਾਲ ਆਪਣੇ ਜੀਂਦੇ ਰਹਿਣ ਦੀ ਹਾਜ਼ਰੀ ਲੁਆ ਰਿਹਾ ਹੋਵੇ। ਸ਼ਾਇਦ ਇਸੇ ਬਹਾਨੇ ਸਾਡੇ ਦੋਹਾਂ ਕੋਲ ਇੱਕ ਦੂਜੇ ਦੇ ਪੱਕੇ ਪਤੇ ਹਮੇਸਾਂ ਹੀ ਰਹੇ। ਪ੍ਰੀਤਮਾ ਖ਼ਾਸ ਕਰਕੇ ਅਜਿਹੇ ਕੰਮਾਂ ਵਿੱਚ ਸ਼ੁਰੂ ਤੋਂ ਨਿਪੁੰਨ ਤੇ ਸ਼ਾਤਿਰ ਸੀ। ਉਸਨੂੰ ਬੰਦੇ ਨੂੰ ਆਪਣੇ ਮੋਹ ਜਾਲ ਵਿੱਚ ਫਸਾਉਣ ਦੇ ਬਹੁਤ ਗੁਣ ਆਉਂਦੇ ਸੀ। ਉਹ ਮੇਰੀ ਕਮਜ਼ੋਰੀ ਦਾ ਲਾਹਾ ਲੈਣੋ ਕਦੀ ਨਾ ਉਕਦੀ। ਮੈਂ ਹਮੇਸਾਂ ਸੱਟ ਖਾ ਕੇ ਪਿੱਛੇ ਮੁੜ ਤਾਂ ਪੈਂਦਾ - ਕੁਝ ਸਮਾਂ ਜ਼ੋਰੀਂ ਦੜ ਵੀ ਵੱਟ ਲੈਂਦਾ ਪਰ ਢੀਠਾਂ ਵਾਂਗ ਆਪਣੀ ਗ਼ਲਤੀ ਵਾਰ ਵਾਰ ਦੁਹਰਾਂਦਾ ਰਹਿੰਦਾ ਤੇ ਹਮੇਸਾਂ ਵਾਂਗ ਖੱਜਲ ਖੁਆਰ ਹੁੰਦਾ ਰਹਿੰਦਾ। ਤੇ ਫੇਰ ਆਪਣੇ ਅੰਦਰ ਹੀਣਤਾ ਦੀ ਇੱਕ ਹੋਰ ਮੋਟੀ ਤੇ ਗਹਿਰੀ ਪਰਤ ਚਾੜ੍ਹ ਲੈਂਦਾ। ਇਸੇ ਤਰ੍ਹਾਂ ਹੌਲੀ ਹੌਲੀ ਮੈਂ ਇੱਕ ਨਿਰਾਸ਼ਾਵਾਦੀ ਕਵੀ ਬਣ ਗਿਆ। ਹੁਣ ਨਿਰਾਸ਼ਤਾ ਹੀ ਮੇਰੀ ਪਹਿਚਾਣ ਬਣ ਗਈ ਹੈ। ਇਸਦੀ ਤ੍ਰਾਸਦੀ ਵਿੱਚੋਂ ਮੈਂ ਕਦੇ ਚਾਹਕੇ ਵੀ ਨਹੀਂ ਨਿੰਕਲ ਪਾਇਆ।

ਇਨ੍ਹਾਂ ਦਿਨਾਂ ਵਿੱਚ ਪ੍ਰੀਤਮਾ ਨੇ ਵੀ ਅੰਬਾਲੇ ਦੇ ਇਲਾਕੇ ਵਿੱਚ ਆਪਣੀ ਨਵੀਂ ਜਾਬ ਸ਼ੁਰੂ ਕੀਤੀ ਸੀ ਤੇ ਆਪਣੀ ਰਿਹਾਇਸ਼ ਅੰਬਾਲੇ ਸ਼ਹਿਰ ਹੀ ਰੱਖੀ ਹੋਈ ਸੀ। ਇੱਕ ਦਿਨ ਮੈਨੂੰ ਉਸ ਉਚੇਚੇ ਤੌਰ ਤੇ ਮਿਲਣ ਲਈ ਅੰਬਾਲੇ ਬੁਲਾਇਆ। ਅੱਗੋਂ ਮੈਂ ਵੀ ਪੂਰੀ ਟੌਹਰ ਕੱਢਕੇ ਆਪਣੇ ਨਵੇਂ ਮੋਟਰਸਾਈਕਲ, ਰੌਇਲ ਐਨ ਫ਼ੀਲਡ ਤੇ ਇੰਨਾ ਲੰਬਾ ਪੈਂਡਾ ਮਾਰਕੇ ਉਸਦੇ ਡੇਰੇ ਪਹੁੰਚ ਗਿਆ (ਉਨ੍ਹਾਂ ਦਿਨਾਂ ਵਿੱਚ ਮੋਟਰਸਾਈਕਲ ਟਾਵੇਂ ਟਾਵੇਂ ਬੰਦੇ ਕੋਲ ਹੀ ਹੁੰਦਾ ਸੀ)। ਪ੍ਰੀਤਮਾ ਨੇ ਵੀ ਚਾਈਂ ਚਾਈਂ ਮੇਰੇ ਮੋਟਰਸਾਈਕਲ ਦੀ ਸਵਾਰੀ ਦਾ ਅਨੰਦ ਮਾਣਿਆ ਤੇ ਮੈਂ ਵੀ ਪਹਿਲੀ ਵਾਰ ਆਪਣੇ ਜਿਸਮ ਨਾਲ ਉਸਦੀ ਕੋਮਲ ਛੂਹ ਦਾ ਅਨੰਦ ਮਾਣਿਆ। ਬੜਾ ਹੀ ਚੰਗਾ ਲੱਗਿਆ, ਜਾਣੋਂ ਸਾਰੀ ਥਕਾਣ ਲੱਥ ਗਈ ਹੋਵੇ। ਫ਼ਿਰ ਉਹੀ ਢਾਕ ਦੇ ਤੀਨ ਪਾਤ। ਲੱਗ ਪਈ ਪ੍ਰੀਤਮਾ ਬੜੀਆਂ ਬੜੀਆਂ ਫੱਲਾਂ ਮਾਰਨ," ਮੇਰੇ ਤੇ ਤਾਂ ਇੱਕ ਤੋਂ ਇੱਕ ਵੱਡਾ ਫੌਜੀ ਅਫ਼ਸਰ ਮਰਦਾ ਹੈ। ਪਤਾ ਨਹੀਂ ਕਿੰਨੇ ਕੁ ਪ੍ਰੋਫ਼ੈਸਰ ਮੈਨੂੰ ਪਰਪੋਜ਼ ਕਰ ਚੁੱਕੇ ਨੇ।" ਇੱਕ ਤੋਂ ਇੱਕ ਵੱਡਾ ਆਪਣਾ ਆਸ਼ਿਕ ਮੈਨੂੰ ਪਲਾਂ ਛਿਨਾਂ ਵਿੱਚ ਗਿਣਾ ਦਿੱਤਾ। ਜਾਣੋ ਕਿ ਉਹ ਇੱਕ ਬਹੁਤ ਵੱਡੀ ਡੀਮਾਂਡ ਵਿੱਚ ਹੋਵੇ, ਜਾਂ ਇਉਂ ਕਹਿ ਲਵੋ ਇੱਕ ਅਨਾਰ ਤੇ ਸੌ ਬੀਮਾਰ। ਮੈਂ ਮਨ ਹੀ ਮਨ ਵਿੱਚ ਫ਼ੈਸਲਾ ਕੀਤਾ ਚਲ ਬਲਬੀਰ ਸਿੰਘਾ ਤੂੰ ਤਾਂ ਤਿੰਨਾਂ ਨਾ ਤੇਰਾਂ ਵਿਚ, ਕੀ ਲੈਣਾ ਤੂੰ ਹੋਰ ਜ਼ਲੀਲ ਹੋ ਕੇ। ਜਾਣੋ

ਫਿਰ ਉਹੀ ਪੁਰਾਣਾ ਹੀਣਤਾ ਭਾਵ ਮੇਰੇ ਤੇ ਹਾਵੀ ਨਾ ਹੋ ਜਾਵੇ। ਆਪਾਂ ਤਾਂ ਮਾਰੀ ਮੋਟਰ ਸਾਈਕਲ ਨੂੰ ਕਿੱਕ। ਫੇਰ ਲੁਧਿਆਣੇ ਆ ਕੇ ਹੀ ਦਮ ਲਿਆ। ਰਾਤ ਲੁਧਿਆਣੇ ਠਹਿਰੇ। ਮਾਮਾ-ਮਾਮੀ ਜੀ ਨੇ ਪੂਰੀ ਉਚੇਚ ਕੀਤੀ। ਬੜਾ ਹੀ ਮੋਹ ਤੇ ਅਪਣੱਤ ਦਿੱਤਾ। ਸਾਰੀ ਰਾਤ ਬਸ ਪਾਸੇ ਮਾਰਦਿਆਂ ਹੀ ਕੱਢੀ। ਇੱਕ ਪਲ ਅੱਖ ਨਾ ਲੱਗੀ। ਦਿਲ ਦਿਮਾਗ ਤੇ ਜ਼ਮੀਰ ਆਪੋ ਵਿੱਚ ਗੁੱਥਮ ਗੁੱਥਾ ਹੁੰਦੇ ਰਹੇ। ਕਦੇ ਕੋਈ ਹਾਦਸਾ ਕਦੇ ਕੋਈ ਹਾਦਸਾ, ਠਿੱਬੀ ਜਿਹੀ ਮਾਰ ਕੇ ਮੈਨੂੰ ਢਾਹ ਲੈਂਦਾ। ਜਾਣੋ ਕਿਉਂ ਅੱਜ ਵਾਰ ਵਾਰ ਗਨੌਰ ਵਾਲੇ, ਅੱਖੜ ਜਾਟ ਦਾ ਕਿੱਸਾ ਮੇਰੀਆਂ ਸੇਜਲ ਮੱਚਦੀਆਂ ਅੱਖਾਂ ਵਿੱਚ ਟੁੱਟੇ ਕੱਚ ਦੀਆਂ ਕੀਚਰਾਂ ਖੁੱਬੋ ਜਾਂਦਾ। ਉਸਦੇ ਹੋਛੇ ਬੋਲ ਮੇਰੀ ਅੱਨ੍ਹੀ ਸ਼ਰਧਾ ਦਾ ਜਾਣੋ ਮਜ਼ਾਕ ਉਡਾਉਂਦੇ। ਇਸੇ ਖਿੱਚੋਤਾਣ ਵਿੱਚ ਨੀਂਦ ਦਾ ਭੰਨਿਆ ਉਵੇਂ ਤੜਕ ਸਾਰ ਮੈਂ ਪੈਂਡਾ ਮਾਰਦਾ ਆਪਣੇ ਦਫ਼ਤਰ ਅੱਜ ਸਾਰਿਆਂ ਤੋਂ ਪਹਿਲਾਂ ਹੀ ਪਹੁੰਚ ਗਿਆ ਸਾਂ।

ਕਿਸੇ ਵੀ ਤਰ੍ਹਾਂ ਫੇਰ ਆਪਣੇ ਆਪ ਨੂੰ ਨਿੱਤ ਦੇ ਰੁਝੇਵਿਆਂ ਵਿੱਚ ਜਾਣ ਕੇ ਗਲਤਾਨ ਕਰ ਲਿਆ। ਕੁੱਝ ਉਨ੍ਹਾਂ ਦਿਨਾਂ ਵਿੱਚ ਮੇਰੇ ਉਸਤਾਦ ਨੰਦਲਾਲ ਨੂਰਪੁਰੀ ਜੀ ਜ਼ਿਆਦਾ ਹੀ ਬੀਮਾਰ ਰਹਿਣ ਲੱਗ ਪਏ। ਮੇਰਾ ਅਕਸਰ ਇੱਕ ਪੈਰ ਜਲੰਧਰ ਇੱਕ ਬਟਾਲੇ ਰਹਿੰਦਾ। ਬਹੁਤੇ ਦਿਨ ਮੈਂ ਟੂਰ ਤੇ ਹੀ ਰਹਿੰਦਾ। ਕਦੇ ਕਦੇ ਘਰ ਵੜਦਾ। ਫੇਰ ਅਚਾਨਕ ਹਿੰਦ-ਪਾਕ ਦੀ 1965 ਦੀ ਲੜਾਈ ਸ਼ੁਰੂ ਹੋ ਗਈ। ਸਾਡਾ ਬਟਾਲਾ, ਡੇਰਾ ਬਾਬਾ ਨਾਨਕ ਦੇ ਬਾਰਡਰ ਦੇ ਬਹੁਤ ਹੀ ਨੇੜੇ ਪੈਂਦਾ ਸੀ। ਘਰ ਘਰ ਦੇ ਵਿਹੜਿਆਂ ਵਿੱਚ ਡੂੰਘੇ ਮੋਰਚੇ ਪੁੱਟੇ ਹੋਏ ਸਨ। ਸਾਰਿਆਂ ਨੂੰ ਪੂਰੀ ਰਾਤ ਬਲੈਕ ਆਊਟ ਰੱਖਣਾ ਪੈਂਦਾ ਸੀ। ਬਾਰੀਆਂ, ਰੌਸ਼ਨਦਾਨਾਂ ਦੇ ਸ਼ੀਸ਼ੇ ਕਾਲੇ ਸ਼ਾਹ ਕੀਤੇ ਹੋਏ ਸਨ। ਕਿਤੇ ਮਾੜੀ ਜਿਹੀ ਰੌਸ਼ਨੀ ਦੀ ਕਿਰਨ ਦਿਖ ਪੈਂਦੀ ਤਾਂ ਲੋਕਾਂ ਦੁਹਾਈ ਚੁੱਕ ਲੈਣੀ ਕਿ ਤੁਸੀਂ ਇੱਥੇ ਬੰਬ ਸੁਟਵਾ ਕੇ ਹੀ ਰਹੋਗੇ। ਮਾੜੀ ਜਿਹੀ ਅਣਗਹਿਲੀ ਕਰਨ ਤੇ ਲੋਕ ਪਾਕਿਸਤਾਨੀ ਜਸੂਸ ਦੇ ਫਤਵੇ ਝੱਟ ਹੀ ਲਾ ਦਿੰਦੇ ਕਿਉਂਕਿ ਪਾਕਿਸਤਾਨੀ ਹਵਾਈ ਜਹਾਜ਼ ਜਾਣੋ ਰੋਜ਼ ਹੀ ਆਪਣੀ ਮਟਰ ਗਸ਼ਤੀ ਲਈ ਆਉਂਦੇ, ਕਿਤੇ ਨਾ ਕਿਤੇ ਭਾਵੇਂ ਝੋਨੇ ਦੀ ਸੜੀ ਫੱਕ ਤੇ ਦੋ ਤਿੰਨ ਬੰਬ ਰੋਜ਼ ਸੁੱਟ ਕੇ ਜਾਣੋ ਆਪਣੀ ਖਾਨਾ ਪੂਰਤੀ ਕਰਕੇ ਜਾਂਦੇ ਹੋਣ। ਪਹਿਲਾਂ ਪਹਿਲ ਤਾਂ ਲੋਕ ਦਹਿਸ਼ਤ ਨਾਲ ਬਹੁਤ ਡਰੇ ਡਰੇ ਰਹਿੰਦੇ ਸੀ। ਫੇਰ ਜਾਣੋ ਆਦੀ ਜਿਹੇ ਹੋ ਗਏ। ਕਈ ਵਾਰ ਤਾਂ ਉਨ੍ਹਾਂ ਜਹਾਜ਼ਾਂ ਨੇ ਅਮ੍ਰਿਤਸਰ ਦੇ ਰੌਡਾਰ ਤੋਂ ਡਰਦਿਆਂ ਐਨੀ ਥੱਲੇ ਹੋ ਕੇ ਉਡਾਣ ਭਰਨੀ ਕਿ ਚਾਂਦਨੀ ਰਾਤਾਂ ਵਿੱਚ ਉਨ੍ਹਾਂ ਜਹਾਜ਼ਾਂ ਦੇ ਨੰਬਰ ਤੱਕ ਸਾਫ਼ ਪੜੇ ਜਾਂਦੇ ਸਨ। ਦੋਨੀਂ ਪਾਸੀਂ ਰੇਡੀਓ ਤੇ ਅਖ਼ਬਾਰਾਂ ਆਪਣੀ ਅੱਗ ਉਗਲਦੇ ਜਾਣੋ ਲੋਕਾਂ ਦੇ ਦਹਿਸ਼ਤ ਨਾਲ ਸਾਹ ਸੂਤੇ ਰਹਿ ਜਾਂਦੇ। ਵੱਡੇ ਚੌਧਰੀ ਤੇ ਲੀਡਰ, ਚੰਦੇ ਦੇ ਨਾਂ ਤੇ ਲੋਕਾਂ ਦੀਆਂ ਅਲੱਗ ਜੇਬਾਂ ਖਾਲੀ ਕਰੀ ਜਾਂਦੇ।

ਕਦੇ ਕਦੇ ਤਾਂ ਵਰ੍ਹਦੇ ਬੰਬਾਂ ਤੇ ਸ਼ੂਕਦੀਆਂ ਗੋਲੀਆਂ ਵਿੱਚ ਵੀ ਜਲੰਧਰ ਆਪਣੇ ਉਸਤਾਦ ਜੀ ਦੇ ਘਰੇ ਉਨ੍ਹਾਂ ਦੀ ਖ਼ਬਰ ਸਾਰ ਤੇ ਇਮਦਾਦ ਕਰ ਆਉਂਦਾ। ਕਦੇ ਕਦੇ ਆਵਾਜਾਈ ਬਿਲਕੁਲ ਠੱਪ ਹੋ ਜਾਂਦੀ ਸੀ। ਰਾਹ ਵਿਚੋਂ ਹੀ ਮੁੜਨਾ ਪੈਂਦਾ ਸੀ। ਇੱਕ ਤਾਂ ਰਾਤ ਦੇ ਬਲੈਕ ਆਊਟ ਕਾਰਨ ਦਿਨ ਦੀ ਲੋ ਵਿੱਚ ਹੀ ਥੋੜਾ ਬਹੁਤ ਸਫ਼ਰ ਮੁਮਕਿਨ ਸੀ। ਦੂਜਾ ਉਨ੍ਹਾਂ ਦਿਨਾਂ ਵਿੱਚ ਟੈਲੀਫੂਨ ਦੀ ਵਿਵਸਥਾ ਆਮ ਨਹੀਂ ਸੀ ਹੁੰਦੀ। ਖਤਾਂ ਦਾ ਹੀ ਸਹਾਰਾ ਹੁੰਦਾ ਸੀ। ਜਿੰਨੀ ਵੀ ਮੇਰੀ ਉਕਾਤ ਸੀ ਮੈਂ ਪੂਰਾ ਤਾਣ ਲਾਇਆ। ਕਾਰਖਾਨਿਆਂ ਵਾਲਿਆਂ ਤੋਂ ਵੀ ਕਈ ਵਾਰ ਮਾਇਕ ਸਹਾਇਤਾ ਲਈ ਸ਼ਾਇਦ ਮੇਰੀ ਮਦਦ ਬਹੁਤ ਛੋਟੀ ਪੈ ਗਈ ਤੇ ਉਨ੍ਹਾਂ ਦੀ ਲਾਇਲਾਜ਼ ਬੀਮਾਰੀ ਇੱਕ ਭੁੱਖੇ ਵਹਿਸ਼ੀ ਦਿਉ ਵਾਂਗ ਸਭ ਕੁੱਝ ਨਿਗਲਦੀ ਗਈ। ਮੈਂ ਆਪਣੇ ਗੁਰੂ ਜੀ ਨੂੰ ਲੱਖ ਚਾਹ ਕੇ ਵੀ ਨਾਂ ਬਚਾ ਸਕਿਆ। ਇੱਕ ਦਿਨ ਉਨ੍ਹਾਂ ਖੂਹ ਵਿੱਚ ਛਾਲ ਮਾਰ ਕੇ ਆਪਣੀਆਂ ਸਾਰੀਆਂ ਔਕੜਾਂ ਨੂੰ ਨਾਂਲ ਹੀ ਡੋਬਣਾ ਚਾਹਿਆ। ਵਿਚਾਰਾ ਨੰਦਲਾਲ ਨੂਰਪੁਰੀ ਭਾਵੇਂ ਡੁੱਬ ਗਿਆ ਪਰ ਉਸਦੀਆਂ ਮੁਸੀਬਤਾਂ ਉਵੇਂ ਤੈਰਦੀਆਂ ਰਹੀਆਂ। ਜੋ ਅੱਜ ਵੀ ਪੰਜ ਦਹਾਕਿਆਂ ਬਾਅਦ ਉਸ ਘਰ ਤੇ ਮੁਸੀਬਤਾਂ, ਤੰਗਕਸੀਆਂ, ਬੀਮਾਰੀਆਂ, ਐਕੜਾਂ ਉਵੇਂ ਹੀ ਮੰਡਰਾ ਰਹੀਆਂ ਨੇ ਜਾਣੋ ਉਹੀ ਲਾਚਾਰੀਆਂ ਅੱਜ ਵੀ ਘਰ ਵਿੱਚ ਪਾਤਾਲ ਤੱਕ ਆਪਣੀਆਂ ਜੜਾਂ ਫੈਲਾਈ ਬੈਠੀਆਂ ਨੇ। ਵੱਡਾ ਬੇਟਾ ਕੁੱਝ ਸਾਲ ਪਹਿਲਾਂ ਭਰ ਜਵਾਨੀ ਵਿੱਚ ਆਪਣੀ ਅੰਮੜੀ ਨੂੰ ਵਿਲਕਦਿਆਂ ਛੱਡ ਗਿਆ ਤੇ ਛੋਟਾ ਬੇਟਾ ਅਜ ਕਲ ਦੋ ਸਾਲਾਂ ਤੋਂ ਕੋਮਾ ਵਿੱਚ ਪਿਆ ਹੈ। ਘਰ ਦਾ ਉਕਾ ਹੀ ਥੱਲਾ ਲੱਗਾ ਪਿਆ ਹੈ। ਰੱਬਾ ਕੁੱਝ ਤੇ ਮਿਹਰ ਕਰ। ਆਮੀਨ!

ਸਾਡਾ ਅਜੀਤ ਯਾਰ ਤਾਂ ਲੜਾਈ ਤੋਂ ਕਾਫੀ ਪਹਿਲਾਂ ਹੀ ਬੰਬਈ, ਧਰਮਿੰਦਰ ਭਾਜੀ ਕੋਲ ਜਾ ਕੇ ਸੈਟਲ ਹੋ ਗਿਆ ਸੀ। ਉਨ੍ਹਾਂ ਦਿਨਾਂ ਵਿੱਚ ਧਰਮ ਭਾਜੀ ਤਗੜੀ ਘਾਲਣਾ ਘਾਲ ਕੇ ਹੁਣ ਪੂਰੀ ਤਰ੍ਹਾਂ ਬੰਬਈ ਫ਼ਿਲਮੀ ਨਗਰੀ ਵਿੱਚ ਆਪਣੇ ਪੈਰ ਜਮ੍ਹਾ ਚੁੱਕੇ ਸਨ। ਸ਼ੋਲਾ ਔਰ ਸ਼ਬਨਮ ਤੋਂ ਬਾਅਦ ਅਨਪੜ੍ਹ ਫ਼ਿਲਮ ਨੇ ਉਨ੍ਹਾਂ ਦੀ ਪੂਰੇ ਹਿੰਦੁਸਤਾਨ ਵਿੱਚ ਇੱਕ ਉਭਰਦੇ ਸਿਤਾਰੇ ਵੱਲੋਂ ਪਹਿਚਾਣ ਬਣਾ ਦਿੱਤੀ ਸੀ। ਸਾਰੇ ਧਰਮ ਭਾਜੀ ਨੂੰ ਲੰਬੀ ਰੇਸ ਦਾ ਅਣਥੱਕ ਘੋੜਾ ਕਹਿਣ ਲੱਗ ਪਏ ਸਨ। ਉਨ੍ਹਾਂ ਦੀ ਮਿਹਨਤ ਲਗਨ ਤੇ ਮਿਲਾਪੜੇ ਸੁਭਾ ਨੇ ਰਾਤੋ ਰਾਤ ਉਨ੍ਹਾਂ ਨੂੰ ਹਰਮਨ ਪਿਆਰਾ ਬਣਾ ਦਿੱਤਾ ਸੀ।

ਪਿੱਛੋਂ ਮੈਂ ਤੇ ਸ਼ਿਵ ਬਟਾਲਵੀ ਅਕਸਰ ਹੀ ਮਿਲਦੇ ਰਹਿੰਦੇ। ਕਦੇ ਕਦੇ ਉਹ ਫਿਰਦਾ ਤੁਰਦਾ ਮੇਰੇ ਡੇਰੇ ਤੇ ਆ ਜਾਂਦਾ, ਵੇਲੇ ਸਿਰ ਆਏ ਨੂੰ ਤਾਂ ਮੈਂ ਉਸਨੂੰ ਦਾਰੂ ਮੰਗਵਾ ਕੇ ਪਿਲਾ ਦਿੰਦਾ ਸੀ। ਇੱਕ ਦੋ ਵਾਰੀ ਤਾਂ ਅੱਧੀ ਰਾਤੀਂ ਉਸਦੀ ਤੋਟ ਨੇ ਮੈਨੂੰ ਗੁਆਂਢੀਆਂ ਤੋਂ ਦਾਰੂ ਮੰਗਣ ਲਈ ਮਜ਼ਬੂਰ ਕਰ ਦਿੱਤਾ। ਐਵੇਂ ਖਾਮਖਾਹ ਦੀ ਨਮੋਸ਼ੀ ਝੱਲਣੀ ਪਈ। ਕਦੇ ਕਦੇ ਮੇਰੇ ਨਾਲ ਅੰਮ੍ਰਿਤਸਰ ਚਲੇ ਜਾਂਦਾ। ਉਹ ਹੌਲੀ ਹੌਲੀ ਦਾਰੂ ਪੀਂਦਾ ਰਹਿੰਦਾ ਮੈਂ ਆਪਣੀ ਇਨਸਪੈਕਸ਼ਨ ਕਰਦਾ ਰਹਿੰਦਾ। ਕਦੇ ਕਦੇ ਪੀ ਕੇ ਬੱਚਿਆਂ ਵਾਂਗੂ ਖਹਿੜੇ ਪੈ ਜਾਂਦਾ ਕਿ ਨੂਰਪੁਰੀ ਵਾਂਗ ਮੇਰੀਆਂ ਵੀ ਕਿਤਾਬਾਂ ਕਾਰਖਾਨਿਆਂ ਵਾਲਿਆਂ ਨੂੰ ਵੇਚਕੇ ਆ ਯਾਰ। ਸ਼ਾਇਰ ਦੇ ਨਖ਼ਰੇ ਤਾਂ ਝੱਲਣੇ ਪੈਂਦੇ ਸੀ।

ਅਚਾਨਕ ਇੱਕ ਦਿਨ ਪ੍ਰੀਤਮਾ ਦੇ ਵਿਆਹ ਦਾ ਕਾਰਡ ਮੇਰੇ ਕਿਸੇ ਸ਼ੁਭਚਿੰਤਕ, ਉਸਦੇ ਕਿਸੇ ਜਾਣੂੰ ਨੇ ਮੈਨੂੰ ਭੇਜ ਦਿੱਤਾ। ਅਸੀਂ ਵੀ ਦਿਲ ਤੇ ਵੱਡਾ ਸਾਰਾ ਸਬਰ ਦਾ ਪੱਥਰ ਰੱਖਕੇ ਉਨ੍ਹਾਂ ਨੂੰ ਸ਼ੁਭ ਇੱਛਾਵਾਂ ਨਾਲ ਸ਼ਗਨਾਂ ਦਾ ਨਜ਼ਰਾਨਾ ਭੇਜ ਦਿੱਤਾ। ਉਨ੍ਹਾਂ ਫ਼ਿਰਾਖ਼ਦਿਲੀ ਨਾਲ ਸਾਡਾ ਨਜ਼ਰਾਨਾ ਕਬੂਲ ਕਰ ਲਿਆ।

ਫੇਰ ਅਸੀਂ ਇੱਕ ਤਰਫ਼ਾ ਡੂੰਘੀ ਸੱਟ ਦਾ ਆਪ ਮੁਹਾਰੇ ਆਨੰਦ ਮਾਨਣਾ ਚਾਹਿਆ ਪਰ ਮਨ ਅਕਸਰ ਉਚਾਟ ਹੀ ਰਹਿੰਦਾ। ਇਸੇ ਖਿੱਚੋਤਾਣ ਵਿੱਚ ਮੈਥੋਂ ਇੱਕ ਬਹੁਤ ਵੱਡਾ ਗੁਨਾਹ ਹੋ ਗਿਆ। ਜਿਸਦਾ ਪਛਤਾਵਾ ਮੈਨੂੰ ਮੇਰੇ ਅੰਤਲੇ ਸਾਹ ਤੱਕ ਰਹੇਗਾ। ਮੇਰੇ ਬਿਰਧ ਮਾਤਾ ਪਿਤਾ ਦਾ ਰੀਟਾਇਰ ਹੋ ਕੇ ਮੇਰੇ ਕੋਲ ਆਪਣਾ ਆਖ਼ਰੀ ਸਮਾਂ ਕੱਟਣ ਦਾ ਸੁਪਨਾ। ਇੱਕ ਤਾਂਘ, ਮਮਤਾ, ਅਪਣੱਤ ਤੇ ਵਿਸ਼ਵਾਸ, ਸਭ ਨੂੰ ਮੈਂ ਛਿੱਕੇ ਟੰਗ ਦਿੱਤਾ। ਆਪਣੀ ਐਨੀ ਵਧੀਆ ਸਰਕਾਰੀ ਨੌਕਰੀ ਛੱਡ, ਤੇ ਮੂੰਹ ਸਿਰ ਮੁਨਵਾਕੇ ਬੰਬਈ ਭੱਜ ਤੁਰਿਆ ਤੇ ਆਪਣੀ ਜਾਨ ਤੋਂ ਪਿਆਰੀ ਮਾਂ ਦੇ ਪਹਿਲੇ ਹਾਰਟ ਅਟੈਕ ਦਾ ਮੈਂ ਕਾਰਨ ਬਣਿਆ।

ਮੈਂ ਤੇ ਪ੍ਰੀਤਮਾ ਨੇ ਤਕਰੀਬਨ ਕੱਠਿਆਂ ਨੇ ਹੀ ਆਪਣੇ ਆਪਣੇ ਨਵੇਂ ਸਫ਼ਰ ਸ਼ੁਰੂ ਕੀਤੇ। ਉਸਨੇ ਆਪਣੇ ਵਿਆਹੁਤਾ ਜੀਵਨ ਦਾ ਤੇ ਮੈਂ ਆਪਣੇ ਫ਼ਿਲਮੀ ਸਫ਼ਰ ਦਾ। ਮੈਨੂੰ ਪੈਰ ਪੈਰ ਤੇ ਰੋਜ਼ ਔਕੜਾਂ ਨਾਲ ਜੂਝਣਾ ਪੈਂਦਾ ਰਿਹਾ। ਤੇ ਉਹ ਨਿੱਤ ਨਵੀਂ ਤਾਜ਼ਗੀ ਵਿੱਚ ਫ਼ਲਦੀ ਫ਼ੁਲਦੀ ਰਹੀ ਤੇ ਮੌਜਾਂ ਮਾਣਦੀਰਹੀ। ਛੇਤੀ ਹੀ ਦਾਤੇ ਨੇ ਉਸਨੂੰ ਇੱਕ ਪੁੱਤਰ ਦੀ ਦਾਤ ਵੀ ਦੇ ਦਿੱਤੀ ਤੇ ਮੈਂ ਉਸ ਵਧਾਈ ਦੇਣੋ ਨਾਂ ਭੁੱਲਿਆ।

ਨਾ ਜਾਣੋਂ ਫਿਰ ਵੀ ਕਿਉਂ ਸਾਨੂੰ ਇੰਤਜ਼ਾਰ ਹੈ
ਭਾਵੇਂ ਆਣ ਦਾ ਤਾਂ ਕੋਈ ਵੀ ਵਾਅਦਾ ਨਹੀਂ ...
ਬਸ ਦੋ ਹੀ ਲਫ਼ਜ਼ ਨੇ ਮੇਰੇ ਅਫ਼ਸਾਨੇ ਵਿਚ,
ਇਸਤੋਂ ਜ਼ਰਾ ਵੀ ਘੱਟ ਤੇ ਜ਼ਿਆਦਾ ਨਹੀਂ ...
ਅੱਜ ਤਾਈਂ ਸਾਨੂੰ ਕੁੱਝ ਵੀ ਭੁੱਲਿਆ ਨਹੀ,
ਹਾਏ ਉਨ੍ਹਾਂ ਨੂੰ ਕੁੱਝ ਵੀ ਯਾਦ ਆਂਦਾ ਨਹੀਂ ...

ਪਤਾ ਨਹੀਂ ਇੱਕ ਦਮ ਮੇਰਾ ਆਪਣੇ ਮੌਜੂਦਾ ਹਾਲਾਤ, ਮਾਹੌਲ, ਸ਼ਾਨੋਸ਼ੌਕਤ, ਸਤਿਕਾਰ ਤੇ ਲੋਕਾਂ ਦੇ ਪਿਆਰ ਤੋਂ ਵੀ ਕਿਉਂ ਮਨ ਉਚਾਟ ਹੋ ਗਿਆ ਸੀ। ਮੈਂ ਕਿਉਂ ਸਭ ਕੁੱਝ ਤਿਆਗਣ ਲਈ ਮਜ਼ਬੂਰ ਹੋ ਗਿਆ ਸਾਂ। ਇੱਕ ਤਾਂ ਆਪਣੇ ਨਾਕਾਮ ਇਸ਼ਕ ਦੀ ਗਹਿਰੀ ਤਾਜ਼ਾ ਸੱਟ ਦੂਜਾ ਆਪਣੇ ਉਸਤਾਦ ਜੀ ਦੀ ਅਣਆਈ ਮੌਤ ਨੇ ਮੇਰਾ ਮਨੋਬਲ ਚੂਰ ਚੂਰ ਕਰ ਦਿੱਤਾ ਹੋਵੇ। ਜਾਣੋ ਮੇਰੇ ਆਉਣ ਵਾਲੇ ਬੁਰੇ ਦਿਨਾਂ ਨੇ ਮੇਰੀ ਅਕਲ ਤੇ ਪਰਦਾ ਪਾ ਦਿੱਤਾ ਹੋਵੇ। ਜਾਣੋ ਮੈਂ ਆਪਣੇ ਹੱਸਦੇ ਵੱਸਦੇ ਉਜਵਲ ਭਵਿੱਖ ਦੇ ਆਪ ਬੂਹੇ ਢੋਹ ਦਿੱਤੇ ਹੋਣ ਤੇ ਆਪ ਚਾਨਣ ਤੋਂ ਆਪਣੀ ਕੰਡ ਕਰਕੇ ਸੁਪਨਿਆਂ ਦੇ ਛਲਾਵਿਆਂ ਪਿੱਛੇ ਭੱਜਦਾ ਭੱਜਦਾ ਬਦਨਸੀਬੀ ਦੇ ਨ੍ਹੇਰਿਆਂ ਵਿੱਚ ਸਦਾ ਲਈ ਗੁਆਚ ਗਿਆ।

ਸਭ ਕੁੱਝ ਪਿੱਛੇ ਛੱਡ ਛਡਾ ਕੇ ਮੈਂ ਬੰਬਈ ਫ਼ਿਲਮੀ ਨਗਰੀ ਵਿੱਚ ਪਹੁੰਚ ਗਿਆ। ਅਜੀਤ ਭਾਜੀ ਤੇ ਧਰਮਿੰਦਰ ਭਾਜੀ ਨੇ ਮੈਨੂੰ ਪੂਰਾ ਆਸਰਾ ਦਿੱਤਾ। ਆਪਣੇ ਪਰਿਵਾਰ ਦੇ ਇੱਕ ਜੀਅ ਵਾਂਗਰ, ਆਪਣੇ ਘਰ ਵਿੱਚ ਰੱਖਿਆ। ਇੱਥੇ ਹੀ ਅਜੀਤ ਯਾਰ ਦੀ ਮਹਾਨ ਮਾਤਾ (ਬੇਬੇ ਜੀ) ਜੀ ਨੇ ਮੈਨੂੰ ਹਮੇਸ਼ਾ ਆਪਣੇ ਪੁੱਤਾਂ ਵਾਂਗ ਮਮਤਾ ਦਾ ਨਿੱਘ ਦਿੱਤਾ ਅਤੇ ਪ੍ਰਕਾਸ਼ ਭਾਬੀ ਜੀ ਨੇ ਵੀ ਆਪਣੇ ਬੱਚਿਆਂ ਵਾਂਗੂ ਮੈਨੂੰ ਪਿਆਰ ਬਖ਼ਸ਼ਿਆ। ਧਰਮ ਭਾਜੀ ਦੀ ਬਦੌਲਤ ਮੈਂ ਹਰ ਫ਼ਿਲਮੀ ਕਿੱਤੇ ਵਿੱਚ ਸ਼ਿਰਕਤ ਕੀਤੀ। ਪਹਿਲਾਂ ਉੱਘੇ ਡਾਇਰੈਕਟਰ ਦੁਲਾਲ ਗੋਹਾ ਤੋਂ ਨਿਰਦੇਸ਼ਨ ਦੇ ਦਾਵ ਪੇਚ ਸਿੱਖੇ। ਫੇਰ ਰਜਿੰਦਰ ਬੇਦੀ ਨਾਲ “ਦਸਤਕ” ਫ਼ਿਲਮ ਵਿੱਚ ਬਤੌਰ ਸਹਾਇਕ ਨਿਰਦੇਸ਼ਕ ਕੰਮ ਕੀਤਾ। ਫੇਰ ਬਲਰਾਜ ਸਾਹਨੀ ਦੇ ਰਾਹੀਂ ਦੋ ਤਿੰਨ ਫ਼ਿਲਮਾਂ ਵਿੱਚ ਕੰਮ ਕੀਤਾ ਤੇ ਉਨ੍ਹਾਂ ਹੀ ਸਾਹਿਰ ਲੁਧਿਆਣਵੀ ਸਾਹਿਬ ਨਾਲ ਮਿਲਿਆ। ਫੇਰ ਕੁਰੇਸ਼ੀ ਸਾਹਿਬ ਤੇ ਸ਼ਮਾ ਆਪਾ ਦੇ ਕਾਰਨ ਮੀਨਾ ਜੀ ਦੀ ਨੇੜਤਾ ਨਸੀਬ ਹੋਈ। ਫੇਰ ਰੌਸ਼ਨ ਦੀ ਦੋਸਤੀ ਨੇ ਰਫ਼ੀ ਸਾਹਿਬ ਤੇ ਲਤਾ ਮੰਗੇਸ਼ਕਰ ਦੇ ਪਰਿਵਾਰ ਨਾਲ ਜੋੜਿਆ। ਐਨੇ ਨੂੰ ਧਰਮ ਭਾਜੀ ਤੇ ਅਜੀਤ ਵੀਰੇ ਨੇ ਆਪਣੀ ਹੋਮ ਪ੍ਰੋਡਕਸ਼ਨ ਸ਼ੁਰੂ ਕਰ ਦਿੱਤੀ। ਪਹਿਲੀ ਫ਼ਿਲਮ “ਪ੍ਰਤਿੱਗਿਆ” ਬਣਾਈ, ਜਿਸ ਵਿੱਚ ਸ਼ੁਰੂ ਤੇ ਆਖੀਰ ਤੱਕ ਹਰ ਰੰਗ ਵਿੱਚ ਮੈਂ ਜੀ ਜਾਨ ਨਾਲ ਕੰਮ ਕੀਤਾ ਤੇ ਬਹੁਤ ਕੁੱਝ ਸਿੱਖਿਆ। “ਪ੍ਰਤਿੱਗਿਆ” ਫ਼ਿਲਮ ਸੁਪਰਹਿੱਟ ਹੋਈ। ਫੇਰ ਅਜੀਤ ਵੀਰੇ ਦੀ ਹੱਲਾ ਸ਼ੇਰੀ ਤੇ ਧਰਮ ਭਾਜੀ ਦੀ ਦਯਾ ਦ੍ਰਿਸ਼ਟੀ ਸਦਕਾ ਮੈਂ ਵੀ ਆਪਣੀ ਹੋਮ ਪ੍ਰੋਡਕਸ਼ਨ ਦਾ ਮੁੱਢ ਰੱਖਿਆ। ਵੱਡੇ ਸੈਟਅੱਪ ਨਾਲ ਕਲਿਆਣਜੀ ਆਨੰਦਜੀ ਦੇ ਸੰਗੀਤ ਨਾਲ ਦੋ ਰਫ਼ੀ ਸਾਹਿਬ ਤੇ ਇੱਕ ਆਸ਼ਾ ਜੀ ਦਾ ਗਾਣਾ ਵੀ ਰੀਕਾਰਡ ਕੀਤਾ ਸੀ। ਹਾਲੇ ਪਹਿਲਾ ਹੀ ਸ਼ਡਿਊਲ ਕੱਢਿਆ ਸੀ ਕਿ ਅਚਾਨਕ ਮੇਰੇ ਮਾਤਾ ਜੀ ਫੇਰ ਬਹੁਤ ਬੀਮਾਰ ਹੋ ਗਏ। ਕਿਸਮਤ ਮੇਰੇ ਨਾਲ ਅੱਜ ਫੇਰ ਦਗ਼ਾ ਕਮਾ ਗਈ। ਮੈਂ ਸਭ ਕੁੱਝ ਵਿੱਚੇ ਛੱਡ ਕੇ ਲੁਧਿਆਣੇ ਆਪਣੇ ਮਾਤਾ ਜੀ ਕੋਲ ਪਹੁੰਚਿਆ। ਕੁੱਝ ਹਫਤੇ ਮਾਤਾ ਜੀ ਦੀ ਜੀ ਜਾਨ ਨਾਲ ਤਿਮਾਰਦਾਰੀ ਕੀਤੀ। ਮਾਤਾ ਜੀ ਮੁੜ ਸਿਹਤਮੰਦ ਹੋ ਗਏ। ਫੇਰ ਮੈਂ ਬੜੇ ਹੀ ਤਰਲੇ ਮਿੰਨਤਾਂ ਕੀਤੇ ਕਿ ਮਾਂ ਹੁਣ ਮੇਰੀ ਰੱਬ ਨੇ ਸੁਣ ਲਈ ਏ। ਮੇਰੀ ਗੱਡੀ ਲੀਹ ਤੇ ਆ ਗਈ ਏ। ਹੁਣ ਰੱਬ ਨੇ ਚਾਹਿਆ ਤਾਂ ਕੁੱਝ ਦਿਨਾਂ ਵਿੱਚ ਹੀ ਸਭ ਕੁੱਝ ਠੀਕ ਹੋ ਜਾਏਗਾ ਪਰ ਮਾਂ ਨੇ ਮੇਰੀ ਇੱਕ ਨਾ ਸੁਣੀ; ਕਿਹਾ ਕਿ- ਪਿਛਲੇ ਦਸਾਂ ਸਾਲਾਂ ਤੋਂ ਤੇਰੀ ਇਹੋ ਕਹਾਣੀ ਅਸੀਂ ਸੁਣਦੇ ਆ ਰਹੇ ਹਾਂ। ਬਸ ਹੁਣ ਆਰ ਜਾਂ ਪਾਰ, ਜਾਂ ਆਪਣੀ ਮਾਂ ਦੀ ਗੱਲ ਮੰਨ ਲੈ ਜਾਂ ਸਦਾ ਲਈ ਸਾਨੂੰ ਸਾਡੇ ਹਾਲ ਤੇ ਛੱਡ ਕੇ ਬੰਬਈ ਚਲਾ ਜਾ। ਜਾਣੋ ਉਨ੍ਹਾਂ ਜ਼ਿੰਦਗੀ ਵਿੱਚ ਪਹਿਲੀ ਵਾਰ ਏਦਾਂ ਆਪਣੀ ਮਮਤਾ ਦਾ ਵਾਸਤਾ ਦੇ ਕੇ ਕਿਹਾ ਸੀ। ਬਸ ਇੱਕ ਵਾਰ ਮੇਰੇ ਲਈ ਇੱਥੋਂ ਹੀ ਸਿੱਧਾ ਕੈਨੇਡਾ ਆਪਣੇ ਭੈਣ-ਭਰਾਵਾਂ ਕੋਲ ਚਲਿਆ ਜਾ। ਹਾਰ ਕੇ ਆਪਣੀ ਮਾਂ ਦੇ ਹੁਕਮ ਅੱਗੇ ਆਪਣੀ ਏਡੀ ਕਰੜੀ

ਘਾਲਣਾ ਤੇ ਸ਼ੌਕ ਨੂੰ ਛਿੱਕੇ ਟੰਗ ਕੇ ਆਪਣੇ ਏਨੇ ਚੰਗੇ ਭਵਿੱਖ ਤੋਂ ਮੂੰਹ ਮੋੜਕੇ ਇੱਕ ਨਵੀਂ ਤੇ ਅਣਜਾਣੀ ਮੰਜ਼ਿਲ ਕੈਨੇਡਾ ਵੱਲ ਤੁਰ ਪਿਆ। ਜਿਵੇਂ ਕਹਿੰਦੇ ਨੇ ਜਹਾਂ ਦਾਣੇ ਵਹੀਂ ਖਾਣੇ ਜਾਂ ਕਹਿ ਲਵੋ ਰਿਜ਼ਕ ਧੱਕੇ ਦੇਵੇ। ਹੋਣੀ ਅੱਗੇ ਕਿਸੇ ਦੀ ਵੀ ਮਰਜ਼ੀ ਨਹੀਂ ਚੱਲਦੀ। 1976 ਤੋਂ 1980 ਤੱਕ ਮੈਂ ਕੈਨੇਡਾ ਦੇ ਧੱਕੇ ਖਾਂਦਾ ਰਿਹਾ।

ਯੂੰ ਤੋ ਚਲਤੇ ਰਹੇ ਉਮਰ ਸਾਰੀ,
ਕਿਆ ਹੂਆ ਮਨਹੂਸੀਆਂ ਥੀਂ ਰਹਿਬਰ ਹਮਾਰੀਂ,
ਭਟਕੀ ਭਟਕੀ ਥਕੀ ਜ਼ਿੰਦਗੀ,
ਕੁਛ ਤੋ ਹਮੀ ਮੇ ਕਮੀ ਹੋਗੀ ...

ਭਾਵੇਂ ਕੈਨੇਡਾ ਵਿੱਚ ਸਭ ਕੁੱਝ ਨਵਾਂ-ਨਵਾਂ ਸੀ। ਪਰ ਕੰਬਖ਼ਤ ਬੇਚੈਨੀ ਉਹੀ ਪੁਰਾਣੀ ਸੀ। ਉਹੀ ਪੁਰਾਣੀਆਂ, ਪ੍ਰੀਤਮਾ ਦੀਆਂ ਬੇਕਲ ਯਾਦਾਂ, ਨਾ ਚੱਜ ਨਾਲ ਜੀਣ ਦਿੰਦੀਆਂ, ਨਾਂ ਹੀ ਮਰਨ ਦਿੰਦੀਆਂ, ਨਾਂ ਹੀ ਕਿਸੇ ਹੋਰ ਦਾ ਦਿਲੋਂ ਹੋਣ ਦਿੰਦੀਆਂ। ਜਿੱਥੇ ਜਿਵੇਂ ਅੱਜ ਵੀ ਮਾਂ ਦਾ ਦਿੱਤਾ ਸ਼ਰਾਪ ਹੱਢਾ ਰਿਹਾ ਹੋਵਾਂ। ਇੱਕ ਨਾਕਾਮ ਇਸ਼ਕ ਦਾ ਜਨੂੰਨ ਉਤੋਂ ਫ਼ਿਲਮਾਂ ਦੀ ਅਧੂਰੀ ਚੇਟਕ ਕਦੋਂ ਟਿਕਣ ਦਿੰਦੀਆਂ ਨੇ ਬੰਦੇ ਨੂੰ। ਅੱਜ ਫੇਰ ਨਵੇਂ ਨਵੇਂ ਬਦੇ ਫ਼ਿਲਮੀ ਤਮਾਸ਼ਬੀਨ ਯਾਰਾਂ ਦੀ ਝੂਠੀ ਚੁੱਕ ਤੇ ਫੋਕੇ ਦਾਅਵਿਆਂ ਨੇ ਮੈਨੂੰ ਕੱਚੀ ਅੱਖੇ ਮਰਵਾ ਦਿੱਤਾ। ਚੜ੍ਹਜਾ ਬੱਚਾ ਸੂਲੀ ਤੇ ਰਾਮ ਭਲੀ ਕਰੇਗਾ। ਜੋ ਕੁੱਝ ਵੀ ਪਿਛਲੇ ਚਾਰ ਸਾਲਾਂ ਵਿੱਚ ਮੈਂ ਜੋੜਿਆ, ਕੁੱਝ ਨਵੇਂ ਯਾਰਾਂ ਦੀ ਸ਼ਹਿ ਅਤੇ ਅੰਧ ਵਿਸ਼ਵਾਸ ਸਦਕਾ ਮੈਂ ਮੁੜਕੇ ਪੰਜਾਬ ਆ ਗਿਆ। ਪਹਿਲਾਂ ਤਾਂ ਮਾਂ ਜੀ ਬਹੁਤ ਖ਼ੁਸ਼ ਹੋਏ ਕਿ ਚਲੋ ਪੁੱਤ ਨਰਕ ਵਿੱਚੋਂ ਨਿੱਕਲ ਘਰ ਆ ਗਿਆ ਹੈ। ਚਲੋ ਰਲ-ਮਿਲ ਰੁੱਖੀ-ਸੁੱਖੀ ਖਾ ਕੇ ਗੁਜ਼ਾਰਾ ਕਰ ਲਵਾਂਗੇ ਪਰ ਜਦੋਂ ਮੈਂ ਮੁੜਕੇ ਬੰਬਈ ਜਾ ਕੇ ਆਪਦੀ ਫ਼ਿਲਮ ਬਣਾਉਣ ਦੀ ਗੱਲ ਕੀਤੀ ਤਾਂ ਮਾਂ ਜੀ ਦਾ ਦਿਲ ਟੁੱਟ ਗਿਆ। ਅੰਦਰੋਂ ਅੰਦਰੀਂ ਆਪਣਾ ਗ਼ਮ ਪੀ ਗਏ। ਜਾ ਪੁੱਤਰਾ ਆਪਣੀ ਮਰਜ਼ੀ ਕਰ। ਹੁਣ ਮੇਰਾ ਕਿਹੜਾ ਤੇਰੇ ਤੇ ਜ਼ੋਰ ਰਿਹਾ ਹੈ।

ਮੈਂ ਢੀਠਾਂ ਵਾਂਗ ਫੇਰ ਬੰਬਈ ਦੇ ਚਾਲੇ ਪਾ ਹੀ ਲਏ ਤੇ ਇੱਕ ਮੁੱਢੋਂ ੳ ਅ ਤੋਂ ਮੁੜ ਕੇ ਪੁਰਾਣੀ ਫੱਟੀ ਪੋਚ ਕੇ ਨਵੇਂ ਸਿਰੇ ਤੇ ਸਭ ਕੁੱਝ ਨਵਾਂ ਨਵਾਂ ਕਰਨ ਦੀ ਠਾਣ ਲਈ। ਹੁਣ ਮੈਂ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਇੱਕ ਅਲੱਗ ਹੱਟ ਕੇ ਬਹੁਤ ਹੀ ਮਿਆਰੀ ਜਿਹਾ ਔਰਤ ਪ੍ਰਧਾਨ ਸਬਜੈਕਟ ਫ਼ਿਲਮ ਸ਼ੁਰੂ ਕੀਤੀ (ਉਹ ਵੀ ਆਪਣੇ ਪੰਜਾਬੀ ਭਰਾਵਾਂ ਲਈ)। ਆਪਣੇ ਯਾਰ ਰੌਸ਼ਨ ਸੰਗੀਤਕਾਰ ਨੂੰ ਲੈ ਕੇ ਉਚ ਪੱਧਰ ਦਾ ਸੰਗੀਤ ਤਿਆਰ ਕੀਤਾ। ਪੰਜਾਬੀ ਫ਼ਿਲਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਤਿੰਨੋਂ ਮੰਗੇਸ਼ਕਰ ਭੈਣਾਂ ਤੋਂ ਗਵਾਇਆ ਤੇ ਰਫ਼ੀ ਸਾਹਿਬ ਦੇ ਛੋਟੇ ਭਰਾ ਨੂੰ ਉਚੇਚੇ ਤੌਰ ਤੇ ਭਾਰਤ ਬੁਲਾ ਕੇ ਗਵਾਇਆ ਤੇ ਰਫ਼ੀ ਸਾਹਿਬ ਦਾ ਇੱਕ ਅਧੂਰਾ ਸੁਪਨਾ ਪੂਰਾ ਕਰਕੇ ਰਫ਼ੀ ਸਾਹਿਬ ਨੂੰ ਇੱਕ ਛੋਟੀ ਜਿਹੀ ਸ਼ਰਧਾਂਜਲੀ ਦਿੱਤੀ। ਮਹਿੰਦਰ ਕਪੂਰ ਜੀ ਤੇ ਦਿਲਰਾਜ ਅਤੇ ਸਵਿਤਾ ਸਾਥੀ ਨੇ ਵੀ ਆਪਣੀਆਂ ਆਵਾਜ਼ਾਂ ਦਰਜ ਕਰਵਾਈਆਂ।

ਧਰਮ ਭਾਜੀ, ਰਮਾ ਵਿਜ, ਭਰਤ ਕਪੂਰ, ਮਧੂ ਮਾਲਿਨੀ, ਗਿਰਜਾ ਮਿੱਤਰਾ, ਮੇਹਰ ਮਿੱਤਲ ਤੇ ਮੈਂ ਆਪ ਬਤੌਰ ਹੀਰੋ ਕੰਮ ਕੀਤਾ। ਟੈਕਨੀਕਲ ਸਾਈਡ ਤੇ ਵੀ ਕਿੰਨੇ ਹੀ ਕੰਮ ਮੈਂ ਕੱਲ੍ਹੇ ਨੇ ਕੀਤੇ। ਕਹਾਣੀ, ਪਟਕਥਾ, ਗਾਣੇ, ਨਿਰਮਾਤਾ ਤੇ ਨਿਰਦੇਸ਼ਕ ਦੀਆਂ ਕੱਠੀਆਂ ਸੇਵਾਵਾਂ ਨਿਭਾਈਆਂ।

ਫਿਰ ਮੈਂ ਪੰਜਾਬ ਵਿੱਚ ਤਕਰੀਬਨ ਅੱਸੀ-ਨੱਬੇ ਬੰਦਿਆਂ ਦਾ ਯੂਨਿਟ ਲੈ ਕੇ ਆਊਟਡੋਰ ਔਨ ਲੋਕੇਸ਼ਨ ਸ਼ੂਟਿੰਗ ਲਈ ਪੁੱਜ ਗਿਆ। ਤਕਰੀਬਨ ਇੱਕ ਮਹੀਨੇ ਦਾ ਸ਼ਡਿਊਲ ਸੀ। ਏਨੇ ਸਾਰੇ ਝਮੇਲੇ ਕੱਠੇ ਸਿਰ ਤੇ ਚੁੱਕੀ ਦਿਨ ਰਾਤ ਮੈਂ ਭੱਜਾ ਫਿਰਦਾ। ਪੂਰੇ ਪੰਜਾਬ ਵਿੱਚ ਧੂੰਮਾ ਪੈ ਗਈਆਂ। ਤਕਰੀਬਨ ਹਰ ਅਖ਼ਬਾਰ ਨੇ ਮੈਨੂੰ ਪੂਰੀ ਕਵਰੇਜ ਦਿੱਤੀ ਕਿ ਪੰਜਾਬੀ ਫ਼ਿਲਮ ਜਗਤ ਤੇ ਇੱਕ ਨਵੀਂ ਸੇਧ ਦੇਣ ਆਇਆ ਇੱਕ ਨਵਾਂ ਹਰਫ਼ਨ ਮੌਲਾ ਬਿਲ ਸਿੰਕਦ।

ਇਕ ਦਿਨ ਅਚਾਨਕ ਪੁੱਛਦੀ-ਪੁਛਾਂਦੀ ਪ੍ਰੀਤਮਾ ਆਪਣੇ ਕੁੱਝ ਸਟਾਫ਼ ਨਾਲ ਸਾਡੀ ਸ਼ੂਟਿੰਗ ਲੋਕੇਸ਼ਨ ਤੇ ਮਲੇਰਕੋਟਲਾ ਕੋਲ ਜਨਾਬ ਐਸ.ਐਸ.ਪੀ ਫ਼ੂਲਕਾ ਸਾਹਿਬ ਦੀ ਕੋਠੀ ਵਿੱਚ ਪਹੁੰਚ ਗਈ। ਅੱਗੇ ਹੀ ਹਜ਼ਾਰਾਂ ਦਰਸ਼ਕ ਸ਼ੂਟਿੰਗ ਦੇਖਣ ਲਈ ਇੱਕਠੇ ਹੋਏ ਸਨ। ਫੂਲਕਾ ਸਾਹਿਬ ਨੇ ਕੁੱਝ ਪੁਲਿਸ ਕਰਮਚਾਰੀ ਲੋਕਾਂ ਦੀ ਭੀੜ ਨੂੰ ਕਾਬੂ ਕਰਨ ਤੇ ਲਾਏ ਹੋਏ ਸਨ। ਉਸ ਦਿਨ ਮਧੂ ਮਾਲਿਨੀ ਦਾ ਮੁਜਰਾ ਫ਼ਿਲਮਾਇਆ ਜਾ ਰਿਹਾ ਸੀ। ਭਰਤ ਕਪੂਰ, ਮੇਹਰ ਮਿੱਤਲ, ਮੰਜੂ ਭਾਟੀਆ ਆਦਿ ਕਲਾਕਾਰ ਸ਼ਿਰਕਤ ਕਰ ਰਹੇ ਸਨ। ਪੱਪੂ ਖੰਨਾ ਡਾਂਸ ਡਾਇਰੈਕਟਰ ਖਾਸ ਤੌਰ ਤੇ ਬੰਬਈ ਤੋਂ ਆਇਆ ਹੋਇਆ ਸੀ। ਪੂਰੀ ਰੌਣਕ ਤੇ ਗਹਿਮਾ-ਗਹਿਮੀ ਸੀ। ਅਚਾਨਕ ਪ੍ਰੀਤਮਾ ਨੇ ਮੇਰੇ ਨਾਂ ਦੀ ਬਾਹਰੋਂ ਆਪਣੀ ਚਿਟ ਭੇਜੀ। ਮੈਂ ਜਾਣੋ ਇੱਕ ਦਮ ਹੈਰਾਨ ਰਹਿ ਗਿਆ ਹੋਵਾਂ। ਮੈਂ ਇੱਕ ਦਮ ਸ਼ਾਟ ਰੋਕ ਕੇ ਆਪ ਚਲ ਕੇ ਇਨ੍ਹਾਂ ਨੂੰ ਜੀ ਆਇਆਂ ਕਹਿਣ ਗਿਆ। ਫੇਰ ਬੜੇ ਆਦਰ ਨਾਲ ਅੰਦਰ ਲਿਆ ਕੇ ਬਾਰੀ ਬਾਰੀ ਸਾਰੇ ਕਲਾਕਾਰਾਂ ਨਾਲ ਮਿਲਵਾਇਆ। ਫੇਰ ਉਨ੍ਹਾਂ ਦੇ ਬਹਿਣ ਦਾ ਖਾਸ ਇੰਤਜ਼ਾਮ ਕਰਾਇਆ ਗਿਆ। ਸਪਾਟ ਬੁਆਏ ਦੋ ਤਿੰਨ ਬਾਰ ਉਚੇਚੇ ਤੌਰ ਤੇ ਚਾਹ ਠੰਡਾ ਆਦਿ ਪੁੱਛਕੇ ਗਿਆ। ਮੈਂ ਫ਼ਿਲਮ ਦਾ ਕਰਤਾ ਧਰਤਾ, ਪ੍ਰੋਡਿਊਸਰ, ਡਾਇਰੈਕਟਰ ਤੇ ਹੀਰੋ ਸੀ। ਇਸੇ ਲਈ ਸਾਰੇ ਛੋਟੇ ਵੱਡੇ ਕਲਾਕਾਰ ਅਤੇ ਟੈਕਨੀਸ਼ੀਅਨ ਬਾਰ ਬਾਰ ਮੈਨੂੰ ਹਰ ਗੱਲ ਪੁੱਛਣ ਆਉਂਦੇ। ਮਧੂ ਮਾਲਿਨੀ ਤਾਂ ਉਸ ਦਿਨ ਮੈਨੂੰ ਕੁੱਝ ਜ਼ਿਆਦਾ ਹੀ ਮਸਕਾ ਲਾ ਰਹੀ ਸੀ, "ਬਿਲ ਜੀ, ਕੀ ਕਮਾਲ ਦਾ ਸ਼ਾਟ ਕੰਨਸੀਵ ਕੀਤਾ ਹੈ? ਮੈਨੂੰ ਐਵੇਂ ਆ ਕੇ ਜੱਫ਼ੀ ਪਾ ਲੈਂਦੀ। ਗੱਲ ਕੀ ਸਭ ਕੁੱਝ ਮੇਰੇ ਇਸ਼ਾਰਿਆਂ ਤੇ ਹੋ ਰਿਹਾ ਸੀ। ਫੇਰ ਲੰਚ ਬ੍ਰੇਕ ਹੋਇਆ। ਫੇਰ ਪ੍ਰੀਤਮਾ ਤੇ ਉਨ੍ਹਾਂ ਦੇ ਸਾਥੀਆਂ ਨੇ ਕਲਾਕਾਰਾਂ ਦੇ ਨਾਲ ਫੋਟੋ ਖਿਚਵਾਉਣ ਦਾ ਇਜ਼ਹਾਰ ਕੀਤਾ। ਮੈਂ ਜਾਣ ਕੇ ਫੋਟੋ ਗਰੁੱਪ ਵਿੱਚ ਖੜਾ ਨਹੀਂ ਹੋਇਆ। ਫੇਰ ਪ੍ਰੀਤਮਾ ਆਪ ਮੇਰਾ ਹੱਥ ਫੜ

ਕੇ ਲੈ ਗਈ। "ਬਲਬੀਰ ਜੀ, ਪਲੀਜ਼ ਇੱਕ ਫੋਟੋ ਸਾਡੇ ਨਾਲ ਵੀ ਖਿਚਵਾ ਲਉ।" ਮੈਂ ਅੱਗੋਂ ਨਖ਼ਰੇ ਜਿਹੇ ਨਾਲ ਕਿਹਾ, "ਤੁਸੀਂ, ਉਹ ਵੀ ਮੇਰੇ ਨਾਲ! ਹੈਰਾਨੀ ਦੀ ਗੱਲ ਨਹੀਂ? " "ਹਾਂ, ਹਾਂ, ਕਿਉਂ ਨਹੀਂ।" ਗੋਲੀ ਕਿਹਦੀ ਤੇ ਗਹਿਣੇ ਕਿਸਦੇ। ਸਾਰੇ ਸਟਾਫ਼ ਅੱਗੇ ਪ੍ਰੀਤਮਾ ਦੀ ਹੋਰ ਟੌਹਰ ਬਣਾ ਦਿੱਤੀ। ਜਦੋਂ ਉਨ੍ਹਾਂ ਵਾਪਿਸ ਜਾਣ ਦਾ ਇਜ਼ਹਾਰ ਕੀਤਾ ਤਾਂ ਮੈਂ ਕਿਹਾ, "ਜੇ ਤੁਸੀਂ ਸਾਰੇ ਰੁਕਣਾ ਚਾਹੋ ਤਾਂ ਮੈਂ ਖ਼ਾਸ ਮਹਿਮਾਨ ਘਰ ਵਿਚ ਤੁਹਾਡੇ ਠਹਿਰਣ ਦਾ ਇੰਤਜ਼ਾਮ ਕਰਵਾ ਦਿੰਦਾ ਹਾਂ। ਕੱਲ ਨੂੰ ਆਰਾਮ ਨਾਲ ਚਲੇ ਜਾਣਾ।" ਅੱਗੋਂ ਪ੍ਰੀਤਮਾ ਕਹਿਣ ਲੱਗੀ, "ਨਹੀਂ, ਨਹੀਂ, ਬਲਬੀਰ ਜੀ ਤੁਹਾਨੂੰ ਤਾਂ ਅਸੀਂ ਅੱਗੇ ਬੜੀ ਖੇਚਲ ਦਿੱਤੀ ਹੈ।" "ਨਹੀਂ, ਨਹੀਂ ਪ੍ਰੀਤਮਾ ਜੀ, ਤੁਸੀਂ ਤਾਂ ਮੇਰੇ ਰੱਬ ਵਰਗੇ ਮਹਿਮਾਨ ਹੋ।" ਮੈਂ ਆਪਣੇ ਇੱਕ ਕਲਾਕਾਰ ਨੂੰ ਕਿਹਾ, "ਪ੍ਰਕਾਸ਼ ਜੀ, ਕਿਸੇ ਡ੍ਰਾਇਵਰ ਨੂੰ ਕਹਿਣਾ ਇਨ੍ਹਾਂ ਨੂੰ ਕਿਸੇ ਮੇਨ ਬੱਸ ਸਟਾਪ ਤੇ ਲਾਹ ਕੇ ਆਵੇ।" ਪ੍ਰੀਤਮਾ ਨੇ ਝੱਟ ਪਰਸ ਵਿਚੋਂ ਆਪਣਾ ਪਤਾ ਕੱਢਿਆ ਤੇ ਕਿਹਾ, "ਬਲਬੀਰ ਜੀ ਸਾਨੂੰ ਸਾਡੀਆਂ ਫੋਟੋ ਜ਼ਰੂਰ ਭਿਜਵਾ ਦੇਣਾ। ਹਾਂ ਇੱਕ ਹੋਰ ਗੁਜ਼ਾਰਿਸ਼ ਹੈ ਜਦੋਂ ਵੀ ਤੁਸੀਂ ਵੇਹਲੇ ਹੋਏ, ਮੈਨੂੰ ਮਿਲ ਕੇ ਜਾਣਾ ਹੈ। ਜੇ ਉਵੇਂ ਚਲੇ ਗਏ ਤਾਂ ਦੇਖਣਾ, ਮੈਂ ਤੁਹਾਡੇ ਨਾਲ ਕਦੇ ਵੀ ਨਹੀਂ ਬੋਲਣਾ।" ਜਾਣੋ ਅੱਜ ਪ੍ਰੀਤਮਾ ਕੁੱਝ ਵਧੇਰੇ ਹੀ ਚਾਂਬਲੀ ਹੋਈ ਸੀ। ਸਭ ਦੇ ਸਾਹਮਣੇ ਆਪਣੇ ਹੋਰ ਵੀ ਨੰਬਰ ਬਣਾ ਰਹੀ ਸੀ। ਪ੍ਰੀਤਮਾ ਦੇ ਇੱਕ ਸਟਾਫ਼ ਮੈਂਬਰ ਨੇ ਉਸਨੂੰ ਹੋਰ ਵੀ ਫੂਕ ਛਕਾ ਦਿੱਤੀ। "ਮੈਡਮ ਜੀ, ਸਾਨੂੰ ਨਹੀਂ ਸੀ ਪਤਾ ਕਿ ਇਥੇ ਤੁਹਾਡੀ ਏਨੀ ਟੌਰ ਹੈ। ਏਨਾ ਵੱਡਾ ਐਨ.ਆਰ.ਆਈ ਤੇ ਉਤੋਂ ਬੰਬਈ ਦੇ ਡਾਇਰੈਕਟਰ ਸਾਹਿਬ ਕਿਵੇਂ ਆਪਣਾ ਸਾਰਾ ਕੰਮ ਛੱਡ ਕੇ ਸਾਨੂੰ ਸਾਰਿਆਂ ਨੂੰ ਅਟੈਂਡ ਕਰਨ ਆਇਆ ਸੀ।" ਪ੍ਰੀਤਮਾ ਹੋਰ ਆਕੜ ਵਿੱਚ ਬੋਲੀ, "ਮੈਨੂੰ ਤਾਂ ਉਸਨੇ ਕਈ ਵਾਰ ਆਪਣੇ ਕੋਲ ਕੈਨੇਡਾ ਸੈਰ ਕਰਨ ਲਈ ਕਿਹਾ ਪਰ ਮੇਰੇ ਕੋਲ ਕਿਥੇ ਟਾਈਮ।" ਦੂਜੀ ਟੀਚਰ ਨੇ ਹੌਕਾ ਜਿਹਾ ਭਰਕੇ ਕਿਹਾ, "ਕਾਸ਼! ਮੈਨੂੰ ਏਨਾਂ ਸੋਹਣਾ ਤੇ ਐਨੀ ਪੋਜ਼ੀਸ਼ਨ ਵਾਲਾ ਕੈਨੇਡਾ ਦਾ ਐਨ.ਆਰ.ਆਈ ਬੰਦਾ ਸਿਰਫ਼ ਇੱਕ ਵਾਰ ਕਹਿੰਦਾ, ਮੈਂ ਤਾਂ ਸਭ ਕੁੱਝ ਛੱਡ ਕੇ ਤੁਰ ਪੈਂਦੀ।" ਦੂਜੇ (ਕਲਰਕ) ਬੰਦੇ ਨੇ ਕਿਹਾ, "ਬਸ ਮੈਨੂੰ ਤਾਂ ਮੈਡਮ ਜੀ, ਤੁਸੀਂ ਦੋ ਤਿੰਨ ਛੁੱਟੀਆਂ ਹੁਣ ਹੀ ਸੈਂਕਸ਼ਨ ਕਰ ਦਿਓ। ਮੈਂ ਤਾਂ ਤੁਹਾਡੇ ਡਾਇਰੈਕਟਰ ਦੇ ਪੈਰੀਂ ਪੈ ਜਾਣਾ ਹੈ ਕਿ ਮੈਨੂੰ ਤਾਂ ਜ਼ਰੂਰ ਕਿਸੇ ਨਾ ਕਿਸੇ ਸੀਨ ਵਿੱਚ ਖੜੇ ਕਰ ਦਿਓ। ਫੇਰ ਸਾਰੇ ਪਿੰਡ ਵਜਲਿਆਂ ਨੂੰ ਦਿਖਾਉਂਗਾ ਕਿ ਉਹ ਦੇਖੋ ਮੈਂ ਫਲਾਂ ਹੀਰੋ ਤੇ ਹੀਰੋਈਨ ਕੋਲ ਖੜਾ ਹਾਂ। ਪਲੀਜ਼ ਮੈਡਮ ਜੀ, ਜਾਂਦੇ ਜਾਂਦੇ ਮੇਰੀ ਸਿਫ਼ਾਰਸ਼ ਕਰ ਦਿਓ।" "ਚੰਗਾ ਬਾਬਾ ਚੰਗਾ, ਮੇਰਾ ਨਾਂ ਲੈ ਦੇਵੀਂ, ਕੀ ਮਜਾਲ ਤੇਰਾ ਕੰਮ ਨਾ ਹੋਵੇ।" ਬਾਬੂ ਰਜਿੰਦਰ ਤਾਂ ਉਥੇ ਹੀ ਰਹਿ ਗਿਆ। ਉਹ ਸਾਰੇ ਚਲੇ ਗਏ। ਰਜਿੰਦਰ ਬਾਬੂ ਛੇਤੀਂ ਹੀ ਯੂਨਿਟ ਵਿੱਚ ਰੱਚ ਮਿੱਚ ਗਿਆ ਤੇ ਉਹ ਮੇਰਾ ਕਾਫ਼ੀ ਮੁਰੀਦ ਵੀ ਬਣ ਗਿਆ ਸੀ। ਮੈਂ ਉਸਦੇ ਸਾਰੇ ਸ਼ੌਕ ਪੂਰੇ ਕਰ ਦਿੱਤੇ। ਨਾਲੇ ਉਸਦੀ ਜੇਬ ਖਰਚੇ ਲਈ ਚੰਗੇ ਚੋਖੇ ਪੈਸੇ ਦੇ ਦਿੱਤੇ। ਹੁਦ ਰਜਿੰਦਰ ਪੂਰਾ ਬਾਗੋਬਾਗ ਸੀ। ਉਸੇ ਦਿਨ ਉਸਨੇ ਟੈਕਨੀਸ਼ੀਅਨ ਨਾਂਲ ਬਹਿਕੇ ਦੋ ਚਾਰ ਮੋਟੇ ਪੈਗ ਲਾ ਲਏ। ਥੋੜਾ ਸਰੂਰ ਵਿੱਚ ਆ ਕੇ ਸਿੱਧਾ ਮੇਰੇ ਖ਼ਾਸ ਰੂਮ ਵਿੱਚ ਆ ਵੜਿਆ ਜਿਥੇ ਮੈਂ ਬਹਿ ਕੇ ਆਪਣਾ ਪੇਪਰ ਵਰਕ ਕਰ ਰਿਹਾ ਸੀ। ਉਸ ਮੈਨੂੰ ਬੜੀ ਹੀ ਅਪਣੱਤ ਨਾਲ ਕਿਹਾ, "ਕੀ ਸਰ ਜੀ, ਤੁਸੀਂ ਜਿਨ੍ਹੇ ਚੰਗੇ ਹੋ ਉਨੀ ਸਾਡੀ ਮੈਡਮ ਨਹੀਂ। ਮੈਂਡਮ ਜੀ ਜਰਾ ਚਾਲੂ ਜਿਹੇ ਕਿਸਮ ਦੇ ਹਨ। ਆਪਣਾ ਕੰਮ ਕਢਾਉਣ ਲਈ ਉਹ ਕੁੱਝ ਵੀ ਕਰ ਸਕਦੇ ਨੇ। ਇਨ੍ਹਾਂ ਦੀ ਆਪਣੇ ਸਾਹਿਬ ਨਾਂਲ ਅਕਸਰ ਤੂੰ ਤੂੰ ਮੈਂ ਮੈਂ ਹੀ ਰਹਿੰਦੀ ਹੈ। ਦੋਨੋਂ ਪੀ ਕੇ ਇੱਕ ਦੂਜੇ ਤੇ ਖੂਬ ਲਾਂਛਣ ਲਾਉਂਦੇ ਨੇ। ਦੋਨੋਂ ਹੀ ਇੱਕ ਦੂਜੇ ਨੂੰ ਬਦਮਾਸ਼ ਲੁੱਚੀ ਪਤਾ ਨਹੀਂ ਕੀ ਕੀ ਦੱਸਦੇ ਨੇ। ਇਸੇ ਕਾਰਨ ਮੁੰਡਾ ਹੋਸਟਲ ਵਿੱਚ ਪੜ੍ਹਨੇ ਪਾਇਆ ਹੈ। ਆਪ ਸਾਹਿਬ ਕਿਸੇ ਦੂਜੇ ਸੂਬੇ ਰਹਿ ਕੇ ਵੀ ਵਿੱਚ ਕੱਲੇ ਐਸ਼ ਕਰਦੇ ਨੇ। ਮੈਡਮ ਇਥੇ ਨਿੱਤ ਨਵੇਂ ਨਵੇਂ ਸ਼ਿਕਾਰ ਟਿਕਾਈ ਰੱਖਦੀ ਹੈ। ਸਾਹਿਬ ਜੀ ਮੇਰਾ ਨਾਂ ਨਾ ਲੈਣਾ ਕਿਤੇ। ਸਾਹਿਬ ਜੀ ਮੈਨੂੰ ਬੜਾ ਹੀ ਸ਼ੌਕ ਹੈ। ਮੈਨੂੰ ਵੀ ਬੰਬਈ ਆਪਣੇ ਨਾਲ ਲੈ ਚੱਲੋ।" "ਨਹੀਂ ਨਹੀਂ ਬੱਚੇ, ਤੂੰ ਫਿਕਰ ਨਾ ਕਰ। ਮੈਂ ਤੇਰਾ ਪੂਰਾ ਖਿਆਲ ਰੱਖਾਂਗਾ। ਹੁਣ ਤੂੰ ਜਾ ਕੇ ਆਰਾਮ ਕਰ। ਮੈਂ ਥੋੜਾ ਬਹੁਤਾ ਕੰਮ ਨਿਪਟਾ ਲਵਾਂ। ਆਪਾਂ ਸਵੇਰੇ ਸੂਟਿੰਗ ਵੀ ਕਰਨੀ ਹੈ। ਚੰਗਾ ਚੰਗਾ ਸਤਿ ਸ੍ਰੀ ਅਕਾਲ।" "ਬਾਏ ਬਾਏ ਸਰ ਜੀ!" ਉਸ ਨੇ ਮੈਡਮ ਬਾਰੇ ਮੈਨੂੰ ਬੜੀਆਂ ਰੋਚਕ ਜਾਣਕਾਰੀਆਂ ਦਿੱਤੀਆਂ। ਕੁੱਝ ਕੁੱਝ ਪ੍ਰੀਤਮਾ ਤੇ ਮੇਰੇ ਬਾਰੇ ਰਾਜਿੰਦਰ ਵੀ ਭਾਂਪ ਗਿਆ ਸੀ। ਰਜਿੰਦਰ ਬਾਬੂ ਨੇ ਹੁਣ ਤੀਕ ਮੇਰੇ ਨਾਲ ਪੂਰੀ ਯਾਰੀ ਨਿਭਾਈ। ਮੈਨੂੰ ਮੈਡਮ ਦੀ ਪੂਰੀ ਜਾਣਕਾਰੀ ਦਿੰਦਾ ਰਿਹਾ।

ਫੇਰ ਜਦੋਂ ਮੈਂ ਦੋ ਤਿੰਨ ਮਹੀਨਿਆਂ ਬਾਅਦ ਮੁੜਕੇ ਪੰਜਾਬ ਆਇਆ ਆਪਣੇ ਕਾਰੋਬਾਰੀ ਦੌਰੇ ਤੇ, ਕੁੱਝ ਡਿਸਟ੍ਰੀਬਿਊਟਰਜ਼ ਨੂੰ ਮਿਲਣ ਲਈ। ਮੈਂ ਸਰਸਰੀ ਜਿਹੀ ਰਜਿੰਦਰ ਨਾਲ ਆਉਣ ਦੀ ਗੱਲ ਕਰ ਬੈਠਾ। ਅੱਗੋਂ ਰਜਿੰਦਰ ਨੇ ਮੈਡਮ ਨਾਲ ਗੱਲ ਕਰ ਦਿੱਤੀ। ਸੋ ਪ੍ਰੀਤਮਾ ਨੇ ਬਾਰ ਬਾਰ ਇਜ਼ਹਾਰ ਕੀਤਾ ਕਿ "ਆਪਜੀ ਨੇ ਇਸ ਬਾਰ ਮੈਨੂੰ ਮਿਲਕੇ ਹੀ ਜਾਣਾ ਹੈ। ਮੈਂ ਬੇਸਬਰੀ ਨਾਲ ਆਪ ਨੂੰ ਉਡੀਕਾਂਗੀ।" ਸੋ ਪ੍ਰੀਤਮਾ ਨਾਲ ਕੀਤੇ ਵਾਅਦੇ ਮੁਤਾਬਿਕ ਇੱਕ ਦਿਨ ਵਿਚੋਂ ਟਾਈਮ ਕੱਢਕੇ ਮੈਂ ਅੰਬਾਲਾ ਸ਼ਹਿਰ ਮਾਡਲ ਟਾਊਨ ਉਸਦੇ ਘਰ ਪਹੁੰਚ ਗਿਆ। ਉਸ ਦਿਨ ਪ੍ਰੀਤਮਾ ਨੇ ਮੇਰਾ ਐਨਾ ਚਾਅ ਮਾਣ ਕੀਤਾ ਕਿ ਮੈਂ ਹੈਰਾਨ ਹੀ ਰਹਿ ਗਿਆ। ਉਸ ਮੈਨੂੰ ਜ਼ਬਰਦਸਤੀ ਰਾਤ ਆਪਣੇ ਘਰ ਰੋਕ ਲਿਆ। "ਬਲਬੀਰ, ਮੰਨਿਆ ਹੁਣ ਤੂੰ ਬਹੁਤ ਵੱਡਾ ਬੰਦਾ ਬਣ ਗਿਆ ਏਂ। ਐਨੀਆਂ ਸੋਹਣੀਆਂ ਸੋਹਣੀਆਂ ਹੀਰੋਇਨਾ ਤੇਰੇ ਅੱਗੇ ਪਿੱਛੇ ਫ਼ਿਰਦੀਆਂ ਨੇ।" ਇਸਦਾ ਮਤਲਬ ਉਸ ਦਿਨ ਦੀ ਸ਼ੂਟਿੰਗ ਨੇ ਪ੍ਰੀਤਮਾ ਦੇ ਦਿਲ ਵਿੱਚ ਇੱਕ ਜਲਨ ਜਿਹੀ ਪੈਦਾ ਕਰ ਦਿੱਤੀ ਸੀ। ਅੱਗੋਂ ਮੈਂ ਹੱਸਕੇ ਕਿਹਾ, "ਪ੍ਰੀਤਮਾ ਜੀ, ਅਜਿਹੀ ਕੋਈ ਗੱਲ ਨਹੀਂ। ਤੁਹਾਡਾ ਤਾਂ ਇਸ ਦਿਲ ਵਿੱਚ ਇੱਕ ਖਾਸ ਮੁਕਾਮ ਹੈ। ਉਥੇ ਹੋਰ ਕੋਈ ਨਹੀਂ ਪਹੁੰਚ ਸਕਦਾ। ਆਪਾਂ ਅੱਜ ਜੀ ਭਰਕੇ ਗੱਲਾਂ ਕਰਾਂਗੇ। ਆਖਿਰ ਤੁਸੀਂ ਮੇਰੇ ਬਚਪਨ ਦੇ ਦੋਸਤ ਹੋ। ਕੁੱਝ ਤਾਂ ਸਾਡਾ ਵੀ ਤੁਹਾਡੇ ਤੇ ਹੱਕ ਬਣਦਾ ਹੈ।" "ਹਾਂ ਹਾਂ ਕਿਉਂ ਨਹੀਂ।" ਅਸਾਂ ਦੇਰ ਤੀਕ ਗੱਲਾਂ ਕਰਦੇ ਰਹੇ। ਭਰ ਸਰਦੀਆਂ ਦੇ ਦਿਨ ਸਨ।

ਪਹਿਲਾਂ ਤਾਂ ਅਸੀਂ ਆਪਣੀ ਆਪਣੀ ਰਜਾਈ ਵਿੱਚ ਪਏ ਇਧਰ ਓਧਰ ਦੀਆਂ ਗੱਲਾਂ ਕਰਦੇ ਰਹੇ, ਫਿਰ ਪ੍ਰੀਤਮਾ ਉਠੀ ਤੇ ਨਾਲਦੇ ਕਮਰੇ ਵਿੱਚ ਚਲੀ ਗਈ। ਥੋੜੀ ਦੇਰ ਬਾਅਦ ਇੱਕ ਟ੍ਰੇਅ ਵਿੱਚ ਦੋ ਗਲਾਸ ਸ਼ਰਾਬ ਦੇ ਬਣਾ ਕੇ ਲੈ ਆਈ। ਤਗੜੇ ਪਟਿਆਲਾ ਸ਼ਾਹੀ ਪੈਗ ਸਨ ਤੇ ਨਾਲ ਹੀ ਇੱਕ ਕੌਲੀ ਵਿੱਚ ਨਮਕੀਨ ਜਿਹਾ ਰੱਖਿਆ ਹੋਇਆ ਸੀ। ਮੈਨੂੰ ਇੱਕ ਗਲਾਸ ਫੜਾਉਂਦਿਆਂ ਕਿਹਾ, "ਲੈ ਬਈ ਬਿੱਲੇ, ਇਹ ਤੇਰੇ ਆਉਣ ਦੀ ਖੁਸ਼ੀ ਵਿਚ। ਵੈਸੇ ਮੌਕਾ ਵੀ ਹੈ, ਦਸਤੂਰ ਵੀ ਹੈ, ਤੇ ਉਤੋਂ ਠੰਡ ਵੀ ਹੈ, ਤੇ ਸਾਹਮਣੇ ਮੇਰਾ ਪਿਆਰਾ ਯਾਰ ਵੀ ਹੈ।" ਮੈਂ ਗਲਾਸ ਨਾਲ ਗਲਾਸ ਟਕਰਾਉਂਦੇ ਉਵੇਂ ਹੀ ਫੜੀ ਰੱਖਿਆ ਤੇ ਪ੍ਰੀਤਮਾ ਨੇ ਇੱਕ ਦੋ ਮੋਟੇ ਮੋਟੇ ਘੁੱਟ ਭਰ ਵੀ ਲਏ। "ਯਾਰ ਗੁੱਸਾ ਨਾ ਕਰੀਂ, ਇਹ ਰੱਮ ਪੀਣੀ ਮੈਨੂੰ ਮੇਰੇ ਫੌਜੀ ਪਤੀ ਨੇ ਗਿਝਾਇਆ ਏ। ਹੁਣ ਮੈਨੂੰ ਇਸਦਾ ਕੁੱਝ ਸੁਆਦ ਵੀ ਪੈ ਗਿਆ ਏ। ਤੈਨੂੰ ਪਤਾ ਇਸ ਜ਼ਾਲਿਮ ਸ਼ਰਾਬ ਦੇ ਬੜੇ ਫਾਇਦੇ ਨੇ। ਖਾਸ ਕਰਕੇ ਨਵੇਂ ਨਵੇਂ ਸ਼ਿਕਾਰ ਫੁੰਦਣ ਵਿੱਚ ਇਹ ਬੜੀ ਸਹਾਈ ਹੁੰਦੀ ਏ। ਫੇਰ ਬੜੇ ਨਖਰੇ ਨਾਲ ਬੇਝਿਜਕ ਹੋ ਕੇ ਬੰਦਾ ਆਪਣੀ ਗੱਲ ਵੀ ਕਹਿ ਸਕਦਾ ਹੈ।" ਆਪਣੀ ਗੱਲ ਕਰਦਿਆਂ ਉਸ ਇੱਕ ਹੋਰ ਮੋਟਾ ਜਿਹਾ ਘੁੱਟ ਭਰ ਲਿਆ। ਅੱਗੋਂ ਮੈਂ ਭੋਲੇ ਪਨ ਵਿੱਚ ਹੀ ਕਿਹਾ, "ਹੁਣ ਤਾਂ ਪ੍ਰੀਤਮਾ ਜੀ, ਤੁਸੀਂ ਵੱਡੇ ਸ਼ਿਕਾਰੀ ਹੋ ਗਏ ਹੋਵੋਗੇ। ਇਕੋ ਨਜ਼ਰ ਵਿੱਚ ਹੀ ਤਾੜ ਜਾਂਦੇ ਹੋਵੋਗੇ ਕਿ ਸ਼ਿਕਾਰ ਵਿੱਚ ਕਿੰਨਾ ਕੁ ਦਮ ਹੈ।" "ਬਿੱਲੇ, ਮੇਰੇ ਖਿਆਲ ਵਿੱਚ ਸ਼ਿਕਾਰੀ ਨੂੰ ਖੁੱਲ੍ਹੇ ਦਿਲ ਨਾਲ ਸ਼ਿਕਾਰ ਖੇਡਣਾ ਚਾਹੀਦਾ ਹੈ। ਚਾਹੇ ਉਹ ਵੱਡਾ ਹੋਵੇ ਜਾਂ ਛੋਟਾ, ਚਾਹੇ ਵਿਆਹਇਆ ਜਾਂ ਕੁਆਰਾ ਹੋਵੇ। Try ਹਰ ਥਾਂ ਮਾਰਨੀ ਚਾਹੀਦੀ ਹੈ। ਹਾਂ ਮੈਨੂੰ ਤਾਂ ਸ਼ਿਕਾਰ ਨੂੰ ਤੜਪਾ ਤੜਪਾ ਕੇ ਮਾਰਨ ਵਿੱਚ ਬਹੁਤਾ ਆਨੰਦ ਆਉਂਦਾ ਹੈ।" ਮੇਰੇ ਮੂੰਹੋਂ ਅਚਨਚੇਤ ਹੀ ਨਿਕਲ ਗਿਆ, "ਹਾਂ ਪ੍ਰੀਤਮਾ ਜੀ, ਉਹ ਤਾਂ ਤੁਹਾਡੀ ਪੁਰਾਣੀ ਅਦਾ ਹੈ। ਹਾਂ ਪ੍ਰੀਤਮਾ ਜੀ, ਕਹਿੰਦੇ ਨੇ ਕਿ ਕਈ ਵਾਰ ਘਾਇਲ ਸ਼ਿਕਾਰ ਜੰਗਲੀ ਸੂਰ ਵਾਂਗ ਸਿੱਧਾ ਸ਼ਿਕਾਰੀ ਤੇ ਹੀ ਜਾਨ ਲੇਵਾ ਹਮਲਾ ਕਰ ਦਿੰਦਾ ਹੈ।" ਅੱਗੋਂ ਪ੍ਰੀਤਮਾ ਮਸਤੀ ਵਿੱਚ ਆ ਕੇ ਨਖਰੇ ਨਾਲ ਬੋਲੀ, "ਹਾਂ, ਉਹ ਤਾਂ ਜਿੰਨੀ ਰੋਚਕ ਖੇਡ ਹੋਵੇ, ਉਨਾ ਹੀ ਘਾਤਕ ਰਿਸਕ ਵੀ ਹੁੰਦਾ ਹੈ। ਹਾਂ ਬਿੱਲੇ ਜੀ, ਤੁਸੀਂ ਤਾਂ ਹਾਲੇ ਪੀਣੀ ਸ਼ੁਰੂ ਹੀ ਨਹੀਂ ਕੀਤੀ।" "ਹਾਂ ਸੱਚੀਂ ਪ੍ਰੀਤਮਾ ਜੀ, ਅੱਜ ਤਾਈਂ ਕਦੇ ਨਹੀਂ ਪੀਤੀ। ਤੁਸੀਂ ਇਹ ਜਾਮ ਮੇਰੇ ਹੱਥੋਂ ਲੈ ਕੇ ਅੱਜ ਦੇ ਸ਼ਾਮ ਦੇ ਨਾਮ ਪੀ ਜਾਓ। ਤੇ ਮੈਂ ਅੱਜ ਤੁਹਾਡੀਆਂ ਅੱਖਾਂ ਵਿੱਚੋਂ ਰੱਜਕੇ ਪੀਵਾਂਗਾ।" "ਹਾਂ, ਇੱਕ ਸ਼ਰਤ ਤੇ ਬਿੱਲੇ ਪਹਿਲਾਂ ਆਪਣੇ ਬੁੱਲਾਂ ਨਾਲ ਇਸਨੂੰ ਰਤਾ ਜੂਠਾ ਤਾਂ ਕਰਦੇ।" "ਹਾਂ ਕਿਉਂ ਨਹੀਂ।" ਮੈਂ ਹਲਕੀ ਜਿਹੀ ਸਿੱਪ ਕਰਕੇ ਗਿਲਾਸ ਨੂੰ ਚੁੰਮਕੇ ਪ੍ਰੀਤਮਾ ਨੂੰ ਫੜਾ ਦਿੱਤਾ। ਉਸ ਇੱਕ ਘੁੱਟ ਉਸ ਵਿਚੋਂ ਪੀ ਕੇ ਗਲਾਸ ਟ੍ਰੇਅ ਵਿੱਚ ਰੱਖ ਦਿੱਤਾ। "ਅੱਛਾ, ਮੈਂ ਤੇਰੇ ਲਈ ਕੋਕ ਲੈ ਕੇ ਆਉਂਦੀ ਹਾਂ। ਘੱਟੋ ਘੱਟ ਆਪਣੀ ਪ੍ਰੀਤਮਾ ਨੂੰ ਕੰਪਨੀ ਤਾਂ ਦੇਵੇਂਗਾ।" "ਹਾਂ ਜ਼ਰੂਰ, ਕਿਉਂ ਨਹੀਂ।" ਫੇਰ ਪਤਾ ਨਹੀਂ ਅੰਦਰੋਂ ਪ੍ਰੀਤਮਾ ਪਤਾ ਨਹੀਂ ਕੋਕ ਵਿੱਚ ਕੀ ਘਾਲਾ ਮਾਲਾ ਕਰਕੇ ਲੈ ਆਈ। ਅਸੀਂ ਮੁੜਕੇ ਦੋਵਾਂ ਗਲਾਸਾਂ ਨਾਲ ਚੀਅਰ ਅੱਪ ਕੀਤਾ। ਜਦੋਂ ਮੈਂ ਕੋਕ ਦਾ ਘੁੱਟ ਭਰਿਆ ਤਾਂ ਕੋਕ ਕੁੱਝ ਕੁਝ ਕੌੜਾ ਜਿਹਾ ਲੱਗਾ ਪਰ ਯਾਰ ਦੀ ਖੁਸ਼ੀ ਲਈ ਮੈਂ ਸਾਰਾ ਪੀ ਗਿਆ। ਪਤਾ ਨਹੀਂ ਕਿਉਂ ਦੂਜੀ ਵਾਰ ਕੋਕ ਮਿੱਠਾ ਲੱਗਣ ਲੱਗ ਪਿਆ। ਹੁਣ ਮੈਨੂੰ ਪ੍ਰੀਤਮਾ ਜ਼ਿਆਦਾ ਦਿਲਕਸ਼ ਲੱਗਣ ਲੱਗ ਪਈ। ਫੇਰ ਪਤਾ ਨਹੀਂ ਕਦੋਂ ਅਸੀਂ ਦੋਵਾਂ ਰੋਟੀ ਖਾਧੀ ਵੀ ਕਿ ਨਹੀਂ। ਫੇਰ ਰਾਤ ਤਾਈਂ ਗੱਲਾਂ ਕਰਦੇ ਰਹੇ ਤੇ ਨੇੜਤਾ ਵੱਧਦੀ ਗਈ।

ਫੇਰ ਅਚਾਨਕ ਉਸ ਬੱਤੀ ਬੁਝਾਈ ਤੇ ਚੁੱਪ ਚਾਪ ਮੇਰੀ ਰਜਾਈ ਵਿੱਚ ਆ ਗਈ। ਫੇਰ ਕੀ ਸੀ ਨੇੜਤਾ ਹੋਰ ਵੱਧਦੀ ਗਈ। ਪਤਾ ਨਹੀਂ ਕਦੋਂ ਸਾਡੇ ਸਬਰ ਸੰਜਮ ਦੇ ਸਾਰੇ ਹੱਦ ਬੰਨ੍ਹੇ ਆਪੇ ਟੁੱਟ ਗਏ। ਪ੍ਰੀਤਮਾ ਅੱਜ ਪੂਰੀ ਤਰ੍ਹਾਂ ਮੌਜ ਵਿੱਚ ਸੀ। ਪੂਰੀ ਤਰ੍ਹਾਂ ਅੱਜ ਬਿੱਲੇ ਤੇ ਮਿਹਰਬਾਨ ਵੀ ਸੀ। ਦੋਨਾਂ ਦੇ ਜਿਸਮਾਂ ਵਿਚੋਂ ਜਾਣੋ ਚੰਗਿਆੜੇ ਨਿੱਕਲ ਰਹੇ ਸਨ। ਪ੍ਰੀਤਮਾ ਨੇ ਇੱਕ ਦਮ ਬੇਬਾਕ ਸਵਾਲ ਮੇਰੇ ਤੇ ਦਾਗ਼ ਦਿੱਤਾ, "ਬਿੱਲੇ, ਇੱਕ ਗੱਲ ਪੁੱਛਾਂ, ਮੈਨੂੰ ਸੱਚੀਂ ਸੱਚੀਂ ਦੱਸੇਂਗਾ? ਕੀ ਇਨ੍ਹਾਂ ਹੀਰੋਇਨਾਂ ਨਾਲ ਵੀ ਤੂੰ ਸੈਕਸ ਕੀਤਾ ਹੈ? ਤੁਹਾਡੀ ਇਹ ਗਲੈਮਰ ਦੀ ਦੁਨੀਆਂ ਵਿੱਚ ਤਾਂ ਇਹ ਆਮ ਚੱਲਦਾ ਹੈ।" "ਪ੍ਰੀਤਮਾ ਜੀ, ਅੱਜ ਕੱਲ ਇਹ ਕੁੱਝ ਕਿੱਥੇ ਨਹੀਂ ਚੱਲਦਾ? ਪਹਿਲਾਂ ਤਾਂ ਤੁਸੀਂ ਆਪਣੀ ਦਿੱਤੀ ਕਸਮ ਵਾਪਿਸ ਲੈ ਲਓ। ਹੋ ਸਕਦਾ ਹੈ ਫੇਰ ਮੈਂ ਵੀ ਕਿਸੇ ਤੇ ਟਰਾਈ ਕਰਕੇ ਵੇਖ ਲਵਾਂਗਾ। ਕੀ ਪਤਾ ਕਦੇ ਵਗਦੀ ਗੰਗਾ ਵਿੱਚ ਫੇਰ ਚੁੱਬੀ ਮਾਰ ਹੀ ਲਵਾਂ।" "ਖਾ ਮੇਰੇ ਸਿਰ ਤੇ ਹੱਥ ਰੱਖਕੇ ਕਸਮ, ਕਿ ਹਾਲੇ ਤਾਈਂ ਤੂੰ ਮੇਰੀ ਕਸਮ ਤੋੜੀ ਨਹੀਂ।" ਫੇਰ ਮੈਂ ਉਸਦੇ ਸਿਰ ਤੇ ਹੱਥ ਰੱਖਕੇ ਕਹਿ ਦਿੱਤਾ, "ਹਾਏ ਮੈਂ ਮਰਜਾਂ! ਸੱਚੀ ਬਿੱਲੇ ਤੂੰ ਐਨੀ ਹਾਈਟ ਤੇ ਪਹੁੰਚ ਕੇ ਵੀ ਸਿਰਫ਼ ਮੈਨੂੰ ਐਨਾ ਪਿਆਰ ਕਰਦਾ ਏ" ਕਹਿੰਦੇ ਕਹਿੰਦੇ ਉਹ ਮੇਰੇ ਨਾਲ ਪੂਰੀ ਤਰ੍ਹਾਂ ਚਿੰਬੜ ਗਈ। ਉਸ ਆਪੇ ਆਪਣੇ ਗਰਮ ਗਰਮ ਕੂਲੇ ਕੂਲੇ ਬੁੱਲ੍ਹ ਮੇਰੇ ਬੁੱਲ੍ਹਾਂ ਤੇ ਰੱਖ ਦਿੱਤੇ ਤੇ ਜਾਣੋ ਜ਼ਿੰਦਗੀ ਵਿੱਚ ਪਹਿਲੀ ਵਾਰ ਉਹ ਆਪਣੀ ਚਾਹਤ ਦਾ ਇਉਂ ਖੁੱਲਕੇ ਇਜ਼ਹਾਰ ਕਰਨ ਲੱਗੀ ਹੋਵੇ। "ਬਿੱਲੇ, ਮੈਨੂੰ ਤੇਰੀਆਂ ਨੀਲੀਆਂ ਨੀਲੀਆਂ ਅੱਖਾਂ ਸ਼ੁਰੂ ਦਿਨ ਤੋਂ ਹੀ ਬਹੁਤ ਪਸੰਦ ਸਨ। ਖਾਸ ਕਰਕੇ ਤੇਰੇ ਸੁਰਖ ਕਟੀਲੇ ਬੁੱਲ੍ਹ ਮੇਰੀ ਕਮਜ਼ੋਰੀ ਰਹੇ। ਤੇਰਾ ਗੋਰਾ ਸੰਧੂਰੀ ਰੰਗ ਤਾਂ ਕੁੜੀਆਂ ਦੀ ਜਾਨ ਕੱਢ ਲੈਂਦਾ ਏ। ਬਿੱਲੇ, ਤੂੰ ਸਿਰਫ਼ ਤੇ ਸਿਰਫ਼ ਮੇਰਾ ਹੀ ਹੈਂ ਨਾ। ਮੈਂ ਤੈਨੂੰ ਕਦੇ ਕਿਸੇ ਨਾਲ ਵੀ ਸ਼ੇਅਰ ਨਹੀਂ ਕਰ ਸਕਦੀ।" ਜਾਣੋ ਅੱਜ ਪ੍ਰੀਤਮਾ ਦਾ ਪੂਰਾ ਬਲਿਊ ਮੂਡ ਬਣਿਆ ਹੋਇਆ ਸੀ। ਜਿਵੇਂ ਪੁੰਨਿਆਂ ਦਾ ਪੂਰਾ ਚੰਨ ਵਿਚਾਰੇ ਸਾਗਰ ਨੂੰ ਝੱਲਿਆਂ ਕਰ ਦਿੰਦਾ ਹੈ, ਇਵੇਂ ਪ੍ਰੀਤਮਾ ਨੇ ਮੈਨੂੰ ਦੰਦੀਆਂ ਵੱਢ ਵੱਢ ਕੇ ਖਾ ਲਿਆ। ਜਾਣੋ ਅੱਜ ਪ੍ਰੀਤਮਾ ਨੇ ਮੈਨੂੰ ਆਪਣਾ ਆਪ ਪੂਰੀ ਤਰ੍ਹਾਂ ਨਾਲ ਸਮਰਪਿਤ ਕਰ ਦਿੱਤਾ ਹੋਵੇ। ਅਸੀਂ ਐਨੀ ਠਰੀ ਰਾਤ ਵਿੱਚ ਵੀ ਤ੍ਰੇਲੀਓ ਤ੍ਰੇਲੀ ਹੋਏ ਪਏ ਸਾਂ। ਪਤਾ ਨਹੀਂ ਕਿੰਨੀਆਂ ਸਦੀਆਂ ਦੇ ਅਸੀਂ ਇੱਕ ਦੂਜੇ ਲਈ ਪਿਆਸੇ ਸੀ। ਪ੍ਰੀਤਮਾ ਨੂੰ ਮੇਰਾ ਅਲ੍ਹੜ ਜਿਹਾ ਪਿਆਰ ਕਰਨ ਦਾ ਅੰਦਾਜ਼ ਬਹੁਤ ਚੰਗਾ ਲੱਗਾ। ਵਾਰ ਵਾਰ ਜਾਣੋ ਕਚੀਚੀਆਂ ਵੱਟ ਕੇ ਕਹਿੰਦੀ, "ਜੀ ਕਰਦਾ ਏ ਬਿੱਲਿਆ, ਅੱਜ ਤੈਨੂੰ ਪੂਰਾ ਨਿਗਲ ਜਾਂ। ਮੈਨੂੰ ਤੇਰਾ ਇਹ ਮਾਸੂਮ ਜਿਹਾ

ਪੈਸ਼ਨ ਬੜਾ ਹੀ ਚੰਗਾ ਲੱਗਾ ਏ। ਬਿੱਲੇ ਸੱਚ ਮੁੱਚ ਤੇਰਾ ਪਿਆਰ ਅਨਾੜੀ, ਸੱਜਰਾ ਤੇ ਕੁਆਰਾ ਹੈ। ਇਸਦਾ ਇੱਕ ਆਪਣਾ ਹੀ ਆਨੰਦ ਹੈ। ਕਿਵੇਂ ਤੂੰ ਝੱਲਿਆਂ ਵਾਂਗ ਮੇਰੇ ਪੈਰ ਦੇ ਨਹੁੰ ਤੋਂ ਮੇਰੇ ਮੱਥੇ ਤੱਕ ਮੇਰਾ ਅੰਗ ਅੰਗ ਚੁੰਮ ਲਿਆ ਏ। ਕੀ ਐਨੇ ਦਹਾਕੇ ਸਾਂਭੀ ਰੱਖਿਆ ਆਪਣਾ ਪਿਆਰ, ਸਿਰਫ਼ ਤੇ ਸਿਰਫ਼ ਮੇਰੇ ਲਈ। ਅੱਜ ਤਾਂ ਸਾਰੀਆਂ ਚਰਮ ਸੀਮਾਂ ਪਾਰ ਕਰਨ ਨੂੰ ਦਿਲ ਕਰਦਾ ਏ। ਬਿੱਲੇ, ਮੈਨੂੰ ਮਾਫ਼ ਕਰੀਂ ਮੈਂ ਅੱਜ ਤਾਈਂ ਤੈਨੂੰ ਬਹੁਤ ਤਰਸਾਇਆ ਏ। ਬੱਸ ਹੁਣ ਨਹੀਂ। ਤੇ ਤੂੰ ਅੱਜ ਪੂਰਾ ਤ੍ਰਿਪਤ ਹੋ ਜਾ। ਸਭ ਕੁੱਝ ਤੇਰੇ ਹਵਾਲੇ। ਅੱਜ ਤਾਂ ਤੇਰੀ ਕੋਈ ਨਿਸ਼ਾਨੀ ਰੱਖਣ ਨੂੰ ਵੀ ਦਿਲ ਬੇਈਮਾਨ ਏ। ਜੋ ਵੀ ਹੋਊ ਦੇਖੀ ਜਾਏਗਾ।" ਕਹਿੰਦਿਆਂ ਕਹਿੰਦਿਆਂ ਉਸ ਮੈਨੂੰ ਪੂਰੀ ਤਰ੍ਹਾਂ ਆਪਣੀਆਂ ਬਾਹਾਂ ਵਿੱਚ ਸਮੇਟ ਲਿਆ। ਦਿਨ ਚੜ੍ਹੇ ਤੱਕ ਅਸੀਂ ਦੋਵੇਂ ਉਵੇਂ ਹੀ ਸੁੱਤੇ ਰਹੇ। ਉਹ ਤਾਂ ਅਚਾਨਕ ਪ੍ਰੀਤਮਾ ਦੇ ਸਕੂਲ ਦੀ ਮਾਈ ਆ ਗਈ ਸੀ। ਸ਼ਾਇਦ ਸਵੇਰ ਦਾ ਨਾਸ਼ਤਾ ਬਣਾਉਣ ਲਈ। ਪ੍ਰੀਤਮਾ ਤਾਂ ਨੱਠ ਕੇ ਵਾਸ਼ ਰੂਮ ਵਿੱਚ ਜਾ ਵੜੀ ਤੇ ਮੈਂ ਪਿਛਲੇ ਕਮਰੇ ਵਿੱਚ ਜਾ ਕੇ ਸੌਂ ਗਿਆ। ਮਾਈ ਬੁੜ ਬੁੜ ਕਰਦੀ ਆਪੇ ਕਿਆਫ਼ੇ ਲਾਉਂਦੀ ਚਲੀ ਗਈ. . ਸ਼ਾਇਦ ਮੈਡਮ ਜੀ ਨਹਾ ਰਹੇ ਹੋਣ। ਠਹਿਰ ਕੇ ਆਨੀ ਆਂ।

ਦੂਜੇ ਦਿਨ ਐਵੇਂ ਮਿਲਣ ਮਿਲਾਉਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ। ਜਾਣੋ ਰਜਿੰਦਰ ਬਾਬੂ ਤਾਂ ਮੇਰੇ ਨਾਲ ਚਿੱਚੜ ਹੀ ਹੋ ਗਿਆ ਹੋਵੇ। ਸ਼ਾਮੀਂ ਪ੍ਰੀਤਮਾ ਦੇ ਭਰਾ ਭਾਬੀ ਤੇ ਬੱਚੇ ਸਾਨੂੰ ਮਿਲਣ ਆ ਗਏ। ਅਸੀਂ ਦੋਵੇਂ ਪਿਛਲੀ ਰਾਤ ਨੂੰ ਯਾਦ ਕਰਕੇ ਤਰਸਦੇ ਰਹੇ। ਫੇਰ ਪ੍ਰੀਤਮਾ ਨਾਲ ਛੇਤੀ ਮਿਲਣ ਦਾ ਵਾਅਦਾ ਕਰਕ ਮੈਂ ਵਾਪਿਸ ਬੰਬਈ ਆ ਗਿਆ।

ਪ੍ਰੀਤਮਾ ਨੇ ਜਿਵੇਂ ਇੱਕ ਰਾਤ ਵਿੱਚ ਹੀ ਮੇਰੇ ਪਿਛਲੇ 25-30 ਸਾਲ ਦੇ ਸਾਰੇ ਗਿਲੇ ਸ਼ਿਕਵੇ, ਕੜਵਾਹਟਾਂ ਤੇ ਨਿਰਾਦਰ ਭਰੇ ਜ਼ਹਿਰ ਨੂੰ ਅੰਮ੍ਰਿਤ ਵਿੱਚ ਬਦਲ ਦਿੱਤਾ ਹੋਵੇ। ਜਾਣੋ ਮੇਰੀ ਉਮਰਾਂ ਦੀ ਥਕਾਨ ਲਹਿ ਗਈ ਹੋਵੇ। ਹੁਣ ਸਭ ਕੁੱਝ ਚੰਗਾ ਚੰਗਾ ਲੱਗਣ ਲੱਗ ਪਿਆ ਹੋਵੇ। ਧੁਰ ਅੰਦਰੋਂ ਇੱਕ ਜੀਉਣ ਦਾ ਉਤਸ਼ਾਹ ਪੈਦਾ ਹੋ ਗਿਆ ਸੀ। ਪ੍ਰੀਤਮਾ ਦਾ ਇਹ ਕਰਮ ਮੇਰੇ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਹੁਣ ਹਰ ਵੇਲੇ ਉਸ ਬਾਰੇ ਹੀ ਸੋਚਦਾ ਰਹਿੰਦਾ। ਉਹ ਮੇਰੇ ਲਈ ਇੱਕ ਨਵੀਨ ਪ੍ਰੇਰਣਾ ਬਣ ਕੇ ਉਭਰੀ ਸੀ। ਜਾਣੋ ਉਸ ਇੱਕ ਸਦੀਆਂ ਤੋਂ ਅਧੂਰੇ ਸ਼ਖ਼ਸ਼ ਨੂੰ ਪਲਾਂ ਵਿੱਚ ਪੂਰਾ ਕਰ ਦਿੱਤਾ ਹੋਵੇ।

ਮੈਂ ਬੜੀ ਸ਼ਿੱਦਤ ਨਾਲ ਆਪਣੀ ਫ਼ਿਲਮ ਦੀ ਸੂਟਿੰਗ ਪੂਰੀ ਕੀਤੀ ਤੇ ਫਿਰ ਉਸਦੀ ਫਾਈਨਲ ਐਡੀਟਿੰਗ ਵਿੱਚ ਜੁੜ ਗਿਆ। ਅਚਾਨਕ ਫੇਰ ਬੀਜੀ ਦੀ ਤਬੀਅਤ ਬਹੁਤ ਖਰਾਬ ਹੋ ਗਈ। ਇਸ ਬਾਰ ਮੇਰੀ ਪਿਆਰੀ ਅੰਮੜੀ ਮੈਨੂੰ ਆਖਰੀ ਦਰਸ਼ਨ ਦਿੱਤੇ ਬਗ਼ੈਰ ਹੀ ਸਦਾ ਲਈ ਮੈਨੂੰ ਵਿਲਕਦਿਆਂ ਛੱਡ ਗਈ। ਜਿਵੇਂ ਅਚਾਨਕ ਮਿਲੀਆਂ ਖ਼ੁਸ਼ੀਆਂ ਨੂੰ ਕੋਈ ਗ੍ਰਹਿਣ ਲੱਗ ਗਿਆ ਹੋਵੇ। ਮੈਂ ਸੱਚ ਮੁੱਚ ਆਪਣੀ ਪਿਆਰੀ ਅੰਮੜੀ ਦਾ ਦੋਸ਼ੀ ਸਾਂ। ਜਿੰਨੀ ਉਸਨੂੰ ਮੇਰੇ ਤੋਂ ਆਪਣੀ ਸੇਵਾ ਦੀ ਆਸ ਸੀ ਮੈਂ ਉਨਾ ਉਸਨੂੰ ਦੁਖੀ ਕੀਤਾ। ਉਸਨੂੰ ਇਹ ਫ਼ਿਲਮ ਲਾਈਨ ਉਕਾ ਹੀ ਚੰਗੀ ਨਹੀਂ ਲੱਗਦੀ। ਮੇਰੇ ਤਤੜੇ ਸ਼ੌਕ ਨੇ ਇੱਕ ਪਾਸੇ ਮੈਨੂੰ ਮੇਰੀ ਮਹਿਬੂਬਾ ਮਿਲਾਈ, ਦੂਜੇ ਪਾਸੇ ਇਸਦੇ ਜਨੂੰਨ ਨੇ ਮੈਥੋਂ ਮੇਰੀ ਮਾਂ ਖੋਹ ਲਈ। ਫੇਰ ਮੈਂ ਡੂੰਘੇ ਹੇਰਵੇ ਕਾਰਨ ਲੰਬੀ ਬੀਮਾਰੀ ਵਿੱਚ ਜਕੜਿਆ ਗਿਆ। ਫ਼ਿਲਮ ਹੋਰ ਲੇਟ ਹੋ ਗਈ। ਫੇਰ ਕਿਵੇਂ ਨਾ ਕਿਵੇਂ ਰੋ ਪਿੱਟ ਕੇ ਫ਼ਿਲਮ ਪੂਰੀ ਤਾਂ ਕੀਤੀ ਪਰ ਰਲੀਜ਼ ਨਾਂ ਕਰ ਸਕਿਆ। 1984 ਦੇ ਦੰਗਿਆਂ ਕਾਰਨ ਪੰਜਾਬ ਦੇ ਸਿਨੇਮਾਘਰ ਬਿਲਕੁਲ ਠੰਡੇ ਪੈ ਗਏ ਸਨ। ਵਿਚਾਰੇ ਪੰਜਾਬੀਆਂ ਨੂੰ ਆਪਣੀਆਂ ਜਾਨਾਂ ਦੀ ਪੈ ਗਈ। ਹੁਣ ਤਫ਼ਰੀਹ ਨੂੰ ਕੌਣ ਪੁੱਛਦਾ ਸੀ। ਪੂਰੇ ਪੰਜਾਬ ਦੇ ਨਾਲ ਨਾਲ ਮੈਂ ਵੀ ਇਨ੍ਹਾਂ ਹਾਲਤਾਂ ਦਾ ਸੰਤਾਪ ਹੰਢਾਇਆ। ਮੇਰਾ ਸਭ ਕੁੱਝ ਮਿੱਟੀ ਹੋ ਗਿਆ ਸੀ ਕਿਉਂਕਿ ਫੋਕੇ ਦਾਅਵੇਦਾਰ ਯਾਰ ਤਾਂ ਪਹਿਲਾਂ ਹੀ ਤੋਂ ਕੰਡ ਦਿਖਾ ਚੁੱਕੇ ਸਨ, ਆਪਣਾ ਹੀ ਘਰ ਫੂਕ ਕੇ ਹੀ ਤਮਾਸ਼ਾ ਦੇਖਣ ਵਾਲੀ ਗੱਲ ਹੋ ਗਈ ਸੀ।

ਆਖੀਰ ਨੂੰ ਫਿਰ ਤੋਂ ਸਭ ਕੁੱਝ ਛੱਡ ਛਡਾਕੇ ਮੈਂ ਮੁੜਕੇ ਕੈਨੇਡਾ ਚਲਾ ਗਿਆ। ਇੱਕ ਵਾਰ ਫਿਰ ਸਭ ਕੁੱਝ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਪਿਆ। ਹੁਣ ਬਜ਼ੁਰਗ ਪਿਤਾ ਜੀ ਨੂੰ ਕੱਲਿਆਂ ਪੰਜਾਬ ਵਿੱਚ ਛੱਡਣਾ ਵੀ ਔਖਾ ਸੀ। ਫੇਰ ਸਾਰੇ ਭੈਣ ਭਰਾਵਾਂ ਨੇ ਮਿਲਕੇ ਮੈਨੂੰ ਇੱਕ ਵਾਰੀ ਵੱਡਾ ਸਟੋਰ + ਗੈਸ ਸਟੇਸ਼ਨ + ਰਹਾਇਸ਼ ਲੈ ਕੇ ਦੇ ਦਿੱਤਾ। ਬਿਲਕੁਲ ਨਵੀਂ ਜਗ੍ਹਾ, ਨਵਾਂ ਹੀ ਕੰਮ, ਨਵੇਂ ਹੀ ਲੋਗ, ਕਾਰੋਬਾਰ ਦਾ ਕੋਈ ਤਜ਼ਰਬਾ ਵੀ ਨਹੀਂ ਸੀ। ਕੱਲੇ ਮੈਂ ਤੇ ਮੇਰੇ ਬਜ਼ੁਰਗ ਪਿਤਾ ਜੀ। ਉਨ੍ਹਾਂ ਦੀ ਰੋਟੀ ਟੁੱਕ ਦਾ ਮੈਨੂੰ ਹੀ ਕਰਨਾ ਹੁੰਦਾ ਸੀ। ਰੋਜ਼ 20 ਘੰਟੇ ਸੱਤੇ ਦਿਨ ਕੰਮ ਕਰ ਕਰ ਕੇ ਖੱਪ ਜਾਣਾ, ਤੇ ਪੂਰਾ ਫੇਰ ਵੀ ਨਾ ਪੈਣਾ। ਕਿਤੋਂ ਨਾ ਕਿਤੋਂ ਕਾਣ ਰਹਿ ਹੀ ਜਾਣੀ। ਜਿਸ ਨੂੰ ਵੀ ਆਪਣਾ ਸਮਝਕੇ ਸਟੋਰ ਤੇ ਰੱਖਦਾ, ਉਹੀ ਯਾਰ ਮਾਰ ਕਰਨੋ ਨਾਂ ਟੱਲਦਾ। ਜਦੋਂ ਹੌਲੀ ਹੌਲੀ ਕੰਮ ਦਾ ਭੇਤ ਆਉਣ ਲੱਗਿਆ ਤਾਂ ਪੂਰਾ ਕਨੇਡਾ ਰੀਸੈਸ਼ਨ ਦੀ ਲਪੇਟ ਵਿੱਚ ਆਉਣ ਲੱਗ ਪਿਆ। ਫੇਰ ਅਚਾਨਕ ਬਲਦੇਵ ਵੀਰੇ ਦੀ ਮੌਤ ਨੇ ਮੇਰਾ ਤੇ ਪਿਤਾ ਜੀ ਦਾ ਤਾਂ ਮੂਲੋਂ ਲੱਕ ਤੋੜ ਦਿੱਤਾ। ਫੇਰ ਥੋੜਾ ਸੰਭਲੇ ਹੀ ਸਾਂ ਕਿ ਸਾਵੀ ਜਾਣ ਬੁੱਝ ਕੇ ਤੰਗ ਕਰਨ ਲੱਗ ਪਈ। ਉਧਰੋਂ ਪੀਤਮਾ ਦੀਆ ਆਏ ਦਿਨ ਕੋਈ ਨਾ ਕੋਈ ਫ਼ਰਮਾਇਸ਼ ਤੁਰੀ ਰਹਿੰਦੀ।

ਇਕ ਦਿਨ ਰਾਤੀਂ ਅਚਾਨਕ ਪ੍ਰੀਤਮਾ ਦਾ ਭਾਰਤ ਤੋਂ ਫੋਨ ਆ ਗਿਆ। ਹਿਚਕੀਆਂ ਲੈ ਲੈ ਕੇ ਉੱਚੀ-ਉੱਚੀ ਰੋਈ ਜਾਵੇ, "ਹਾਏ ਬਿੱਲੇ! ਮੈਂ ਲੁੱਟ ਗਈ, ਮੈਂ ਵਿਧਵਾ ਹੋ ਗਈ, ਮੇਰਾ ਬੱਚਾ ਯਤੀਮ ਹੋ ਗਿਆ। ਅਸਾਮ ਵਿੱਚ ਕਿਸੇ ਜਵਾਨ ਨੇ ਖੁੰਦਕ ਵਿੱਚ ਆ ਕੇ ਮੇਰੇ ਪਤੀ ਦਾ ਖੂਨ ਕਰ ਦਿੱਤਾ। ਮੈਂ ਤੇ ਮੇਰਾ ਬੱਚਾ ਬਹੁਤ ਸਹਿਮੇ ਹੋਏ ਹਾਂ। ਬਲਬੀਰ ਜਿਵੇਂ ਵੀ ਕਰਕੇ ਤੂੰ ਆ ਜਾ। ਮੈਂ ਬਹੁਤ ਹੀ ਇਕੱਲੀ ਮਹਿਸੂਸ ਕਰ ਰਹੀ ਹਾਂ। ਮੈਂ ਮੂਲੋਂ ਹੀ ਟੁੱਟ ਗਈ ਹਾਂ। ਤੇਰੇ ਨਾਲੋਂ ਵੱਧ ਕੌਣ ਮੇਰਾ ਆਪਣਾ ਹੈ ਜਿਸਦੇ ਮੋਢੇ ਤੇ ਸਿਰ ਰੱਖ ਕੇ ਮੈਂ ਰੋ ਸਕਾਂ।" ਮੈਂ ਇਕਦਮ ਭਾਵੁਕ ਹੋ ਗਿਆ। ਜਾਣੋ ਬੌਖਲਾ ਜਿਹਾ ਗਿਆ ਹੋਵਾਂ। ਮੈਂ ਆਪਣਾ ਸਟੋਰ ਘਾਟੇ ਤੇ ਹੀ ਸੇਲ ਤੇ ਲਾ ਦਿੱਤਾ। ਪਿਤਾ ਜੀ ਤੇ ਘਰਦਿਆਂ ਨੇ ਬੜਾ ਸਮਝਾਇਆ, "ਤੇਰੀ ਇਹ ਬੇਸਬਰੀ ਤੇ ਭਟਕਣ ਨੇ ਵੇਖੀਂ ਸਭ ਦਾ ਥੱਲਾ ਲਾਹ ਦੇਣਾ ਏ। ਲੱਖਾਂ ਕਰੋੜਾਂ ਦੀ ਗੱਲ ਹੈ। ਸਭ ਦੇ ਸਾਂਝੇ ਪੈਸੇ ਨੇ। ਤੇਰੇ ਕੱਲੇ ਦੇ ਤਾਂ ਨਹੀਂ। ਨਾਲੇ ਹੁਣ ਇੰਡੀਆ ਤੂੰ ਕਿਸ ਕੋਲ ਜਾਣਾ ਏ। ਸਾਡਾ ਸਾਰਾ ਪਰਿਵਾਰ ਤਾਂ ਇੱਥੇ ਹੀ ਸੈਟਲ ਹੈ।"

ਪਰ ਮੈਂ ਕਿਸੇ ਦੀ ਵੀ ਇੱਕ ਨਾ ਸੁਣੀ। ਸਟੋਰ ਘਾਟੇ ਤੇ ਵੇਚ ਦਿੱਤਾ। ਜੋ ਵੀ ਹਿੱਸੇ ਆਇਆ ਪਿਤਾ ਜੀ ਨੂੰ ਨਾਲ ਲੈ ਕੇ ਵਾਪਿਸ ਇੰਡਿਆ ਆ ਗਿਆ। ਜਿਨ੍ਹਾਂ ਵੀ ਮੇਰਾ ਤਾਣ ਸੀ ਤਨੋ ਮਨੋ ਧਨੋ ਸਭ ਕੁੱਝ ਪ੍ਰੀਤਮਾ ਨੂੰ ਅਰਪਣ ਕਰ ਦਿੱਤਾ। ਦਿਨ ਰਾਤ ਪਰਛਾਵੇਂ ਵਾਂਗ ਉਸਦੇ ਮੋਢੇ ਨਾਲ ਮੋਢਾ ਢਾਹ ਕੰਮ ਕਰਦਾ ਰਿਹਾ। ਹੌਲੀ ਹੌਲੀ ਪ੍ਰੀਤਮਾ ਸੰਭਲਣ ਲੱਗ ਪਈ। ਉਸਨੂੰ ਮਿਲਟਰੀ ਵੱਲੋਂ ਕਾਫ਼ੀ ਵੱਡਾ ਮੁਆਵਜ਼ਾ ਮਿਲ ਗਿਆ। ਬੱਚੇ ਨੂੰ ਮਿਲਟਰੀ ਟ੍ਰੇਨਿੰਗ ਕ੍ਰੈਡਿਟ ਵਿੱਚ ਦਾਖਲਾ ਮਿਲ ਗਿਆ। ਕਨੇਡਾ ਤੋਂ ਤੁਰਨ ਤੋਂ ਪਹਿਲਾਂ ਹੀ ਉਸਦੀ ਤੇ ਉਸਦੇ ਬੱਚੇ ਦੀ ਲੰਬੀ ਚੌੜੀ ਲਿਸਟ ਵੀ ਪਹੁੰਚ ਗਈ ਸੀ। ਕੈਮਰਾ, ਮਿਊਜ਼ਿਕ ਕੈਮਰਾ, ਵੀ. ਸੀ. ਆਰ. , ਇੱਕ ਮਿਊਜ਼ਿਕ ਡੈਕ ਆਦਿ। ਪਤਾ ਨਹੀਂ ਕੀ ਕੀ। 50-60 ਹਜ਼ਾਰ ਦੀ ਸ਼ੋਪਿੰਗ ਕਰਨੀ ਪਈ ਤੇ ਐਨੀ ਹੀ ਏਅਰ ਪੋਰਟ ਤੇ ਡਿਊਟੀ ਦੇਣੀ ਪੈ ਗਈ। ਫੇਰ ਹਰ ਦੂਜੇ ਤੀਜੇ ਮਹੀਨੇ ਪੂਨਾ ਦਾ ਟਰਿੱਪ ਰੱਖ ਲੈਣਾ। ਹੋਟਲਾਂ, ਟੈਕਸੀਆਂ ਤੇ ਹਜ਼ਾਰਾਂ ਰੁਪਏ ਖਰਚ ਕਰਨੇ ਪੈ ਜਾਣੇ। ਹਰ ਬਾਰ ਮੋਟਾ ਖਰਚਾ। ਸਭ ਨਾਲੋਂ ਦੁੱਖ ਵਾਲੀ ਗੱਲ, ਮੈਨੂੰ ਆਪਣੇ ਵਿਰਧ ਪਿਉ ਨੂੰ ਕੱਲਿਆਂ ਹੀ ਕਈ ਕਈ ਹਫ਼ਤੇ ਅੱਖੋਂ ਪ੍ਰੋਖੇ ਕਰਨਾ ਪੈਂਦਾ। ਹਰ ਬਾਰ ਪ੍ਰਤਮਾ ਨੇ ਇਹੀ ਕਹਿਣਾ, “ਬੱਸ, ਬੱਚੇ ਨੂੰ ਥੋੜਾ ਆਪਣੇ ਪੈਰਾਂ ਤੇ ਖੜਾ ਹੋ ਲੈਣ ਦੇ ਫੇਰ ਆਪਾਂ ਵਿਆਹ ਕਰਵਾ ਕੇ ਬਾਪੂ ਜੀ ਦੀ ਖੂਬ ਸੇਵਾ ਕਰਾਂਗੇ। ਆਪਾਂ ਮੁੜਕੇ ਤਿੰਨੋਂ ਕਨੇਡਾ ਚੱਲਾਂਗੇ।” ਨਿੱਤ ਨਵਾਂ ਲਾਰਾ। ਥੋੜਾ ਬਹੁਤ ਪੁਚਕਾਰ ਕੇ ਓਪਰਾ ਜਿਹਾ ਪਿਆਰ ਕਰ ਛੱਡਣਾ।

ਗੱਲ ਕੀ ਹੁਣ ਇਹ ਮਾਂ-ਪੁੱਤ ਪੂਰੀ ਤਰ੍ਹਾਂ ਨਾਲ ਸੈਟ ਹੋ ਗਏ। ਚਾਰੋਂ ਪਾਸਿਉਂ ਪੈਸਾ, ਜ਼ਮੀਨ ਦਾ ਵੀ ਹਿੱਸਾ ਮਿਲ ਗਿਆ। ਅਲਾਟ ਹੋਏ ਪਟਰੋਲ ਪੰਪ ਦੀ ਵੀ ਅੰਨ੍ਹੀ ਕਮਾਈ ਆਉਣ ਲੱਗ ਪਈ। ਫੇਰ ਵੀ ਪੈਸੇ ਵੱਲੋਂ ਕਦੇ ਉਨ੍ਹਾਂ ਦੀ ਨੀਅਤ ਨਾਂ ਰੱਜਦੀ। ਜਿਵੇਂ ਮੇਰਾ ਅੰਤ ਦੇਖਣ ਤੇ ਤੁਲੇ ਹੋਣ। ਰੋਜ਼ ਕੋਈ ਨਾ ਕੋਈ ਨਵੀਂ ਫਰਮਾਇਸ਼ ਜਾਂ ਵਗਾਰ ਪਾਈ ਰੱਖਣੀ। ਹੁਣ ਹੌਲੀ ਹੌਲੀ ਮੈਨੂੰ ਨਜ਼ਰ ਅੰਦਾਜ਼ ਵੀ ਕਰਨਾ ਸ਼ੁਰੂ ਕਰ ਦਿੱਤਾ। ਕੱਲ ਜੋ ਇੱਕ ਵੱਡਾ ਸਹਾਰਾ ਸੀ ਅੱਜ ਉਹ ਬੋਝ ਜਾਪਣ ਲੱਗ ਪਿਆ। ਇੱਕ ਦਿਨ ਅੱਕ ਕੇ ਮੈਂ ਪੁੱਛ ਹੀ ਲਿਆ, “ਮੈਨੂੰ ਲੱਗਦਾ ਹੈ ਹੁਣ ਤੁਹਾਨੂੰ ਮੇਰੀ ਕੋਈ ਜ਼ਰੂਰਤ ਨਹੀਂ ਰਹੀ। ਜਿਵੇਂ ਮੇਰੀ ਹੋਂਦ ਹੁਣ ਤੁਹਾਡੇ ਲਈ ਕੁੱਝ ਕੁਝ ਬੋਝ ਬਣਦੀ ਜਾ ਰਹੀ ਹੈ। ਮੈਂ ਤਾਂ ਪ੍ਰੀਤਮਾ ਜੀ, ਆਪਣੇ ਪਿਆਰ ਦਾ ਬੱਧਾ ਇੱਥੇ ਬੈਠਾ ਹਾਂ। ਤਕਰੀਬਨ ਪਿਛਲੇ 30-40 ਸਾਲ ਤੋਂ ਤੂੰ ਮੈਨੂੰ ਐਵੇਂ ਟਰਕਾਈ ਜਾਂਦੀ ਏਂ। ਹੁਣ ਤਾਂ ਦੋ ਟੂਕ ਗੱਲ ਮੁਕਾ ਦੇ। ਜਾਂ ਤਾਂ ਪੂਰੀ ਤਰ੍ਹਾਂ ਨਾਲ ਅੱਜ ਮੈਨੂੰ ਆਪਣੇ ਗਲੇ ਨਾਲ ਲਾ ਲੈ, ਜਾਂ ਉੱਕਾ ਹੀ ਗਲੋਂ ਲਾਹ ਕੇ ਸੁੱਟ ਦੇ। ਇਸ ਤਰ੍ਹਾਂ ਤਿਲ-ਤਿਲ ਕਰਕੇ ਰੋਜ਼ ਮਰਨ ਨਾਲੋਂ ਤਾਂ ਇੱਕ ਵਾਰ ਮਰਨਾ ਕਿਤੇ ਚੰਗਾ ਏ।”

ਅੱਗੋਂ ਪ੍ਰੀਤਮਾ ਨੇ ਕਿਹਾ, “ਅੱਛਾ, ਅੱਜ ਮੈਂ ਤੈਨੂੰ ਸੱਚ-ਸੱਚ ਦਸ ਹੀ ਦਿੰਦੀ ਹਾਂ। ਬਰਦਾਸ਼ਤ ਕਰ ਲਵੇਂਗਾ ਕਿ ਨਹੀਂ? “ਮੈਂ ਕਿਹਾ, “ਹਾਂ, ਤੁਸੀਂ ਬੇਝਿਜਕ ਹੋ ਕੇ ਕਹੋ।” ਪ੍ਰੀਤਮਾਂ ਨੇ ਇਕਦਮ ਆਪਣੇ ਤੇਵਰ ਬਦਲੇ ਤੇ ਬੜੀ ਹੀ ਕੁਰਖ਼ਤ ਜਿਹੀ ਅਵਾਜ਼ ਵਿੱਚ ਕਿਹਾ, “ਸੁਣੋ ਬਲਬੀਰ ਸਾਹਿਬ, ਨਾ ਮੈਂ ਤੈਨੂੰ ਕਦੇ ਕੱਲ ਪਿਆਰ ਕਰਦੀ ਸੀ ਤੇ ਨਾ ਹੀ ਅੱਜ ਕਰਦੀ ਹਾਂ। ਮੈਂ ਤਾਂ ਕਦੇ ਤੈਨੂੰ ਆਪਣੇ ਕਾਬਿਲ ਹੀ ਨਹੀਂ ਸੀ ਸਮਝਿਆ। ਬਸ ਤੂੰ ਹੀ ਢੀਠਾਂ ਵਾਂਗ ਮੇਰਾ ਖਹਿੜਾ ਹੀ ਨਹੀਂ ਸੀ ਛੱਡਦਾ।” ਮੇਰੇ ਤੇ ਤਾਂ ਜਿਵੇਂ ਸੌ ਘੜੇ ਠਰਿਆ ਪਾਣੀ ਪੈ ਗਿਆ ਹੋਵੇ। ਮੈਂ ਸੁੰਨ ਹੋ ਗਿਆ। ਜਾਣੋ ਧਰਤ ਮੈਨੂੰ ਗਰਕਣ ਲਈ ਰਤਾ ਵੀ ਵਿਹਲ ਨਾ ਦਿੰਦੀ ਹੋਵੇ। ਜਿਵੇਂ ਅੱਜ ਪ੍ਰੀਤਮਾ ਨੇ ਬੜੀ ਹੀ ਬੇਰਹਿਮੀ ਨਾਲ ਇੱਕ ਤਨਜ਼ ਦਾ ਕੋਈ ਮੋਟਾ ਜਿਹਾ <u>*ਜੰਗਾਲਿਆ ਕਿੱਲ*, ਧੁਰ ਮੇਰੇ ਜਿਗਰ ਵਿੱਚ ਠੋਕ ਦਿੱਤਾ ਹੋਵੇ</u>, ਜੋ ਅੱਜ ਵੀ ਨਸੂਰ ਬਣਕੇ ਮੇਰੇ ਸੀਨੇ ਵਿਚੋਂ ਰਿੱਸਦਾ ਹੈ। ਕੱਲ ਵੀ ਇਵੇਂ ਰਿੱਸਦਾ ਰਹੇਗਾ। ਜਿਵੇਂ ਮੇਰੇ ਹੋਸ਼ ਹਵਾਸ ਉੱਡ ਗਏ ਹੋਣ। ਜਿਵੇਂ ਮੇਰੇ ਜਨੂੰਨ ਨੂੰ ਅੱਜ ਖੱਸੀ ਕਰਨ ਲਈ ਰੱਸੇ ਪਾ ਕੇ ਕਿਸੇ ਅਲਕ ਵੈੜਕੇ ਵਾਂਗੂੰ ਢਾਹਿਆ ਹੋਵੇ। ਮੈਂ ਬੇਬਸ ਛਟਪਟਾ ਰਿਹਾ ਹੋਵਾਂ। ਜਿਵੇਂ ਮੇਰੇ ਜੀਉਂਦੇ ਜਾਗਦੇ ਵਜੂਦ ਨੂੰ ਅੱਜ ਕੋਈ ਤਗੜਾ ਖੋਰਾ ਲੱਗ ਗਿਆ ਹੋਵੇ। ਜੋ ਹਰ ਪਲ ਮੇਰੇ ਹੱਥੋਂ ਰੇਤ ਵਾਂਗੂੰ ਕਿਰ ਰਿਹਾ ਹੋਵੇ। ਜਿਵੇਂ ਮੇਰਾ ਅੱਜ ਹਰ ਸਾਹ ਪ੍ਰੀਤਮਾ ਨੂੰ ਨਹੀਂ ਸਗੋਂ ਆਪਣੀ ਮੌਤ ਨੂੰ ਉਡੀਕ ਰਿਹਾ ਹੋਵੇ। ਮੇਰੇ ਪੰਜਾਹ ਸਾਲਾਂ ਦੇ ਇੱਕ ਤਰਫ਼ਾ ਅਧੂਰੇ ਪਿਆਰ ਦਾ ਬਸ ਇਹੀ ਇਨਾਮ ਸੀ। ਇੱਕ “ਜੰਗਾਲਿਆ ਕਿੱਲ” ਸਦਾ ਅੱਲ੍ਹੇ ਜ਼ਖ਼ਮਾਂ ਦੇ ਰਿਸਦੇ ਨਸੂਰ। ਕੀ ਮੇਰੇ ਅੰਨ੍ਹੇ ਤੇ ਝੱਲੇ ਜਨੂੰਨ ਦਾ ਬੱਸ ਇਹੀ ਅੰਤ ਹੈ. . ਅੰਤ. . ਹੈ। ਵੈਸੇ ਤਾਂ ਪੂਰੀ ਹਯਾਤੀ ਮੇਰੀ ਹਰ ਸੋਚ ਪ੍ਰੀਤਮਾ ਤੇ ਆ ਕੇ ਮੁੱਕ ਜਾਂਦੀ ਸੀ। ਸ਼ਾਇਦ ਇਸੇ ਲਈ ਮੇਰੀ ਸਾਰੀ ਸ਼ਾਇਰੀ ਵੀ ਉਸਦੀ ਹੀ ਪਰਕਰਮਾਂ ਵਿੱਚ ਸਜ਼ਦੇ ਕਰਦੀ ਰਹੀ। ਖਾਸ ਕਰਕੇ ਮੇਰੀ ਇਹ ਗ਼ਜ਼ਲ ਮੇਰੇ ਹੀ ਅਧੂਰੇਪਨ ਦੀ ਤਰਜਮਾਨੀ ਕਰਦੀ ਏ. .

ਬਨ ਬਨ ਕੇ ਹਰ ਬਾਤ ਬਿਗੜੀ,
ਕੁਛ ਤੋ ਹਮੀਂ ਮੇ ਕਮੀ ਹੋਗੀ।
ਜ਼ਿੰਦਗੀ ਦੁਖੋਂ ਕੀ ਇੰਤਹਾ ਸੇ ਗੁਜ਼ਰੀ,
ਕੁਛ ਤੋ ਹਮੀ ਮੇ ਕਮੀ ਹੋਗੀ ….

ਕੀ ਅੱਲ੍ਹੜ ਉਮਰ ਦਾ ਨਾਕਾਮ ਇਸ਼ਕ ਐਨਾ ਝੱਲਾ, ਬੇਕਾਬੂ ਤੇ ਆਪਹੁਦਰਾ ਹੋ ਜਾਂਦਾ ਏ ਜੋ ਅੱਥਰਾ ਦਿਲ ਵਾਰ ਵਾਰ ਉਹੀ ਗ਼ਲਤੀ ਕਰਨ ਨੂੰ ਮਜ਼ਬੂਰ ਹੋ ਜਾਂਦਾ ਹੈ। ਭਾਵੇਂ ਉਸਨੂੰ ਕਿੰਨਾ ਵੀ ਜ਼ਲੀਲ, ਰੁਸਵਾ ਕਿਉਂ ਨਾ ਹੋਣਾ ਪਵੇ। ਅੱਜ ਫੇਰ ਅਚਾਨਕ ਪਤਾ ਨਹੀਂ ਕਿਉਂ ਸਭ ਕੁੱਝ ਮੱਲੋ-ਮੱਲੀ ਇੱਕ ਫ਼ਲੈਸ਼- ਬੈਕ ਫ਼ਿਲਮ ਰੀਲ੍ਹ ਵਾਂਗ ਮੇਰੇ ਜ਼ਿਹਨ ਵਿੱਚ ਆਪੇ ਤੁਰਨ ਲੱਗ ਪਿਆ।

ਪਹਿਲਾਂ ਪਹਿਲ ਉਸਦੇ ਘਰੋਂ ਰੋਹਤਕ ਵਿਚੋਂ ਭੁੱਖਾ ਭਾਣਾ ਅੱਧੀ ਠਰੀ ਨ੍ਹੇਰੀ ਰਾਤ, ਅਨਜਾਣ ਸੁੰਨਸਾਨ ਰਾਹ ਤੇ ਜਾਨ ਲੇਵਾ 30 ਮੀਲ ਦਾ ਸਫ਼ਰ, ਫੇਰ ਇੱਕ ਲੰਬੀ ਬੀਮਾਰੀ ਦਾ ਸੰਤਾਪ ਹੰਢਾਇਆ। ਦੂਜਾ ਉਸਦੇ ਨਿਰਮੋਹੀ ਤੇ ਰੁੱਖੇ

ਦੁਰਵਿਹਾਰ ਕਾਰਨ ਆਤਮ ਹੱਤਿਆ ਕਰਨਾ, ਜਿਸਦਾ ਸੰਤਾਪ ਮੈਂ ਅੱਜ ਵੀ ਪਿਛਲੀ ਅੱਧੀ ਸਦੀ ਤੋਂ ਭੁਗਤ ਰਿਹਾ ਹਾਂ। ਮੇਰੀ ਖਸਤਾ ਅੰਤੜੀਆਂ ਕਾਰਨ ਨਾ ਜ਼ਿਆਦਾ ਗਰਮੀ ਸਹਾਰ ਸਕਦਾ ਹਾਂ ਨਾ ਹੀ ਜ਼ਿਆਦਾ ਸਰਦੀ ਬਰਦਾਸ਼ਤ ਕਰ ਸਕਦਾ ਹਾਂ।

ਤੀਜਾ, ਪ੍ਰੀਤਮਾ ਦੇ ਪ੍ਰੇਮ ਪੱਤਰ ਲਿਜਾਣ ਲਈ ਐਨਾ ਰਿਸਕ ਲੈ ਕੇ ਉਸ ਖੂੰਖਾਰ ਜਾਟ ਦੇ ਚੁਬਾਰੇ ਵਿੱਚ ਜਾਣਾ। ਉਸ ਅੱਖੜ ਜਾਟ ਦੀਆਂ ਕਹੀਆਂ ਗਈਆਂ ਖਰੀਆਂ ਖਰੀਆਂ ਗੱਲਾਂ ਅੱਜ 16 ਆਨੇ ਸੱਚ ਨਿੱਕਲੀਆਂ, ਕਿ ਉਹ ਸਰਦਾਰਨੀ ਮੇਰੇ ਸਾਸੂ ਕੀ ਘਣੀ ਬਦਮਾਸ਼, ਚਾਲੂ ਰਾਂਡ ਸੈਂ। ਪੀਸੇ ਔਰ ਆਪਣੀ ਐਸ਼ ਕੇ ਲੀਏ ਕਿਸੀ ਕੇ ਗੈਲ ਭੀ ਸੋ ਸਕੇ। ਅਰੇ ਮਤਲਬ ਕੇ ਲਿਏ ਸੁਸਰੀ ਨੀਚ ਤੇ ਨੀਚ ਕਾਮ ਕਰਨੇ ਕੋ ਤਿਆਰ ਹੋ ਜਾਏ। ਮੈਂ ਭੀ ਕੱਚੀ ਗੋਲੀਆਂ ਨਾਂ ਖੇਲਾ ਸੂੰ।

ਚੌਥਾ, ਆਪ ਆਪਣੇ ਵਿਆਹ ਬਾਰੇ ਗੱਲ ਕਰਨ ਨੂੰ ਪਹਿਲਾਂ ਆਪ ਹੀ ਬੁਲਾ ਕੇ ਫੇਰ ਅੰਦਰ ਖਾਤੇ ਅਗਲੇ ਨੂੰ ਨੀਵਾਂ ਦਿਖਾਉਣਾ।

ਪੰਜਵਾਂ, ਆਪੇ ਇੱਕ ਦਿਨ ਬਿਨ ਬੁਲਾਏ ਹੀ ਸ਼ੋਹਰਤ ਦੀ ਭੁੱਖੀ, ਆਪਣੇ ਸਟਾਫ ਮੈਂਬਰ ਨਾਲ ਮੇਰੀ ਸ਼ੂਟਿੰਗ ਤੇ ਪਹੁੰਚਣਾ ਤੇ ਆਪੇ ਹੀ ਆਪਣੀ ਅਪਣੱਤ ਦੀ ਨੇੜਤਾ ਦਿਖਾਉਣੀ। ਆਪ ਸ਼ਾਦੀ ਸ਼ੁਦਾ ਤੇ ਇੱਕ ਬੱਚੇ ਦੀ ਮਾਂ ਹੁੰਦਿਆਂ ਹੋਇਆਂ ਵੀ ਮੈਨੂੰ ਆਪਣੀ ਮਰਜ਼ੀ ਨਾਲ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਕਿ ਮੈਂ ਆਪ ਜੋ ਮਰਜੀ ਕਰਦੀ ਫਿਰਾਂ ਪਰ ਤੂੰ ਸਿਰਫ਼ ਮੇਰੇ ਲਈ ਹੀ ਜੀਣਾ ਹੈ।

ਛੇਵਾਂ, ਇੱਕ ਵਾਰ ਉਚੇਚੇ ਤੌਰ ਤੇ ਆਪ ਤੇ ਆਪਣੇ ਬੱਚੇ ਤੋਂ ਕਹਾ ਕੇ ਮੈਨੂੰ ਆਪਣੇ ਬੱਚੇ ਦੇ ਜਨਮ ਦਿਨ ਤੇ ਬੁਲਾਇਆ। ਕਾਫੀ ਲੋਕ ਇਕੱਠੇ ਕੀਤੇ। ਪਾਰਟੀ ਦਾ ਸਾਰਾ ਖਰਚਾ ਮੈਂ ਹੀ ਚਾਈਂ ਚਾਈਂ ਕੀਤਾ। ਫੇਰ ਅਚਾਨਕ ਉਸਦਾ ਪਤੀ ਆ ਗਿਆ। ਮੈਂਨੂੰ ਉਸ ਸਾਰਿਆਂ ਦੇ ਸਾਹਮਣੇ ਅੱਧੀ ਰਾਤੀਂ ਘਰੋਂ ਕੱਢ ਦਿੱਤਾ। ਪ੍ਰੀਤਮਾ ਇੱਕ ਲਫ਼ਜ਼ ਨਾ ਬੋਲੀ।

ਜ਼ਿੰਦਗੀ ਨੇ ਘਰੋਂ ਕੱਢਿਆ,
ਮੌਤ ਨੇ ਨਾ ਬੂਹਾ ਖੋਲਿਆ,
ਤੇਰੀ ਦਹਿਲੀਜ਼ ਹੀ ਕਬਰ ਬਣ ਗਈ,
ਜਦੋਂ ਅੰਦਰੋਂ ਤੂੰ ਬੂਹਾ ਸੀ ਢੋਅ ਲਿਆ।

ਫੇਰ ਆਪੇ ਮੈਨੂੰ ਕਨੇਡਾ ਵਾਰ ਵਾਰ ਦਿਲ ਫ਼ਰੇਬ ਜਜ਼ਬਾਤੀ ਖ਼ਤ ਪਾ ਕੇ ਮੈਨੂੰ ਆਨੇ-ਬਹਾਨੇ ਲੁੱਟਦੀ ਰਹੀ। ਨਿੱਤ ਨਵੀਂ ਕੋਈ ਨਾ ਕੋਈ ਫ਼ਰਮਾਇਸ਼ ਕਰਦੇ ਰਹਿਣਾ। ਕਦੇ ਹੱਥ ਤੰਗ ਹੈ, ਪੈਸੇ ਭੇਜ ਦੇ। ਕਦੇ ਆਪਣੇ ਬੱਚੇ ਦੇ ਹੱਥੋਂ ਛੋਟੀ ਜਿਹੀ ਚਿੱਠੀ ਲਿਖਵਾ ਇਮੋਸ਼ਨਲ ਬਲੈਕਮੇਲ ਕਰਦੀ ਰਹੀ।

ਫੇਰ ਅਚਾਨਕ ਪ੍ਰੀਤਮਾ ਦੇ ਪਤੀ ਦਾ ਕਤਲ ਹੋ ਜਾਣਾ। ਇਸਦੇ ਬਾਅਦ ਲੰਮੇ ਚੌੜੇ ਖ਼ਤ ਆਉਣੇ ਕਦੇ ਟੈਲੀਫੋਨ ਵੀ ਕਿ ਅੱਜ ਮੈਨੂੰ ਤੇਰੇ ਮੋਢੇ ਦੀ ਲੋੜ ਹੈ, ਜਿਸਤੇ ਸਿਰ ਰੱਖ ਕੇ ਮੈਂ ਰੋ ਸਕਾਂ। ਅਜਿਹੀ ਨਾਜ਼ੁਕ ਹਾਲਤ ਵਿੱਚ ਮੈਨੂੰ ਮੇਰੇ ਸਭ ਤੋਂ ਕਰੀਬੀ ਹਮਦਰਦ ਦੋਸਤ ਦੀ ਲੋੜ ਹੈ। ਜੋ ਮੇਰੇ ਸਹਿਮੇ ਯਤੀਮ ਬੱਚੇ ਨੂੰ ਆ ਕੇ ਸਹਾਰਾ ਦੇਵੇ।

ਫੇਰ ਵੀ, ਮੈਨੂੰ ਤਾਂ ਇਉਂ ਲੱਗੇ ਜਿਵੇਂ ਉਹ ਮੇਰੇ ਬਿਨਾਂ ਮਰ ਜਾਵੇਗੀ। ਇਹੀ ਅਸਲ ਵਕਤ ਹੈ ਯਾਰੀ ਨਿਭਾਉਣ ਦਾ। ਜਿਵੇਂ ਮੈਂ ਮੂਲੋਂ ਹੀ ਪਾਗਲ ਹੋ ਗਿਆ ਸੀ। ਸਾਰੇ ਟੱਬਰ ਨੇ ਖਾਸ ਕਰਕੇ ਪਿਤਾ ਜੀ ਨੇ ਮੇਰੇ ਤਰਲੇ ਕੀਤੇ, "ਕਾਕਾ, ਐਨੇ ਘਾਟੇ ਵਿੱਚ ਕਾਰੋਬਾਰ ਨਾਂ ਵੇਚ। ਸਭ ਦਾ ਬਹੁਤ ਨੁਕਸਾਨ ਹੋਵੇਗਾ।" ਪਰ ਕਿੱਥੇ, ਮੈਂ ਕਿਸਦੀ ਸੁਣਦਾ। ਹੱਥੀਂ ਸਭ ਕੁੱਝ ਉਜਾੜ ਦਿੱਤਾ। ਬਚੇ ਖੁਚੇ ਤੇ ਪ੍ਰੀਤਮਾ ਨੇ ਝਾੜੂ ਫੇਰ ਦਿੱਤਾ।

ਇਕ ਦਿਨ ਮੈਂ ਉਸਨੂੰ ਆਪਣੇ ਘਰ ਲੁਧਿਆਣੇ ਪਿਤਾ ਜੀ ਨੂੰ ਮਿਲਾਉਣ ਲੈ ਗਿਆ। ਜਾਣੋ ਜ਼ਬਰਦਸਤੀ ਪਿਤਾ ਜੀ ਤੋਂ 5000/- ਰੁਪਏ ਪ੍ਰੀਤਮਾ ਨੂੰ ਸ਼ਗਨ ਵੀ ਦੁਆਏ ਕਿ ਕੱਲ ਨੂੰ ਇਹ ਤੁਹਾਡੀ ਹੋਣ ਵਾਲੀ ਨੂੰਹ ਹੈ ਤੇ ਪਹਿਲੀ ਵਾਰ ਆਪਣੇ ਘਰ ਆਈ ਹੈ। ਪਿਤਾ ਜੀ ਨੇ ਉਦੋਂ ਕਿਹਾ ਸੀ, "ਮੇਰਿਆ ਝੱਲਿਆ ਪੁੱਤਰਾ, ਇਸਦੇ ਘਰ ਵਸਾਉਣ ਵਾਲੇ ਚਾਲੇ ਨਹੀਂ ਦਿਸਦੇ। ਇਹ ਤਾਂ ਮੇਰੇ ਬੱਚੇ ਤੈਨੂੰ ਵਰਤ ਰਹੀ ਹੈ। ਤੂੰ ਤਾਂ ਇਸ ਪਿੱਛੇ ਮੇਰਾ ਬੁਢਾਪਾ ਵੀ ਰੋਲ਼ ਦਿੱਤਾ ਹੈ।"

ਜਿਵੇਂ ਉਸ ਜਾਦੂਗਰਨੀ ਨੇ ਮੇਰੇ ਸਿਰ ਵਿੱਚ ਕੁੱਝ ਧੂੜਿਆ ਹੋਵੇ। ਮੈਂ ਲੱਖ ਚਾਹ ਕੇ ਵੀ ਕਦੇ ਉਸਨੂੰ ਕਿਸੇ ਗੱਲੋਂ ਨਾਂਹ ਕਰ ਹੀ ਨਹੀਂ ਸਾਂ ਸਕਦਾ। ਇੱਕ ਵਾਰ ਉਹ ਮੇਰੇ ਨਾਲ ਮੇਰੇ ਜੱਦੀ ਪਿੰਡ ਗੰਧੋਵਾਲ ਗਈ। ਜਿਥੇ ਮੇਰੇ ਦਾਦਾ ਜੀ ਦਾ ਬਣਵਾਇਆ ਸ਼ੀਸ਼ ਮਹਿਲ ਨੁਮਾਂ ਘਰ ਤੇ ਪ੍ਰੀਤਮਾ ਮੋਹਿਤ ਹੋ ਗਈ। ਖਾਸ ਕਰਕੇ ਉਸਦੀਆਂ ਉੱਚੀਆਂ ਉੱਚੀਆਂ ਚਿਤਰਕਾਰੀ ਵਾਲੀਆਂ ਕੱਧਾਂ ਤੇ ਸਾਰੇ ਪਾਸੇ ਰੰਗ ਬਰੰਗੇ ਸ਼ੀਸ਼ੇ ਲੱਗੇ ਹੋਏ ਸਨ। ਸਵੇਰੇ ਸ਼ਾਮ, ਉਨ੍ਹਾਂ ਰੰਗੀਨ ਸ਼ੀਸ਼ਿਆਂ ਦਾ ਨਜ਼ਾਰਾ ਬੜਾ ਹੀ ਰਮਣੀਕ ਲੱਗਦਾ ਸੀ। ਸਭ ਨਾਲੋਂ ਰੋਚਕ ਤੀਸਰੀ ਮੰਜ਼ਿਲ ਦੇ ਚੁਬਾਰੇ ਤੇ ਬਹਿ ਕੇ ਕਈ ਕਈ ਮੀਲ ਤੋਂ ਕੁਦਰਤੀ ਨਜ਼ਾਰਿਆਂ ਦੇ ਖੁੱਲ੍ਹੇ ਦਰਸ਼ਨ ਹੁੰਦੇ ਸਨ। ਪ੍ਰੀਤਮਾ ਕਹੇ, "ਬਸ ਬਿੱਲੇ, ਮੈਨੂੰ ਅੱਜ ਆਪਣੇ ਸੁਪਨਿਆਂ ਦਾ ਘਰ ਮਿਲ ਗਿਆ। ਆਪਾਂ ਦੋਨੋਂ ਸਾਰੀ ਦੁਨੀਆਂ ਤੋਂ ਦੂਰ ਇੱਥੇ ਆ ਕੇ ਆਪਣਾ ਛੋਟਾ ਜਿਹਾ ਸਵਰਗ ਵਸਾਵਾਂਗੇ।" ਮੈਂ ਕਮਲੇ ਨੇ ਉਸਦੇ ਨਿੱਕੇ ਜਿਹੇ ਲਾਰੇ ਪਿੱਛੇ ਪੂਰੇ ਘਰ ਦੀਆਂ ਛੱਤਾਂ ਨਵੀਆਂ ਪੁਆ ਦਿੱਤੀਆਂ। ਐਵੇਂ ਚਾਰ ਪੰਜ ਲੱਖ ਰੁਪਏ ਖਰਚ ਦਿੱਤੇ। ਸਿਰਫ਼ ਇਸ ਲਈ ਕਿ ਇਹ ਘਰ ਮੇਰੀ ਪ੍ਰੀਤਮਾ ਨੂੰ ਪਸੰਦ ਹੈ। ਅੱਜ ਉਹ ਘਰ ਵੀ ਮੇਰੇ ਵਾਂਗ ਇਕੱਲਾ ਉਦਾਸ ਤੇ ਉਜੜਿਆ ਪਿਆ ਏ। ਮੇਰੇ ਦਿਲ ਵਾਂਗ ਰੰਗਲੇ ਸ਼ੀਸ਼ਿਆਂ ਦੀਆਂ ਕੀਚਰਾਂ ਵਿਖਰੀਆਂ ਪਈਆਂ ਨੇ। ਕਿਤੇ ਛੱਤਾਂ ਨਾਲ ਮਧੂ ਮੱਖੀਆਂ ਦੇ ਡੂਮਣੇ ਲੱਗੇ ਨੇ ਕਿਤੇ ਬੇਬਾਕ ਕਬੂਤਰ ਜਿਥੇ ਜੀ ਕਰੇ ਬਿੱਠਾਂ ਕਰ ਰਹੇ ਨੇ।

ਬਸ ਇਸੇ ਤਰ੍ਹਾਂ ਉਸਦੇ ਮੋਹ ਵਿੱਚ ਮੈਂ ਅੰਨ੍ਹਾਂ ਹੋਇਆ ਦਿਨ ਰਾਤ ਉਸਦੇ ਪਿੱਛੇ ਪੂੰਛ ਹਿਲਾਉਂਦਾ ਫਿਰਦਾ ਰਿਹਾ। ਕਾਸ਼ ਮੈਂ ਐਨੀ ਸ਼ਿੱਦਤ ਨਾਲ ਰੱਬ ਪਿੱਛੇ ਭਾਉਂਦਾ ਤਾਂ ਉਹ ਵੀ ਮਿਲ ਜਾਣਾ ਸੀ। ਸ਼ਾਇਦ ਨਿਜਾਤ ਹੀ ਮੇਰੀ ਕਿਸਮਤ ਵਿੱਚ ਨਹੀਂ ਸੀ ਲਿਖੀ, ਬਸ ਭਟਕਣ ਲਿਖੀ ਸੀ। ਸੋ ਭਟਕਦਾ ਰਿਹਾ ਹਾਂ। ਕਦੇ ਪੂਨੇ, ਕਦੇ ਆਗਰੇ, ਕਦੇ ਅੰਬਾਲੇ, ਕਦੇ ਕਿਸੇ ਸ਼ਹਿਰ, ਕਦੇ ਕਿਸੇ ਪਿੰਡ, ਕਦੇ ਵਗਾਰਾਂ ਨਾਂ ਮੁੱਕੀਆਂ ਭਾਂਵੇਂ ਮੈਂ ਮੁੱਕ ਚੱਲਿਆ। ਬਸ ਮੈਂ ਖੋਖਲਾ ਹੁੰਦਾ ਗਿਆ ਤੇ ਉਹ ਸੈਂਟ ਹੁੰਦੀ ਗਈ। ਹੌਲੀ ਹੌਲੀ ਮੇਰੀ ਜ਼ਰੂਰਤ ਵੀ ਘੱਟਦੀ ਗਈ। ਮੇਰੀ ਇੱਜ਼ਤ ਤੇ ਮੋਹ ਵੀ ਘੱਟਦੇ ਗਏ।

ਅੰਤ ਇੱਕ ਦਿਨ ਉਹ ਵੀ ਆ ਗਿਆ ਜਿਸ ਦਿਨ ਪ੍ਰੀਤਮਾ ਨੇ ਮੂਲੋਂ ਬੇਕਿਰਕੇ ਹੋ ਕੇ ਮੇਰੇ ਧੁਰ ਅੰਦਰ ਆਪਣੇ ਤਿੱਖੇ ਤਨਜ਼ ਦਾ ਇੱਕ ਮੋਟਾ ਜਿਹਾ “ਜੰਗਾਲਿਆ ਕਿੱਲ” ਹਮੇਸ਼ਾ ਲਈ ਠੋਕ ਦਿੱਤਾ॥ ਹੁਣ ਹਰ ਦਿਨ, ਹਰ ਪਲ ਉਸ ਕਿੱਲ ਦਾ ਰਿਸਦਾ ਜੰਗਾਲ ਕੈਂਸਰ ਵਾਂਗੂੰ ਮੇਰੀ ਨਸ ਨਸ ਵਿੱਚ ਘੁਲ ਰਿਹਾ ਹੈ। ਹਰ ਸਾਹ ਮੇਰੀਆਂ ਅਸਿਹ ਚੀਸਾਂ ਮੈਨੂੰ ਜ਼ਿੰਦਗੀ ਤੋਂ ਕੋਹਾਂ ਦੂਰ ਲਿਜਾ ਰਹੀਆਂ ਨੇ। ਹੁਣ ਮੱਲੋ ਮੱਲੀ ਮੇਰੇ ਤੇ ਮਨਹੂਸ ਕਾਲ ਦੇ ਹਨੇਰੇ ਛਾ ਰਹੇ ਨੇ। ਬਸ ਇਵੇਂ ਹੀ ਮੌਤ ਨੂੰ ਬੇਤਾਬੀ ਨਾਲ ਉਡੀਕਦਿਆਂ ਉਡੀਕਦਿਆਂ ਸਾਡੀ ਤਾਂ ਜੂਨ ਬੇਹੀ ਹੋ ਗਈ ਤੇ ਜ਼ਿੰਦਗੀ ਐਂਵੇਂ ਅਜਾਈਂ ਚਲੇ ਗਈ।

ਅਕਸਰ ਦਿਲ ਤੋੜਨਾ ਤਾਂ ਸਭ ਨੂੰ ਆਉਂਦਾ ਏ,
ਪਰ ਦਿਲ ਰੱਖਣਾ ਕਿਸੇ ਨੇ ਕਿਸੇ ਨੂੰ ਆਉਂਦਾ ਏ,
ਆਪਣਾ ਬਣਾਉਂਣਾ ਤਾਂ ਸਾਰੇ ਹੀ ਚਾਹੁੰਦੇ ਨੇ,
ਪਰ ਕਿਸੇ ਦਾ ਹੋ ਜਾਣਾ ਕਿਸੇ ਕਿਸੇ ਨੂੰ ਆਉਂਦਾ ਏ।

---

ਇਸ਼ਕ ਦਮੂਹੀ ਸਾਨੂੰ ਡੰਗਿਆ, ਹਰ ਪੁੰਨਿਆ ਮੌਤ ਉਡੀਕੀ।
ਅਸੀਂ ਤਾਂ ਸਾਰੀ ਹਯਾਤੀ ਨ੍ਹੇਰ ਪੱਖ ਹੀ ਹੈ ਹੰਢਾਇਆ॥

---

ਕਦੇ ਨਿੱਕੀ ਜਿਹੀ ਗੱਲ ਤੋਂ, ਉਮਰਾਂ ਦੀ ਤੋੜ ਦੱਤੀ।
ਕਦੇ ਨਿੱਜੀ ਜਿਹੀ ਗੱਲ ਨੂੰ ਉਮਰਾਂ ਨਿਭਾਇਆ ਏ।
ਜਦ ਵੀ ਕਦੇ ਜੀਉਣ ਦਾ ਸਵਾਲ ਆਇਆ ਏ,
ਬਸ ਤੇਰਾ ਹੀ ਸੱਜਣਾ ਸਾਨੂੰ ਖਿਆਲ ਆਇਆ ਏ।
ਤੇਰੀਆਂ ਯਾਦਾਂ ਨੇ ਸਾਨੂੰ ਸਦਾ ਜਾਂਦਾ ਰੱਖਿਆ,
ਤੇਰੇ ਤਿੱਖੇ ਤਨਜ਼ਾਂ ਨੇ ਸਾਨੂੰ ਮਾਰ ਮੁਕਾਇਆ ਏ।

---

ਅਕਸਰ ਜ਼ਲੀਲ ਕਰਨ ਲਈ ਉਹ ਖ਼ਾਮੀਆਂ ਹੀ ਰਹੇ ਲੱਭਦੇ
ਨਾ ਕਦੇ ਲੱਭੀਆਂ ਖ਼ੂਬੀਆਂ ਨਾਂ ਕਦੇ ਪਲਕਾਂ ਤੇ ਬਿਠਾਇਆ ਏ।

---

ਜਿੱਥੇ ਵੀ ਜਾਈਏ ਸਬ ਉਹੀ ਸਾਡੀ ਬੇਕਰਾਰੀ ਏ,
ਨਾਂ ਜਾਣੋ ਹੁਣ ਕਿੱਥੇ ਸਾਡੀ ਜਾਣ ਦੀ ਤਿਆਰੀ ਏ।
ਹੁਣ ਕਹਿਣ ਨੂੰ ਵੀ ਕੋਈ ਸਾਨੂੰ ਆਪਣਾ ਨਹੀਂ ਲੱਭਦਾ,
ਹਾਏ ਗ਼ੈਰ ਹੋ ਕੇ ਜੀਣਾ ਵੀ ਕਿੰਨੀ ਵੱਡੀ ਲਾਚਾਰੀ ਏ।

---

ਮੇਰੇ ਪਿਆਰੇ ਪਾਠਕੋ, ਇਹ ਸਭ “ਜੰਗਾਲੇ ਕਿੱਲ” ਦੇ ਹੀ ਰਿਸਦੇ ਨਸੂਰ ਨੇ। ਹੋ ਸਕੇ ਤਾਂ ਮਹਿਸੂਸ ਜ਼ਰੂਰ ਕਰਨਾ ਪਰ ਤਰਸ ਨਹੀਂ ਕਰਨਾ॥

ਬਲਬੀਰ ਸਿਕੰਦ

## ਮੇਰੀਆਂ ਖੱਟੀਆਂ ਮਿੱਠੀਆਂ ਯਾਦਾਂ

ਮੈਂ ਪੰਜਾਬ ਦੇ ਇੱਕ ਸਧਾਰਨ ਜਿਹੇ ਸਿੱਖ ਪਰਿਵਾਰ ਵਿੱਚ ਪੈਦਾ ਹੋਇਆ। ਮੇਰਾ ਪਿਛੋਕੜ ਭਾਵੇਂ ਪੇਂਡੂ ਸੀ, ਪਿਤਾ ਜੀ ਇੱਕ ਫੌਜੀ ਸਨ ਤੇ ਮੇਰੇ ਮਾਂ ਜੀ ਬਹੁਪੱਖੀ ਸ਼ਖ਼ਸੀਅਤ ਇੱਕ ਦਾਨੀ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਅਤੇ ਬੜੇ ਹੌਂਸਲੇ ਵਾਲੇ ਪੰਜਾਬਣ ਸਨ। ਹੁੰਦੇ ਵੀ ਕਿਉਂ ਨਾ, ਇੱਕ ਤਾਂ ਫੌਜੀ ਦੀ ਘਰਵਾਲੀ ਤੇ ਦੂਜੇ ਛੇ ਭਰਾਵਾਂ ਦੀ ਇਕੋ ਇੱਕ ਛੋਟੀ ਭੈਣ। ਨਾਨਾ ਜੀ ਵੀ ਫੌਜ ਵਿੱਚ ਸਨ ਤੇ ਉਨ੍ਹਾਂ ਦੋ ਵਿਸ਼ਵ ਯੁੱਧ ਲੜੇ ਸਨ। ਦੋ-ਤਿੰਨ ਮੁਰਬੇ ਜ਼ਮੀਨ ਦੇ ਅੰਗਰੇਜ਼ ਸਰਕਾਰ ਨੇ ਦਿੱਤੇ ਹੋਏ ਸਨ। ਨਾਨਾ ਜੀ ਦੇ ਤਲਖ਼ ਤਜ਼ਰਬੇ ਸਾਡੇ ਸਭ ਲਈ ਸਦਾ ਪ੍ਰੇਰਨਾ ਦੇ ਸ੍ਰੋਤ ਬਣੇ।

ਅਸੀਂ ਪੰਜ ਭੈਣ ਭਰਾ ਸੀ। ਸਭ ਨਾਲੋਂ ਵੱਡੇ ਵੀਰ ਬਲਵੰਤ ਸਿੰਘ ਦੂਸਰੇ ਬਲਦੇਵ ਸਿੰਘ ਤੀਜੀ ਭੈਣ ਬਲਜੀਤ ਕੌਰ ਚੌਥੀ ਭੈਣ ਬਲਬੀਰ ਕੌਰ ਤੇ ਸ਼ਾਇਦ ਮੇਰੀ ਵਾਰੀ ਘਰਦਿਆਂ ਕੋਲ ਹੋਰ ਨਾ ਹੀ ਮੁੱਕ ਗਏ ਸਨ, ਉਨ੍ਹਾਂ ਮੇਰਾ ਨਾਂ ਵੀ ਬਲਬੀਰ ਸਿੰਘ ਰੱਖ ਦਿੱਤਾ। ਬਾਕੀ ਵੱਡੇ ਭੈਣ ਭਰਾ ਪਿੰਡ ਤਾਇਆ ਜੀ ਕੋਲ ਪੜ੍ਹਦੇ ਸਨ ਤੇ ਮੈਨੂੰ ਬੀਜੀ-ਪਿਤਾ ਜੀ ਜਿੱਥੇ ਫੈਮਲੀ ਹੈਡਕੁਆਰਟਰ ਹੁੰਦਾ ਨਾਲ ਲੈ ਜਾਂਦੇ। ਕਦੇ ਕਿਤੇ ਤੇ ਕਦੇ ਕਿਤੇ। ਸ਼ਾਇਦ ਗੱਲ 1942 ਦੀ ਹੈ ਉਦੋਂ ਅੰਗਰੇਜ਼ਾਂ ਦਾ ਰਾਜ ਸੀ। ਮਿਲਟਰੀ ਹਸਪਤਾਲ ਵਿੱਚ ਅਕਸਰ ਅੰਗਰੇਜ਼ ਨਰਸਾਂ ਜਾਂ ਐਂਗਲੋ ਇੰਡੀਅਨ ਨਰਸਾਂ ਹੁੰਦੀਆਂ ਸਨ। ਪਿਤਾ ਜੀ ਦੀ ਪੋਸਟਿੰਗ ਸ਼ਾਇਦ ਲਖਨਊ ਛਾਉਣੀ ਦੀ ਹੋਈ ਸੀ। ਸਾਡਾ ਘਰ (ਕੁਆਰਟਰ) ਲਖਨਊ ਮਿਲਟਰੀ ਹਸਪਤਾਲ ਦੇ ਨਾਲ ਲੱਗਦਾ ਸੀ। ਬੀਜੀ ਦੱਸਦੇ ਸਨ ਇੱਕ ਜੈਨਾ ਨਾਂ ਦੀ ਮੇਮ ਨਰਸ ਅਕਸਰ ਮੈਨੂੰ ਘਰੋਂ ਲੈ ਜਾਂਦੀ ਤੇ ਕਈ-ਕਈ ਦਿਨ ਨਾਂ ਮੋੜਦੀ। ਜੈਨਾਂ ਕਹਿੰਦੀ ਸੀ ਇਹ ਬੇਬੀ ਤਾਂ ਬਿਲਕੁਲ ਹਮਾਰਾ ਬੇਬੀ ਲਗਤਾ ਹੈ। ਨੀਲੀ ਨੀਲੀ ਆਂਖੇਂ, ਭੂਰੇ ਬਾਲ, ਗੋਰਾ ਚਿੱਟਾ, ਮਿਸਟਰ ਸਿੰਘ, ਯਹ ਬੇਬੀ ਤਾਂ ਮੁਝੇ ਦੇ ਦਿਓ। ਮੈਂ ਪਾਲਾਂਗੀ। ਮੇਰੀ ਭੋਲੀ ਮਾਂ ਸੱਚ ਮੁੱਚ ਡਰ ਗਈ ਕਿ ਕਿਤੇ ਜੈਨਾਂ ਸੱਚੀ ਮੇਰਾ ਪੁੱਤ ਵਲੈਤ ਨਾ ਲੈ ਜਾਵੇ। ਬੱਸ ਬੀਜੀ ਇਕੱਲੇ ਮੈਨੂੰ ਲੈ ਕੇ ਪਿੰਡ ਮੁੜ ਆਏ। ਪਿਤਾ ਜੀ ਵਿਚਾਰੇ ਪਿੱਛੇ ਮੈਸ੍ਹ ਦੀਆਂ ਰੋਟੀਆਂ ਖਾਂਦੇ ਰਹੇ।

### ਛੱਪੜ

ਪਿੰਡ ਆ ਕੇ ਰਹਿਣ ਲੱਗ ਪਏ। ਮੈਂ ਸਭ ਨਾਲੋਂ ਛੋਟਾ ਸੀ। ਚਾਰੇ ਭੈਣ-ਭਰਾ ਤੇ ਪਿੰਡ ਵਾਲੇ ਵੀ ਬੜਾ ਪਿਆਰ ਕਰਦੇ, ਮੈਨੂੰ ਲਾਡ ਨਾਲ ਕੋਈ ਬਿੱਲਾ ਕਹਿੰਦਾ ਤੇ ਕੋਈ ਬਿੱਲੂ ਕਹਿ ਕੇ ਬੁਲਾਉਂਦਾ। ਬਚਪਨ ਵਿੱਚ ਥੋੜਾ-ਥੋੜਾ ਸ਼ਰਾਰਤੀ ਵੀ ਸੀ। ਬਹੁਤਾ ਮਨ-ਮੌਜੀ ਜਿਹਾ ਤੇ ਸ਼ੁਰੂ ਤੋਂ ਹੀ ਮਸਤ ਮਲੰਗ ਤੇ ਜ਼ਜਬਾਤੀ ਵੀ ਸੀ।

ਇਕ ਦਿਨ ਫੱਟੀ ਪੋਚਦਾ ਪੋਚਦਾ ਦੂਜੇ ਬਾਲਾਂ ਨਾਲ ਮੈਨੂੰ ਵੀ ਟੋਬੇ (ਛੱਪੜ) ਵਿੱਚ ਨਹਾਉਣ ਦਾ ਚਾਉ ਚੜ੍ਹਿਆ। ਕੱਪੜੇ ਲਾਹੇ, ਦੂਜੇ ਮੁੰਡਿਆਂ ਦੀ ਰੀਸੀ ਮੈਂ ਵੀ ਮੱਝ ਦੀ ਪੂੰਛ ਫੜਕੇ ਛੱਪੜ ਵਿੱਚ ਵੜ ਗਿਆ। ਮੱਝ ਆਪਣੀ ਮਸਤੀ ਵਿੱਚ ਹੋਰ ਤੇ ਹੋਰ ਡੂੰਘੇ ਪਾਣੀ ਵਿੱਚ ਜਾਈ ਜਾਏ, ਧੁਰ ਅੰਦਰ ਜਾ ਕੇ ਮੱਝ ਨੇ ਮਾੜੀਆਂ ਜਿਹੀਆਂ ਨ੍ਹਾਸਾਂ ਪਾਣੀ ਤੋਂ ਉਤੇ ਨੂੰ ਕੱਢ ਕੇ ਆਪ ਸਾਰੀ ਦੀ ਸਾਰੀ ਥੱਲੇ ਪਾਣੀ ਵਿੱਚ ਬੈਠ ਗਈ ਤੇ ਮੈਂ ਤਾਂ ਲੱਗਾ ਗੋਤੇ ਖਾਣ। ਇੱਕ ਦੋ ਵਾਰ ਹੱਥ ਉਤੇ ਮਾਰੇ ਤੇ ਫੇਰ ਹੁੱਥੂ ਜਿਹਾ ਆਇਆ ਤੇ ਮੈਂ ਥੱਲੇ ਡੁੱਬਣ ਲੱਗਾ। ਏਨੇ ਨੂੰ ਕੁੱਝ ਵੱਡੇ ਮੁੰਡਿਆਂ ਨੇ ਦੇਖ ਲਿਆ। "ਉਏ ਉਪਰਲਿਆਂ ਦਾ ਬਿੱਲਾ ਡੁੱਬ ਗਿਆ" ਕਹਿੰਦੇ ਕੁਛ ਤਾਰੂ ਮੁੰਡਿਆਂ ਨੇ ਮੈਨੂੰ ਫਟਾ ਫਟ ਬਾਹਰ ਕੱਢਿਆ। ਫੇਰ ਢਿੱਡ ਵਿਚੋਂ ਪਾਣੀ ਕੱਢਿਆ ਤੇ ਫੇਰ ਸਾਰੇ ਪਿੰਡ ਵਿੱਚ ਰੌਲਾ ਪੈ ਗਿਆ। ਪਹਿਲਾਂ ਤਾਂ ਸਾਰਿਆਂ ਰੋਂਦਿਆਂ ਰੋਂਦਿਆਂ ਝਿੜਕਿਆ, "ਆਖੇ, ਕਮਲਿਆ, ਤੈਨੂੰ ਕੁੱਝ ਹੋ ਜਾਂਦਾ।" ਮੇਰੀ ਮਾਂ ਨੇ ਮੈਨੂੰ ਸੀਨੇ ਨਾਲ ਲਾ ਕੇ ਲੰਮਾਂ ਜਿਹਾ ਹੌਕਾ ਲਿਆ, "ਪਹਿਲਾਂ ਮੈਂ ਤੈਨੂੰ ਸਿਰ ਸੜੀਆਂ ਮੇਮਾਂ ਤੋਂ ਬਚਾਇਆ, ਹੁਣ ਛੱਪੜ ਵਿੱਚ ਡੁੱਬ ਚੱਲਿਆ ਸੀ।" ਤਾਇਆ ਜੀ ਨੇ ਵੀ ਬੜੇ ਹੇਰਵੇ ਨਾਲ ਕਿਹਾ, "ਬਹੂ ਜੇ ਅੱਜ ਬਿੱਲੇ ਨੂੰ ਕੁੱਝ ਹੋ ਜਾਂਦਾ ਤਾਂ ਮੈਂ ਮਲੂਕ (ਪਿਤਾ ਜੀ ਦਾ ਨਾਮ) ਨੂੰ ਕੀ ਜਵਾਬ ਦਿੰਦਾ।"

### ਖੂਹ (ਕਮਲਾ)

ਸ਼ਾਇਦ ਪਿੰਡ ਵਿੱਚ ਸਾਡਾ ਹੀ ਆਪਣਾ ਪਹਿਲਾ ਖੂਹ ਸੀ। ਇਕੋ ਇੱਕ ਪਿੰਡ ਵਿੱਚ ਪਹਿਲਾਂ ਸਾਂਝਾ ਖੂਹ ਸੀ। ਬੜੀ ਦੂਰ ਦੂਰ ਤੀਕ ਮਿੱਟੀ ਦੇ ਉੱਚੇ-ਉੱਚੇ ਢੇਰ ਲੱਗੇ ਹੋਏ ਸਨ। ਥੱਲਿਉਂ ਪਾਣੀ ਨਿਕਲ ਆਇਆ ਸੀ। ਕਈ ਦਿਨ ਲਾ ਕੇ ਪੂੰਨੂੰ ਤਰਖਾਣ ਨੇ ਫਲਾਈ ਲੱਕੜ ਦੀ ਵੱਡੀ ਸਾਰੀ ਗੋਲ ਚੁਗਾਠ ਜਿਹੀ ਘੜੀ ਸੀ, ਜਿਸਨੂੰ ਸਾਰੇ ਪਾਸਿਉਂ ਲੰਬੇ-ਲੰਬੇ ਮਜ਼ਬੂਤ ਰੱਸੇ ਪਾਏ ਹੋਏ ਸਨ। ਬਹੁਤ ਸਾਰੇ ਬੰਦੇ ਰੱਸੇ ਫੜਕੇ ਦੂਰ ਤਾਈਂ ਖੜੇ, ਦੋ ਤਿੰਨ ਮਿਸਤਰੀ ਖੂਹ ਦੇ ਥੱਲ੍ਹੇ ਉਤਰੇ ਹੋਏ ਸਨ। ਕਾਫੀ ਇੱਟਾਂ ਵੀ ਲਿਆਂਦੀਆਂ ਪਈਆਂ ਸਨ। ਮੈਂ ਉਚੇਚੇ ਤੌਰ ਤੇ ਉਥੇ ਪੁੱਜ ਗਿਆ। ਤਾਇਆ ਜੀ ਨੇ ਮੇਰਾ ਹੱਥ ਫੜਿਆ ਹੋਇਆ ਸੀ। "ਬਿੱਲਿਆ, ਅੱਗੇ ਨਾ ਜਾਈ" ਤਾਇਆ ਜੀ ਨੇ ਕਿਹਾ ਤੇ ਮੈਂ ਤਾਇਆ ਜੀ ਨੂੰ ਭੋਲੇ ਭਾਵ ਹੀ ਕਿਹਾ, "ਤਾਇਆ ਜੀ, ਇਸ ਵਿਚਾਰੀ ਲੱਕੜੀ ਨੂੰ ਕਿਉਂ ਤੁਸੀਂ ਸਾਰਿਆਂ ਨੇ ਜਕੜਿਆ ਹੈ। ਇਹ ਕਿੱਥੇ ਭੱਜੀ ਜਾਂਦੀ ਸੀ? "ਕੋਲ ਖੜੇ ਸਾਰੇ ਹੱਸ ਪਏ ਤੇ ਫੇਰ ਤਾਇਆ ਜੀ ਨੇ ਕਿਹਾ, "ਨਹੀਂ ਕਮਲਿਆ, ਇਸ ਨੂੰ ਹੌਲੀ-ਹੌਲੀ ਅਸੀਂ ਸਾਰੇ ਖੂਹ ਵਿੱਚ ਉਤਾਰ ਰਹੇ ਹਾਂ। ਫੇਰ ਇਸ ਨੂੰ ਧੁਰ ਥੱਲ੍ਹੇ ਟਿਕਾ ਕੇ ਇਸ ਉਤੇ ਹੌਲੀ-ਹੌਲੀ ਇੱਟਾਂ ਚਿਣ ਖੂਹ ਉਤਾਰਾਂਗੇ। ਫੇਰ ਮੌਣ ਬਣਾਵਾਂਗੇ, ਫਿਰ ਇਸ ਤੇ ਹਲਟ ਲਾਵਾਂਗੇ।" ਮੈਂ ਪੁੱਛਿਆ, "ਤੇ ਫੇਰ ਤਾਇਆ ਜੀ? "ਤਾਇਆ ਜੀ ਨੇ ਜੁਆਬ ਦਿੱਤਾ, "ਫੇਰ ਹਲਟ ਗੇੜ ਕੇ ਖੂਹ ਵਿਚੋਂ ਪਾਣੀ ਕੱਢਾਂਗੇ।" "ਤੇ ਫੇਰ … ਤੇ ਫੇਰ ਤਾਇਆ ਜੀ, ਇਸ ਵਿਚਾਰੀ ਲੱਕੜੀ ਦੀ ਚੁਗਾਠ ਨੂੰ ਮੁੜ ਕੇ ਕਦੇ ਕੋਈ ਨਹੀਂ ਦੇਖ ਸਕੇਗਾ? ਤੇ ਇਹ ਵਿਚਾਰੀ ਸਦਾ ਲਈ ਥੱਲ੍ਹੇ ਹੀ ਗਰਕ ਹੋ ਜਾਵੇਗੀ? "ਤੇ ਕਹਿ ਕੇ ਮੈਂ ਉਚੀ-ਉਚੀ ਰੋਣ ਲੱਗ

ਪਿਆ। ਕੁੱਝ ਸੰਜੀਦਾ ਹੋ ਗਏ ਤੇ ਕੁੱਝ ਕੁਝ ਹੱਸਣ ਲੱਗ ਪਏ। ਕਹਿੰਦੇ ਜਦੋਂ ਦਾ ਇਹ ਮੁੰਡਾ ਛੱਪੜ ਡੁੱਬਿਆ, ਇਸ ਦਾ ਡਮਾਗ ਸੱਚੀ ਨਹੀਂ ਰਿਹਾ। ਇਸ ਨੂੰ ਕਿਸੇ ਸਿਆਣੇ ਨੂੰ ਦਿਖਾਓ ...।

<u>ਹੁੱਕੇ ਦੀ ਗੁੜ-ਗੁੜ</u>

ਮੈਨੂੰ ਯਾਦ ਹੈ ਅੱਜ ਵੀ, ਸਾਡੇ ਘਰ ਇੱਕ ਪੱਕਾ ਹੀ ਕਾਮਾ ਸੀ। ਨਾਂ ਤਾਂ ਉਸ ਦਾ ਵਰਿਆਮ ਸਿੰਘ ਅੱਖੜ. . ਜੱਟਾਂ ਦਾ ਮੁੰਡਾ ਸੀ। ਛੋਟੀ ਜਿਹੀ ਉਮਰੇ ਉਹ ਘਰੋਂ ਲੜਕੇ ਅਜਿਹਾ ਸਾਡੇ ਘਰ ਆਇਆ, ਤੇ ਫੇਰ ਸਾਡੇ ਘਰ ਦੀਆਂ ਤਿੰਨ ਪੁਸ਼ਤਾਂ ਉਸਦੇ ਹੱਥੀਂ ਜੁਆਨ ਹੋਈਆਂ। ਉਹ ਸਾਡੇ ਘਰ ਦਾ ਜਿਵੇਂ ਇੱਕ ਜੀ ਬਣ ਗਿਆ ਸੀ। ਅਪਣਾਪਨ ਸੀ. . ਆਪਣਾ ਹੱਕ ਵੀ ਸਮਝਦਾ ਸੀ ਤੇ ਪੂਰੇ ਰੋਅਬ ਨਾਲ ਰਹਿੰਦਾ ਸੀ। ਕੀ ਮਜਾਲ ਘਰ ਦੀ ਕੋਈ ਵੱਡੀ ਛੋਟੀ ਸਵਾਣੀ ਉਸ ਦੀ ਦਾਲ ਸਬਜ਼ੀ ਵਿੱਚ ਜ਼ਰਾ ਵੀ ਘੱਟ ਮੱਖਣੀ ਪਾ ਦਿਆ ਕਰੇ। ਪੈਰ ਦੇ ਪੰਜੇ ਤੇ ਰੱਖ ਕੇ ਕੌਲੀ ਸਣੇ ਦਾਲ ਵਿਹੜੇ ਵਿੱਚ ਮਾਰਨੀ। ਅੱਗੋਂ ਤਾਇਆ ਜੀ ਨੇ ਕਹਿਣਾ, "ਵਰਿਆਮਾਂ, ਕੱਲ ਤੋਂ ਅੱਧੀ ਬਾਲਟੀ ਦੁੱਧ ਤੂੰ ਵਾੜੇ ਵਿੱਚ ਹੀ ਪੀ ਲਿਆ ਕਰ।" ਮੈਂ ਉਸਨੂੰ ਲਾਡ ਨਾਲ ਤਾਇਆ ਕਹਿੰਦਾ ਸੀ। ਕਦੇ ਕਦੇ ਮੈਨੂੰ ਉਸ ਸਵਾਗਾ ਦਿੰਦਿਆਂ ਆਪਣੀਆਂ ਲੱਤਾਂ ਵਿੱਚ ਬਿਠਾ ਲੈਣਾ, ਕਦੇ ਕਦੇ ਮੈਂ ਹਲ ਵਾਹੁਣ ਦੀ ਜ਼ਿਦ ਕਰਨੀ ਤਾਂ ਉਸ ਹੱਸਦਿਆਂ ਕਹਿਣਾ ਕਿ ਛੋਟਿਆ ਸਰਦਾਰਾ ਪਹਿਲਾਂ ਹਲ ਦੇ ਮੁੰਨੇ ਜਿੱਡਾ ਤਾਂ ਹੋ ਲੈ। ਉਸ ਦੇ ਲਈ ਚਾਂਈਂ ਚਾਂਈਂ ਚਾਹ ਪਾਣੀ ਲੈ ਕੇ ਜਾਣਾ ਤੇ ਕਦੇ ਉਸ ਕੋਲੋਂ ਬਾਤਾਂ ਸੁਣਨ ਲਈ ਉਸਦੀ ਰਜਾਈ ਵਿੱਚ ਵੜ ਕੇ ਬਹਿ ਜਾਣਾ। ਤਾਂ ਤਾਈ ਜੀ ਨੇ ਗਾਲਾਂ ਕੱਢਣੀਆਂ, "ਮੋਇਆ ਤੇਰੇ ਵੀ ਜੂੰਆਂ ਪੈ ਜਾਣਗੀਆਂ। ਜੇ ਔਤਰਾ ਸਾਫ ਸੁੱਥਰਾ ਰਹਿੰਦਾ ਤੇਰਾ ਤਾਇਆ ਉਸਦਾ ਵਿਆਹ ਨਾ ਕਰ ਦਿੰਦੇ। ਉਤੋਂ ਅੱਗ ਲੱਗਣਾ ਹੁੱਕਾ ਪੀਣ ਦੀ ਪਤਾ ਨਹੀਂ ਕਿਥੋਂ ਬੀਮਾਰੀ ਪਾਲ ਲਈ।" ਮੈਂ ਉਸ ਲਈ ਹਮੇਸ਼ਾ ਮਘਦੇ ਕੋਇਲੇ ਪਾਥੀ ਤੇ ਰੱਖ ਕੇ ਲੈ ਕੇ ਜਾਂਦਾ ਤੇ ਫੇਰ ਉਡੀਕਦਾ ਰਹਿੰਦਾ ਕਿ ਕਦੋਂ ਉਹ ਗੁੜ-ਗੁੜ ਦੀ ਆਵਾਜ਼ ਕੱਢੂਗਾ। ਏਦਾਂ ਹੀ ਇੱਕ ਦਿਨ ਮੈਂ ਉਸ ਲਈ ਕੋਇਲੇ ਲੈ ਕੇ ਆਇਆ, ਉਸਨੇ ਆਪਣਾ ਹੁੱਕਾ ਤਾਜਾ ਕੀਤਾ ਤੇ ਪਤਾ ਨਹੀਂ ਕੀ ਛੰਗਣ-ਮੰਗਣ ਕਰਕੇ ਚਿਲਮ ਤਿਆਰ ਕੀਤੀ। ਇੱਕ ਦੋ ਸੂਟੇ ਲਾਏ, ਰਤਾ ਕੁ ਆਪਣੇ ਵਜ਼ਦ ਵਿੱਚ ਗੁੜ-ਗੁੜ ਕੀਤਾ ਤੇ ਅਚਾਨਕ ਵੱਛਾ ਰੱਸਾ ਖੁਲ੍ਹਾਕੇ ਗਾਂ ਨੂੰ ਜਾ ਚਿੰਬੜਿਆ। ਵਰਿਆਮ ਸਿੰਘ ਵੱਛੇ ਨੂੰ ਬੰਨ੍ਹਣ ਚਲੇ ਗਿਆ, ਪਤਾ ਨਹੀਂ ਮੈਨੂੰ ਕੀ ਝੱਲ ਚੜਿਆ ਮੈਂ ਹੁੱਕੇ ਦੀ ਨਲੀ ਮੂੰਹ ਵਿੱਚ ਫਸਾ ਲਈ। ਲੱਗਾ ਫੂਕਾਂ ਮਾਰਨ. . ਮੈਨੂੰ ਕੀ ਪਤਾ ਸੀ ਸਾਹ ਅੰਦਰ ਨੂੰ ਖਿੱਚੀਦਾ ਏ। ਮੈਂ ਉਲਟੀ ਬਾਹਰ ਨੂੰ ਫੂਕ ਮਾਰ ਦਿੱਤੀ ਤੇ ਸਾਰੀ ਚਿਲਮ ਵਿੱਚ ਬੁਝ ਗਈ। ਧੂੰਆਂ ਧੁਆਖੜ ਹੋ ਗਿਆ ਤੇ ਏਨੇ ਨੂੰ ਉਤੋਂ ਵਰਿਆਮ ਤਾਇਆ ਵੀ ਆ ਗਿਆ। ਉਸ ਆ ਦੇਖਿਆ ਨਾ ਤਾ ਦੇਖਿਆ ਮੇਰੀ ਗਲ ਤੇ ਚਪੇੜ ਜੜ ਦਿੱਤੀ। ਉਸਦੇ ਪੱਥਰ ਵਰਗੇ ਹੱਥ ਨੇ ਮੇਰੀ ਗੱਲ ਤੇ ਨੀਲ ਪਾ ਦਿੱਤਾ ਤੇ ਫਿਰ ਘਾਬਰੇ ਨੇ ਹੁੱਕਾ ਵਗਾਹ ਮਾਰਿਆ। ਮੈਂ ਬੌਂਦਲਿਆ ਜਿਹਾ ਉਚੀ ਉੱਚੀ ਹਿਚਕੀਆਂ ਲੈਣ ਲੱਗ ਪਿਆ। ਫੇਰ ਤਾਇਆ ਹਵਰਿਆਮ ਮੈਨੂੰ ਸੀਨੇ ਨਾਲ ਲਾ ਕੇ ਵਰਾਨ ਲੱਗ ਪਿਆ। "ਸੌਰਿਆ, ਕਾਲਜਾ ਲੂਹਣਾ ਸੀ। ਮੈਨੂੰ ਮਾਫ ਕਰਦੇ ਮੇਰੇ ਬੱਚੜੇ, ਮੈਂ ਤੇਰੇ ਤੇ ਹੱਥ ਚੁੱਕਿਆ। ਅੱਜ ਤੋਂ ਤੇਰਾ ਤਾਇਆ ਇਸ ਕੁਲੈਣੇ ਹੁੱਕੇ ਨੂੰ ਕਦੇ ਹੱਥ ਨਹੀਂ ਲਾਏਗਾ।" ਇੱਕ ਦਮ ਕੋਈ ਨਸ਼ਾ ਛੱਡਣਾ ਕਿਹੜਾ ਸੌਖਾ ਏ। ਪਤਾ ਨੀਂ ਪਿਛਲੇ ਵੀਹ-ਤੀਹ ਸਾਲਾਂ ਤੋਂ ਹੱਡਾਂ 'ਚ ਰਚਿਆ ਨਸ਼ਾ ਸੀ। ਚੰਦਰੇ ਨਸ਼ੇ ਦੀ ਤੋਟ ਹੱਡ ਪੈਰ ਤੋੜਣ ਲੱਗਦੀ, ਤਾਏ ਨੂੰ ਹਾਲੋਂ ਬੇਹਾਲ ਕਰਨ ਲੱਗ ਪੈਂਦੀ। ਤਾਏ ਦਾ ਸਿਰੜ ਤਾਂ ਬਹੁਤ ਮਸ਼ਹੂਰ ਸੀ, ਪਿਛਲੇ ਪੰਜਾਹ-ਸੱਠ ਸਾਲਾਂ ਤੋਂ ਮੁੜ ਆਪਦੇ ਘਰਦਿਆਂ ਵੱਲ ਮੂੰਹ ਨਹੀਂ ਸੀ ਕੀਤਾ। ਬਥੇਰੇ ਤਰਲੇ ਮਿੰਨਤਾਂ ਤੇ ਹਾੜੇ ਕੱਢੇ ਸੀ ਉਸ ਦੇ ਘਰਦਿਆਂ ਨੇ ਪਰ ਤਾਇਆ ਟਸ ਤੋਂ ਮਸ ਨਾ ਹੋਇਆ। ਤਾਇਆ ਬਿਮਾਰ ਰਹਿਣ ਲੱਗ ਪਿਆ। ਮੈਂ ਵੀ ਪਿੰਡੋਂ ਸ਼ਹਿਰ ਆ ਕੇ ਆਪਣੇ ਮਾਤਾ-ਪਿਤਾ ਨਾਲ ਪੜ੍ਹਨ ਲੱਗ ਪਿਆ। ਇੱਕ ਦਿਨ ਤਾਇਆ ਪੱਠੇ ਵੱਢਣ ਗਿਆ। ਅਚਾਨਕ ਪੱਠੇ ਵੱਢਦਿਆਂ ਵਰਸੀਣ ਵਿੱਚੋਂ ਉਸਦੀ ਉਂਗਲ ਤੇ ਸੱਪ ਲੜ ਗਿਆ। ਤਾਏ ਨੇ ਝੱਟ ਰੰਬੇ ਨਾਲ ਆਪਣੀ ਉਂਗਲ ਵੱਢ ਲਈ ਤੇ ਲੀਰ ਬੰਨ੍ਹ ਲਈ। ਫੇਰ ਇੱਕ ਅੱਧ ਵਾਰ ਸ਼ਰਾਬ ਦਾ ਤੂੰਬਾ ਲਾ ਕੇ ਪੱਟੀ ਬੰਨ੍ਹ ਲਈ। ਹੌਲੀ-ਹੌਲੀ ਜ਼ਹਿਰ ਚੜ੍ਹਦਾ ਗਿਆ, ਤਾਪ ਤੇਜ਼ ਹੁੰਦਾ ਗਿਆ, ਤਾਇਆ ਤਿੱਖੇ ਤਾਪ 'ਚ ਹੁੰਗਣ ਲੱਗ ਗਿਆ। ਬੇਹੋਸ਼ੀ ਦੇ ਆਲਮ ਵਿੱਚ ਉਸ ਉਚੇਚੇ ਮੈਨੂੰ ਹੀ ਯਾਦ ਕੀਤਾ। ਮੇਰੇ ਤਾਇਆ ਜੀ ਨੂੰ ਕਿਹਾ, "ਸੋਹਣ ਸਿਆਂ, ਹੋ ਸਕੇ ਤਾਂ ਮੇਰੇ ਯਾਰ ਪੁੱਤ ਬਿੱਲੇ ਨੂੰ ਬੁਲਾ ਦੇ। ਮੈਂ ਉਸਦੇ ਹੱਥਾਂ 'ਚ ਮਰਨਾਂ ਚਾਹੁੰਦਾਂ। ਉਹੀ ਮੈਨੂੰ ਅੱਗ ਲਾਵੇ।" ਸੁਨੇਹਾ ਮਿਲਦੇ ਹੀ ਅਸੀਂ ਸਾਰੇ ਘਰਦੇ ਜੀਅ ਪਿੰਡ ਪਹੁੰਚ ਗਏ। ਮੇਰੇ ਯਾਰ ਤਾਏ ਨੇ ਮੇਰੇ ਹੱਥਾਂ ਵਿੱਚ ਦਮ ਤੋੜਿਆ। ਮੈਂ ਪਹਿਲੀ ਵਾਰ ਇਆਣੀ ਜਿਹੀ ਉਮਰੇ ਕਿਸੇ ਨੂੰ ਮਰਦੇ ਦੇਖਿਆ ਸੀ। ਪਹਿਲਾਂ ਹੱਥੀਂ ਅੱਗ ਤਾਂ ਲਾ ਦਿੱਤੀ ਤੇ ਫੇਰ ਬਥੇਰਾ ਭੁੱਬਾਂ ਮਾਰ ਕੇ ਰੋਇਆ ਪਰ ਤਾਏ ਦਾ ਸਿਵਾ ਤਾਏ ਨੂੰ ਸੁਆਹ ਕਰਕੇ ਹੀ ਠੰਡਾ ਹੋਇਆ। ਭਾਵੇਂ ਤਾਏ ਵਰਿਆਮੇਂ ਨੂੰ ਸੁਆਹ ਹੋਏ ਕਈ ਦਹਾਕੇ ਹੋ ਗਏ ਨੇ ਪਰ ਉਸ ਦੀਆਂ ਯਾਦਾਂ ਅੱਜ ਵੀ ਮੇਰੇ ਨਾਲ ਜਿਊਂਦੀਆਂ ਹਨ।

<u>ਮੱਕੀ ਦੀਆਂ ਰੋਟੀਆਂ</u>

ਇਕ ਹੋਰ ਪਿੰਡ ਦੀ ਯਾਦ ਮਲਕੜੇ ਜਿਹੇ ਮੇਰੇ ਜ਼ਿਹਨ ਵਿੱਚ ਤਾਜ਼ਾ ਹੋ ਗਈ। ਮੈਂ ਤੀਜੀ ਜਾਂ ਚੌਥੀ ਵਿੱਚ ਪੜ੍ਹਦਾ ਸਾਂ। ਸਾਡਾ ਪਿੰਡ ਭਾਵੇਂ ਛੋਟਾ ਜਿਹਾ ਚਿੜੀ ਦੇ ਪੰਜੇ ਜਿੱਡਾ ਸੀ ਪਰ ਪਿੰਡ ਵਿੱਚ ਬਹੁਤ ਪੜ੍ਹੇ ਲਿਖੇ ਆਲਾ ਅਫਸਰਾਂ ਦੇ ਕਾਰਨ ਪਿੰਡ ਵਿੱਚ ਪ੍ਰਾਇਮਰੀ ਸਕੂਲ ਤੇ ਡਾਕਘਰ 1907 ਦਾ ਹੀ ਬਣਿਆ ਹੋਇਆ ਸੀ। ਕਈ ਨਾਲ ਲੱਗਦੇ ਪਿੰਡਾਂ ਦੇ ਪਾੜ੍ਹੇ ਦੂਰੋਂ ਦੂਰੋਂ ਚੱਲ ਕੇ ਸਾਡੇ ਪਿੰਡ ਪੜ੍ਹਨ ਆਉਂਦੇ ਸਨ। ਭਲਿਆਂ ਵੇਲਿਆਂ ਵੇਲੇ ਸਨ 1930 ਵਿੱਚ ਮੇਰੇ ਦਾਦਾ ਜੀ ਪੁਲਿਸ ਦੇ ਵੱਡੇ ਅਫ਼ਸਰ ਦਿੱਲੀ ਚਾਂਦਨੀ ਚੌਕ ਤੋਂ ਰਿਟਾਇਰ ਹੋਏ ਸਨ। ਸਾਰੇ ਵੱਡੇ ਥਾਣੇਦਾਰ, ਦਰੋਗਾ ਸਾਹਿਬ ਜੀ ਕਹਿ ਕੇ ਸਤਿਕਾਰ ਦਿੰਦੇ। ਬੜਾ ਰੋਅਬ ਤੇ ਅਦਬ ਮਾਣ ਸੀ। ਨੇੜਲੇ ਇਲਾਕੇ ਦੇ ਪਿੰਡਾਂ ਵਿਚ। ਬੜਾ ਆਲੀਸ਼ਾਨ ਤਿੰਨ ਮੰਜ਼ਿਲਾ ਘਰ, ਰੰਗਲੇ

ਸ਼ੀਸ਼ਿਆਂ ਵਾਲਾ ਘਰ। 1920-1925 ਵਿੱਚ ਬਣਵਾਇਆ ਸੀ। ਜੋ ਅੱਜ ਤਾਈਂ ਉਸੇ ਸ਼ਾਨ ਨਾਲ ਖੜਾ ਹੈ। 1950-51 ਦੀ ਗੱਲ ਹੈ ਸਾਡਾ ਇੱਕ ਸੀਰੀ ਜਿਸਦਾ ਪੂਰਾ ਨਾਂ ਤਾਂ ਮੈਨੂੰ ਯਾਦ ਨਹੀਂ, ਸਾਰੇ ਉਸਨੂੰ ਮੋਤੀ ਕਹਿੰਦੇ ਸਨ ਤੇ ਉਹ ਬਹੁਤ ਹੀ ਸੁਨੱਖਾ ਤੇ ਦਰਸ਼ਨੀ ਜਵਾਨ ਸੀ। ਉਸ ਦੀ ਘਰਵਾਲੀ ਵੀ ਕਿਸੇ ਤੋਂ ਘੱਟ ਨਹੀਂ ਸੀ। ਕਈ ਤਾਂ ਉਨ੍ਹਾਂ ਨੂੰ ਠੱਠੇ ਹਾਸੇ ਵਿੱਚ ਹੀਰ ਰਾਂਝੇ ਦੀ ਜੋੜੀ ਵੀ ਕਹਿ ਛੱਡਦੇ ਸਨ। ਦੋਨਾਂ ਦਾ ਬੜਾ ਹੀ ਮਿਲਾਪੜਾ ਜਿਹਾ ਸੁਭਾਅ ਸੀ। ਇੱਕ ਦਿਨ ਮੈਨੂੰ ਮੇਰੇ ਤਾਇਆ ਜੀ ਨੇ ਮੋਤੀ ਨੂੰ ਪਿੰਡੋਂ ਬੁਲਾਉਣ ਲਈ ਭੇਜਿਆ। ਮੈਂ ਚਾਂਈਂ-ਚਾਈਂ ਪੁੱਛ-ਪੁਛਾ ਕੇ ਉਸਦੇ ਘਰ ਪਹੁੰਚ ਗਿਆ। ਉਨ੍ਹਾਂ ਦੇ ਦਿਲਾਂ ਵਾਂਗ ਉਨ੍ਹਾਂ ਦਾ ਵਿਹੜਾ ਵੀ ਖੁੱਲ੍ਹਾ-ਡੁੱਲ੍ਹਾ ਸੀ। ਇੱਕ ਕੱਚਾ ਜਿਹਾ ਚੁੱਲਾ ਤੇ ਸਵਾਰਕੇ ਲਿਪੇ ਹੋਏ ਕੰਧਾਂ ਉਤੇ ਤੋਤੇ ਮੋਰ ਗਾਚਣੀ ਨਾਲ ਬਣਾਏ ਹੋਏ ਸਨ। ਮੋਤੀ ਦੀ ਘਰ ਵਾਲੀ ਚੌਂਕੇ ਵਿੱਚ ਮੱਕੀ ਦੀਆਂ ਰੋਟੀਆਂ ਲਾਹ ਰਹੀ ਸੀ। ਮੋਤੀ ਨੇ ਬੜੇ ਅਦਬ ਤੇ ਪਿਆਰ ਨਾਲ ਸੂਤ ਦੀ ਬਣੀ ਮੰਜੀ ਵਿਹੜੇ ਵਿੱਚ ਡਾਹੀ ਤੇ ਉਸ ਦੀ ਘਰਵਾਲੀ ਨੇ ਬੜੇ ਲਾਡ ਨਾਲ ਪੁੱਛਿਆ, "ਛੋਟੇ ਸਰਦਾਰਾ, ਰੋਟੀ ਖਾਏਂਗਾ।" ਮੈਂ ਕਿਹਾ, "ਖਾ ਲਵਾਂਗਾ।" ਪਹਿਲਾਂ ਤਾਂ ਉਹ ਹੈਰਾਨ ਹੋਈ ਤੇ ਫੇਰ ਉਸਨੇ ਆਪਣੇ ਪੱਲੂ ਨਾਲ ਕੰਹੇ ਦਾ ਥਾਲ ਨੂੰ ਪੂੰਝ ਕੇ ਦੋ ਤੱਤੀਆਂ ਤੱਤੀਆਂ ਰੜੀਆਂ ਮੱਕੀ ਦੀਆਂ ਰੋਟੀਆਂ ਮੇਰੀ ਥਾਲੀ ਵਿੱਚ ਧਰ ਕੇ ਉਤੋਂ ਅੰਬ ਦਾ ਅਚਾਰ ਧਰ ਦਿੱਤਾ। ਮੈਂ ਪੂਰੇ ਸੁਆਦ ਨਾਲ ਚੁੰਮ ਚੱਟ ਕੇ ਉਸੇ ਮੰਜੇ ਤੇ ਬਹਿ ਕੇ ਰੋਟੀਆਂ ਖਾਧੀਆਂ। ਨਾਂਲ ਦੇ ਕੋਠਿਆਂ ਤੇ ਦੋ ਗਵਾਂਢਣਾਂ ਪਤਾ ਨਹੀਂ ਕੀ ਘੁਸਰ-ਮੁਸਰ ਕਰੀ ਜਾਂਦੀਆਂ ਸਨ। ਭਾਂਵੇਂ ਅੱਜ ਵੀ ਉਨ੍ਹਾਂ ਰੋਟੀਆਂ ਦੀ ਅਪਣੱਤ, ਸ਼ਰਧਾ ਤੇ ਪਿਆਰ ਦਾ ਜ਼ਾਇਕਾ ਮੈਨੂੰ ਯਾਦ ਹੈ ਪਰ ਉਸ ਵੇਲੇ ਮੇਰੀ ਤਾਈ ਨੇ ਘਰ ਮੁੜਦਿਆਂ ਹੀ ਮੇਰੇ ਨਾਲ ਊਚ-ਨੀਚ ਤੇ ਜਾਤ-ਪਾਤ ਦਾ ਵਿਵਾਦ ਛੇੜ ਦਿੱਤਾ। ਮੈਂ ਹੱਸਕੇ ਭੋਲੇਪਣ ਵਿੱਚ ਏਨਾ ਹੀ ਕਿਹਾ ਸੀ, "ਕੀ ਹੋਇਆ ਜੇ ਅੱਜ ਮੈਂ ਉਨ੍ਹਾਂ ਦੇ ਘਰ ਦੋ ਰੋਟੀਆਂ ਮੱਕੀ ਦੀਆਂ ਖਾ ਲਈਆਂ, ਉਹ ਦੋਵੇਂ ਜੀਅ ਤਾਂ ਰੋਜ਼ ਸਾਡੇ ਘਰੋਂ ਰੋਟੀ ਖਾ ਜਾਂਦੇ ਨੇ, ਤੁਸੀਂ ਉਦੋਂ ਕਦੇ ਰੌਲਾ ਨਹੀਂ ਪਾਇਆ।" ਸਮਾਂ ਬੜਾ ਬਲਵਾਨ ਹੈ। ਸਾਡਾ ਪਿੰਡ ਹੌਲੀ-ਹੌਲੀ ਉਜੜਦਾ-ਉਜੜਦਾ ਤਕਰੀਬਨ ਉਜਾੜ ਹੀ ਹੋ ਗਿਆ। ਕੋਈ ਟਾਂਵਾਂ-ਟਾਂਵਾਂ ਘਰ ਰਹਿ ਗਿਆ। ਤਕਰੀਬਨ 50 ਵਰ੍ਹਿਆਂ ਬਾਅਦ ਮੈਂ ਪ੍ਰਦੇਸੋਂ ਆਪਣੇ ਜੱਦੀ ਪਿੰਡ ਪੁੱਜਿਆ। ਸਾਡਾ ਘਰ ਤੇ ਮੇਰੇ ਹਾਣੀ ਕੁੱਝ ਤਾਂ ਕਹਾਣੀ ਹੋ ਚੁੱਕੇ ਸਨ ਤੇ ਕੁੱਝ ਹਾਣੀ ਮੇਰੇ ਵਾਂਗ ਖਸਤਾ ਹਾਲਤ ਵਿੱਚ ਸਨ। ਔਖੇ-ਸੌਖੇ ਆਪਣੇ ਸ਼ਰੀਕੇ ਵਿਚੋਂ ਇੱਕ ਭਤੀਜੇ ਘੁੱਘ ਨਾਲ ਰਾਬਤਾ ਕਾਇਮ ਕੀਤਾ। ਕੁੱਝ ਨਵੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਗੱਲਾ-ਗੱਲਾਂ ਵਿੱਚ ਮੋਤੀ ਦਾ ਜ਼ਿਕਰ ਆ ਗਿਆ, ਉਸ ਦੱਸਿਆ, "ਚਾਚਾ ਜੀ, ਉਹ ਮੋਤੀ ਤਾਂ ਹੁਣ ਆਪਣੇ ਪਿੰਡ ਦੀ ਸ਼ਾਨ ਬਣ ਗਿਆ ਹੈ। ਹੁਣ ਤਾਂ ਸਰਦਾਰ ਮੋਤਾ ਸਿੰਘ ਕਹੋ। ਉਸ ਦੇ ਦੋ ਪੁੱਤਰ ਅਮਰੀਕਾ ਵਿੱਚ ਡਾਕਟਰ ਨੇ। ਵੱਡੀ ਕਾਰ ਵਿੱਚ ਪੰਜ-ਸੱਤ ਸਾਲ ਪਹਿਲਾਂ ਆਇਆ ਸੀ। ਆਪਣੇ ਪਿੰਡ ਦੇ ਸਕੂਲ ਤੇ ਹਸਪਤਾਲ ਲਈ ਦੱਸ ਲੱਖ ਰੁਪਏ ਦਾਨ ਕਰਕੇ ਗਿਆ। ਜਾਂਦੇ-ਜਾਂਦੇ ਨੇ ਤੁਹਾਡੇ ਘਰ ਕੋਲ ਆਪਣੀ ਕਾਰ ਰੁਕਵਾਈ ਤੇ ਪੁੱਛਿਆ "ਇਸ ਘਰ ਦੀ ਸਾਂਭ ਕੋਈ ਕਰਦਾ ਹੈ? "ਮੈਂ ਕਿਹਾ "ਮੈਂ ਹੀ ਕਦੇ ਵਰ੍ਹੇ ਛਮਾਹੀਂ ਝਾਤੀ ਮਾਰ ਲੈਨਾਂ ਹਾਂ" ਚਾਚਾ ਜੀ, ਉਸ ਨੇ ਉਚੇਚੇ ਤੌਰ ਤੇ ਤੁਹਾਡੇ ਬਾਰੇ ਪੁੱਛਿਆ ਕਿ ਜਿਹੜਾ ਮਲੂਕ ਸਿੰਘ ਦਾ ਛੋਟਾ ਮੁੰਡਾ ਬਿੱਲਾ ਜਿਸਨੂੰ ਅਸੀਂ ਸਾਰੇ ਪਿਆਰ ਨਾਲ ਛੋਟਾ ਗਾਂਧੀ ਵੀ ਕਹਿੰਦੇ ਸੀ, ਉਹਦੀ ਕੋਈ ਉਘ-ਸੁਘ ਹੈ।" ਘੁੱਘ ਵਿਚਾਰੇ ਨੂੰ ਮੋਤੀ (ਮੋਤਾ ਸਿੰਘ) ਦਾ ਕਾਰਡ (ਸਿਰਨਾਵਾਂ) ਤਾਂ ਨਹੀਂ ਲੱਭਿਆ ਪਰ ਮੈਨੂੰ ਪੰਜਾਹ ਸਾਲ ਪਹਿਲਾਂ ਉਹਦੇ ਖੁੱਲ੍ਹੇ ਡੁੱਲ੍ਹੇ ਦਿਲ ਵਰਗਾ ਵਿਹੜਾ ਤੇ ਵਿਹੜੇ ਵਿੱਚ ਬੈਠ ਕੇ ਖਾਧੀਆਂ "ਮੱਕੀ ਦੀਆਂ ਰੋਟੀਆਂ" ਦੀ ਯਾਦਾ ਤਾਜ਼ਾ ਹੋ ਗਈ।

## ਸ਼ਗਨ

ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਮੈਂ ਛੇਵੀਂ ਜਾਂ ਸੱਤਵੀਂ ਜਮਾਤ ਵਿੱਚ ਵਿਕਟਰ ਸਕੂਲ ਜਲੰਧਰ ਛਾਉਣੀ ਪੜ੍ਹਦਾ ਸੀ। ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਅਚਾਨਕ ਮੇਰਾ ਪਿੰਡ ਜਾਣ ਦਾ ਪ੍ਰੋਗਰਾਮ ਬਣ ਗਿਆ। ਕੋਈ ਭੈਣ ਭਰਾ ਨਾਲ ਜਾਣ ਨੂੰ ਰਾਜ਼ੀ ਨਾਂ ਹੋਇਆ ਤੇ ਯਾਰ ਕੱਲੇ ਹੀ ਤੁਰ ਪਏ। ਮਾਂ ਨੇ ਬਥੇਰਾ ਸਮਝਾਇਆ ਕਿ ਤੂੰ ਕਦੇ ਕੱਲਿਆਂ ਸਫ਼ਰ ਨਹੀਂ ਕੀਤਾ ਪਰ ਮੈਂ ਨਾ ਮੰਨਿਆ। ਆਖੀਰ ਮਾਤਾ ਜੀ ਨੇ 2-4 ਪਰੌਂਠੇ ਅਚਾਰ ਨਾਲ ਦੇ ਦਿੱਤੇ ਤੇ ਦੋ ਚਾਰ ਜੋੜੇ ਕੱਪੜੇ ਝੋਲੇ ਵਿੱਚ ਪਾ ਦਿੱਤੇ। ਆਉਣ ਜਾਣ ਦੀ ਟਿਕਟ ਦੇ ਪੈਸੇ ਤੇ ਕੁੱਝ ਜੇਬ੍ਹ ਖਰਚਾ ਵੀ ਦੇ ਦਿੱਤਾ। ਵੱਡੇ ਭਰਾ ਨੇ ਸਾਇਕਲ ਦੇ ਪਿੱਛੇ ਬਿਠਾ ਕੇ ਛਾਉਣੀ ਦੇ ਸਟੇਸ਼ਨ ਤੋਂ ਗੱਡੀ ਵਿੱਚ ਬਿਠਾ ਦਿੱਤਾ। ਵੱਡੇ ਭਰਾ ਦੀਆਂ ਸਾਰੀਆਂ ਹਦਾਇਤਾਂ ਇੱਕ ਕੰਨੋਂ ਸੁਣੀਆਂ ਤੇ ਦੂਜੇ ਕੰਨੋਂ ਕੱਢ ਦਿੱਤੀਆਂ। ਭਲੇ ਵੇਲਿਆਂ ਦੀ ਗੱਲ ਹੈ ਪੰਜ-ਦੱਸ ਰੁਪਏ ਬੜੀ ਵੱਡੀ ਗੱਲ ਹੁੰਦੀ ਸੀ। ਦੋ ਹਫ਼ਤਿਆਂ ਦਾ ਖਰਚ ਤਾਂ ਮੈਂ ਰਸਤੇ ਵਿੱਚ ਹੀ ਦਾੜ੍ਹ ਗਿਆ ਹੌਲੀ-ਹੌਲੀ ਆਪਣੇ ਪੁਰਾਣੇ ਆੜੀਆਂ ਦੇ ਨਾਲ। ਇੱਕ ਬਾਬੂ ਨਾਂ ਦਾ ਨਾਲ ਦੇ ਪਿੰਡੋਂ ਖੱਟੀ ਲੱਸੀ, ਚਾਟੀ ਵਿੱਚ ਭੱਲੇ ਪਾ ਕੇ ਲਿਆਂਦਾ ਸੀ। ਤੇ ਜਾਂ ਕਦੇ ਗਰਮ ਉਨ ਦੀ ਪੱਟੀ ਵਿੱਚ ਲਪੇਟੀ ਕੁਲਫ਼ੀ ਗੱਟੇ ਵਾਲੀ, ਸੰਦੂਕੜੀ ਜਿਹੀ 'ਚ ਪਾਈ ਹੁੰਦੀ ਸੀ। ਕੁੱਝ ਆੜੀਆਂ ਨੇ ਦੋ ਚਾਰ, ਹੱਦ ਅੱਠ ਆਨੇ ਦੀ ਖਾ ਲੈਣੀ। ਕਈਆਂ ਝੋਲੀ ਭਰ ਦਾਣਿਆਂ ਦੀ ਦੇਣੀ। ਉਸ ਬੋਹੜ ਜਾਂ ਛਿੱਛਰੇ ਦੇ ਪੱਤੇ ਤੇ ਦੋ-ਤਿੰਨ ਛੋਟੀਆਂ ਜਿਹੀਆਂ ਕਤਰਾਂ ਛੁਰੀ ਨਾਂਲ ਕੱਟ ਕੇ ਦੇ ਦੇਣੀਆਂ ਤੇ ਅਸਾਂ ਪੱਤਲ ਤੇ ਪੁਆ ਕੇ ਖਾ ਜਾਣੀਆਂ। ਖਾਂਦੇ ਹੀ ਖਾਂਦੇ ਉਹ ਦੁੱਧ ਦੀ ਮਿੱਠੀ ਲੱਸੀ ਬਣ ਜਾਣੀ, ਉਸਨੂੰ ਵੀ ਪੱਤਲ ਤੋਂ ਚੱਟ ਕੇ ਸਾਹ ਲੈਣਾ। ਬੱਸ ਇਕ-ਦੋ ਵਾਰ ਭੱਲੇ ਤੇ ਦੋ ਕੁ ਵਾਰ ਕੁਲਫ਼ੀ ਖਾ ਕੇ ਤੇ ਆੜੀਆਂ ਨੂੰ ਖੁਆ ਕੇ ਆਪਣੀ ਵਾਪਸੀ ਦਾ ਕਿਰਾਇਆ ਵੀ ਬੰਨੇ ਲਾ ਦਿੱਤਾ। ਰੋਜ਼ ਸੁਣਾ ਕੇ ਕਿਹਾ ਕਰਾਂ ਕਿ "ਤਾਈ ਜੀ, ਮੈਂ ਹੁਣ ਵਾਪਿਸ ਜਾਣਾ ਹੈ। ਸਕੂਲ ਖੁਲ੍ਹਣ ਵਾਲੇ ਹਨ ਤੇ ਮੈਂ ਕਿਤਾਬਾਂ ਵੀ ਨਾਲ ਨਹੀਂ ਲਿਆਂਦੀਆਂ, ਹਾਲੇ ਤਾਂ ਹੋਮਵਰਕ ਵੀ ਕਰਨਾ ਹੈ।" ਕਈ ਹੋਰ ਵੀ ਬਹਾਨੇ ਲੈ ਕੇ ਆਪਣੇ ਮੁੜਣ ਦਾ ਸੁਨੇਹਾ ਜਿਹਾ ਦੇਣਾ। ਅੱਜ ਭਲਕੇ ਕਰਦੇ ਵੀਰਵਾਰ ਦਾ ਦਿਨ ਆ ਗਿਆ। ਆਖਰ ਤਾਈ ਜੀ ਨੇ ਕਿਹਾ, "ਚੰਗਾ ਕੱਲ ਪਹਿਲੀ ਗੱਡੀ ਚਲੇ ਜਾਈਂ।" ਸ਼ੁੱਕਰਵਾਰ ਨੂੰ ਸਵੇਰੇ ਤੋਂ ਹੀ ਸਾਰਿਆਂ ਨੂੰ ਮਿਲ ਲਿਆ ਤੇ

ਆਪੇ ਆਪਣਾ ਝੋਲਾ ਵੀ ਤਿਆਰ ਕਰ ਲਿਆ। ਝੋਲੇ ਵਿੱਚ ਰਾਹ ਲਈ ਪਰੌਂਠੇ ਲੈ ਕੇ ਵੀ ਪਾ ਲਏ। ਫੇਰ ਦੋ ਤਿੰਨ ਵਾਰ ਤਾਈ ਜੀ ਦੇ ਪੈਰੀਂ ਹੱਥ ਲਾ ਕੇ ਕਿਹਾ ਕਿ "ਮੈਂ ਚੱਲਦਾ ਹਾਂ।" ਤਾਈ ਜੀ ਨੇ ਸਿਰ ਪਲੋਸ ਕੇ ਕਿਹਾ, "ਜਿਊਂਦਾ ਰਹਿ ਪੁੱਤਰਾ, ਧਿਆਨ ਨਾਲ ਜਾਈਂ, ਰਾਹ ਵਿੱਚ ਸ਼ਰਾਰਤਾਂ ਨਾਂ ਕਰੀਂ, ਜਾਂਦਿਆਂ ਹੀ ਇੱਕ ਕਾਰਡ ਜ਼ਰੂਰ ਭਿਜਵਾ ਦੇਵੀਂ ਕਿ ਤੂੰ ਠੀਕ ਠਾਕ ਪਹੁੰਚ ਗਿਆ ਏਂ। ਨਹੀਂ ਤਾਂ ਸਾਨੂੰ ਫ਼ਿਕਰ ਰਹੇਗਾ।" ਬਾਹਰਲੇ ਦਰਵਾਜ਼ੇ ਤੇ ਆ ਕੇ ਮੈਂ ਫੇਰ ਪੈਰੀਂ ਹੱਥ ਲਾਇਆ ਤੇ ਫੇਰ ਤਾਈ ਜੀ ਦੀਆਂ ਹਦਾਇਤਾਂ "ਚੰਗਾ ਪੁੱਤ, ਕੁਵੇਲਾ ਨਾਂ ਕਰ ਕਿਤੇ ਗੱਡੀ ਨਾਂ ਖੁੰਜ ਜਾਵੇ।" ਚੌਥੀ ਵਾਰ ਮੈਂ ਅੱਕ ਕੇ ਕਿਹਾ, "ਮਾਈ, ਕੀ ਗੱਲ ਐਤਕੀਂ ਸ਼ਗਨ ਨਹੀਂ ਦੇਣਾ।" ਤਾਈ ਨੇ ਕਿਹਾ, "ਹਾਂ ਹਾਂ ਪੁੱਤ, ਮੈਂ ਤਾਂ ਭੁੱਲ ਹੀ ਗਈ, ਗੱਲਾਂ 'ਚ, ਅੱਗ ਲੱਗਣਾ ਚੇਤਾ ਹੀ ਨਹੀਂ ਆਇਆ।" ਤਾਈ ਨੇ ਪੰਜ ਰੁਪਏ ਸ਼ਗਨ ਦੇ ਦਿੱਤੇ ਤੇ ਮੈਂ ਸ਼ੁਕਰ ਕਰਦਿਆਂ ਸੁਖ ਦਾ ਸਾਹ ਲਿਆ। ਫੇਰ ਸਟੇਸ਼ਨ ਨੂੰ ਐਸੀ ਸ਼ੂਟ ਵੱਟੀ ਕਿ ਗੱਡੀ ਚੜ੍ਹ ਕੇ ਹੀ ਸਾਹ ਲਿਆ। ਇਸ ਤਰ੍ਹਾਂ ਧੱਕੇ ਨਾਲ ਲਏ ਸ਼ਗਨ ਦੀ ਨਮੋਸ਼ੀ ਮੈਂ ਪਹਿਲਾਂ ਕਦੇ ਕਿਸੇ ਨਾਲ ਸਾਂਝੀ ਨਹੀਂ ਕੀਤੀ।

ਫ਼ਰਮਾਬਰਦਾਰੀ

ਮੇਰੇ ਸਭ ਨਾਲੋਂ ਵੱਡੇ ਵੀਰ ਜੀ ਬਲਵੰਤ ਸਿੰਘ ਜੀ, ਜਿਨ੍ਹਾਂ ਦਾ ਬਚਪਨ ਤੋਂ ਅੰਤਲੇ ਸਾਹ ਤੋਂ (ਉਮਰ 72 ਸਾਲ) ਤੀਕ ਪੜ੍ਹਾਈ ਹੀ ਜਨੂੰ ਤੇ ਇਸ਼ਟ ਰਿਹਾ। ਉਹ ਪਹਿਲੀ ਜਮਾਤ ਤੋਂ ਹੀ ਕਲਾਸ ਵਿੱਚ ਟਾਪ ਕਰਨ ਦੇ ਅਜਿਹੇ ਆਦੀ ਬਣੇ, ਫੇਰ ਜਾਣੋਂ ਉਨ੍ਹਾਂ ਦਾ ਇਹ ਸਿਰੜ ਬਣ ਗਿਆ ਹੋਵੇ। 1946 ਵਿੱਚ ਦਸਵੀਂ ਪੰਜਾਬ ਯੂਨੀਵਰਸਿਟੀ, ਲਾਹੌਰ ਵਿੱਚ ਟਾਪ ਕੀਤਾ, ਉਹ ਵੀ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿ ਕੇ। ਚਾਰ ਮੀਲਾਂ ਦਾ ਪੈਂਡਾ ਤੈਅ ਕਰਕੇ ਪੈਦਲ ਚੱਲ ਕੇ ਸਕੂਲ ਜਾਣਾ ਤੇ ਸਕੂਲ ਤੋਂ ਬਾਅਦ ਚਾਰ ਮੀਲ ਵਾਪਿਸ ਪਰਤਣਾ। ਕਦੇ-ਕਦੇ ਉਨ੍ਹਾਂ ਸਾਇਕਲ ਤੋਂ ਬਿਨਾਂ ਵੀ ਸਕੂਲ ਜਾਂਦੇ ਸਨ। ਤੇ ਫੇਰ ਲਾਲਟਨ ਦੀ ਮੱਧਮ ਜਿਹੀ ਰੌਸ਼ਨੀ ਵਿੱਚ ਦੇਰ ਰਾਤ ਤੱਕ ਪੜ੍ਹਨਾ ਤੇ ਤੜਕੇ ਉਠ ਕੇ ਫੇਰ ਪੜ੍ਹਨਾ। ਮੂੰਹ ਹਨ੍ਹੇਰੇ ਹੀ ਸਕੂਲ ਲਈ ਤੁਰ ਪੈਣਾ। ਕਦੇ-ਕਦੇ ਘਰ ਦੇ ਕੰਮਾਂ ਦੀ ਵਗਾਰ ਵੀ ਪੂਰੀ ਤਰ੍ਹਾਂ ਨਿਭਾਣੀ ਪੈਂਦੀ। ਬੜੀ ਹੀ ਸਾਦੀ ਜ਼ਿੰਦਗੀ ਸੀ। ਸਾਦੀ ਖੁਰਾਕ ਦੇ ਬਾਵਜੂਦ ਵੀ ਉਹ ਬੁਲੰਦ ਹੌਂਸਲੇ ਤੇ ਸਿਰੜੀ ਸਿਦਕ ਕਾਰਨ ਆਪਣੀ ਮੰਜ਼ਿਲ ਤੇ ਪਹੁੰਚ ਹੀ ਜਾਂਦੇ ਅਤੇ ਦੂਸਰਿਆਂ ਲਈ ਪ੍ਰੇਰਣਾ ਦੇ ਸ੍ਰੋਤ ਬਣੇ ਰਹਿੰਦੇ। ਦੂਰ-ਦੂਰ ਦੇ ਪਿੰਡਾਂ ਵਿੱਚ ਲੋਕ ਵੀਰ ਜੀ ਦੀ ਮਿਸਾਲ ਦਿੰਦੇ ਸਨ। ਜਿਵੇਂ ਕਹਿੰਦੇ ਨੇ ਨਿੱਗਰ ਲੱਕੜ ਸੰਗ ਲੋਹਾ ਵੀ ਤਰ ਜਾਂਦਾ ਹੈ। ਅਸੀਂ ਸਾਰੇ ਛੋਟੇ ਭੈਣ-ਭਰਾ ਵੱਡੇ ਵੀਰ ਜੀ ਦਾ ਬਹੁਤ ਹੀ ਸਤਿਕਾਰ ਮਾਣ ਕਰਦੇ। ਉਸਦੇ ਅੱਗੇ ਤਾਂ ਕੀ ਬੋਲਣਾ ਸੀ ਕਦੇ ਉਸ ਦਾ ਨਾਂ ਲੈ ਕੀ ਵੀ ਨਹੀਂ ਸੀ ਦੇਖਿਆ। ਉਹ ਵੀ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਵਾਂਗ ਹੀ ਆਪਣੀ ਨਿਗਰਾਨੀ ਵਿੱਚ ਰੱਖਦਾ। ਰੱਜ ਕੇ ਪਿਆਰ ਕਰਦਾ ਤੇ ਪੂਰਾ ਰੋਅਬ ਵੀ ਰੱਖਦਾ ਸੀ। ਵੀਰ ਜੀ ਦੇ ਸਦਕਾ ਹੀ ਅਸੀਂ ਛੋਟੇ ਭੈਣ-ਭਰਾ ਸਾਰੇ ਹੀ ਚੰਗੀ ਤੇ ਉੱਚ ਪੱਧਰੀ ਵਿਦਿਆ ਹਾਸਲ ਕਰ ਸਕੇ। ਉਨ੍ਹਾਂ ਸਦਕਾ ਹੀ ਮੇਰੀ ਦੂਜੇ ਵੀਰ ਜੀ ਬਲਦੇਵ ਸਿੰਘ ਨੇ ਵੀ ਇੰਜਨੀਅਰਿੰਗ ਦੀ ਮਾਸਟਰ ਡਿਗਰੀ ਹਾਸਿਲ ਕੀਤੀ ਤੇ ਡਿਪਟੀ ਡਾਇਰੈਕਟਰ ਆਫ ਇੰਡਸਟਰੀ ਡਿਪਾਰਟਮੈਂਟ ਦੇ ਆਹੁਦੇ ਤੇ ਪਹੁੰਚੇ। ਦੋਵੇਂ ਭੈਣਾਂ ਨੇ ਬੀ. ਏ. ਬੀ. ਟੀ. ਦੀ ਡਿਗਰੀ ਹਾਸਿਲ ਕੀਤੀ ਤੇ ਮੈਂ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਹਾਸਿਲ ਕੀਤਾ। ਮੈਂ ਕਈ ਵਰ੍ਹੇ ਇੰਸਪੈਕਟਰ ਇੰਡਸਟਰੀ ਲੱਗਿਆ ਰਿਹਾ। ਵੱਡੇ ਵੀਰ ਜੀ ਨੇ ਐਮ. ਐਸ. ਸੀ. , ਐਮ. ਏ. ਹਿਸਟਰੀ ਅਤੇ ਐਮ. ਏ. ਫਿਲੋਸਫੀ ਦੀਆਂ ਮਾਸਟਰ ਡਿਗਰੀਆਂ ਕੀਤੀਆਂ। ਇਹ ਤਿੰਨੋਂ ਡਿਗਰੀਆਂ ਉਨ੍ਹਾਂ ਨੇ ਟਾਪ ਪੁਜ਼ੀਸ਼ਨ ਤੇ ਰਹਿ ਕੇ ਹਾਸਿਲ ਕੀਤੀਆਂ। ਆਪਣੇ ਜੀਵਨ ਦੇ ਪ੍ਰੋਫਸ਼ੈਨਲ ਪੜਾਵਾਂ ਵਿੱਚ ਕਿਤੇ ਪ੍ਰੋਫ਼ੈਸਰ ਤੇ ਕਿਤੇ ਫੇਰ ਪ੍ਰਿੰਸੀਪਲ ਅਤੇ ਕਨੇਡਾ ਵਿੱਚ ਪੈਂਤੀ ਸਾਲ ਮੈਥੇਮੈਟਿਕਸ ਪੜ੍ਹਾ ਕੇ ਰਿਟਾਇਰ ਹੋਏ। ਪੜ੍ਹਾਈ ਦੇ ਨਾਲ ਨਾਲ ਵੀਰ ਜੀ ਨੂੰ ਚੰਗਾ ਸੰਗੀਤ ਸੁਣਨ ਦਾ ਵੀ ਸ਼ੌਕ ਸੀ। ਕਲਾਸੀਕਲ ਸੰਗੀਤ ਬਾਰੇ ਉਨ੍ਹਾਂ ਨੂੰ ਚੰਗਾ ਗਿਆਨ ਸੀ। ਉਹ ਦੋ ਤਿੰਨ ਮਿਊਜ਼ਿਕਲ ਇੰਸਟਰੂਮੈਂਟ ਵੀ ਪਲੇਅ ਕਰ ਲੈਂਦੇ ਸਨ। ਮੈਂਡੋਲੀਅਨ ਤੇ ਵਾਇਲਨ ਉਨ੍ਹਾਂ ਦੇ ਪਸੰਦੀਦਾ ਸਾਜ਼ ਸਨ। ਸਭ ਤੋਂ ਵੱਡੀ ਗੱਲ ਉਨ੍ਹਾਂ ਦੀ ਕਿਸੇ ਨੂੰ ਸਾਦਗੀ ਦੇ ਬਾਵਜੂਦ ਕਿ ਉਹ ਐਨੇ ਇੰਟੈਲੀਜੈਂਟ ਵਿਅਕਤੀ ਸਨ, ਉਹ ਅੰਤਲੇ ਸਵਾਸ ਤੱਕ ਇੱਕ ਸਟੂਡੈਂਟ ਹੀ ਬਣੇ ਰਹੇ। ਕਦੇ ਮਾਸਟਰ ਨਹੀਂ! ਇਹੀ ਉਨ੍ਹਾਂ ਦੀ ਸਫ਼ਲਤਾ ਦਾ ਵੱਡਾ ਰਾਜ਼ ਸੀ। ਸ਼ਾਇਦ ਇਸੇ ਲਈ ਉਨ੍ਹਾਂ ਕੋਲ ਬਹੁਪੱਖੀ ਗਿਆਨ ਦਾ ਭੰਡਾਰ ਸੀ। ਉਹ ਕਰਮਯੋਗੀ ਆਪਣੇ ਗਿਆਨ ਦੇ ਗੱਫ਼ੇ ਲੋੜਵੰਦਾਂ ਨੂੰ ਨਿਸ਼ਕਾਮ ਵੰਡਦਾ ਰਿਹਾ। ਮੈਨੂੰ ਮਾਣ ਹੈ ਕਿ ਅਜਿਹੀ ਮਹਾਨ ਸ਼ਖ਼ਸੀਅਤ ਦੀ ਮੈਨੂੰ ਅੰਤਲੇ ਸਮੇਂ ਕੋਈ ਤਿੰਨ ਚਾਰ ਸਾਲ ਰੱਜ ਕੇ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਅਸੀਂ ਐਨੇ ਨੇੜੇ ਆ ਗਏ ਕਿ ਅਸੀਂ ਯਾਰ-ਭਰਾ ਬਣ ਗਏ। ਕਦੇ-ਕਦੇ ਵੀਰ ਜੀ ਲੋਰ ਵਿੱਚ ਆ ਕੇ ਆਪਣੇ ਬੱਚਿਆਂ ਨੂੰ ਕਹਿੰਦੇ ਕਿ ਇਹ ਸ਼ੁਰੂ ਤੋਂ ਮੇਰਾ ਲਾਡਲਾ ਪੁੱਤਰ-ਵੀਰ ਤੇ ਖਾਸ ਫ਼ਰਮਾਬਰਦਾਰ ਸੀ। ਇੱਕ ਵਾਰ ਇਹ ਤੀਜੀ ਚੌਥੀ ਪੜ੍ਹਦਾ ਹੋਣਾ, ਕੋਈ 9/10 ਸਾਲ ਦਾ ਹੋਵੇਗਾ, ਮੈਂ ਇਸ ਨੂੰ ਦੋ ਤਿੰਨ ਵਾਰ ਸਲੇਟ ਤੇ ਸਵਾਲ ਸਮਝਾਇਆ ਪਰ ਇਸ ਦਾ ਧਿਆਨ ਬਾਹਰ ਫੁੱਟਬਾਲ ਖੇਲਦੇ ਨਿਆਣਿਆਂ ਵਿੱਚ ਸੀ। ਸਵਾਲ ਕਿੱਥੇ ਸਮਝ ਆਉਣਾ ਸੀ। ਮੈਂ ਜਾਣ ਕੇ ਸਲੇਟ ਤੋਂ ਸਵਾਲ ਮਿਟਾ ਦਿੱਤੇ ਤੇ ਕਿਹਾ ਅੱਛਾ ਹੁਣ ਆਪੇ ਕਰ। ਇਹ ਸਮਝਿਆ ਹੁੰਦਾ ਤਾਂ ਕਰਦਾ। ਮੈਨੂੰ ਇਸਦੇ ਝੂਠ ਤੇ ਪਤਾ ਨਹੀਂ ਕਿਉਂ ਗੁੱਸਾ ਆ ਗਿਆ। ਮੈਂ ਫੁੱਟਾ ਮਾਰਿਆ ਤੇ ਉਹ ਵੀ ਟੁੱਟ ਗਿਆ ਤੇ ਮੈਂ ਕਿਹਾ ਹੁਣ ਜਿਹੜੀ ਸੋਟੀ ਨਾਲ ਮਾਰ ਖਾਣੀ ਏ ਆਪੇ ਤੋੜ ਕੇ ਲਿਆ। ਇਹ ਵਿਹੜੇ ਵਿੱਚ ਲੱਗੀ ਵੱਡੀ ਸਾਰੀ ਨਿੰਮ ਤੇ ਚੜ੍ਹੀ ਜਾਵੇ ਨਾਲੇ ਡੁਸਕੀ ਜਾਵੇ। ਫੇਰ ਇਸਨੇ ਇੱਕ ਮੋਟੀ ਜਿਹੀ ਸੋਟੀ ਤੋੜ ਕੇ ਲਿਆਂਦੀ। ਚੰਗੀ ਤਰ੍ਹਾਂ ਛਿੱਲ ਸਵਾਰ ਕੇ ਤੇ ਪੱਤੇ ਆਦਿ ਛਾਂਗ ਕੇ ਮੇਰੇ ਕੋਲ ਆ ਕੇ ਸੋਟੀ ਮੇਰੇ ਹੱਥ ਵਿੱਚ ਦਿੱਤੀ। ਮੈਨੂੰ ਇਹਦੀ ਫ਼ਰਮਾਬਰਦਾਰੀ ਤੇ ਬੜੀ ਦਇਆ ਤੇ ਪਿਆਰ ਮਮਤਾ ਆਈ। ਮੈਂ ਸੋਟੀ ਪਰ੍ਹਾਂ ਵਗਾਹ ਮਾਰੀ ਤੇ ਇਸ ਬੱਚੇ ਨੂੰ ਘੁੱਟ ਕੇ ਸੀਨੇ

ਨਾਲ ਲਾ ਲਿਆ। ਸ਼ਾਇਦ ਇਹ ਪਹਿਲੀ ਤੇ ਆਖਰੀ ਮਾਰ ਸੀ ਇਸਦੀ। ਮੈਨੂੰ ਅੱਜ ਵੀ ਇਸਦੀ ਫਰਮਾਬਰਦਾਰੀ ਤੇ ਨਾਜ਼ ਹੈ। ਬਿੱਲੂ ਨੇ ਮੇਰੀ ਸਕੀ ਉਲਾਦ ਨਾਲੋਂ ਵੱਧ ਮੇਰੀ ਸੇਵਾ ਕੀਤੀ ਹੈ। ਵੀਰ ਜੀ ਨੇ ਮੋਹ ਤੇ ਅਪਣੱਤ ਵਿੱਚ ਭਿੱਜ ਕੇ ਕਹਿਣਾ ਕਿ ਮੇਰੇ ਮਾਂਉ, ਮੇਰੇ ਬਿੱਲੇ ਸ਼ਾਹ ਫ਼ਕੀਰ ਹੁਣ ਮੈਨੂੰ ਵਿਦਾ ਕਰਕੇ ਹੀ ਕਿੱਧਰੇ ਜਾਂਈਂ! ਸੱਚ-ਮੁਚ ਉਸ ਦਰਵੇਸ਼ ਵੀਰ ਨੇ ਮੇਰੇ ਹੱਥਾਂ ਵਿੱਚ ਹੀ ਅੰਤਲੇ ਪ੍ਰਾਣ ਤਿਆਗੇ। ਮੈਂ ਉਸ ਵੇਲੇ ਉਸਦੇ ਸਰਹਾਣੇ ਸੁਖਮਣੀ ਸਾਹਿਬ ਦਾ ਪਾਠ ਕਰ ਰਿਹਾ ਸੀ ਤੇ ਹਾਲੇ ਤੇਹਰਵੀਂ ਅਸ਼ਟਪਦੀ ਸ਼ੁਰੂ ਹੀ ਕੀਤੀ ਸੀ, ਉਹਨਾਂ ਨੇ ਆਖਰੀ ਹਿਚਕੀ ਲਈ ਬਾਕੀ ਬਾਰ੍ਹਾਂ ਅਸ਼ਟਪਦੀਆਂ ਬਾਅਦ ਵਿੱਚ ਸੰਪੂਰਨ ਕੀਤੀਆਂ।

ਚਿੱਤਰਕਾਰੀ

ਵੈਸੇ ਤਾਂ ਮੈਨੂੰ ਚਿੱਤਰਕਾਰੀ ਦਾ ਭੁੱਸ ਬਚਪਨ ਤੋਂ ਹੀ ਸੀ। ਪੰਜਵੀਂ ਵਿੱਚ ਹੀ ਮੈਂ ਕਾਫ਼ੀ ਚੰਗੀ ਡਰਾਇੰਗ ਕਰ ਲੈਂਦਾ ਸੀ। ਹਿਊਮਨ ਪੋਟਰੇਟ ਬਣਾਉਣ ਦੀ ਮੈਨੂੰ ਕਾਫ਼ੀ ਮੁਹਾਰਤ ਸੀ। ਇੱਕ ਵਾਰੀ ਮੇਰੇ ਇਸ ਸ਼ੌਕ ਨੇ ਮੈਨੂੰ ਕਾਫ਼ੀ ਜ਼ਲੀਲ ਵੀ ਕਰਵਾਇਆ ਤੇ ਕੁੱਟ ਵੀ ਪੁਆਈ। ਵੱਡੇ ਵੀਰ ਬਲਵੰਤ ਸਿੰਘ ਜੀ ਕੋਲ ਇੱਕ ਸਾਲ ਅਸੀਂ ਤਿੰਨੇ ਛੋਟੇ ਭੈਣ-ਭਰਾ ਸ਼ਿਮਲੇ ਵਿੱਚ ਪੜ੍ਹੇ ਕਿਉਂਕਿ ਪਿਤਾ ਜੀ ਦੀ ਦੁਰੇਡੇ ਬਦਲੀ ਹੋ ਗਈ ਸੀ। ਉਥੇ ਨਾ ਤਾਂ ਫੈਮਲੀ ਸਟੇਸ਼ਨ ਦੀ ਸਹੂਲਤ ਸੀ, ਤੇ ਨਾ ਹੀ ਉਥੇ ਦੀ ਭਾਸ਼ਾ ਦਾ ਗਿਆਨ। ਸ਼ਿਮਲੇ ਗੌਰਮੈਂਟ ਸਕੂਲ ਡਰਾਇੰਗ ਤੇ ਐਮ. ਟੀ. ਦਾ ਇੱਕ ਪੀਰੀਅਡ ਹੁੰਦਾ ਸੀ ਜਿਸ ਵਿੱਚ ਬਤੌਰ ਹੈਂਡੀਮੈਨ ਲਕੜੀ ਦੀ ਮੁੱਢਲੀ ਦਸਤਕਾਰੀ ਸਿਖਾਉਂਦੇ ਸਨ। ਮੇਰੀ ਡਰਾਇੰਗ ਬਹੁਤ ਵਧੀਆ ਸੀ। ਇਸ ਕਾਰਨ ਮੈਂ ਫਟਾ-ਫਟ ਆਪਣਾ ਡਰਾਇੰਗ ਪ੍ਰਾਜੈਕਟ ਪੂਰਾ ਕਰ ਲਿਆ। ਮੇਰਾ ਇੱਕ ਜਮਾਤੀ ਬੁਰੀ ਤਰ੍ਹਾਂ ਅਟਕਿਆ ਹੋਇਆ ਸੀ। ਕਈ ਵਾਰ ਉਸ ਨੂੰ ਮਾਰ ਵੀ ਪੈ ਚੁੱਕੀ ਸੀ। ਇੱਕ ਦਿਨ ਮੈਂ ਤਰਸ ਖਾ ਕੇ ਉਸ ਦਾ ਪ੍ਰਾਜੈਕਟ ਬਣਾ ਦਿੱਤਾ ਤੇ ਮਾਸਟਰ ਜੀ ਦੇ ਦਸਤਖ਼ਤ ਵੀ ਇੰਨ ਬਿੰਨ ਕਰ ਦਿੱਤੇ। ਮਾਸਟਰ ਜੀ ਦਾ ਨਾਮ ਰਾਮ ਸਿੰਘ ਸੀ ਪਰ ਉਹ ਸਿਰਫ਼ ਆਰ. ਐਸ. ਅੱਖਰ ਹੀ ਪਾਉਂਦੇ ਸਨ। ਜਦ ਮਾਸਟਰ ਜੀ ਨੇ ਮੇਰੇ ਸਾਥੀ ਨੂੰ ਨਵਾਂ ਪ੍ਰਾਜੈਕਟ ਕਰਦੇ ਦੇਖਿਆ ਤਾਂ ਉਸ ਨੂੰ ਪੁੱਛ ਲਿਆ ਕਿ ਕੀ ਉਸਨੇ ਪਹਿਲਾ ਪ੍ਰਾਜੈਕਟ ਕਰ ਲਿਆ ਹੈ? ਮਾਸਟਰ ਜੀ ਨੇ ਜਦੋਂ ਉਸ ਦੀ ਕਾਪੀ ਚੈਕ ਕੀਤੀ ਉਥੇ ਹੀ ਸਿਆਪਾ ਪੈ ਗਿਆ। ਉਸਦੇ ਦੋ ਤਿੰਨ ਫੱਟੀਆਂ ਪੈਂਦੀਆਂ ਹੀ ਉਹ ਬੱਕ ਪਿਆ ਕਿ ਮੇਰਾ ਮਾਡਲ ਬਿੱਲੇ ਨੇ ਕੰਪਲੀਟ ਕੀਤਾ ਹੈ। ਆਪ ਦੇ ਦਸਤਖ਼ਤ ਵੀ ਬਿੱਲੇ ਨੇ ਹੀ ਕੀਤੇ ਹਨ। ਬੱਸ ਫੇਰ ਕੀ, ਮੇਰੀ ਤਾਂ ਆਫਤ ਹੀ ਆ ਗਈ ਤੇ ਮੈਂ ਕਲਾਸ ਛੱਡ ਕੇ ਭੱਜ ਲਿਆ। ਸਾਡਾ ਸਕੂਲ ਸ਼ਿਮਲੇ ਦੀ ਖੱਡ ਵਿੱਚ ਸੀ। ਸ਼ਿਕਾਰੀ ਕੁੱਤਿਆਂ ਵਾਂਗ ਮੁੰਡਿਆਂ ਨੇ ਮੈਨੂੰ ਘੇਰ ਲਿਆ। ਭੂਤਰੇ ਮੁੰਡਿਆਂ ਨੇ ਮੈਨੂੰ ਘਸੀਟ ਕੇ ਮਾਸਟਰ ਜੀ ਕੋਲ ਲੈ ਆਂਦਾ। ਮਾਸਟਰ ਜੀ ਨੂੰ ਵੀ ਪੂਰਾ ਰੋਹ ਚੜ੍ਹਿਆ ਹੋਇਆ ਸੀ। ਦੋ ਬਾਕਾਂ ਵਿੱਚ ਮੇਰੇ ਹੱਥ ਜਕੜ ਲਏ ਤੇ ਬੜਾ ਭੰਨਿਆ ਗਿਆ। ਬੜੀਆਂ ਗਾਲਾਂ ਕੱਢੀਆਂ ਕਿ ਹਾਂ ਹਾਂ ਤੂੰ ਮੇਰੇ ਦਸਤਖ਼ਤ ਕਿਉਂ ਕੀਤੇ। ਦੂਜੇ ਦਿਨ ਵੱਡੇ ਵੀਰ ਜੀ ਆਪਦੇ ਕੰਮ ਤੋਂ ਛੁੱਟੀ ਲੈ ਕੇ ਮੇਰੇ ਨਾਲ ਮੇਰੇ ਸਕੂਲ ਆਏ ਤੇ ਮਿੰਨਤਾਂ ਤਰਲੇ ਕਰ ਕੇ ਸਮਝੌਤਾ ਕਰਵਾਇਆ ਪਰ ਇਸ ਦੇ ਬਾਵਜੂਦ ਵੀ ਮੇਰਾ ਚਿੱਤਰਕਾਰੀ ਦਾ ਸ਼ੌਕ ਮੱਠਾ ਨਾ ਪਿਆ। ਫੇਰ ਪਿਤਾ ਜੀ ਦੀ ਬਦਲੀ ਪੂਨੇ, ਕਿਰਕੀ (ਮਹਾਂਰਾਸ਼ਟਰ) ਵਿੱਚ ਹੋ ਗਈ। ਉਥੇ ਕਾਫ਼ੀ ਪੰਜਾਬੀ ਰਹਿੰਦੇ ਸਨ। ਮੈਂ ਇਥੋਂ ਹੀ ਅੱਠਵੀਂ ਤੇ ਨੌਂਵੀਂ ਕਲਾਸ ਪਾਸ ਕੀਤੀ। ਹਿੰਦੀ, ਮਰਾਠੀ, ਅੰਗਰੇਜ਼ੀ ਤੇ ਸੰਸਕ੍ਰਿਤ ਚਾਰ ਭਾਸ਼ਾਵਾਂ ਨਾਲ ਨੌਂਵੀਂ ਕਰਨ ਨਾਲ ਮੈਨੂੰ ਇਹਨਾਂ ਜ਼ੁਬਾਨਾਂ ਦਾ ਗਿਆਨ ਹਾਸਿਲ ਹੋਇਆ। ਇੱਥੇ ਮੈਨੂੰ ਚਿੱਤਰਕਾਰੀ ਬਾਰੇ ਬਹੁਤ ਕੁੱਝ ਸਿੱਖਣ ਦਾ ਮੌਕਾ ਵੀ ਮਿਲਿਆ। ਇਥੇ ਮੈਂ ਵਾਟਰ ਪੇਂਟਿੰਗ, ਆਇਲ ਪੇਂਟਿੰਗ ਤੇ ਨੇਲ (ਨੌਂਹਾਂ) ਨਾਲ ਪੋਟਰੇਟ ਬਣਾਣੇ ਸਿੱਖੇ। ਹੁਣ ਮੇਰਾ ਬਹੁਤਾ ਸਮਾਂ ਚਿੱਤਰਕਾਰੀ ਵਿੱਚ ਬੀਤਦਾ। ਇਸ ਵਾਰ ਮੈਂ ਇਕੱਲਾ ਹੀ ਪੂਨੇ ਤੋਂ ਵੱਡੇ ਭਾਜੀ ਕੋਲ ਸ਼ਿਮਲੇ ਪਹੁੰਚ ਗਿਆ ਤੇ ਇਥੇ ਹੀ ਪੜ੍ਹਨ ਲੱਗ ਗਿਆ। ਦਸਵੀਂ ਕਲਾਸ ਉਹਨਾਂ ਦੇ ਜ਼ੇਰੇ ਸਾਏ ਪਾਸ ਕੀਤੀ। ਇਹਨਾਂ ਦਿਨਾਂ ਵਿੱਚ ਹੀ ਪਿਤਾ ਜੀ ਦੀ ਬਦਲੀ ਫੇਰ ਤੋਂ ਜਲੰਧਰ ਛਾਉਣੀ ਦੀ ਹੋ ਗਈ ਤੇ ਅਸੀਂ ਸਾਰੇ ਭੈਣ-ਭਰਾ ਮੁੜਕੇ ਜਲੰਧਰ ਇਕੱਠੇ ਹੋ ਗਏ। ਦੋਵੇਂ ਵੱਡੇ ਭਰਾ ਤਾਂ ਆਪੋ ਆਪਣੀ ਜਾਬ ਕਰਦੇ ਸਨ ਤੇ ਭੈਣਾਂ ਦੀ ਵੀ ਲਗਭਗ ਪੜ੍ਹਾਈ ਪੂਰੀ ਹੋ ਚੁੱਕੀ ਸੀ। ਹੁਣ ਸਭ ਦਾ ਧਿਆਨ ਮੇਰੇ ਵੱਲ ਸੀ ਤੇ ਮੈਨੂੰ ਵੱਧ ਤੋਂ ਵੱਧ ਰੱਜ ਕੇ ਪੜ੍ਹਾਉਣ ਉਤੇ ਜ਼ੋਰ ਲੱਗ ਰਿਹਾ ਸੀ। ਸਭ ਨੇ ਮੇਰੇ ਉਤੇ ਆਪਣੀਆਂ ਆਪਣੀਆਂ ਆਸਾਂ ਲਾ ਰੱਖੀਆਂ ਸਨ। ਵੱਡੇ ਵੀਰ ਜੀ ਮੈਨੂੰ ਖੂਬ ਪੜ੍ਹਾ-ਲਿਖਾ ਕੇ ਪ੍ਰੋਫ਼ੈਸਰ ਆਦਿ ਬਣਾਉਣਾ ਚਾਹੁੰਦੇ ਸਨ ਤੇ ਪਿਤਾ ਜੀ ਮਿਲਟਰੀ ਅਫ਼ਸਰ। ਬਲਦੇਵ ਵੀਰ ਜੀ ਮਕੈਨੀਕਲ ਇੰਜਨੀਅਰਿੰਗ ਦੇ ਖੇਤਰ ਵਿੱਚ ਪਾਉਣਾ ਚਾਹੁੰਦੇ ਸਨ। ਪਰ ਮੈਂ ਕਲਕੱਤੇ ਸ਼ਾਂਤੀ ਨਿਕੇਤਨ ਵਿੱਚ ਚਾਰ ਸਾਲਾਂ ਆਰਟ ਦਾ ਡਿਪਲੋਮਾ ਕਰਨਾ ਚਾਹੁੰਦਾ ਸੀ। ਤੁਹਾਨੂੰ ਸਭ ਨੂੰ ਤਾਂ ਪਤਾ ਹੀ ਹੈ ਕਿ ਪੰਜਾਬ ਵਿੱਚ ਤਾਂ ਐਗਰੀਕਲਚਰ ਤੇ ਹੀ ਜ਼ੋਰ ਹੈ। ਕੱਲੇ ਕਲਚਰ ਆਰਟ ਨੂੰ ਇਥੇ ਕੌਣ ਪੱਛਦਾ ਹੈ। ਸਾਰੇ ਕਹਿਣ ਤੂੰ ਸ਼ੁਦਾਈ ਹੋ ਗਿਆ ਹੈਂ। ਪਿਤਾ ਜੀ ਨੇ ਕਿਹਾ," ਪੁੱਤਰਾ, ਇਹ ਸ਼ੌਕ ਹੋਰਾਂ ਸੂਬਿਆਂ ਵਿੱਚ ਹੀ ਫੱਬਦੇ ਨੇ। ਤੂੰ ਭੁੱਖਾ ਮਰੇਂਗਾ ਸਾਰੀ ਉਮਰ ਹੀ ਭੈਣ-ਭਰਾਵਾਂ ਤੋਂ ਮੰਗ ਕੇ ਖਾਂਵੇਂਗਾ। ਕਮਲਿਆਂ ਵਾਂਗ ਰੰਗ ਤੇ ਬੁਰਸ਼ਾਂ ਦਾ ਥੈਲਾ ਚੁੱਕੀ ਫਿਰੇਂਗਾ, ਕੁੱਝ ਤਾਂ ਅਕਲ ਨੂੰ ਹੱਥ ਮਾਰ।" ਇਹੋ ਜਿਹੀਆਂ ਨਸੀਹਤਾਂ ਮੈਨੂੰ ਸਭ ਨੇ ਦਿੱਤੀਆਂ ਤੇ ਮੈਂ ਬਥੇਰੇ ਹੱਥ ਪੈਰ ਮਾਰੇ ਤੇ ਆਪਣੀ ਕਲਾ ਤੇ ਹੁਨਰ ਦੀਆਂ ਦੁਹਾਈਆਂ ਦਿੱਤੀਆਂ ਪਰ ਕਿਸੇ ਇੱਕ ਨਾ ਮੰਨੀ। ਆਖੀਰ ਫ਼ੈਸਲਾ ਇਹੀ ਹੋਇਆ। ਬਲਦੇਵ ਵੀਰ ਜੀ ਦਾ ਇੰਡਸਟਰੀ ਡਿਪਾਰਟਮੈਂਟ ਵਿੱਚ ਚੰਗਾ ਰਸੂਖ਼ ਸੀ ਤੇ ਉਹਨਾਂ ਮੈਨੂੰ ਸੋਨੀਪਤ, ਜੋ ਅੱਜ ਕੱਲ ਹਰਿਆਣੇ ਵਿੱਚ ਹੈ, ਦਾਖਲਾ ਦੁਆ ਦਿੱਤਾ। ਭਾਜੀ ਨੇ ਮੈਨੂੰ ਸਮਝਾਇਆ ਤੇ ਕਿਹਾ, "ਤੂੰ ਉਥੇ ਇਕੱਲੇ ਨੇ ਹੋਸਟਲ ਵਿੱਚ ਰਹਿਣਾ ਹੈ, ਪੜੀ ਵੀ ਜਾਈਂ ਤੇ ਨਾਲੋਂ ਨਾਲ ਆਪਣਾ ਚਿੱਤਰਕਾਰੀ ਦਾ ਸ਼ੌਕ ਵੀ ਪੂਰਾ ਕਰਦਾ ਰਹੀਂ। ਇੱਕ ਵਾਰੀ ਮਕੈਨੀਕਲ ਦਾ ਡਿਪਲੋਮਾ ਕਰ ਲੈ ਫੇਰ ਮੈਂ ਤੈਨੂੰ ਚੰਗੀ ਨੌਕਰੀ ਦੁਆ ਦਿਆਂਗਾ। ਫੇਰ ਤੂੰ ਜੋ ਮਰਜ਼ੀ ਕਰੀਂ, ਚਾਹੇ ਸਾਰੀ ਤਨਖ਼ਾਹ ਦੇ ਰੰਗ

ਤੇ ਬੁਰਸ਼ ਖਰੀਦ ਲਈਂ।" ਗੱਲ ਕੀ ਸਾਰਿਆਂ ਰਲ ਕੇ ਮੇਰੀ ਕੁਹਣੀ ਨੂੰ ਗੁੜ ਲਾ ਹੀ ਦਿੱਤਾ ਤੇ ਮੈਂ ਸੋਨੀਪਤ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਕਰਨ ਲੱਗ ਗਿਆ। ਪਰ ਇਥੇ ਮੇਰਾ ਪੂਰਾ ਤਰ੍ਹਾਂ ਦਿਲ ਨਾ ਲੱਗਿਆ। ਬੱਸ ਇੱਕ ਸਮਝੌਤਾ ਹੀ ਸਮਝੋ। ਕਿੱਥੇ ਸੋਹਲ ਕਲਾ ਦੇ ਨਰਮ-ਨਰਮ ਬੁਰਸ਼ ਤੇ ਸੁਪਨਿਆਂ ਦੇ ਸੱਤੇ ਰੰਗ, ਤੇ ਕਿੱਥੇ ਤਪਦੀਆਂ ਭੱਠੀਆਂ ਤੇ ਮਸ਼ੀਨਾਂ ਦੀ ਠੱਕ-ਠੱਕ। ਉਪਰੋਂ ਅਪਲਾਇਡ ਮਕੇਨੀਕਲ ਤੇ ਟਰੀਗਨੋਮੈਟਰੀ ਦੇ ਨਾਲ ਨਾਲ ਮਕੈਨੀਕਲ ਡਰਾਇੰਗ। ਸਾਰਾ ਕੁੱਝ ਰੁੱਖਾ-ਰੁੱਖਾ ਤੇ ਖੁਰਦਰਾ ਜਿਹਾ, ਸਭ ਕੁੱਝ ਸਿਰ ਖਪਾਉਣ ਵਾਲਾ। ਬੜਾ ਔਖਾ ਤੇ ਬੇਬੱਸ ਹੋ ਕੇ ਤਾਲ ਮੇਲ ਬਿਠਾਉਂਦਾ ਪਰ ਕਦੇ-ਕਦੇ ਕਲਾ ਦਾ ਮਰਦਾ ਸ਼ੌਕ ਮੈਨੂੰ ਬਾਗ਼ੀ ਬਣਾ ਦਿੰਦਾ। ਦੋ ਚਿੱਤੀ ਵਿੱਚ ਪਰੈਕਟੀਕਲ ਕਰਦੇ ਸਮੇਂ ਆਏ ਦਿਨ ਕੋਈ ਨਾ ਕੋਈ ਐਕਸੀਡੈਂਟ, ਸੱਟਾਂ ਲੱਗਦੀਆਂ ਰਹਿੰਦੀਆਂ। ਕਿਵੇਂ ਨਾ ਕਿਵੇਂ ਪਹਿਲੇ ਸਾਲ ਦੇ ਛੇ ਸੱਤ ਮਹੀਨੇ ਕੱਟੇ। ਕਈ ਮੁੰਡੇ ਤਾਂ ਪਹਿਲੇ ਸਾਲ ਵਿੱਚ ਹੀ ਵਿਚੋਂ ਛੱਡ ਕੇ ਭੱਜ ਗਏ ਪਰ ਮੈਨੂੰ ਸਾਰੇ ਘਰਦਿਆਂ ਦੇ ਪਿਆਰ ਅਤੇ ਹੱਲਾਸ਼ੇਰੀ ਨੇ ਭੱਜਣ ਨਾ ਦਿੱਤਾ। ਫੇਰ ਮੈਂ ਦਿਸੰਬਰ ਦੇ ਵੱਡੇ ਦਿਨਾਂ ਦੀਆਂ ਛੁੱਟੀਆਂ ਵਿੱਚ ਚਾਂਈਂ-ਚਾਂਈਂ ਮਾਂ ਕੋਲ ਦਸ ਦਿਨਾਂ ਛੁੱਟੀਆਂ ਵਿੱਚ ਘਰੇ ਆਇਆ। ਮਾਂ ਨੇ ਵੀ ਓਦਰੇ ਪੁੱਤਰ ਦੀ ਖਾਸ ਉਚੇਚ ਕੀਤੀ। ਮਨ ਭਾਉਂਦਾ ਹਰ ਤਰ੍ਹਾਂ ਦਾ ਖਾਣਾ ਬਣਾ ਬਣਾ ਕੇ ਖੁਆਇਆ। ਮੇਰਾ ਵਾਪਸ ਜਾਣ ਨੂੰ ਉਕਾ ਹੀ ਮਨ ਨਾ ਕਰੇ ਪਰ ਵਾਪਿਸ ਤਾਂ ਜਾਣਾ ਹੀ ਸੀ ਤੇ ਮੈਂ ਮਨ ਮਾਰ ਕੇ ਵਾਪਿਸ ਸੋਨੀਪਤ ਪਰਤ ਗਿਆ। ਮੇਰਾ ਸ਼ੌਕ ਦਮ ਤੋੜਦਾ ਰਿਹਾ ਤੇ ਅੰਤ ਮੈਂ ਸੋਨੀਪਤ ਤੋਂ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਹਾਸਿਲ ਕੀਤਾ ਤੇ ਮੇਰਾ ਚਿੱਤਰਕਾਰੀ ਦਾ ਸ਼ੌਕ ਕਿਤੇ ਪਿੱਛੇ ਰਹਿ ਗਿਆ। ਮੈਂ ਚਿੱਤਰਕਾਰ ਬਣਦਾ ਬਣਦਾ ਮਕੈਨੀਕਲ ਇੰਜਨੀਅਰ ਬਣ ਗਿਆ।

## ਇਕ ਸ਼ਰਾਪ

ਕੋਈ ਵੀ ਮਾਂ ਕਦੇ ਆਪਣੇ ਬੱਚੇ ਨੂੰ ਸ਼ਰਾਪ ਨਹੀਂ ਦਿੰਦੀ। ਚਾਹੇ ਉਹ ਕਿੰਨਾ ਵੀ ਕੁਪੁੱਤ ਕਿਉਂ ਨਾ ਹੋਵੇ। ਪਰ ਮੈਂ ਪੁੱਤਾਂ ਦਾ ਸਭ ਨਾਲੋਂ ਛੋਟਾ ਪੁੱਤ ਜਿਸਨੂੰ ਮਾਂ ਅਕਸਰ ਲਾਡ ਵਿੱਚ ਕਹਿੰਦੀ, "ਇਹ ਤਾਂ ਤੇਰਾ ਸਰਵਣ ਪੁੱਤਰ ਹੈ। ਵੇਖੀਂ ਮੈਂ ਇਸ ਕੋਲ ਹੀ ਆਪਣੇ ਬੁਢੇਪੇ ਦੇ ਦਿਨ ਕੱਟਣੇ ਨੇ।" ਪਤਾ ਨਹੀਂ ਕਿਉਂ ਉਨ੍ਹਾਂ ਦਾ ਇਹ ਸੁਪਨਾ ਸਾਕਾਰ ਹੋਣ ਤੋਂ ਪਹਿਲਾਂ ਹੀ ਮੇਰੀ ਬੁੱਧ ਭ੍ਰਿਸ਼ਟੀ ਗਈ। ਮੈਂ ਆਪਣੇ ਆਪਹੁਦਰੇ ਮਨ ਦੇ ਪਿੱਛੇ ਲੱਗ ਕੇ ਕਿਉਂ ਪਲਾਂ ਛਿਨਾਂ ਵਿੱਚ ਐਨਾ ਉਚਾਟ ਹੋ ਗਿਆ, ਜੋ ਇਕਦਮ ਆਪਣੀ ਚੰਗੀ ਭਲੀ ਐਨੀ ਵਧੀਆ ਸਰਕਾਰੀ ਨੌਕਰੀ ਛੱਡ ਦਿੱਤੀ। ਜਦੋਂ ਮੈਂ ਮੂੰਹ ਸਿਰ ਮੁਨਵਾ ਕੇ ਆਪਣੇ ਫ਼ਰਜਾਂ ਤੇ ਸਰਖ਼ੁਦਾਰੀ ਤੋਂ ਮੂੰਹ ਮੋੜ ਕੇ ਬੰਬਈ ਵੱਲ ਨੱਸ ਤੁਰਿਆ ਤਾਂ ਮੈਂ ਹੀ ਆਪਣੀ ਐਨੀ ਪਿਆਰੀ ਮਾਂ ਦੇ ਪਹਿਲੇ ਹਾਰਟ ਅਟੈਕ ਦਾ ਕਾਰਨ ਬਣਿਆ। ਸ਼ਾਇਦ ਉਦੋਂ ਅਚਨਚੇਤ ਮਾਂ ਦੇ ਮੂੰਹੋਂ ਨਿਕਲ ਗਿਆ ਹੋਵੇ, "ਜਾ ਵੇ ਮੇਰਿਆ ਕਮਲਿਆ ਪੁੱਤਰਾ, ਭਰੇ ਰੁਜ਼ਗਾਰ ਨੂੰ ਲੱਤ ਮਾਰੀ ਏ ਤੇ ਗੁਰੂ ਤੋਂ ਬੇਮੁੱਖ ਹੋਇਆ ਏਂ, ਜਾ ਸਾਰੀ ਉਮਰ ਰੁਲੇਂਗਾ।"

ਜਾਣੋਂ ਇਹ ਓਪਰੇ ਮਨੋਂ ਹੀ ਕਿਹਾ ਮੇਰੀ ਅੰਮੜੀ ਦਾ ਵਾਕ ਇੱਕ ਅਟੱਲ ਸ਼ਰਾਪ ਬਣ ਗਿਆ। ਮੈਂ ਲੱਖ ਚਾਹ ਕੇ ਵੀ ਕਦੇ ਇਸ ਸ਼ਰਾਪ ਦੀ ਜੱਦ ਤੋਂ ਨਹੀਂ ਨਿਕਲ ਸਕਿਆ। ਜਾਣੋਂ ਹੋਣੀ ਪੈਰ-ਪੈਰ ਤੇ ਮੇਰੇ ਇਸ ਸ਼ਰਾਪ ਨੂੰ ਸੱਚ ਕਰਨ ਲਈ ਔਕੜਾਂ ਤੇ ਔਕੜਾਂ ਭੇਜਦੀ ਰਹੀ। ਮੈਂ ਸਾਰੀ ਜ਼ਿੰਦਗੀ ਆਪਣੇ ਵਜੂਦ ਤੇ ਇਸ ਸ਼ਰਾਪ ਦਾ ਸੰਤਾਪ ਹੱਢਾਇਆ ਹੈ ਤੇ ਤਿਲ-ਤਿਲ ਕਰਕੇ ਮਰਦਾ ਰਿਹਾ ਹਾਂ। ਜਾਣੋਂ ਅੱਜ ਮੇਰਾ ਵਜੂਦ ਸੱਚ ਮੁੱਚ ਸ਼ਾਖ ਤੋਂ ਟੁੱਟੇ ਇੱਕ ਪੱਤੇ ਵਾਂਗ ਹੈ ਜੋ ਦਰ-ਦਰ ਰੁਲਦਾ ਫ਼ਿਰਦਾ ਹੈ। ਜਿਸਦਾ ਕੋਈ ਆਪਣਾ ਦਰ ਨਹੀਂ, ਟਿਕਾਣਾ ਨਹੀਂ, ਕੋਈ ਮੰਜ਼ਿਲ ਨਹੀਂ, ਬੱਸ ਭਟਕਨ ਹੀ ਜ਼ਿੰਦਗੀ ਹੈ, ਇੱਕ ਸ਼ਰਾਪ ਹੈ, ਇੱਕ ਅਧੂਰਾ ਸਫ਼ਰ ਹੈ, ਇੱਕ ਆਵਾਰਗੀ ਹੈ।

ਪਿਛਲੇ 10 ਸਾਲ ਮੈਂ ਕਰੜੀ ਘਾਲਣਾ ਘਾਲ ਕੇ, ਹਰ ਔਕੜ ਤੇ ਅਸਫ਼ਲਤਾ ਨਾਲ ਜੂਝਦਾ ਰਿਹਾ ਹਾਂ। ਐਨੇ ਸਿਰੜ ਨਾਲ ਮੈਂ ਫ਼ਿਲਮੀ ਮਾਇਆ ਨਗਰੀ ਵਿੱਚ ਆਪਣੀ ਇੱਕ ਅਲੱਗ ਜਿਹੀ ਪਹਿਚਾਨ ਬਣਾਈ ਸੀ। ਮਸੀਂ ਆਪਣੇ ਸ਼ੌਕ ਦੀ ਗੱਡੀ ਲੀਹ ਤੇ ਚਾੜੀ ਸੀ। ਹੁਣ ਹਰ ਪਾਸਿਓਂ ਥੋੜ੍ਹਾ ਬਹੁਤ ਕੰਮ ਮਿਲਣ ਲੱਗਾ ਸੀ। ਮੇਰੀਆਂ ਕਹਾਣੀਆਂ, ਗੀਤ, ਪਟਕਥਾਵਾਂ, ਨਿਰਮਾਤਾਵਾਂ ਤੇ ਨਿਰਦੇਸ਼ਕਾਂ ਦੀ ਪਸੰਦ ਬਣਨ ਲੱਗੇ ਸਨ। ਕੁੱਝ ਕੁ ਫ਼ਿਲਮਾਂ ਵਿੱਚ ਬਤੌਰ ਹੀਰੋ ਤੇ ਸਾਈਡ ਕੰਮ ਵੀ ਕੀਤਾ ਤੇ ਆਪਣੀ ਹੋਮ ਪ੍ਰੋਡਕਸ਼ਨ ਦਾ ਵੀ ਮੁੱਢ ਰੱਖ ਲਿਆ ਸੀ। ਇੱਕ ਛੋਟਾ ਜਿਹਾ ਫਲੈਟ ਤੇ ਆਮ ਜਿਹੀ ਕਾਰ ਵੀ ਲੈ ਲਈ ਸੀ। ਕੋਈ ਕਹਿੰਦਾ ਇਹ ਤਾਂ ਹਰਫ਼ਨਮੌਲਾ ਹੈ। ਇਸ ਤੋਂ ਕੋਈ ਵੀ ਕੰਮ ਕਰਵਾ ਲਉ। ਕੋਈ ਕਹਿੰਦਾ ਇਹ ਵੀ ਧਰਮਿੰਦਰ ਜੀ ਦੇ ਨਕਸ਼ੇਕਦਮ ਤੇ ਚੱਲ ਰਿਹਾ ਹੈ। ਇੱਕ ਦਿਨ ਜ਼ਰੂਰ ਅੱਗੇ ਆਵੇਗਾ। ਅਚਾਨਕ ਫੇਰ ਤੋਂ ਹੋਣੀ ਨੇ ਜਿਵੇਂ ਮੇਰੀਆਂ ਲੱਤਾਂ ਖਿਚ ਲਈਆਂ ਹੋਣ। ਪੰਜਾਬ ਵਿੱਚ ਮੇਰੇ ਬੀਜੀ ਦੀ ਤਬੀਅਤ ਬਹੁਤ ਖ਼ਰਾਬ ਹੋ ਗਈ। ਮੈਂ ਸਭ ਕੁੱਝ ਵਿੱਚ ਹੀ ਠੱਪ ਕਰਕੇ ਮਾਂ ਕੋਲ ਪਹੁੰਚ ਗਿਆ।

ਦੋ ਤਿੰਨ ਹਫ਼ਤੇ ਰੱਜ ਕੇ ਮਾਂ ਦੀ ਸੇਵਾ ਤੇ ਤਿਮਾਰਦਾਰੀ ਕੀਤੀ। ਮਾਤਾ ਜੀ ਕੁੱਝ ਸੰਭਲੇ, ਫੇਰ ਇਸ ਬਾਰ ਮਾਤਾ ਨੇ ਇੱਕ ਅੜੀ ਫੜ ਲਈ "ਜੇ ਤੂੰ ਸੱਚੀ ਮੈਨੂੰ ਪਿਆਰ ਕਰਦਾ ਹੈਂ ਤੇ ਤੇਰੇ ਦਿਲ ਵਿੱਚ ਰਤਾ ਵੀ ਮੇਰੇ ਲਈ ਸਤਿਕਾਰ ਹੈ ਤਾਂ ਇੱਕ ਵਾਰ ਮੇਰੇ ਕਹੇ ਇੱਥੋਂ ਹੀ ਸਿੱਧਾ ਕਨੇਡਾ ਭੈਣ-ਭਰਾਵਾਂ ਕੋਲ ਚਲਾ ਜਾ।" ਮੈਂ ਬਥੇਰਾ ਮਾਂ ਦੇ ਤਰਲੇ ਮਿੰਨਤਾਂ ਕੀਤੀਆਂ, "ਮਾਂ ਜੀ, ਹੁਣ ਮੇਰਾ ਕੰਮ ਹਰ ਪਾਸਿਓਂ ਲੋਟ ਆਇਆ ਹੋਇਆ ਹੈ। ਸਭ ਕੁੱਝ ਠੀਕ ਠਾਕ ਚੱਲ ਰਿਹਾ ਏ। ਛੇਤੀ ਹੀ ਮੈਂ ਆਪ ਦੋਹਾਂ ਨੂੰ ਵੀ ਆਪਣੇ ਕੋਲ ਬੰਬਈ ਲੈ ਜਾਣਾ ਏ। ਨਹੀਂ ਤਾਂ ਘੱਟੋ-ਘੱਟ ਦੋ-ਤਿੰਨ ਮਹੀਨੇ ਦੀ ਮੋਹਲਤ ਤਾਂ ਦਿਓ ਤਾਂ ਕਿ ਮੈਂ ਆਪਣੇ ਤੇ ਦੂਜਿਆਂ ਦੇ ਸ਼ੁਰੂ ਕੀਤੇ ਕੰਮ ਨਿਬੇੜ ਆਵਾਂ ਅਤੇ ਲੱਖਾਂ ਦਾ ਆਪਣਾ ਘਰ ਤੇ ਕਾਰ ਵੇਚ ਆਵਾਂ।" ਪਰ ਮਾਂ ਨਾਂ ਮੰਨੀ, "ਅੱਗੇ ਤੂੰ ਦਸ ਸਾਲਾਂ ਤੋਂ ਸਾਨੂੰ ਇਹੀ ਲਾਰੇ ਲਾਉਂਦਾ ਆਇਆ ਹੈਂ। ਹੁਣ ਤਾਂ ਆਰ ਜਾਂ ਪਾਰ, ਜਾਂ ਅੱਜ ਸਾਨੂੰ

ਸਾਰਿਆਂ ਨੂੰ ਹਮੇਸ਼ਾ ਲਈ ਛੱਡ ਦੇ ਜਾਂ ਇਹ ਆਪਣੀ ਚੰਦਰੀ ਫ਼ਿਲਮ ਲਾਈਨ ਛੱਡ ਦੇ। ਕਨੇਡਾ ਜਾਣਾ ਹੈ ਤਾਂ ਬੱਸ ਇਥੋਂ ਸਿੱਧਾ (ਲੁਧਿਆਣੇ ਪੰਜਾਬ) ਕਨੇਡਾ ਦੀ ਟਿਕਟ ਲੈ ਕੇ ਦਿੱਲੀਓਂ ਚੜ੍ਹ ਜਾ। ਨਹੀਂ ਤਾਂ ਜੋ ਤੇਰੀ ਮਰਜ਼ੀ ਕਰ, ਅੱਜ ਤੋਂ ਬਾਅਦ ਤੂੰ ਜਾਣੇ ਤੇਰਾ ਕੰਮ। ਅਸੀਂ ਤੇਰੇ ਲਈ ਮਰ ... "। ਮੈਂ ਪਹਿਲਾਂ ਹੀ ਆਪਣੇ ਆਪ ਨੂੰ ਮਾਂ ਦੀ ਏਡੀ ਵੱਡੀ ਬੀਮਾਰੀ ਦਾ ਦੋਸ਼ੀ ਸਮਝਦਾ ਸੀ ਇਸ ਲਈ ਬੀਮਾਰ ਮਾਂ ਅੱਗੇ ਛੇਤੀ ਹੀ ਗੋਡੇ ਟੇਕ ਦਿੱਤੇ।

ਮਾਂ ਪੁੱਤ ਤਾਂ ਦਿੰਦੀ ਜੰਮ
ਪਰ ਕਰਮ ਨ ਦਿੰਦੀ ਵੰਡ

ਅੱਜ ਫੇਰ ਇੱਕ ਸ਼ਰਵਨ ਪੁੱਤਰ ਬਣ ਕੇ ਆਪਣਾ ਸਭ ਕੁੱਝ ਛੱਡ-ਛਡਾਕੇ ਅਤੇ ਭੁੱਲ ਭੁਲਾਕੇ ਇੱਕ ਨਵੇਂ ਤੇ ਅਣਜਾਣੇ ਮੁਲਕ ਵੱਲ ਤੁਰ ਪਿਆ। ਆਪਣੇ ਕਰਮਾਂ ਦੀ ਫ਼ਿਰ ਤੋਂ ਕੋਈ ਅਣਜਾਣੀ ਚੋਗ ਚੁਗਣ ਲਈ ਤੁਰ ਪਿਆ। ਜਾਣੋਂ ਜਹਾਜ਼ ਜਬਰੀ ਹੀ ਮੈਨੂੰ ਸਣੇ ਜੜੀਂ ਪੁੱਟ ਕੇ, ਹਜ਼ਾਰਾਂ ਫੁੱਟ ਉਤੇ ਚੜ੍ਹ ਗਿਆ ਹੋਵੇ। ਜਾਣੋਂ ਅੱਜ ਮੈਂ ਸੱਤ ਸਮੁੰਦਰ ਪਾਰ ਕਿਸੇ ਨਵੀਂ ਧਰਤੀ ਦੀ ਕਸ਼ਿਸ਼ ਵੱਲ ਖਿੱਚਿਆ ਜਾ ਰਿਹਾ ਹੋਵਾਂ। ਆਖੀਰ ਹਵਾਈ ਜਹਾਜ਼ ਨੇ ਮੈਨੂੰ ਕਨੇਡਾ ਦੀ ਧਰਤੀ ਤੇ ਆਣ ਲਾਹਿਆ ਤੇ ਚਾਈਂ ਚਾਈਂ ਮੇਰੇ ਸਾਰੇ ਭੈਣ-ਭਰਾ ਮੈਨੂੰ ਕਨੇਡਾ ਏਅਰਪੋਰਟ ਤੋਂ ਆਪਣੇ ਘਰ ਲੈ ਆਏ।

ਜਿੰਨਾ ਮੈਂ ਦੇਖਣ ਨੂੰ ਸੋਹਣਾ ਸੁਨੱਖਾ, ਹਰ ਪਾਸਿਓਂ ਇੱਕ ਸਮਾਰਟ ਦਿੱਖ ਵਾਲਾ ਆਕਰਸ਼ਕ ਬੰਦਾ ਲੱਗਦਾ ਸੀ, ਪਰ ਉਨੀ ਹੀ ਮੇਰੀ ਤਕਦੀਰ ਖੋਟੀ ਤੇ ਸਿਆਹ ਸੀ। ਭਾਵੇਂ ਬੰਬਈ ਵਿੱਚ ਕੱਲ ਤੱਕ ਮੈਂ ਪੰਜ ਫ਼ਿਲਮਾਂ ਦਾ ਹੀਰੋ ਜਾਂ ਸਾਈਡ ਹੀਰੋ ਸੀ, ਪਰ ਕਨੇਡਾ ਵਿੱਚ ਆ ਕੇ ਤਾਂ ਮੈਂ ਮੂਲੋਂ ਹੀ ਜ਼ੀਰੋ ਹੋ ਗਿਆ ਸੀ।

ਅਕਸਰ (ਟੋਰਾਂਟੋ,ਕਨੇਡਾ) ਵਿਚੋ ਪਹਿਲਾਂ ਜਿਵੇਂ ਇਹ ਰਿਵਾਜ ਜਿਹਾ ਹੋਵੇ, 5-10 ਆਪਸੀ ਸਾਂਝ ਵਾਲੀਆਂ ਫੈਮਲੀਆਂ ਹਰ ਵੀਕ ਐਂਡ ਤੇ ਆਨੇ ਬਹਾਨੇ ਕਿਸੇ ਨਾ ਕਿਸੇ ਦੇ ਘਰ ਇਕੱਠੀਆਂ ਹੋ ਹੀ ਜਾਂਦੀਆਂ ਸਨ। ਚਾਹੇ ਕਿਸੇ ਦਾ ਕੋਈ ਇੰਡੀਆ ਤੋਂ ਨਵਾਂ ਮਹਿਮਾਨ ਜਾਂ ਰਿਸ਼ਤੇਦਾਰ ਆਇਆ ਹੋਵੇ, ਜਾਂ ਕਿਸੇ ਦਾ ਜਨਮ ਦਿਨ ਜਾਂ ਕਿਸੇ ਦੀ ਐਨੀਵਰਸਰੀ ਹੋਵੇ। ਸੋ ਅੱਜ ਮੇਰੇ ਕਨੇਡਾ ਆਉਣ ਕਰਕੇ ਮੇਰੇ ਵੱਡੇ ਭਾਜੀ ਬਲਵੰਤ ਸਿਕੰਦ ਦੇ ਘਰੇ ਵੀਕ ਐਂਡ ਤੇ ਕੁੱਝ ਮਹਿਮਾਨ ਇਕੱਠੇ ਹੋ ਗਏ ਸਨ। ਉਨ੍ਹਾਂ ਮਹਿਮਾਨਾਂ ਵਿੱਚ ਇੱਕ ਸੋਹਣੀ ਜਿਹੀ ਜਵਾਨ ਔਰਤ, ਆਪਣੀ ਤਿੰਨ ਕੁ ਸਾਲਾਂ ਦੀ ਬੱਚੀ ਨੂੰ ਨਾਲ ਲੈ ਕੇ ਆਈ ਸੀ। ਇੰਡੀਆ ਤੋਂ ਆਏ ਕਰਕੇ, ਮੈਂ ਸਾਰਿਆਂ ਦਾ ਖ਼ਾਸ ਅਕਾਰਸ਼ਣ ਬਣਿਆ ਹੋਇਆ ਸੀ। ਤਕਰੀਬਨ ਸਾਰਿਆਂ ਨੇ ਵਾਰੀ-ਵਾਰੀ ਮੇਰਾ ਹਾਲ-ਚਾਲ ਪੁੱਛਿਆ। ਥੋੜੀ ਬਹੁਤ ਪੰਜਾਬ ਦੀ ਤਾਜਾ ਜਾਣਕਾਰੀ ਲਈ ਤੇ ਕਨੇਡਾ ਵਿੱਚ ਮੇਰਾ ਜੀ ਆਇਆਂ ਕੀਤਾ। ਫੇਰ ਵੱਡੇ ਭਾਜੀ ਨੇ ਆਪ ਮੇਰਾ ਸਭ ਨਾਲ ਤੁਆਰਫ਼ ਕਰਵਾਇਆ, "ਇਹ ਮੇਰਾ ਸਭ ਨਾਲੋਂ ਛੋਟਾ ਭਰਾ, ਜਿਸ ਨੂੰ ਅਸੀਂ ਪਿਆਰ ਨਾਲ ਬਿੱਲਾ ਵੀ ਕਹਿੰਦੇ ਹਾਂ। ਇਹ ਅੱਜ-ਕੱਲ ਬੰਬਈ ਦਾ ਬਾਬੂ, ਕਈ ਫ਼ਿਲਮਾਂ ਵਿੱਚ ਹੀਰੋ ਹੈ।" ਇਕ-ਦੋ ਮਹਿਮਾਨਾਂ ਨੇ ਤਾਂ ਸਿੱਧੀ ਹੀ ਫੂਕ ਛਕਾ ਦਿੱਤੀ, "ਸਿਕੰਦ ਸਾਹਿਬ, ਹਰ ਪਾਸਿਓਂ ਹੀਰੋ ਲੱਗਦਾ ਵੀ ਹੈ। ਕੁੱਝ ਤਾਂ ਬਾਂਕਪਨ ਹੈ ਮੁੰਡੇ ਵਿਚ।" ਸਾਰੇ ਹੱਸ ਪਏ। ਉਸ ਔਰਤ ਨਾਲ ਮੇਰੀ ਵੱਡੀ ਭਾਬੀ ਨੇ ਮੈਨੂੰ ਖ਼ਾਸ ਤੌਰ ਤੇ ਮਿਲਵਾਇਆ, "ਸਾਵੀ, ਇਹ ਮੇਰਾ ਛੋਟਾ ਦੇਵਰ ਬਿੱਲਾ ਹੈ। ਅੱਜ-ਕੱਲ ਬੰਬਈ ਰਹਿੰਦਾ ਹੈ। ਫ਼ਿਲਮਾਂ ਦੇ ਚੱਕਰ ਵਿੱਚ ਹਾਲੇ ਤਾਈਂ ਕੁਆਰਾ ਹੀ ਫਿਰਦਾ ਹੈ।" ਅੱਗੋਂ ਸਾਵੀ ਥੋੜਾ ਜਿਹਾ ਹੱਸੀ ਤੇ ਫੇਰ ਨਜ਼ਰਾਂ ਮਿਲਾ ਕੇ ਸ਼ਰਮ ਨਾਲ ਝੁਕਾ ਲਈਆਂ। "ਕੀ ਦੀਦੀ ਸੱਚੀ ਕੁਆਰਾ ਹੈ ਜਾਂ ਕੋਈ ਕੁੜੀ ਪਸੰਦ ਹੀ ਨਹੀਂ ਆਈ ਤੁਹਾਡੇ ਹੀਰੋ ਦੇਵਰ ਨੂੰ।" ਭਾਬੀ ਜੀ ਤੇ ਸਾਵੀ ਦੋਵੇਂ ਹੱਸ ਪਈਆਂ। ਐਨੇ ਨੂੰ ਮੀਤੀ ਸਾਵੀ ਦੀ ਬੇਟੀ ਆ ਗਈ ਤੇ ਸਿਧੀ ਆ ਕੇ ਮੇਰੀ ਗੋਦ ਵਿੱਚ ਬਹਿ ਗਈ ਤੇ ਆਪਣੀ ਮੰਮੀ (ਸਾਵੀ) ਨੂੰ ਕਹਿਣ ਲੱਗੀ, "ਮੰਮੀ ਮੰਮੀ, ਕੀ ਇਹੀ ਮੇਰੇ ਡੈਡੀ ਨੇ। ਜੋ ਤੁਸੀਂ ਕਹਿੰਦੇ ਸੀ ਕਿ ਤੇਰੇ ਡੈਡੀ ਇੰਡੀਆ ਗਏ ਹੋਏ ਨੇ।" ਸਾਵੀ ਪਹਿਲਾਂ ਤਾਂ ਇਕਦਮ ਸਕਤੇ ਵਿੱਚ ਆ ਗਈ। ਫੇਰ ਇੱਕ ਦਮ ਉਸਦੀਆਂ ਅੱਖਾਂ ਭਰ ਆਈਆਂ ਤੇ ਉਹ ਮੀਤੀ ਨੂੰ ਜਾਣੋਂ ਮੇਰੀ ਗੋਦ ਵਿਚੋਂ ਜਬਰਦਸਤੀ ਖਿੱਚਣ ਲੱਗ ਪਈ ਹੋਵੇ ਤੇ ਉਹ ਬੱਚੀ ਇੱਕ ਦਮ ਸਹਿਮ ਕੇ ਮੈਨੂੰ ਚਿੰਬੜ ਗਈ ਹੋਵੇ। "ਨੋ ਮੰਮੀ, ਨੋ, ਆਈ ਲਵ ਮਾਈ ਡੈਡੀ, ਪਲੀਜ਼ ਆਈ ਨੀਡ ਮਾਈ ਡੈਡੀ।" ਜਦ ਨੂੰ ਸਾਰੇ ਹੀ ਮੇਰੇ ਨੇੜੇ ਇਕੱਠੇ ਹੋ ਗਏ ਤੇ ਮੈਂ ਵੀ ਕੁੱਝ ਜ਼ਿਆਦਾ ਹੀ ਭਾਵੁਕ ਹੋ ਗਿਆ ਤੇ ਸਾਵੀ ਨੂੰ ਕਿਹਾ, "ਪਲੀਜ਼, ਰਹਿਣ ਵੀ ਦਿਓ ਨਾ ਇਸ ਨੂੰ ਮੇਰੀ ਗੋਦੀ ਵਿੱਚ ਬੈਠੇ। ਕਿਉਂ ਜ਼ਬਰਦਸਤੀ ਕਰਦੇ ਹੋ ਮਾਸੂਮ ਬੱਚੀ ਨਾਲ।" ਫੇਰ ਵੱਡੇ ਭਾਜੀ ਨੇ ਵੀ ਹੱਸਕੇ ਕਹਿ ਹੀ ਦਿੱਤਾ, "ਲੈ ਬਈ ਸਾਵੀ, ਮੀਤੀ ਨੇ ਤਾਂ ਅੱਜ ਆਪਣਾ ਡੈਡੀ ਲੱਭ ਹੀ ਲਿਆ।" ਇੱਕ ਨੇ ਕਿਹਾ, "ਬੱਚੇ ਤਾਂ ਰੱਬ ਦਾ ਰੂਪ ਹੁੰਦੇ ਨੇ। ਕੀ ਪਤਾ ਇਸ ਵਿੱਚ ਹੀ ਸਭ ਦਾ ਭਲਾ ਹੋਵੇ।"

ਫੇਰ ਸਾਵੀ ਨੂੰ ਤਾਂ ਫੜ ਕੇ ਭਾਬੀ ਜੀ ਆਪਣੇ ਨਾਲ ਅੰਦਰ ਕਿਚਨ ਵਿੱਚ ਲੈ ਗਏ, "ਚੱਲ ਸਾਵੀ, ਆਪਾਂ ਰਲਕੇ ਚਾਹ ਪਾਣੀ ਦਾ ਇੰਤਜਾਮ ਕਰੀਏ।" ਫੇਰ ਭਾਬੀ ਜੀ ਨੇ ਗੱਲਾਂ ਹੀ ਗੱਲਾਂ ਵਿੱਚ ਗੱਲ ਤੋਰੀ, "ਸਾਵੀ ਹੈ ਤਾਂ ਇਹ ਸਾਰੇ ਸੰਜੋਗਾਂ ਦੀ ਗੱਲ। ਕਿਉਂ ਕੱਦ ਤਾਈਂ ਤੂੰ ਕੱਲੀ ਬੈਠੀ ਰਹੇਂਗੀ। ਬੱਚੀ ਆਪਣੇ ਪਿਓ ਦੀ ਕਮੀ ਬਹੁਤ ਮਹਿਸੂਸ ਕਰਦੀ ਹੈ। ਤਾਂ ਹੀ ਤਾਂ ਉਹ ਅੱਜ ਬਿੱਲੂ ਨੂੰ ਆਪਣਾ ਡੈਡੀ ਸਮਝ ਬੈਠੀ ਹੈ। ਹਾਲੇ ਤਾਂ ਬੱਚੀ ਹੈ ਸਭ ਕੁੱਝ ਛੇਤੀ ਪੈਚ-ਅੱਪ ਹੋ ਜਾਏਗਾ। ਤੁਸੀਂ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰ ਸਕਦੇ ਹੋ। ਕੀ ਪਤਾ ਕਿਸਮਤ ਨੇ ਤੇਰੇ ਲਈ ਹੀ ਇਸਨੂੰ ਬੰਬਈ ਤੋਂ ਇੱਥੇ ਭੇਜਿਆ ਹੋਵੇ। ਪਹਿਲਾਂ ਚੰਗੀ ਤਰ੍ਹਾਂ ਸੋਚ ਲੈ, ਜੇ ਤੇਰਾ ਮਨ ਮੰਨੇਗਾ, ਤਾਂ ਮੈਨੂੰ ਫੋਨ ਕਰ ਦੇਵੀਂ। ਫੇਰ ਮੈਂ ਤੇਰੇ ਭਾਜੀ ਸਿਕੰਦ ਸਾਹਿਬ ਨਾਲ ਗੱਲ ਤੋਰਾਂਗੀ। ਉਨ੍ਹਾਂ ਦੀ ਬਿੱਲੂ ਬਹੁਤ ਹੀ ਇਜ਼ੱਤ ਕਰਦਾ ਹੈ ਤੇ ਸਿਕੰਦ ਸਾਹਿਬ ਵੀ ਬਿੱਲੂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਨੇ।" ਸਾਵੀ ਨੇ ਝਿਜਕਦਿਆਂ ਕਿਹਾ, "ਦੀਦੀ, ਤੁਸੀਂ ਪਹਿਲਾਂ ਆਪਣੇ ਦੇਵਰ ਨੂੰ ਤਾਂ ਪੁੱਛ ਲੈਣਾ ਸੀ।" "ਉਹ

ਵੀ ਪੁੱਛ ਲਵਾਂਗੇ। ਪਹਿਲਾਂ ਤੂੰ ਆਪਣਾ ਮੂਡ ਤਾਂ ਬਣਾ ਲੈ।" ਚਾਹ-ਪਾਣੀ ਪੀ ਕੇ ਵਾਰੀ-ਵਾਰੀ ਸਾਰੇ ਮਹਿਮਾਨ ਚਲੇ ਗਏ। ਬੜੀ ਮੁਸ਼ਕਿਲ ਨਾਲ ਮੀਤੀ ਨੂੰ ਰੋਂਦੀ ਕੁਰਲਾਉਂਦੀ ਨੂੰ ਸਾਵੀ ਆਪਣੇ ਘਰ ਲੈ ਗਈ। ਫੇਰ ਰਾਤੀਂ ਹੀ ਸਾਵੀ ਦਾ ਫੋਨ ਆਇਆ, "ਮੈਂ ਕੀ ਕਰਾਂ? ਕੁੜੀ ਤਾਂ ਚੁੱਪ ਹੀ ਨਹੀਂ ਕਰਦੀ। ਰੋ ਰੋ ਕੇ ਬੁਖ਼ਾਰ ਚੜ੍ਹਾ ਲਿਆ ਏ। ਮੈਂ ਸਵੇਰੇ ਆਪਣੇ ਕੰਮ ਤੇ ਵੀ ਜਾਣਾ ਏ।" ਅੱਗੋਂ ਭਾਬੀ ਜੀ ਨੇ ਕਿਹਾ, "ਸਾਵੀ, ਤੂੰ ਇਉਂ ਕਿਉਂ ਨਹੀਂ ਕਰਦੀ, ਇਹਦੀ ਬਿੱਲੂ ਨਾਲ ਸਿੱਧੀ ਫੋਨ ਤੇ ਗੱਲ ਕਰਵਾਦੇ। ਉਹ ਆਪੇ ਇਸ ਨੂੰ ਕਿਸੇ ਤਰ੍ਹਾਂ ਸਮਝਾ ਦੇਵੇਗਾ। ਕੱਲ ਨੂੰ ਤੂੰ ਕੰਮ ਤੇ ਜਾਂਦੀ ਹੋਈ ਮੀਤੀ ਨੂੰ ਸਾਡੇ ਘਰ ਛੱਡ ਜਾਵੀਂ।" ਐਨੇ ਨੂੰ ਸਾਵੀ ਨੇ ਫੋਨ ਮੀਤੀ ਨੂੰ ਫੜਾ ਦਿੱਤਾ ਤੇ ਇਧਰੋਂ ਭਾਬੀ ਜੀ ਨੇ ਫੋਨ ਮੈਨੂੰ ਫੜਾ ਦਿੱਤਾ ਤੇ ਮੈਂ ਇਕਦਮ ਆਪਣੇ ਆਪ ਨੂੰ ਇੱਕ ਸੰਜੀਦਾ ਭਾਵੁਕ ਜਿਹੇ ਪਿਉ ਦੀ ਭੂਮਿਕਾ ਵਿੱਚ ਢਾਲ ਲਿਆ ਜਿਵੇਂ ਫ਼ਿਲਮ ਵਿੱਚ ਐਕਟਰ ਕੈਮਰੇ ਦੇ ਸਾਹਮਣੇ ਇਕਦਮ ਆਪਣਾ ਮੂਡ ਚੇਂਜ ਕਰ ਲੈਂਦੇ ਨੇ ਉਵੇਂ ਹੀ ਮੈਂ ਇੱਕ ਬੱਚੀ ਨੂੰ ਵਰਾ ਲਿਆ, "ਚੁੱਪ ਕਰਜਾ ਮੇਰੀ ਚੰਗੀ ਬੱਚੀ। ਚੰਗੇ ਬੱਚੇ ਆਪਣੀ ਮੰਮੀ ਨੂੰ ਕਦੇ ਤੰਗ ਨਹੀਂ ਕਰਦੇ ਤੇ ਪਾਪਾ ਦੀ ਵੀ ਗੱਲ ਮੰਨਦੇ ਨੇ। ਤੂੰ ਕੱਲ ਸਵੇਰੇ ਮੇਰੇ ਕੋਲ ਆ ਜਾਵੀਂ। ਆਪਾਂ ਸਾਰਾ ਦਿਨ ਖੂਬ ਖੇਡਾਂਗੇ, ਗੱਲਾਂ ਕਰਾਂਗੇ। OK ਬਿਟਿਆ ਰਾਣੀ, Have a nice sleep, I win you, I love you meeti!" ਸਾਵੀ ਨੇ ਜਾਣ ਕੇ ਦੂਜੇ ਪਾਸੇ ਦੇ ਫੋਨ ਉੱਤੇ ਸਾਡਾ ਵਾਰਤਾਲਾਪ ਸੁਣਿਆ। ਉਸ ਤੇ ਇਹ ਅਪਣੱਤ ਅਤੇ ਮੋਹ ਭਿੱਜੀ ਛੋਟੀ ਜਿਹੀ ਵਾਰਤਾਲਾਪ ਦਾ ਕਾਫ਼ੀ ਡੂੰਘਾ ਅਸਰ ਪਿਆ। ਦੂਜੇ ਦਿਨ ਸਾਵੀ ਕੰਮ ਤੇ ਨਹੀਂ ਗਈ। ਨਾਂ ਹੀ ਸਾਨੂੰ ਮੁੜਕੇ ਉਸ ਦਿਨ ਉਸ ਦਾ ਕੋਈ ਫੋਨ ਆਇਆ।

ਸਾਵੀ ਦੇ ਜਾਣ ਪਿੱਛੋਂ ਦੋਨੋਂ ਵੱਡੇ ਭਰਾਵਾਂ ਤੇ ਡੈਡੀ, ਭੈਣ ਜੀ ਤੇ ਭਾਬੀ ਜੀ ਸਭ ਨੇ ਮਿਲਕੇ ਮੇਰੀ ਕਲਾਸ ਲਾਈ। ਜਿਵੇਂ ਇਨ੍ਹਾਂ ਦੀ ਸਾਰੀ ਟੀਮ ਰਲ ਕੇ ਮੇਰੀ ਸਾਈਡ ਤੇ ਹੀ ਗੋਲ ਕਰਨਾ ਚਾਹੁੰਦੀ ਸੀ ਕਿ ਕਿਵੇਂ ਬਿੱਲੇ ਨੂੰ ਨੱਥ ਪਾਈ ਜਾਏ ਤੇ ਕਿਸ ਤਰ੍ਹਾਂ ਇਸਦਾ ਬੰਬਈ ਦਾ ਭੂਤ ਇਸਦੇ ਗਲੋਂ ਲਾਹਿਆ ਜਾਵੇ। ਕਿਵੇਂ ਇਸਨੂੰ ਨਵੀਆਂ ਬੇੜੀਆਂ ਪਾ ਕੇ ਹਮੇਸ਼ਾ ਲਈ ਇੱਥੇ ਰੱਖਿਆ ਜਾਵੇ। ਸਭ ਨਾਲੋਂ ਪਹਿਲਾਂ ਵੱਡੇ ਭਾਜੀ ਨੇ ਕਿਹਾ, "ਦੇਖ ਬਈ ਬਿੱਲੇ ਸ਼ਾਹ, ਸਾਰੀ ਉਮਰ ਤੂੰ ਆਪਣੀ ਮਰਜ਼ੀ ਕਰ ਲਈ। ਅਸਾਂ ਸਭ ਨੇ ਰਲ ਕੇ ਤੇਰੀ ਪੂਰੀ ਸੱਪੋਰਟ ਵੀ ਕੀਤੀ ਤੇ ਹੁਣ ਅਸੀਂ ਸਾਰੇ ਚਾਹੁੰਦੇ ਹਾਂ ਕਿ ਤੂੰ ਹੁਣ ਇਥੇ ਹੀ ਸੈਟਲ ਹੋ ਜਾਵੇਂ। ਸਾਵੀ ਦਾ ਮੁੜ ਕੇ ਘਰ ਵੱਸ ਜਾਵੇਗਾ। ਇੱਕ ਅਨਾਥ ਬੱਚੀ ਨੂੰ ਮੁੜਕੇ ਪਿਤਾ ਦਾ ਪਿਆਰ ਤੇ ਸਾਇਆ ਮਿਲ ਜਾਏਗਾ ਤੇ ਤੈਨੂੰ ਇੱਕ ਕੰਪਲੀਟ ਫੈਮਿਲੀ ਮਿਲ ਜਾਏਗੀ। ਨਾਲ-ਨਾਲ ਤੈਨੂੰ ਕਨੇਡਾ ਵਿੱਚ ਵੱਸਿਆ ਵਸਾਇਆ ਘਰ ਵੀ ਮਿਲ ਜਾਏਗਾ। ਸਾਵੀ ਬੜੀ ਹੀ ਮਿਹਨਤੀ ਕੁੜੀ ਹੈ। ਪੜ੍ਹੀ ਲਿਖੀ ਸਮਝਦਾਰ ਘਰ ਵਸਾਊ ਕੁੜੀ ਹੈ। ਅਚਾਨਕ ਉਸ ਤੇ ਮੁਸੀਬਤ ਆਣ ਪਈ। ਜੇ ਤੂੰ ਅਜਿਹੇ ਹਾਲਾਤ ਵਿੱਚ ਉਸਦਾ ਦਿਲੋਂ ਸਾਥ ਦੇਵੇਂਗਾ ਤਾਂ ਉਹ ਸਾਰੀ ਉਮਰ ਤੇਰੀ ਅਹਿਸਾਨਮੰਦ ਰਹੇਗੀ। ਕੱਲ ਨੂੰ ਤੂੰ ਸਾਵੀ ਨਾਲ ਚੰਗੀ ਅੰਡਰਸਟੈਂਡਿੰਗ ਬਣਾ ਕੇ ਮੁੜਕੇ ਬੰਬਈ ਵੀ ਵਾਪਿਸ ਜਾ ਸਕਦਾ ਹੈ। ਆਪਣੇ ਅਧੂਰੇ ਕੰਮ ਵੀ ਪੂਰੇ ਕਰ ਸਕਦਾ ਹੈਂ। ਸਭ ਨਾਲੋਂ ਵੱਧ ਬੀਜੀ-ਪਿਤਾ ਜੀ ਦਾ ਅਧੂਰਾ ਸੁਪਨਾਂ ਵੀ ਪੂਰਾ ਹੋ ਜਾਵੇਗਾ। ਉਹ ਹਮੇਸ਼ਾ ਤੇਰੇ ਵੱਲੋਂ ਬਹੁਤ ਚਿੰਤਤ ਰਹਿੰਦੇ ਨੇ।" ਦੀਦੀ ਨੇ ਕਿਹਾ, "ਦੇਖ ਬਿੱਲੂ, ਜੇ ਤੂੰ ਵੀ ਇਥੇ ਸੈਟਲ ਹੋ ਜਾਂਦਾ ਏ ਤਾਂ ਅਸੀਂ ਸਾਰੇ ਭੈਣ ਭਰਾ ਇਥੇ ਇਕੱਠੇ ਹੋ ਜਾਵਾਂਗੇ ਤੇ ਫੇਰ ਬੀਜੀ ਪਿਤਾ ਜੀ ਦਾ ਤੇਰੇ ਕੋਲ ਰਹਿਣ ਦਾ ਸੁਪਨਾ ਵੀ ਸਾਕਾਰ ਹੋ ਜਾਵੇਗਾ।" ਬਲਦੇਵ ਵੀਰ ਜੀ ਨੇ ਕਿਹਾ, "ਬਿੱਲੇ, ਸਮਝੋਤਾ ਹੀ ਜ਼ਿੰਦਗੀ ਦਾ ਦੂਜਾ ਨਾਂ ਹੈ।" ਜਾਣੋਂ ਸਾਰੇ ਟੱਬਰ ਦੀਆਂ ਦਲੀਲਾਂ ਤੇ ਮੀਤੀ ਦੇ ਮਾਸੂਮ ਪਿਆਰ ਨੇ ਜਿਵੇਂ ਮੈਨੂੰ ਜਕੜ ਲਿਆ ਹੋਵੇ।

ਇੱਧਰੋਂ ਦੂਸਰੇ ਦਿਨ ਸ਼ਾਮ ਨੂੰ ਬੜਾ ਉਤਸ਼ਾਹ ਭਰਿਆ ਸਾਵੀ ਦਾ ਫੋਨ ਆਇਆ ਤੇ ਭਾਬੀ ਜੀ ਨੇ ਫੋਨ ਚੁੱਕਿਆ। ਮੇਰੇ ਨਾਲ-ਨਾਲ ਬਾਕੀ ਘਰਦਿਆਂ ਦੇ ਵੀ ਕੰਨ ਖੜੇ ਹੋ ਗਏ। ਸਾਵੀ ਨੇ ਸ਼ਨੀਚਰਵਾਰ ਨੂੰ ਸਾਨੂੰ ਸਾਰਿਆਂ ਨੂੰ ਚਾਹ ਤੇ ਬੁਲਾਇਆ। "ਹਾਂ ਦੀਦੀ, ਸਾਡੀ ਮੀਤੀ ਬੇਟੀ ਤੁਹਾਡੇ ਦੇਵਰ ਨੂੰ ਬਹੁਤ ਯਾਦ ਕਰਦੀ ਹੈ।" ਅੱਗੋਂ ਭਾਬੀ ਜੀ ਨੇ ਵੀ ਹਾਸੇ ਵਿੱਚ ਕਿਹਾ, "ਇਸਦਾ ਮਤਲਬ ਬਿੱਲੂ ਨੂੰ ਵੀ ਚਾਹ ਪੀਣ ਲਈ ਨਾਲ ਲਿਆਉਣਾ ਪਵੇਗਾ।" ਦੋਨੋਂ ਹੱਸ ਪਈਆਂ। "ਕੋਈ ਨਹੀਂ, ਅਸੀਂ ਸਾਰੇ ਆ ਜਾਵਾਂਗੇ। ਹਾਂ, ਤੂੰ ਬਹੁਤ ਉਚੇਚ ਨਾ ਕਰੀਂ। ਬੱਸ ਸਾਦੀ ਜਿਹੀ ਚਾਹ ਹੀ ਕਾਫ਼ੀ ਹੈ।"

ਅਸੀਂ ਸ਼ਨਿਚਰਵਾਰ ਸਾਰੇ ਹੀ ਘਰ ਦੇ ਜੀਅ ਇਕੱਠੇ ਹੋ ਕੇ ਸਾਵੀ ਦੀ ਅਪਾਰਟਮੈਂਟ ਵਿੱਚ ਪਹੁੰਚ ਗਏ। ਅੱਗੋਂ ਉਸਦੇ ਦੋਵੇਂ ਭਰਾ ਤੇ ਭੈਣ ਅਤੇ ਕੁੱਝ ਹੋਰ ਉਨ੍ਹਾਂ ਦੀ ਜਾਣ-ਪਹਿਚਾਣ ਵਾਲੇ ਕੁੱਝ ਮੋਹਤਬਰ ਬੰਦੇ ਪਹਿਲਾਂ ਹੀ ਆਏ ਬੈਠੇ ਸਨ। ਸਭ ਦੀਆਂ ਨਜ਼ਰਾਂ ਮੇਰੇ ਤੇ ਟਿਕੀਆਂ ਹੋਈਆਂ ਸਨ। ਇੱਕ ਨੇ ਤਾਂ ਫਟਾਕ ਦੇਣੀ ਅਗੇਤਾ ਹੀ ਕਹਿ ਦਿੱਤਾ, "ਸਾਵੀ, ਐਨਾਂ ਸੋਹਣਾ ਮੁੰਡਾ! ਉਹ ਵੀ ਕੁਆਰਾ! ਐਨੀ ਪੜ੍ਹੀ-ਲਿਖੀ ਫੈਮਿਲੀ ਦਾ! ਤੈਨੂੰ ਹੋਰ ਕੀ ਚਾਹੀਦਾ ਹੈ।" ਐਨੇ ਨੂੰ ਮੀਤੀ ਵੀ ਨੱਠਕੇ ਮੇਰੀ ਗੋਦੀ ਚੜ੍ਹ ਗਈ। "ਡੈਡੀ,ਆਈ ਲਵ ਯੂ, ਆਈ ਐਮ ਵੇਟਿੰਗ ਫ਼ਾਰ ਯੂ" ਸਾਰੇ ਜਣੇ ਹੱਸ ਪਏ। ਭਾਬੀ ਜੀ ਨੇ ਕਿਹਾ, "ਬਿੱਲੂ ਹੁਣ ਤਾਂ ਤੈਨੂੰ ਆਪਣੀ ਧੀ ਨੂੰ ਬੰਬਈ ਨਾਲ ਲਿਜਾਣਾ ਹੀ ਪੈਣਾ ਏ।" "ਕਿਉਂ ਨਹੀਂ ਭਾਬੀ ਜੀ। ਇਸ ਨੂੰ ਵੇਖੀ ਮੈਂ ਬੰਬਈ ਵਿੱਚ 'ਚਾਈਲਡ ਆਰਟਿਸਟ' ਬਣਾ ਦਿਆਂਗਾ।"

ਟੇਬਲ ਤੇ ਚਾਹ-ਪਾਣੀ, ਮਿਠਾਈਆਂ ਆਦਿ ਦਾ ਕਾਫ਼ੀ ਸਮਾਨ ਸਜਿਆ ਪਿਆ ਸੀ। ਚੰਗੀ ਚੋਖੀ ਤਿਆਰੀ ਕੀਤੀ ਜਾਪਦੀ ਸੀ। ਗੱਲਾਂ-ਗੱਲਾਂ ਵਿੱਚ ਇੱਕ ਨੇ ਮੇਰੀ ਉਮਰ ਪੁੱਛ ਲਈ ਤੇ ਇੱਕ ਨੇ ਮੇਰੀ ਪੜ੍ਹਾਈ ਪੁੱਛ ਲਈ। ਮੈਂ ਕਿਹਾ "ਜੀ, ਅੱਜ-ਕੱਲ ਤਾਂ ਮੈਂ ਸਿਰਫ਼ ਫ਼ਿਲਮਾਂ ਵਿੱਚ ਕੰਮ ਕਰਦਾ ਹਾਂ। ਵੈਸੇ ਮੈਂ ਬੇਸੀਕਲੀ ਮਕੈਨੀਕਲ ਇੰਜਨੀਅਰਿੰਗ ਕੀਤੀ ਹੋਈ ਹੈ।" ਬਲਦੇਵ ਭਾਜੀ ਨੇ ਵਿਚੋਂ ਹੀ ਗੱਲ ਬੋਚ ਲਈ ਤੇ ਕਿਹਾ, "ਬਟਾਲੇ ਵਿੱਚ ਇਹ ਬਤੌਰ ਕੁਆਲਟੀ ਕੰਟਰੋਲ ਫਾਰ ਇੰਡਸਟਰੀ ਡੀਵੈਲਪਮੈਂਟ ਲੱਗਾ ਹੋਇਆ ਸੀ। ਇਸ ਦੀ ਗਜ਼ਟਡ ਪੋਸਟ ਸੀ।" ਸਾਰੇ ਸੁਣ ਕੇ ਹੈਰਾਨ ਰਹਿ ਗਏ। ਸਾਵੀ

ਦੀਆਂ ਤਾਂ ਜਾਣੋ ਬਾਛਾਂ ਖਿੜ ਗਈਆਂ ਹੋਣ। ਫੇਰ ਅੰਦਰ ਥੋੜੀ ਜਿਹੀ ਘੁਸਰ ਮੁਸਰ ਹੋਈ। ਥੋੜੀ ਦੇਰ ਬਾਅਦ ਸਾਵੀ ਸਿਰ ਢੱਕਕੇ ਪਲੇਟ ਵਿੱਚ ਮਿਠਾਈ ਰੱਖ ਕੇ ਆ ਗਈ। ਵਿਚੋਂ ਇੱਕ ਨੇ ਭਾਜੀ ਨੂੰ ਸੰਬੋਧਨ ਕਰਕੇ ਕਿਹਾ, "ਸਿਕੰਦ ਸਾਹਿਬ, ਆਪ ਸਭ ਨੂੰ ਵਧਾਈਆਂ ਹੋਣ। ਲਓ ਜੀ, ਮੂੰਹ ਮਿੱਠਾ ਕਰੋ ਜੀ। ਨਹੀਂ ਜੀ, ਪਹਿਲਾਂ ਮੁੰਡੇ ਦਾ ਕਰਵਾਉ ਜੀ।" ਫੇਰ ਸਾਵੀ ਨੇ ਪਲੇਟ ਵਿਚੋਂ ਚੁੱਕ ਕੇ ਮੁੰਦੀ ਮੇਰੇ ਹੱਥ ਵਿੱਚ ਪਾ ਦਿੱਤੀ ਤੇ ਨਾਲ ਹੀ ਸਾਵੀ ਨੇ ਇੱਕ ਪੂਰਾ ਲੱਡੂ ਚੁੱਕ ਕੇ ਮੇਰੇ ਮੂੰਹ ਵਿੱਚ ਅੜਾ ਦਿੱਤਾ। ਮੈਂ ਵੀ ਇੱਕ ਲੱਡੂ ਚੁੱਕਕੇ ਪੂਰਾ ਦਾ ਪੂਰਾ ਸਾਵੀ ਨੂੰ ਖੁਆ ਦਿੱਤਾ। ਐਨੇ ਨੂੰ ਡੌਲੀ ਦੀਦੀ ਨੇ ਫਟਾਫਟ ਆਪਣੀ ਮੁੰਦੀ ਲਾਹ ਕੇ ਪਹਿਲਾਂ ਹੀ ਆਪਣੇ ਪਰਸ ਵਿੱਚ ਰੱਖ ਲਈ। "ਲੈ ਬਿੱਲੂ ਤੂੰ ਵੀ ਮੇਰੀ ਛੋਟੀ ਭਾਬੀ ਨੂੰ ਮੁੰਦੀ ਪਾ ਦੇ।" ਵੈਸੇ ਤਾਂ ਸਾਰੇ ਹੀ ਖ਼ੁਸ਼ ਸਨ ਪਰ ਮੀਤੀ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਸੀ।

ਫੇਰ ਦੋ-ਤਿੰਨ ਦਿਨਾਂ ਬਾਅਦ ਅਸੀਂ ਚਾਰੇ ਸਿਟੀ ਹਾਲ ਵਿੱਚ ਡਾਊਨ ਟਾਊਨ ਗਏ। ਮੈਂ ਤੇ ਸਾਵੀ ਨੇ ਦਸਤਖ਼ਤ ਕੀਤੇ। ਉਸਦੇ ਭਰਾ ਤੇ ਮੇਰੇ ਵੱਡੇ ਵੀਰੇ ਨੇ ਗਵਾਹੀ ਪਾਈ। ਚੱਲੋ ਸਾਡੀ ਕੋਰਟ ਮੈਰਿਜ ਹੋ ਗਈ ਅਤੇ ਵੀਕਐਂਡ ਤੇ ਜਾ ਕੇ ਗੁਰੂਦੁਆਰੇ ਮੱਥਾ ਟੇਕਿਆ ਤੇ ਦਾਤੇ ਦਾ ਆਸ਼ੀਰਵਾਦ ਲਿਆ ਤੇ ਗੁਰੂ ਕਾ ਲੰਗਰ ਖਾਧਾ। ਚੱਲੋ ਜੀ ਸਾਡਾ ਦੋਹਾਂ ਦਾ ਵਿਆਹ ਹੋ ਗਿਆ।

ਇਕ ਦਿਨ ਸ਼ਾਮ ਨੂੰ ਮੈਨੂੰ ਭਾਜੀ ਆਪਣੀ ਕਾਰ ਵਿੱਚ ਬਿਠਾਕੇ (ਜਾਣੋ ਉਲਟੀ ਰੀਤ) ਮੈਨੂੰ ਲਾੜੀ (ਸਾਵੀ) ਦੇ ਘਰ ਛੱਡ ਆਏ। ਅੱਗੋਂ ਸਾਵੀ ਦੇ ਭੈਣ ਭਰਾਵਾਂ ਨੇ ਬੜਾ ਹੀ ਓਪਰਾ ਜਿਹਾ ਜੀ ਆਇਆਂ ਕੀਤਾ ਤੇ ਫੇਰ ਉਹ ਆਪਣੇ ਆਪਣੇ ਰੁਝੇਵਿਆਂ ਵਿੱਚ ਰੁੱਝ ਗਏ। ਕਿਸੇ ਨੇ ਵੀ ਮੈਨੂੰ ਚਾਹ-ਪਾਣੀ ਨਾ ਪੁੱਛਿਆ। ਜਾਣੋਂ ਉਹ ਆਪਣੀ ਭੈਣ ਦੇ ਨਵੇਂ ਵਿਆਹ ਤੋਂ ਖ਼ੁਸ਼ ਨਹੀਂ ਸਨ। ਮੈਂ ਰਾਤ ਤਾਈਂ ਕੱਲਾ ਹੀ ਬੈਠਾ ਸਾਵੀ ਨੂੰ ਉਡੀਕਦਾ ਰਿਹਾ। ਜਦੋਂ ਸਾਵੀ ਵੀ ਕੰਮ ਤੋਂ ਥੱਕੀ ਟੁੱਟੀ ਆਈ, ਬਸ ਸਰਸਰੀ ਜਿਹੀ ਹੈਲੋ ਹਾਏ ਹੋਈ, ਕਿਹਾ "ਤੁਸੀਂ ਬੈਠੋ ਮੈਂ ਥੋੜਾ ਫ੍ਰੈਸ਼ ਹੋ ਕੇ ਆਉਂਦੀ ਹਾਂ।" ਹੁਣ ਮੈਨੂੰ ਇਉਂ ਜਾਪਦਾ ਸੀ ਜਿਵੇਂ ਮੈਂ ਕੋਈ ਵਾਧੂ ਜਿਹਾ ਬੰਦਾ ਗ਼ਲਤੀ ਨਾਲ ਕਿਸੇ ਗ਼ਲਤ ਘਰ ਵਿੱਚ ਆ ਗਿਆ ਹੋਵਾਂ। ਐਨਾ ਰੁੱਖਾ ਜਿਹਾ ਸੁਆਗਤ ਉਹ ਵੀ ਸਹੁਰੇ ਘਰ, ਪਹਿਲੇ ਹੀ ਦਿਨ। ਸਾਵੀ ਨਹਾ ਕੇ ਸਿੱਧੀ ਕਿਚਨ ਵਿੱਚ ਗਈ। ਉਥੇ ਤਾਂ ਕੁੱਝ ਵੀ ਨਹੀਂ ਸੀ ਖਾਣ ਪੀਣ ਲਈ। ਬਾਕੀ ਘਰਦੇ ਸਾਰੇ ਜੀਅ ਖਾ ਪੀ ਕੇ ਆਪਣੇ ਆਪਣੇ ਕਮਰਿਆਂ ਵਿੱਚ ਆਰਾਮ ਫਰਮਾ ਰਹੇ ਸਨ।

ਸਾਵੀ ਨੇ ਕਮਰੇ ਵਿੱਚ ਆਉਂਦਿਆਂ ਹੀ ਕਿਹਾ, "ਤੁਸੀਂ ਵੀ ਥੋੜਾ ਫ੍ਰੈਸ਼ ਹੋ ਜਾਉ, ਚੱਲੋ ਫੇਰ ਬਾਹਰ ਜਾ ਕੇ ਕੁੱਝ ਖਾ ਪੀ ਆਉਂਦੇ ਹਾਂ।" ਕੱਪੜੇ ਤਾਂ ਮੈਂ ਪਾਏ ਹੋਏ ਸੀ। ਥੋੜਾ ਮੂੰਹ ਹੱਥ ਧੋ ਕੇ ਮੈਂ ਵੀ ਫ੍ਰੈਸ਼ ਹੋ ਕੇ ਆ ਗਿਆ। ਫੇਰ ਉਹ ਮੈਨੂੰ ਤੇ ਮੀਤੀ ਨੂੰ ਇੱਕ ਪਿੱਜ਼ਾ ਸਟੋਰ ਤੇ ਲੈ ਵੜੀ। ਇਕ-ਇਕ ਡੌਲਰ ਵਾਲੇ ਦੋ ਛੋਟੇ ਛੋਟੇ ਪੀਜ਼ਾ ਸਲਾਈਸ ਅਸੀਂ ਲਏ ਤੇ ਨਾਲ ਇੱਕ ਕੋਕ ਦਾ ਕੈਨ ਲੈ ਦਿੱਤਾ। ਇੱਕ ਸਲਾਈਸ ਮੈਂ ਖਾ ਲਿਆ ਇੱਕ ਉਨ੍ਹਾਂ ਮਾਂ-ਧੀ ਨੇ ਖਾ ਲਿਆ। ਚੱਲੋ ਸਭ ਦਾ ਡਿਨਰ ਹੋ ਗਿਆ। ਮੈਂ ਖ਼ੁਸ਼ੀ-ਖ਼ੁਸ਼ੀ ਜੋ ਮਿਲਿਆ, ਸਬਰ ਸੰਤੋਖ ਨਾਲ ਖਾ ਲਿਆ ਤੇ ਸਾਵੀ ਦਾ ਧੰਨਵਾਦ ਵੀ ਕੀਤਾ। "ਮੈਨੂੰ ਪਤਾ ਸਾਵੀ ਜੀ, ਇੱਕ ਤਾਂ ਤੁਸੀਂ ਕੰਮ ਤੋਂ ਥੱਕੇ-ਟੁੱਟੇ ਆਏ, ਦੂਜਾ ਮੈਂ ਬਿਨ ਬੁਲਾਏ ਦਾ ਮਹਿਮਾਨ ਤੁਹਾਨੂੰ ਐਨੀ ਖੇਚਲ ਦਿੱਤੀ। ਵੈਸੇ ਤੁਹਾਡਾ ਪੀਜ਼ਾ ਬਹੁਤ ਸੁਆਦ ਸੀ। ਮੈਨੂੰ ਬੜਾ ਹੀ ਚੰਗਾ ਲੱਗਾ।" ਬੱਸ ਐਵੇਂ ਹੀ ਕੁੱਝ ਸਰਸਰੀ ਜਿਹੀਆਂ ਗੱਲਾਂ ਕਰਦੇ ਘਰ ਨੂੰ ਆ ਗਏ ਤੇ ਰਾਤੀਂ ਮੈਂ, ਸਾਵੀ ਤੇ ਮੀਤੀ ਇਕੋ ਹੀ ਬੈਡ ਰੂਮ ਵਿੱਚ ਸੁੱਤੇ। ਅਸੀਂ ਦੋਵੇਂ ਨੇੜੇ-ਨੇੜੇ ਲੇਟੇ ਕੁੱਝ ਆਮ ਜਿਹੀਆਂ ਹੀ ਗੱਲਾਂ ਕਰਦੇ ਰਹੇ। ਕੁੱਝ ਨੇੜਤਾ ਲਈ ਕੁੱਝ ਰੋਮਾਂਟਿਕ ਕੁੱਝ ਨਿੱਜੀ ਗੱਲਾਂ ਛੇੜ ਲਈਆਂ। ਮੈਂ ਕਿਹਾ, "ਤੁਹਾਨੂੰ ਮੇਰਾ ਸਾਥ ਚੰਗਾ ਲੱਗਦਾ ਹੈ ਕਿ ਨਹੀਂ। ਕਿਤੇ ਸਿਰਫ਼ ਮੀਤੀ ਕਰਕੇ ਤਾਂ ਸਮਝੌਤਾ ਨਹੀਂ ਕੀਤਾ ਤੁਸੀਂ।" "ਨਹੀਂ ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ। ਕੁੱਝ ਪਾਣ ਲਈ ਕੁੱਝ ਖੋਣਾ ਵੀ ਪੈਂਦਾ ਹੈ।"

ਮੈਨੂੰ ਕੁੱਝ ਖੋਣਾ ਪੈਂਦਾ ਹੈ, ਵਾਲੀ ਗੱਲ ਥੋੜੀ ਜਿਹੀ ਖਟਕੀ ਪਰ ਮੈਂ ਗੱਲ ਨੂੰ ਨਜ਼ਰ ਅੰਦਾਜ਼ ਕਰ ਗਿਆ। ਮੈਂ ਜਾਣ ਕੇ ਮਾਹੌਲ ਸੁਖਾਵਾਂ ਤੇ ਕੁੱਝ ਰੰਗੀਨ ਬਣਾਉਣਾ ਚਾਹੁੰਦਾ ਸੀ। ਕਿਉਂਕਿ ਮੇਰੀ ਅੱਜ ਪਹਿਲੀ ਸੁਹਾਗ ਰਾਤ ਵੀ ਸੀ। ਮੈਂ ਇਨ੍ਹਾਂ ਕੀਮਤੀ ਪਲਾਂ ਨੂੰ ਯਾਦਗਾਰੀ ਤੇ ਅਨਮੋਲ ਬਣਾਉਣਾ ਚਾਹੁੰਦਾ ਸੀ। ਮੈਂ ਫੇਰ ਵੀ ਹਰ ਪੱਖੋਂ ਸਾਵੀ ਦੀ ਤਾਰੀਫ਼ ਹੀ ਕੀਤੀ ਪਰ ਉਸ ਨੇ ਹਾਂ-ਹੂੰ ਵਿੱਚ ਹੀ ਮੇਰਾ ਬੁਤਾ ਸਾਰ ਦਿੱਤਾ। "ਦੇਖ ਸਾਵੀ, ਆਪਾਂ ਹੁਣ ਨਵੀਂ ਜ਼ਿੰਦਗੀ ਸ਼ੁਰੂ ਕਰਾਂਗੇ। ਆਪਣਾ ਇਹ ਛੋਟਾ ਜਿਹਾ ਪਰਿਵਾਰ ਹੋਵੇਗਾ। ਮੈਂ, ਤੁਸੀਂ ਤੇ ਆਪਦੀ ਲਾਡਲੀ ਧੀ ਮੀਤੀ। ਮੀਤੀ ਨੂੰ ਇੱਕ ਪਿਤਾ ਮਿਲ ਜਾਵੇਗਾ। ਤੁਹਾਨੂੰ ਨਵੇਂ ਸਿਰਿਓਂ ਤੁਹਾਡਾ ਸੁਹਾਗ। ਮੈਂ ਤੁਹਾਨੂੰ ਦੋਵਾਂ ਨੂੰ ਐਨਾ ਪਿਆਰ ਕਰਾਂਗਾ ਕਿ ਤੁਹਾਨੂੰ ਕਦੇ ਤੁਹਾਡਾ ਪਾਸਟ ਚੇਤੇ ਨਹੀਂ ਆਵੇਗਾ।" ਅੱਗੋਂ ਸਾਵੀ ਨੇ ਮੇਰੀ ਇੱਕ ਦਮ ਗੱਲ ਕੱਟ ਕੇ ਕਿਹਾ, "ਦੇਖੋ ਮਿਸਟਰ, ਐਵੇਂ ਬਹੁਤੀ ਖ਼ੁਸ਼ਫਹਿਮੀ ਵਿੱਚ ਨਾ ਰਹੋ ਤੁਸੀਂ। ਤੁਸੀਂ ਮੇਰੇ ਨਾਲ ਵਿਆਹ ਕਰਵਾ ਕੇ ਮੇਰੇ ਤੇ ਕੋਈ ਬਹੁਤ ਵੱਡਾ ਅਹਿਸਾਨ ਨਹੀਂ ਕੀਤਾ। ਉਲਟਾ ਮੈਂ ਤੁਹਾਡੇ ਤੇ ਅਹਿਸਾਨ ਕੀਤਾ ਹੈ। ਮੈਂ ਤੁਹਾਨੂੰ ਕਨੇਡਾ ਵਿੱਚ ਪੱਕਾ ਕਰਵਾਇਆ ਏ। ਹੁਣ ਤਾਂ ਮੇਰੀ ਵਿਡੋ ਪੈਨਸ਼ਨ ਵੀ ਬੰਦ ਹੋ ਜਾਵੇਗੀ। ਇਹ ਮੇਰੇ ਲਈ ਇੱਕ ਵੱਡਾ ਨਕਸਾਨ ਹੋਵੇਗਾ" ਮੈਂ ਤਾਂ ਜਾਣੋਂ ਇਕਦਮ ਸੁੰਨ ਹੋ ਗਿਆ ਹੋਵਾਂ। ਜੇ ਕਹੋ ਤਾਂ ਮੇਰੇ ਵਿਚੋਂ ਇੱਕ ਬੂੰਦ ਖ਼ੂਨ ਨਾ ਨਿਕਲੇ। ਜਿਵੇਂ ਕਿਸੇ ਨੇ ਮੈਨੂੰ ਕਿਸੇ ਵੱਡੇ ਸਾਰੇ ਫਰੀਜ਼ਰ ਵਿੱਚ ਸਦਾ ਲਈ ਡੱਕ ਦਿੱਤਾ ਹੋਵੇ। ਜਿਵੇਂ ਮੇਰੀ ਨਮੋਸ਼ੀ ਮੈਨੂੰ ਧਰਤੀ ਵਿੱਚ ਗਰਕ ਕਰੀ ਜਾ ਰਹੀ ਹੋਵੇ। ਹਾਏ ਮੈਂ ਇਥੇ ਆ ਕੇ ਐਨਾ ਸਸਤਾ ਹੋ ਗਿਆ। ਜਿਵੇਂ ਮੇਰੇ ਸਾਰੇ ਗੁਣਾਂ, ਮੇਰੀ ਸ਼ਖ਼ਸੀਅਤ ਤੇ ਮੇਰੇ ਜ਼ਮੀਰ ਦਾ ਅੱਜ ਮਜ਼ਾਕ ਉਡਾਇਆ ਜਾ ਰਿਹਾ ਹੋਵੇ। ਇੱਕ ਦੁਹਾਜੂ ਵਿਧਵਾ, ਇੱਕ ਬੱਚੀ ਦੀ ਮਾਂ ਨੇ ਮੇਰੇ ਅਹਿਸਾਨ ਦਾ ਸਤਿਕਾਰ ਤਾਂ ਕੀ ਕਰਨਾ ਸੀ, ਸਗੋਂ ਉਸ ਮੇਰੀ ਉਦਾਰਤਾ ਤੇ ਫ਼ਿਰਾਕਦਿਲੀ ਦੇ ਮੂੰਹ ਤੇ ਇੱਕ ਕਰੜੀ ਚਪੇੜ ਮਾਰੀ ਹੋਵੇ। ਅੱਜ ਫੇਰ ਮੈਂ ਹੀਣਤਾ ਦੀ ਹੋਰ ਇੱਕ ਡੂੰਘੀ ਤੇ ਅੰਨੀ ਖਾਈ ਵਿੱਚ ਮੂੰਹ ਭਾਰਨੇ ਗਿਰ ਗਿਆ

ਹੋਵਾਂ। ਅੱਜ ਮੇਰੀ ਹੀ ਵਿਆਹੁਤਾ ਪਤਨੀ ਉਹ ਪਹਿਲੀ ਸੁਹਾਗ ਰਾਤ ਨੂੰ ਮੇਰੇ ਨਾਲ ਇਹੋ ਜਿਹਾ ਦੁਰ ਵਿਵਹਾਰ ਕਰੇਗੀ। ਕੀ ਕਨੇਡਾ ਦੀ ਇਮੀਗਰੇਸ਼ਨ ਹੀ ਇਥੇ ਸਭ ਅਹਿਸਾਸਾਂ ਤੋਂ ਭਾਰੂ ਹੈ। ਕੀ ਇਥੇ ਅਹਿਸਾਨ ਨਾ ਦੀ ਕੋਈ ਵੀ ਚੀਜ਼ ਨਹੀਂ। ਕੀ ਐਨੇ ਨਿਰਮੋਹੀ ਤੇ ਰੁੱਖੇ ਲੋਗ ਨੇ ਇਸ ਧਰਤੀ ਦੇ। ਮੇਰੇ ਤਾਂ ਸਾਰੇ ਚਾਅ-ਮਲਾਰ ਪਲਾਂ ਵਿੱਚ ਖੇਰੂ-ਖੇਰੂ ਹੋ ਗਏ ਨੇ। ਮੈਂ ਤਾਂ ਨਹੀਂ ਜੀ ਸਕਾਂਗਾ ਅਜਿਹੀ ਦੁਨੀਆਂ ਵਿੱਚ ਜਿਥੇ ਸਿਰਫ਼ ਪੈਸਾ ਹੀ ਸਭ ਤੇ ਭਾਰੂ ਹੋਵੇ। ਇਹ ਕੀ ਜਾਨਣ ਪਿਆਰ ਦੀਆਂ ਕਦਰਾਂ-ਕੀਮਤਾਂ।

ਅਸੀਂ ਪਹਿਲੀ ਹੀ ਰਾਤ ਇੱਕ ਦੂਜੇ ਵੱਲਾਂ ਕੰਡ ਕਰਕੇ ਸੌਂ ਗਏ। ਦੂਰੀਆਂ ਵੱਧਦੀਆਂ ਗਈਆਂ। ਸਮਝੌਤੇ ਹੌਲੀ-ਹੌਲੀ ਦਮ ਤੋੜਨ ਲੱਗੇ। ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਮੇਰੇ ਕਰਮਾਂ ਵਿੱਚ ਕਿਸੇ ਵੀ ਔਰਤ ਦਾ ਸੁਖ ਹੈ ਹੀ ਨਹੀਂ। ਸਵੇਰੇ ਸਾਵੀ ਮੇਰੇ ਕੋਲੋਂ ਉਠਕੇ ਆਪਣਾ ਨਹਾਉਣ-ਧੋਣ ਚਲੀ ਗਈ। ਥੋੜੀ ਦੇਰ ਬਾਅਦ ਮੀਤੀ ਉਂਘਦੀ-ਉਂਘਦੀ ਮੇਰੇ ਨਾਲ ਲਿਪਟ ਕੇ ਫੇਰ ਤੋਂ ਸੌਂ ਗਈ। ਜਾਣੋਂ ਬੱਚੀ ਦਾ ਮੋਹ ਮੈਨੂੰ ਕਮਜ਼ੋਰ ਕਰ ਰਿਹਾ ਹੋਵੇ। ਫੇਰ ਥੋੜੀ ਦੇਰ ਬਾਅਦ ਮੈਂ ਬਲਦੇਵ ਭਾਜੀ ਦਾ ਫੋਨ ਘੁਮਾਇਆ। ਦੋ ਤਿੰਨ ਘੰਟੀਆਂ ਬਾਅਦ ਭਾਜੀ ਨੇ ਫੋਨ ਚੁੱਕ ਲਿਆ। ਪਹਿਲਾਂ ਭਾਜੀ ਨਾਲ ਮੇਰੀ ਸਰਸਰੀ ਜਿਹੀ ਦੁਆ ਸਲਾਮ ਹੋਈ। ਫੇਰ ਮੇਰਾ ਅਚਾਨਕ ਰੋਣ ਨਿੱਕਲ ਗਿਆ। ਅੱਗੋਂ ਭਾਜੀ ਨੇ ਕਿਹਾ, "ਕੀ ਗੱਲ ਮੇਰੇ ਬੱਚੇ, ਸੁੱਖ ਤਾਂ ਹੈ।" "ਨਹੀਂ ਭਾਜੀ, ਮੇਰਾ ਇਥੇ ਦਮ ਜਿਹਾ ਘੁੱਟਦਾ ਹੈ। ਮੈਨੂੰ ਤੁਹਾਡਾ ਕਨੇਡਾ ਰਾਸ ਨਹੀਂ ਆਇਆ। ਪਲੀਜ਼ ਮੈਨੂੰ ਕਿਸੇ ਵੀ ਤਰ੍ਹਾਂ ਇੰਡੀਆ ਭੇਜ ਦਿਓ।" "ਨਹੀਂ ਮੇਰੇ ਬੱਚੇ, ਮੇਰੇ ਵੀਰ, ਮੇਰੇ ਨਿੱਕੇ ਯਾਰ, ਤੂੰ ਹਿੰਮਤ ਰੱਖ। ਦੇਖੀਂ ਸਭ ਠੀਕ-ਠਾਕ ਹੋ ਜਾਵੇਗਾ। ਜਿਵੇਂ-ਜਿਵੇਂ ਤੁਸੀਂ ਇੱਕ ਦੂਜੇ ਦੇ ਨੇੜੇ ਰਹੋਗੇ ਉਨੀਂ ਹੀ ਤੁਹਾਡੀ ਅੰਡਰਸਟੈਂਡਿੰਗ ਵਧੇਗੀ। ਵੇਖੀਂ ਇੱਕ ਦਿਨ ਤੂੰ ਇਥੇ ਹੀ ਘਿਓ-ਖਿਚੜੀ ਹੋ ਜਾਣਾ ਏ। ਫੇਰ ਆਪੇ ਤੈਨੂੰ ਸਭ ਕੁੱਝ ਚੰਗਾ ਚੰਗਾ ਲੱਗਣ ਲੱਗ ਪਏਗਾ।" ਮੈਨੂੰ ਲੱਗਦਾ ਸੀ ਜਿਵੇਂ ਕਿਸੇ ਨੇ ਬਾਹਰੋਂ ਮੇਰੇ ਫੋਨ ਚੁੱਕ ਕੇ ਚੋਰੀਂ ਸਭ ਕੁੱਝ ਸੁਣਿਆ ਹੋਵੇ। ਮੈਂ ਫੋਨ ਰੱਖ ਕੇ ਕੋਲ ਸੁੱਤੀ ਪਈ ਮੀਤੀ ਦਾ ਬੜੇ ਮੋਹ ਨਾਲ ਸਿਰ ਪਲੋਸਣ ਲੱਗ ਪਿਆ। ਲੱਗਦਾ ਏ ਸਾਵੀ ਨੂੰ ਥੋੜਾ ਬਹੁਤ ਚਾਨ੍ਹਣ ਤਾਂ ਮੇਰਾ ਚੋਰੀ ਫੋਨ ਸੁਣਕੇ ਹੋ ਹੀ ਗਿਆ ਹੋਵੇਗਾ ਕਿ ਇਹ ਬੰਦਾ ਐਵੇਂ ਮੇਰੇ ਥੱਲ੍ਹੇ ਲੱਗ ਕੇ ਰਹਿਣ ਵਾਲਾ ਨਹੀਂ। ਫੇਰ ਬਲਦੇਵ ਭਾਜੀ ਨੇ ਬਹਾਨੇ ਸਿਰ ਸਾਨੂੰ ਸਭ ਨੂੰ ਆਪਣੇ ਘਰ ਸ਼ਾਮ ਦੀ ਚਾਹ ਲਈ ਸੱਦ ਲਿਆ। ਸ਼ਾਮ ਨੂੰ ਉਸਦੇ ਘਰ ਦੇ ਬੰਦੇ ਤੇ ਮੇਰੇ ਕਰੀਬੀ ਬੰਦੇ ਤਕਰੀਬਨ ਸਾਰੇ ਹੀ ਇਕੱਠੇ ਹੋ ਗਏ। ਪਹਿਲਾਂ ਮਿ. ਅਤੇ ਮਿਸਜ਼ ਧਾਲੀਵਾਲ ਨਾਲ ਸਰਸਰੀ ਜਿਹੀਆਂ ਗੱਲਾਂ ਹੋਈਆਂ। ਬਾਅਦ ਵਿੱਚ ਮੇਰੇ ਬਲਵੰਤ ਭਾਜੀ ਤੇ ਭਾਬੀ ਜੀ ਮੇਰੇ ਤੇ ਬਿਨਾਂ ਰਾਸ਼ਨ ਪਾਣੀ ਸਵਾਰ ਹੋ ਗਏ। ਉਲਟਾ ਮੈਨੂੰ ਹੀ ਡਾਂਟਣ ਲੱਗ ਪਏ, "ਬੱਸ ਹੁਣ ਜਿਵੇਂ ਸਾਵੀ ਕਹਿੰਦੀ ਏ ਤੈਨੂੰ ਉਸੇ ਤਰ੍ਹਾਂ ਉਸ ਮੁਤਾਬਿਕ ਹੀ ਚੱਲਣਾ ਤੇ ਰਹਿਣਾ ਪਵੇਗਾ। ਹੁਣ ਤੂੰ ਬੰਬਈ ਦਾ ਹੀਰੋ ਨਹੀਂ ਰਿਹਾ। ਕਨੇਡਾ ਵਿੱਚ ਇਸ ਵੇਲੇ ਤੂੰ ਸਿਰਫ਼ ਜ਼ੀਰੋ ਹੈ। ਤੈਨੂੰ ਸਾਵੀ ਨਾਲ ਰਲਕੇ ਹੀ ਫਿਰ ਤੋਂ ਆਪਣੀ ਪਹਿਚਾਣ ਬਣਾਉਣੀ ਪਵੇਗੀ।" ਮੈਂ ਤਾਂ ਜਾਣੋ ਰੋਣ ਹਾਕਾ ਜਿਹਾ ਹੋ ਗਿਆ ਹੋਵਾਂ। ਮੈਂ ਕਿਹੜਾ ਗੁਨਾਹ ਕਰ ਲਿਆ ਕਨੇਡਾ ਆਕੇ ਤੇ ਇਥੇ ਇੱਕ ਔਰਤ ਨਾਲ ਵਿਆਹ ਕਰਵਾ ਕੇ। ਫੇਰ ਇੱਕ ਦਮ ਮਿ. ਧਾਲੀਵਾਲ ਨੇ ਸਾਰਿਆਂ ਨੂੰ ਡਾਂਟਿਆ," ਤੁਸੀਂ ਸਾਰੇ ਹੀ ਚੁੱਪ ਕਰੋ। ਤੁਸੀਂ ਸਾਵੀ ਨੂੰ ਸਮਝਾਉਣ ਦੀ ਥਾਂ ਉਲਟਾ ਇਸ ਵਿਚਾਰੇ ਮੁੰਡੇ ਨੂੰ ਡਾਂਟੀ ਜਾਂਦੇ ਹੋ। ਸੁਣ ਸਾਵੀ, ਹੁਣ ਇਹ ਤੇਰਾ ਖਸਮ ਹੈ, ਕੋਈ ਖਰੀਦਿਆ ਮੁੰਡੂ ਨਹੀਂ।" ਫੇਰ ਕੁੱਝ ਉਸਦੇ ਆਪਦੇ ਸੱਜਣ-ਮਿੱਤਰਾਂ ਨੇ ਵੀ ਸਮਝਾਇਆ ਕਿ "ਸਭ ਨੂੰ ਇੱਕ ਡੰਡੇ ਨਾਲ ਨਹੀਂ ਹੱਕੀਦਾ। ਕੁੱਝ ਤੂੰ ਵੀ ਆਪਣੇ ਵਿੱਚ ਨਿਮਰਤਾ ਲਿਆ। ਕੁੱਝ ਜਰਨਾ ਮਰਨਾ ਵੀ ਸਿੱਖ। ਤੇਰੇ ਭੈਣ-ਭਰਾਵਾਂ ਨੂੰ ਤਾਂ ਖੁਸ਼ ਹੋਣਾ ਚਾਹੀਦਾ ਸੀ, ਚਲੋ ਸਾਡੀ ਭੈਣ ਦਾ ਮੁੜ ਕੇ ਘਰ ਵੱਸਿਆ ਏ। ਉਸਦਾ ਮਾਨ ਸੰਮਾਨ ਕਰਨ ਦੀ ਥਾਂ ਉਸ ਵਿਚਾਰੇ ਨਾਲ ਤੁਸੀਂ ਈਰਖਾ ਕਰਦੇ ਹੋ। ਵਿਚਾਰਾ ਦੋ ਦਿਨ ਤੋਂ ਤੁਹਾਡੇ ਘਰ ਵਿੱਚ ਭੁੱਖਾ ਭਾਣਾ ਬੈਠਾ ਰਿਹਾ। ਨਾਂ ਤੁਹਾਡੇ ਵਿਚੋਂ ਕਿਸੇ ਨੇ ਉਸਨੂੰ ਸਿੱਧੇ ਮੂੰਹ ਬੁਲਾਇਆ, ਨਾਂ ਹੀ ਕਿਸੇ ਉਸਨੂੰ ਚਾਹ ਪਾਣੀ ਤੱਕ ਦੀ ਸੁਲਾਹ ਮਾਰੀ। ਕੀ ਏਦਾਂ ਦਾ ਰੁੱਖਾ ਸਲੂਕ ਕਰੀਦਾ ਏ ਜਵਾਈ ਭਾਈ ਦਾ। ਸ਼ਰਮਸਾਰ ਹੋਣ ਦੀ ਥਾਂ ਉਲਟਾ ਆਕੜਦੇ ਹੋ। ਕੀ ਕਮੀ ਹੈ ਮੁੰਡੇ ਵਿਚ, ਤੁਹਾਡੇ ਨਾਲੋਂ ਕਿਤੇ ਜ਼ਿਆਦਾ ਪੜਿਆ ਲਿਖਿਆ ਤੇ ਹੈਂਡਸਮ ਹੈ। ਕੀ ਕਨੇਡਾ ਦੀ ਮੋਹਰ ਹੀ ਸਭ ਕੁੱਝ ਹੋ ਗਈ।" ਫੇਰ ਮਿ. ਧਾਲੀਵਾਲ ਪੈ ਨਿਕਲੇ ਸਾਵੀ ਨੂੰ "ਪਹਿਲਾਂ ਤਾਂ ਤੂੰ ਆਪ ਅੱਗੇ ਹੋ ਕੇ ਸਭ ਕੁੱਝ ਕੀਤਾ ਸੀ। ਹੁਣ ਤੈਨੂੰ ਇੱਕ ਦਿਨ ਵਿੱਚ ਕੀ ਹੋ ਗਿਆ। ਐਨਾ ਸੋਹਣਾ ਸੁਨੱਖਾ ਸਾਊ ਜਿਹਾ ਮੁੰਡਾ ਉਹ ਵੀ ਕੁਆਰਾ, ਉਹ ਵੀ ਤੈਨੂੰ ਇੱਕ ਵਿਧਵਾ, ਇੱਕ ਬੱਚੀ ਦੀ ਮਾਂ ਨੂੰ ਘਰ ਬੈਠਿਆ ਬਿਠਾਇਆ ਮਿਲ ਗਿਆ। ਜ਼ਰਾ ਆਪਣੇ ਪਾਸਟ ਬਾਰੇ ਸੋਚ, ਕਿਹੜੇ ਹਾਲਾਤਾਂ ਵਿਚੋਂ ਗੁਜ਼ਰੀ ਹੈਂ ਤੂੰ। ਕੱਲ ਤਾਈਂ ਅੱਖਾਂ ਵਿੱਚ ਘਸੁੰਨ ਦੇ ਕੇ ਰੋਂਦੀ ਸੀ। ਹਾਏ ਮੈਂ ਕੱਲੀ ਕਿਵੇਂ ਜੀਵਾਂਗੀ। ਕਿਵੇਂ ਪਾਲਾਂਗੀ ਆਪਣੀ ਇਸ ਯਤੀਮ ਬੱਚੀ ਨੂੰ।" ਮਿ. ਅਤੇ ਮਿਸਜ਼ ਧਾਲੀਵਾਲ ਦੀ ਬੇਬਾਕ ਕੜਵੀ ਸੱਚਾਈ ਨੇ ਸਾਰਿਆਂ ਨੂੰ ਠੱਲ ਪਾ ਦਿੱਤੀ। ਹੁਣ ਸਾਵੀ ਵੀ ਕਾਫੀ ਢੈਲੀ ਪੈ ਗਈ ਸੀ। ਫੇਰ ਧਾਲੀਵਾਲ ਜੀ ਨੇ ਹੱਸਦਿਆਂ ਕਿਹਾ, "ਸਾਵੀ, ਹੁਣ ਕੰਮ ਤੋਂ ਇੱਕ ਦੋ ਦਿਨ ਦੀਆਂ ਛੁੱਟੀਆਂ ਲਵੋ ਤੇ ਇਸ ਮੁੰਡੇ ਨੂੰ ਕਿਤੇ ਆਉਟਿੰਗ ਤੇ ਲੈ ਕੇ ਜਾਓ। ਥੋੜੀ ਬਹੁਤ ਆਪਣੇ ਕਨੇਡਾ ਦੀ ਸੈਰ ਕਰਵਾਓ। ਜਿੰਦਣ ਦਾ ਇੱਥੇ ਆਇਆ ਏ, ਵਿਚਾਰੇ ਨੂੰ ਪਿੰਜਰੇ ਵਿੱਚ ਤਾੜਕੇ ਰੱਖ ਦਿੱਤਾ ਏ। ਜਿਵੇਂ ਕੋਈ ਬਹੁਤ ਵੱਡਾ ਮੁਜ਼ਰਿਮ ਹੋਵੇ।" ਫੇਰ ਸਾਰੇ ਅਚਾਨਕ ਹੱਸ ਪਏ ਤੇ ਬਲਦੇਵ ਭਾਜੀ ਨੇ ਵੀ ਗੁਜ਼ਾਰਿਸ਼ ਕੀਤੀ, "ਪਲੀਜ਼ ਨਾਲ-ਨਾਲ ਚਾਹ-ਪਾਣੀ ਵੀ ਪੀਓ ਜੀ।"

ਦੂਜੇ ਦਿਨ ਜਦੋਂ ਅਸੀਂ ਕਾਰ ਵਿੱਚ ਬੈਠ ਕੇ ਬਾਹਰ ਜਾਣ ਲੱਗੇ ਤਾਂ ਮੈਂ ਸਾਵੀ ਨੂੰ ਕਿਹਾ," ਪਲੀਜ਼ ਜ਼ਰਾ ਪੰਜ ਮਿੰਟ ਵੇਟ ਕਰ ਲਵੋ। ਮੈਂ ਆਪਣਾ ਵਾਲਟ ਤੇ ਆਪਣੇ ਗੋਗਲਜ਼ ਅਪਾਰਟਮੈਂਟ ਵਿੱਚ ਭੁੱਲ ਆਇਆ ਹਾਂ।" ਸਾਵੀ ਨੇ ਗੱਡੀ ਬੰਦ ਕਰ ਦਿੱਤੀ ਤੇ ਕਿਹਾ "ਛੇਤੀ ਆਉਣਾ।" ਜਦੋਂ ਮੈਂ ਅਚਾਨਕ ਫਲੈਟ ਦਾ ਦਰਵਾਜ਼ਾ ਖੋਲਿਆ ਤਾਂ ਵਿਚਾਰੀ ਮੀਤੀ ਉਚੀ-ਉਚੀ

ਰੋ ਰਹੀ ਸੀ ਤੇ ਸਾਵੀ ਦਾ ਵੱਡਾ ਭਰਾ ਉਸਨੂੰ ਡਾਂਟ ਰਿਹਾ ਸੀ ਤੇ ਬੁੜ-ਬੁੜ ਕਰੀ ਜਾ ਰਿਹਾ ਸੀ ਕਿ ਆਪ ਤਾਂ ਐਸ਼ਾਂ ਕਰਨ ਚੱਲੀ ਗਈ ਏ, ਸਾਡੀ ਜਾਨ ਇਹ ਸਿਆਪਾ ਇਥੇ ਛੱਡ ਗਈ ਏ। ਮੈਂ ਅੱਗੇ ਵੱਧ ਕੇ ਕਿਹਾ, "ਤੁਸੀਂ ਫ਼ਿਕਰ ਨਾ ਕਰੋ ਜੀ, ਮੈਂ ਇਸਨੂੰ ਲੈਣ ਹੀ ਆਇਆ ਸੀ।" ਮੈਂ ਮੀਤੀ ਨੂੰ ਉਦਾਂ ਹੀ ਦੋ-ਤਿੰਨ ਕੱਪੜਿਆਂ ਨਾਲ ਲੈ ਕੇ ਹੇਠਾਂ ਆ ਗਿਆ। ਸਾਵੀ ਨੇ ਜਦ ਮੇਰੀ ਗੋਦ ਵਿੱਚ ਮੀਤੀ ਨੂੰ ਦੇਖਿਆ ਤਾਂ ਹੈਰਾਨ ਜਿਹੀ ਰਹਿ ਗਈ। ਮੈਂ ਕਿਹਾ, "ਸਾਵੀ ਜੀ, ਅਧੂਰੀ ਫ਼ੈਮਿਲੀ ਨਾਲ ਜ਼ਿੰਦਗੀ ਦਾ ਪਹਿਲਾ ਸਫ਼ਰ ਕਿਵੇਂ ਪੂਰਾ ਹੋਵੇਗਾ।" ਅੱਗੋਂ ਮੀਤੀ ਨੇ ਰੋਂਦਿਆਂ-ਰੋਂਦਿਆਂ ਮਾਂ ਦੇ ਗਲ ਲਗ ਕੇ ਕਿਹਾ "ਮੰਮੀ, ਤੁਸੀਂ ਮੈਨੂੰ ਛੱਡ ਕੇ ਕਿੱਥੇ ਚੱਲੇ ਸੀ? ਮਾਸੀ ਤੇ ਵੱਡਾ ਮਾਮਾ ਮੈਨੂੰ ਬਹੁਤ ਜੈਲ (ਡਾਂਟ) ਕਰਦੇ ਸੀ। ਚੰਗਾ ਹੋਇਆ ਮੇਰੇ ਡੈਡੀ ਆ ਗਏ। ਨਹੀਂ ਤਾਂ ਉਨ੍ਹਾਂ ਮਗਰੋਂ ਮੈਨੂੰ ਬਹੁਤ ਮਾਰਨਾ ਸੀ।" "ਚੁੱਪ ਕਰ ਜਾ ਮੇਰੀ ਰਾਣੀ ਬੇਟੀ। ਉਨ੍ਹਾਂ ਦੀ ਕੀ ਮਜਾਲ ਮੇਰੇ ਹੀ ਘਰ ਵਿੱਚ ਰਹਿਕੇ ਮੇਰੀ ਹੀ ਬੱਚੀ ਨੂੰ ਡਾਂਟਣ ਤੇ ਮਾਰਨ। ਸਭ ਨੂੰ ਘਰੋਂ ਕੱਢ ਦੇਵਾਂਗੀ। ਆਹੋ।" ਸਾਵੀ ਗੁੱਸੇ ਵਿੱਚ ਬੁੜ-ਬੁੜ ਕਰੀ ਜਾਂਦੀ ਸੀ। ਮੈਂ ਬੇਨਤੀ ਜਿਹੀ ਕਰਨ ਲੱਗ ਪਿਆ "ਸਾਵੀ ਪਲੀਜ਼, ਆਪਣਾ ਮੂਡ ਖਰਾਬ ਨਾ ਕਰੋ। ਜੋ ਰੱਬ ਕਰਦਾ ਹੈ ਚੰਗਾ ਹੀ ਕਰਦਾ ਹੈ। ਹੁਣ ਸਾਡੀ ਬੱਚੀ ਸਾਡੇ ਨਾਲ ਹੈ। ਨਹੀਂ ਤਾਂ ਹਰ ਵੇਲੇ ਪਿੱਛੇ ਤੇਰਾ ਇਸ ਵਿੱਚ ਹੀ ਧਿਆਨ ਰਹਿਣਾ ਸੀ।"

ਉਸ ਦਿਨ ਕਨੇਡਾ ਸੱਚ ਮੁੱਚ ਬੜਾ ਹੀ ਸੁੰਦਰ ਤੇ ਰਮਣੀਕ ਜਾਪਿਆ। ਅਸੀਂ ਤਿੰਨੋਂ ਨੌਰਥ ਬੇ ਵੱਲਾਂ ਡਰਾਈਵ ਕਰਦੇ ਨਿਕਲ ਗਏ ਸੀ। ਉਥੇ ਜਾ ਕੇ ਅਸੀਂ ਇੱਕ ਕਾਟੇਜ ਕਿਰਾਏ ਤੇ ਲਈ। ਰਾਹ ਵਿਚੋਂ ਹੀ ਫਾਸਟ ਫੂਡ ਪੈਕ ਕਰਵਾ ਲਿਆ। ਉਸ ਕਾਟੇਜ ਵਿੱਚ ਹੀ ਅਸੀਂ ਆਪਣੇ ਵਿਆਹੁਤਾ ਜੀਵਨ ਦੀ ਸਾਂਝ ਪਾਈ। ਬਸ ਇਨ੍ਹਾਂ ਦਿਨਾਂ ਵਿੱਚ ਹੀ ਕਿਤੇ ਸਾਵੀ ਨੇ ਨਵਾਂ ਜੀਵ ਕੰਸੀਵ ਕਰ ਗਈ। ਬਾਕੀ ਦਿਨ ਤਾਂ ਅਸੀਂ ਸਾਰੇ ਕਦੇ ਧੁੱਪ ਕਦੇ ਛਾਂ ਵਾਂਗ ਕੱਢੇ। ਦੋ ਦਿਨ ਚੰਗੇ, ਚਾਰ ਦਿਨ ਲੜਾਈ। ਦਰਅਸਲ ਸਾਵੀ ਮੰਗਲੀਕ ਸੀ ਤੇ ਉਸਦਾ ਗੁੱਸਾ ਬਹੁਤ ਹੀ ਭਿਆਨਕ ਸੀ। ਸਾਵੀ ਗੁੱਸੇ ਵਿੱਚ ਕਿਸੇ ਦੀ ਵੀ ਸਕੀ ਨਾ ਰਹਿੰਦੀ। ਐਨੀ ਅੰਦਰੋਂ ਅੱਗ ਉਗਲਦੀ ਤੇ ਗੰਦੀਆਂ ਗੰਦੀਆਂ ਗਾਲਾਂ ਬੰਦਿਆਂ ਨਾਲੋਂ ਵੀ ਬੱਦਤਰ ਕੱਢਦੀ। ਪਤਾ ਨਹੀਂ ਕਿੱਧਰੋਂ ਉਸ ਅੰਦਰ ਹਿਟਲਰ ਸ਼ਾਹੀ ਜਾਗ ਉਠਦੀ। "ਮਰ ਜਾਉਂ ਜਾਂ ਮਾਰ ਦਿਉਂ।" ਬੜੀ ਹੀ ਘਾਤਕ ਵਿਰਤੀ ਬਣਾ ਲੈਂਦੀ। ਜ਼ਿਆਦਾਤਰ ਮੇਰੇ ਤੇ ਪਤਾ ਨਹੀਂ ਕਿਉਂ ਐਨਾਂ ਕੱਢਦੀ। ਕਹਿੰਦੀ, "ਹੁਣੇ ਨਿੱਕਲ ਜਾ ਕੰਜਰਾ ਮੇਰੇ ਘਰੋਂ। ਮੈਂ ਤੇਰੀ ਸ਼ਕਲ ਤੱਕ ਨਹੀਂ ਦੇਖਣਾ ਚਾਹੁੰਦੀ। ਤੂੰ ਕਨੇਡਾ ਵਸਣ ਲਈ ਹੀ ਜਾਣ ਕੇ ਮੈਨੂੰ ਪਰੈਗਨੈਂਟ ਕੀਤਾ। ਮੈਂ ਤੇਰੇ ਵਰਗੇ ਰਾਖ਼ਸ਼ ਦੀ ਹੋਣ ਵਾਲੀ ਔਲਾਦ ਇਸ ਦੁਨੀਆਂ ਵਿੱਚ ਆਉਣ ਹੀ ਨਹੀਂ ਦੇਣੀ। ਦੇਖੀਂ ਅੱਜ ਹੀ ਅਬਾਰਸ਼ਨ ਕਰਵਾਕੇ ਘਰ ਮੁੜੂੰ। ਜੇ ਕੱਲ ਤਾਈਂ ਤੈਨੂੰ ਕਨੇਡਾ ਵਿਚੋਂ ਡੀਪੋਰਟ ਨਾ ਕਰਵਾਇਆ ਤਾਂ ਮੈਂ ਵੀ ਆਪਣੇ ਪਿਓ ਦੀ ਨਹੀਂ।" ਉਦੋਂ ਹੀ ਝੱਲਿਆਂ ਵਾਂਗ ਗੁੱਸੇ ਵਿੱਚ ਇੱਧਰ ਉਧਰ ਉਸ ਫੋਨ ਘੁਮਾਉਣ ਲੱਗ ਪੈਣਾ। ਅੱਗੋਂ ਮੈਂ ਬੜੀ ਨਿਮਰਤਾ ਨਾਲ ਕਹਿਣਾ, "ਵੇਖ ਸਾਵੀ, ਮੈਨੂੰ ਕਨੇਡਾ ਵਿਚੋਂ ਤੂੰ ਕੱਲ ਦੀ ਥਾਂ ਭਾਵੇਂ ਅੱਜ ਡੀਪੋਰਟ ਕਰਵਾਦੇ। ਮੈਂ ਖ਼ੁਦ ਹੀ ਇਸ ਨਰਕ ਜਿਹੇ ਮਾਹੌਲ ਵਿੱਚ ਨਹੀਂ ਰਹਿਣਾ ਚਾਹੁੰਦਾ। ਪਰ ਰੱਬ ਦੇ ਵਾਸਤੇ ਅਜਿਹਾ ਅਨਰਥ ਨਾ ਕਰੀਂ। ਤੂੰ ਬੱਚਾ ਨਾ ਕਢਵਾਈਂ।" "ਹਾਂ-ਹਾਂ, ਤੂੰ ਮੈਨੂੰ ਪਾਗ਼ਲ ਸਮਝਿਆ ਹੈ। ਮੈਂ ਤੇਰੇ ਵਰਗੇ ਕਮੀਨੇ ਦਾ ਪਾਪ ਕੋਲ ਰੱਖ ਕੇ ਸਾਰੀ ਉਮਰ ਕੁੜਦੀ ਰਹਾਂ ਤੇ ਤੂੰ ਕੰਜਰਾ ਮੁੜਕੇ ਬੰਬਈ ਜਾ ਕੇ ਉਨ੍ਹਾਂ ਕੰਜਰੀਆਂ ਨਾਲ ਐਸ਼ ਕਰੇਂ।" ਅਖ਼ੀਰ ਸੱਤਵੇਂ ਮਹੀਨੇ ਵਿੱਚ ਜਦੋਂ ਡਾਕਟਰਾਂ ਨੇ ਕਿਹਾ ਕਿ ਹੁਣ ਐਨੀ ਲਾਸਟ ਸਟੇਜ ਤੇ ਆਬਰਸ਼ਨ ਕਰਾਉਣ ਨਾਲ ਮਾਂ ਦੀ ਵੀ ਜਾਨ ਜਾ ਸਕਦੀ ਹੈ। ਫੇਰ ਤਾਂ ਸਾਵੀ ਨੇ ਕਲੇਸ਼ ਕੀਤਾ। ਰੋਈ ਕਲਪੀ। ਸਾਰਿਆਂ ਨੂੰ ਖ਼ੂਬ ਗਾਲਾਂ ਕੱਢੀਆਂ। ਹੌਲੀ-ਹੌਲੀ ਇਧਰੋਂ ਉਧਰੋਂ ਮੈਨੂੰ ਤੇ ਮੇਰੇ ਘਰਦਿਆਂ ਨੂੰ ਵੀ ਸਾਵੀ ਦੀ ਅਸਲ ਹਕੀਕਤ ਦਾ ਪਤਾ ਚੱਲ ਗਿਆ ਸੀ ਕਿ ਸਾਵੀ ਦਾ ਪਹਿਲਾ ਪਤੀ ਯਾਨੀ ਕਿ ਮੀਤੀ ਦਾ ਅਸਲ ਬਾਪ ਵੀ ਨਿਹਾਇਤ ਸ਼ਰੀਫ਼ ਤੇ ਸਾਊ ਬੰਦਾ ਸੀ। ਸਾਵੀ ਦੇ ਦੁਖੋਂ ਹੀ ਇੱਕ ਦਿਨ ਉਹ ਜ਼ਹਿਰ ਖਾ ਕੇ ਮਰ ਗਿਆ ਸੀ। ਹੁਣ ਗੱਲ ਸਮਝ ਤੋਂ ਬਾਹਰ ਹੋ ਗਈ ਸੀ। ਫੇਰ ਵੀ ਸਾਰਿਆਂ ਨੇ ਵਿੱਚ ਪੈ ਕੇ ਇੱਕ ਦਿਨ ਸਾਡਾ ਆਖ਼ਰੀ ਸਮਝੌਤਾ ਕਰਵਾ ਦਿੱਤਾ ਕਿ ਸਾਵੀ ਤੂੰ ਹੁਣ ਕਿਸੇ ਤਰ੍ਹਾਂ ਵੀ ਦੋ ਮਹੀਨੇ ਹੋਰ ਕੱਢ ਲੈ ਤਾਂ ਕਿ ਤੁਹਾਡਾ ਆਪਸੀ ਕਲੇਸ਼ ਵਿੱਚ ਉਹ ਆਉਣ ਵਾਲੇ ਜੀਅ ਦੀ ਨੰਨ੍ਹੀ ਜਾਨ ਦੀ ਜਾਨ ਤਾਂ ਨਾਂ ਲਵੇ। ਹੁਣ ਤੂੰ ਕਿਸੇ ਵੀ ਹਾਲ ਵਿੱਚ ਵੀ ਇਸ ਬੱਚੇ ਨੂੰ ਜਨਮ ਦੇਣਾ ਹੈ। ਤੇ ਫੇਰ ਬਲਬੀਰ ਸਿਕੰਦ ਹਮੇਸ਼ਾ ਲਈ ਇਹ ਬੱਚਾ ਲੈ ਕੇ ਕਨੇਡਾ ਛੱਡਕੇ ਇੰਡੀਆ ਚਲੇ ਜਾਏਗਾ। ਇਸਦੇ ਬਾਅਦ ਵੀ ਜਦ ਉਸਦਾ ਦਾਅ ਲੱਗਦਾ ਜਿੱਥੇ ਵੀ ਜਿਸ ਕੋਲ ਮੈਂ ਠਹਿਰਿਆ ਹੁੰਦਾ ਉਥੇ ਜ਼ਬਰਦਸਤੀ ਆ ਕੇ ਉਨ੍ਹਾਂ ਦੀ ਤੇ ਮੇਰੀ ਚੰਗੀ ਲਾਹ ਪਾਹ ਕਰਦੀ। ਆਪਣੇ ਵਧੇ ਢਿੱਡ ਤੇ ਹੱਥ ਮਾਰ ਮਾਰ ਕੇ ਮੇਰਾ ਸ਼ਰੇਆਮ ਸਿਆਪਾ ਕਰਦੀ। ਪਤਾ ਨਹੀਂ ਮੇਰੀ ਜ਼ਪਤ ਦਾ ਕਿਹੜਾ ਅੰਤ ਉਹ ਦੇਖਣਾ ਚਾਹੁੰਦੀ ਸੀ। ਹੁਣ ਹੌਲੀ-ਹੌਲੀ ਸਾਰੇ ਇਸ ਤੋਂ ਅਤੇ ਆਪਣੀ ਇੱਜ਼ਤ ਤੋਂ ਡਰਦੇ ਮੈਥੋਂ ਕੰਨੀਂ ਕਤਰਾਉਣ ਲੱਗ ਪਏ। ਇਸੇ ਨੱਠ ਭੱਜ ਵਿੱਚ 19 ਮਈ 1977 ਨੂੰ ਉਸ ਇੱਕ ਸੋਹਣੇ ਜਿਹੇ ਪੁੱਤਰ ਨੂੰ ਜਨਮ ਦਿੱਤਾ। ਮੇਰੇ ਘਰ ਦੇ ਸਾਰੇ ਜਣੇ ਆ ਕੇ, ਆਪਣੇ ਗ਼ਿਲੇ ਸ਼ਿਕਵੇ ਭੁਲਾ ਕੇ ਸਾਵੀ ਦੇ ਬੱਚੇ ਨੂੰ ਹਸਪਤਾਲ ਵਿੱਚ ਦੇਖਣ ਲਈ ਗਏ। ਸਭਨੇ ਨਵ ਜਨਮੇ ਬੱਚੇ ਨੂੰ ਸ਼ਗਨ ਵੀ ਦਿੱਤਾ ਤੇ ਨਾਲ-ਨਾਲ ਸਾਵੀ ਦੇ ਬੋਲ-ਕੁਬੋਲ ਵੀ ਸੁਣੇ ਤੇ ਉਸਦੀ ਬਕਵਾਸ ਵੀ ਬਰਦਾਸ਼ਤ ਕਰਨੀ ਪਈ। ਮੈਂ ਵੀ ਛੁੱਟੀਆਂ ਲੈ ਕੇ ਹਸਪਤਾਲ ਦੀ ਲੌਬੀ ਵਿੱਚ ਕੱਲਾ ਜੀਅ ਬੈਠਾ ਰਿਹਾ। ਮੈਨੂੰ ਉਸਦੇ ਕਿਸੇ ਭੈਣ-ਭਰਾ ਨੇ ਵਧਾਈ ਤਾਂ ਕੀ ਦੇਣੀ ਸੀ ਕਿਸੇ ਸਿੱਧੇ ਮੂੰਹ ਨਾਲ ਬੁਲਾਇਆ ਤੱਕ ਵੀ ਨਹੀਂ ਸੀ। ਆਖ਼ੀਰ ਮੇਰੇ ਸਾਹਮਣੇ ਹੀ ਮੇਰੇ ਬੱਚੇ ਨੂੰ ਆਪਣੇ ਭਰਾ ਦੀ ਗੱਡੀ ਵਿੱਚ ਲੈ ਕੇ ਚਲੀ ਗਈ। ਮੈਂ ਉਵੇਂ ਹੀ ਬੇਗਾਨਿਆਂ ਵਾਂਗ ਉਥੇ ਖੜਾ ਦੇਖਦਾ ਰਿਹਾ ਜਿਵੇਂ ਇਸ ਬੱਚੇ ਤੇ ਮੇਰਾ ਕੋਈ ਹੱਕ ਹੀ ਨਾ ਹੋਵੇ। ਮੈਂ ਕਲੇਜੇ ਤੇ ਪੱਥਰ ਰੱਖ ਕੇ ਉਵੇਂ ਹੀ ਸੱਖਣਾ ਬਲਦੇਵ ਵੀਰ ਦੇ ਘਰ ਤੁਰ ਗਿਆ ਤੇ ਉਸਦੇ ਗਲ ਲੱਗ ਕੇ ਮੈਂ ਬੱਚਿਆਂ ਵਾਂਗ ਰੋਇਆ। ਵੀਰੇ ਨੇ ਬੜਾ ਦਿਲਾਸਾ

ਦਿੱਤਾ ਤੇ ਫੇਰ ਉਸਦੇ ਘਰ ਮੁੜਕੇ ਜ਼ਲੀਲ ਹੋਣ ਲਈ ਮੈਂ ਕਦੇ ਨਹੀਂ ਜਾਣਾ ਤੇ ਹੌਲੀ-ਹੌਲੀ ਆਪਣੇ ਆਪ ਨੂੰ ਸੰਭਾਲਿਆ ਤੇ ਮੁੜਕੇ ਆਪਣੇ ਕੰਮ ਤੇ ਬੋਲਟਨ ਜਾਣ ਲੱਗ ਪਿਆ। ਬੋਲਟਨ ਭਾਜੀ ਦੇ ਘਰ ਤੋਂ ਘੱਟੋ ਘੱਟ 40-50 ਕਿਲੋਮੀਟਰ ਹੋਣਾ ਏ ਜਿਥੋਂ ਰੋਜ਼ ਮੈਂ ਅਪ-ਡਾਊਨ ਕਰਦਾ ਸੀ।

ਇਕ ਦਿਨ ਅਚਾਨਕ ਸਾਵੀ ਨੂੰ ਪਤਾ ਨਹੀਂ ਫੇਰ ਤੋਂ ਕੀ ਚੰਡੀ ਚੜ੍ਹੀ। ਇਕੱਲੀ ਹੀ ਬੱਚੇ ਨੂੰ ਲੈ ਕੇ ਮੇਰੇ ਕੰਮ ਤੇ ਪਹੁੰਚ ਗਈ। ਪਹਿਲਾਂ ਤਾਂ ਸਟਾਫ਼ ਮੈਂਬਰ ਤੇ ਮੇਰੇ ਕੋ-ਵਰਕਰ ਦੇ ਸਾਹਮਣੇ ਪੂਰਾ ਹੰਗਾਮਾਂ ਖੜਾ ਕੀਤਾ। ਮੈਨੂੰ ਪੂਰਾ ਛੱਜ ਵਿੱਚ ਪਾ ਕੇ ਛੱਟਿਆ ਤੇ ਫੇਰ ਬੜੀ ਬੇਰਹਿਮੀ ਨਾਲ ਸਿਰਫ਼ ਤਿੰਨ ਹਫ਼ਤੇ ਦੇ ਬੱਚੇ ਨੂੰ ਉਥੇ ਹੀ ਸਿੱਟ ਕੇ ਆ ਗਈ ਤੇ ਸਭ ਦੇ ਸਾਹਮਣੇ ਕਿਹਾ," ਇਸ ਬੈਸਟਰਡ ਨੂੰ ਆਪਣੇ ਕੋਲ ਰੱਖ, ਮੈਨੂੰ ਇਹ ਤੇਰਾ ਗੰਦ ਨੀਂ ਚਾਹੀਦਾ" ਤੇ ਮਾਸੂਮ ਨਿੱਕਾ ਜਿਹਾ ਬਾਲ ਰੜੇ ਜ਼ਮੀਨ ਤੇ ਪਿਆ ਚੀਕਾਂ ਮਾਰਦਾ ਤੇ ਕੁਰਲਾਉਂਦਾ ਰਿਹਾ ਪਰ ਉਹ ਜ਼ਾਲਮ ਡੈਣ ਵਰਗੀ ਮਾਂ ਉਵੇਂ ਆਪਣੀ ਗੱਡੀ ਸਟਾਰਟ ਕਰਕੇ ਲੈ ਆਈ। ਮੈਂ ਬੱਚੇ ਨੂੰ ਬਥੇਰਾ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਕਿਥੋਂ। ਮੇਰੇ ਸੁਪਰਵਾਈਜ਼ਰ ਨੇ ਕਿਹਾ ਵੀ ਸੀ, ਮਿ: ਸਿੰਘ ਤੂੰ ਪੁਲਿਸ ਵਿੱਚ ਸ਼ਿਕਾਇਤ ਕਿਉਂ ਨਹੀਂ ਕਰਦਾ, ਇਹ ਕਨੇਡਾ ਹੈ ਇੱਥੋਂ ਦੀ ਪੁਲਿਸ ਉਸਨੂੰ ਬੱਚੇ ਨਾਲ ਦੁਰਵਿਹਾਰ ਕਰਨ ਦੇ ਇਲਜ਼ਾਮ ਵਿੱਚ ਬਿਨਾਂ ਪੁੱਛੇ ਸੀਖ਼ਾਂ ਪਿੱਛੇ ਡੱਕ ਸਕਦੀ ਹੈ। ਮੇਰਾ ਫੇਰ ਵੀ ਇੱਕ ਹਿੰਦੁਸਤਾਨੀ ਸ਼ਾਇਰ ਦਾ ਦਿਲ ਸੀ ਤੇ ਨਾਲੇ ਉਹ ਮੇਰੇ ਬੱਚੇ ਦੀ ਮਾਂ ਸੀ। ਦੂਜਾ ਇੰਡੀਆ ਦਾ ਜਲੂਸ ਵੱਖ ਨਿਕਲਦਾ। ਮੈਂ ਅਜਿਹਾ ਨਾ ਕਰ ਸਕਿਆ। ਫੇਰ ਮੈਂ ਬਲਦੇਵ ਵੀਰ ਜੀ ਨੂੰ ਫੋਨ ਕੀਤਾ ਤੇ ਸਾਰੇ ਹਾਲਾਤ ਦੱਸੇ ਤਾਂ ਭਾਜੀ ਆਪਣੇ ਇੱਕ ਦੋਸਤ ਤੇ ਉਸਦੀ ਬੀਵੀ ਨੂੰ ਨਾਲ ਲੈ ਕੇ ਮੇਰੇ ਕੰਮ ਤੇ ਪਹੁੰਚੇ। ਫੇਰ ਵੀ ਪਹਿਲਾਂ ਭਾਜੀ ਬੱਚਾ ਲੈ ਕੇ ਸਾਵੀ ਦੇ ਹੀ ਘਰ ਗਏ। ਬੱਚਾ ਉੱਚੀ-ਉੱਚੀ ਰੋਈ ਜਾਵੇ ਤੇ ਭਾਜੀ ਸਾਵੀ ਦੀਆਂ ਮਿੰਨਤਾਂ ਕਰੀ ਜਾਣ "ਪਲੀਜ਼ ਸਾਵੀ, ਜਾਣਦੇ ਗੁੱਸੇ ਨੂੰ। ਤੂੰ ਬੱਚਾ ਵਾਪਿਸ ਲੈ ਜਾ। ਬਿਨਾਂ ਮਾਂ ਦੇ ਐਨਾਂ ਛੋਟਾ ਬੱਚਾ ਕਿਵੇਂ ਬੱਚ ਸਕੇਗਾ।" ਪਰ ਸਾਵੀ ਟਸ ਤੋਂ ਮਸ ਨਾ ਹੋਈ। ਨਾ ਹੀ ਉਸ ਅੰਦਰੋਂ ਬੂਹਾ ਖੋਲ੍ਹਿਆ। ਅੰਦਰੋਂ ਮੇਰੇ ਨਾਲ-ਨਾਲ ਭਾਜੀ ਨੂੰ ਵੀ ਗੰਦੀਆਂ ਗਾਲਾਂ ਕੱਢਦੀ ਰਹੀ। ਆਖੀਰ ਭਾਜੀ ਨੇ ਕਿਹਾ, "ਅੱਧੀ ਰਾਤ ਹੋ ਗਈ ਏ। ਘੱਟੋ ਘੱਟ ਬੱਚੇ ਨੂੰ ਦੁੱਧ ਪਿਲਾਉਣ ਲਈ ਕੋਈ ਬੋਤਲ ਤਾਂ ਦੇ ਦਿਓ।" ਪਰ ਕਿਥੋਂ ਉਸਦਾ ਚੰਡਾਲ ਗੁੱਸਾ ਮਮਤਾ ਨੂੰ ਨੇੜੇ ਨਾ ਲੱਗਣ ਦੇਵੇ। ਇਸੇ ਰਾਮ ਰੌਲੇ ਵਿੱਚ ਮੇਰੀ ਨੌਕਰੀ ਵੀ ਜਾਂਦੀ ਰਹੀ। ਕਿਸੇ ਤਰ੍ਹਾਂ ਦੋ ਹਫ਼ਤੇ ਲੋਕਾਂ ਦੇ ਘਰਾਂ ਵਿੱਚ ਅਤਿਹੀਣਤਾ ਭਾਵ ਨਾਲ ਕੱਢੇ। ਫੇਰ ਐਮਰਜੈਂਸੀ ਦੇ ਹਾਲਾਤ ਵਿੱਚ ਮਾਤਾ ਪਿਤਾ ਨੂੰ ਕਨੇਡਾ ਬੁਲਾਉਣਾ ਪਿਆ। ਬੜੀ ਹੀ ਭੱਜ ਦੌੜ ਕਰਕੇ ਇੱਕ ਦੋ ਬੈਡਰੂਮ ਦੀ ਅਪਾਰਟਮੈਂਟ ਤੇ ਲਈ ਡੌਲੀ ਭੈਣ ਜੀ ਅਤੇ ਬਲਦੇਵ ਵੀਰ ਜੀ ਨੇ ਡੱਟ ਕੇ ਪੂਰੀ ਪੂਰੀ ਮਦਦ ਕੀਤੀ। ਇਸੇ ਲਈ ਸਾਵੀ ਇੰਨ੍ਹਾਂ ਦੋਹਾਂ ਦੀ ਜਾਣੋਂ ਜਾਨੀ ਦੁਸ਼ਮਨ ਬਣ ਗਈ ਹੋਵੇ। ਐਵੇਂ ਫੋਨ ਲਾ ਕੇ ਦੋਵਾਂ ਨੂੰ ਅੱਧੀ ਰਾਤੀਂ ਗਾਲਾਂ ਤੇ ਅਬਾ-ਤਬੀ ਬਕੀ ਜਾਣਾ। ਅਖੀਰ ਅੱਕ ਕੇ ਮੈਂ ਵੀ ਪੁਲੀਸ ਦਾ ਸਹਾਰਾ ਲਿਆ ਤਾਂ ਜਾ ਕੇ ਉਹ ਥੋੜੀ ਸ਼ਾਂਤ ਹੋਈ। ਮੈਂ ਤੇ ਮੇਰੇ ਬਿਰਧ ਮਾਂ ਪਿਓ ਨਾਲ ਇੱਕ 3-4 ਹਫ਼ਤਿਆਂ ਦਾ ਮਾਸੂਮ ਬੱਚਾ। ਅਸੀਂ ਰੜੇ ਅਪਾਰਟਮੈਂਟ ਦੇ ਫਰਸ਼ ਤੇ ਸੌਂਦੇ ਰਹੇ। ਸਾਡੇ ਕੋਲ ਨਾਂ ਕੋਈ ਬੈਡ ਨਾਂ ਹੀ ਭਾਂਡੇ। ਇਸ ਬਿਰਧ ਤੇ ਸਿਰੜੀ ਸਬਰ ਸੰਤੋਖ ਦੀ ਮੂਰਤ ਮੇਰੀ ਅੰਮੜੀ ਨੇ ਆਪਣੇ ਨਿੱਕੇ ਜਿਹੇ ਪੋਤੇ ਨੂੰ ਸਾਰਾ ਸਾਰਾ ਦਿਨ ਤੇ ਰਾਤ ਆਪਣੀ ਛਾਤੀ ਨਾਲ ਚੰਬੇੜੀ ਰੱਖਣਾ। ਅਸਾਂ ਸਾਰਿਆਂ ਨੇ ਕਦੇ ਸਿੱਦਕ ਨਹੀਂ ਸੀ ਹਾਰਿਆ। ਹੌਲੀ-ਹੌਲੀ ਸਭ ਕੁੱਝ ਸੈਟ ਹੋ ਗਿਆ। ਮੈਂ ਦੋ ਦੋ ਨੌਕਰੀਆਂ ਕੀਤੀਆਂ। ਫੇਰ ਤੋਂ ਇੱਕ ਟੁੱਟੀ ਭੱਜੀ 400-500 ਡਾਲਰ ਦੀ ਪੁਰਾਣੀ ਕਾਰ ਵੀ ਲੈ ਲਈ। ਜਦੋਂ ਬੱਚਾ ਛੇ ਮਹੀਨੇ ਦੇ ਕਰੀਬ ਹੋ ਗਿਆ ਤੇ ਸਾਡੇ ਸਾਰਿਆਂ ਵਿੱਚ ਪੂਰੀ ਤਰ੍ਹਾਂ ਨਾਲ ਰਚ ਮਿਚ ਗਿਆ ਤਾਂ ਅਚਾਨਕ ਇੱਕ ਦਿਨ ਸਾਵੀ ਮੇਰੀ ਗ਼ੈਰ ਹਾਜ਼ਰੀ ਵਿੱਚ ਸਾਡੇ ਘਰੇ ਪੁਲੀਸ ਲੈ ਕੇ ਆ ਗਈ। ਉਸ ਦਿਨ ਕੁਦਰਤੀ ਬਲਦੇਵ ਭਾਜੀ ਘਰੇ ਬੀਜੀ, ਪਿਤਾ ਜੀ ਨੂੰ ਮਿਲਣ ਆਏ ਹੋਏ ਸਨ। ਉਨ੍ਹਾਂ ਨੇ ਸਾਰੀ ਗੱਲ ਪੁਲਿਸ ਨੂੰ ਖੋਲ੍ਹਕੇ ਸੁਣਾਈ ਕਿ "ਅਸੀਂ ਕੋਈ ਚੋਰੀ ਜਾਂ ਜ਼ਬਰਦਸਤੀ ਇਸਦਾ ਬੱਚਾ ਲੈ ਕੇ ਨਹੀਂ ਆਏ। ਬੱਚਾ ਤਾਂ ਪਿਛਲੇ ਛੇ ਮਹੀਨਿਆਂ ਤੋਂ ਲਗਾਤਾਰ ਆਪਣੇ ਪਿਓ ਅਤੇ ਦਾਦੀ ਦਾਦਾ ਨਾਲ ਰਹਿ ਰਿਹਾ ਹੈ। ਤੁਸੀਂ ਬੇਸ਼ਕ ਬਿਲਡਿੰਗ ਸੁਪਰਡੈਂਟ ਅਤੇ ਆਂਢ-ਗੁਆਂਢ ਵਾਲਿਆਂ ਤੋਂ ਪੁੱਛ ਲਵੋ। ਅਸੀਂ ਬੱਚਾ ਚੋਰੀ ਨਹੀਂ ਕੀਤਾ ਸਗੋਂ ਅੱਜ ਤੋਂ ਛੇ ਮਹੀਨੇ ਪਹਿਲਾਂ ਮੈਡਮ ਸਾਵੀ ਬੱਚੇ ਦੀ ਮਾਂ ਬੋਲਟਨ ਵਿੱਚ ਬਿਲ ਦੀ ਫੈਕਟਰੀ ਦੇ ਬਾਹਰ ਆਪਣੇ ਹੱਥੀਂ ਐਨੀ ਕਰੂਅਲਟੀ ਨਾਲ ਬੱਚੇ ਨੂੰ ਸਿੱਟ ਕੇ ਆਈ ਸੀ। ਸਾਡੇ ਕੋਲ ਅੱਜ ਵੀ ਘੱਟੋ-ਘੱਟ 15 ਚਸ਼ਮਦੀਦ ਗਵਾਹ ਹਨ। ਦੂਜੇ ਸਭ ਨਾਲੋਂ ਬੜੇ ਵਿਕਟਮ ਮੇਰਾ ਦੋਸਤ ਤੇ ਉਸਦੀ ਪਤਨੀ ਜੋ ਉਸ ਰਾਤ 40-45 ਕਿਲੋਮੀਟਰ ਡਰਾਈਵ ਕਰਕੇ ਸਿਰਫ਼ ਤਿੰਨ ਹਫ਼ਤੇ ਦੇ ਬਿਨ ਮਾਂ ਦੇ ਰੋਂਦੇ ਕੁਰਲਾਉਂਦੇ, ਭੁੱਖੇ-ਪਿਆਸੇ ਬੱਚੇ ਨੂੰ ਲੈ ਕੇ ਆਏ ਸਨ।" ਫੇਰ ਪੁਲਿਸ ਅਫ਼ਸਰ ਨੇ ਕਿਹਾ (ਕੁਝ ਰੋਅਬ ਨਾਲ) "ਮੈਡਮ, ਇਜ਼ ਦਿਸ ਰਝਾਟਿ, ਯੈਸ ਆਰ ਨੋ?" ਫੇਰ ਸਾਵੀ ਠੰਡੀ ਪੈ ਗਈ ਤੇ ਨੀਵੀਂ ਪਾ ਲਈ। ਫੇਰ ਪੁਲੀਸ ਅਫ਼ਸਰ ਨੇ ਕਿਹਾ,' ਸੌਰੀ ਮੈਡਮ, ਹੁਣ ਤਾਂ ਇਹ ਬੱਚਾ ਤੁਹਾਨੂੰ ਸਿਰਫ਼ ਕੋਰਟ ਰਾਹੀਂ ਹੀ ਮਿਲ ਸਕਦਾ ਹੈ"। ਉਹੀ ਗੱਲ ਹੋਈ ਜਿਸਦਾ ਸਾਨੂੰ ਡਰ ਸੀ। ਕੋਰਟ ਨੇ ਵੀ ਮੇਰੀ ਇੱਕ ਨਾ ਸੁਣੀ। ਕਹਿੰਦੇ ਕਿ ਬੱਚੇ ਤੇ ਸਿਰਫ਼ ਪਹਿਲਾ ਹੱਕ ਮਾਂ ਦਾ ਹੁੰਦਾ ਹੈ। ਸਿਰਫ਼ ਮਾਂ ਹੀ ਬੱਚੇ ਨੂੰ ਸਹੀ ਤਰ੍ਹਾਂ ਨਾਲ ਪਾਲ ਸਕਦੀ ਹੈ। ਪਿਓ ਨਹੀਂ। ਮੈਂ ਜੱਜ ਸਾਹਿਬ ਨੂੰ ਕਿਹਾ, "ਜਦੋਂ ਬੱਚਾ ਸਿਰਫ਼ ਤਿੰਨ ਹਫ਼ਤੇ ਦਾ ਸੀ, ਤਦ ਮਾਂ ਦਾ ਬੱਚੇ ਲਈ ਕੋਈ ਹੱਕ, ਕੋਈ ਫਰਜ਼ ਨਹੀਂ ਸੀ ਬਣਦਾ। ਇਹ ਬੱਚਾ ਤਾਂ ਇਸਨੂੰ ਸ਼ੁਰੂ ਤੋਂ ਹੀ ਨਹੀਂ ਸੀ ਚਾਹੀਦਾ। ਮੈਂ ਇਹ ਸਾਬਤ ਕਰ ਸਕਦਾ ਹਾਂ। ਇਸਨੇ ਸੱਤ ਵਾਰ ਇਸ ਬੱਚੇ ਦੀਆਂ ਅਬਾਰਸ਼ਨ ਦੀਆਂ ਡੇਟਸ ਲਈਆਂ ਸਨ। ਹਮੇਸ਼ਾ ਮੈਂ ਹੀ ਇਸਨੂੰ ਰੋਕਦਾ ਰਿਹਾ। ਅੱਜ ਇੱਕ ਜ਼ਿਮੇਵਾਰ, ਜਜ਼ਬਾਤੀ ਤੇ ਪਿਆਰ ਕਰਨ ਵਾਲੇ ਪਿਓ ਤੋਂ ਬੱਚਾ ਖੋਹ ਕੇ ਇੱਕ ਪੱਥਰ ਦਿਲ ਡੈਣ, ਮਮਤਾ ਤੋਂ ਸੱਖਣੀ ਮਾਂ ਨੂੰ ਬੱਚਾ ਦੇ ਰਹੇ ਹੋ। ਇਹ ਤਾਂ ਕਨੇਡਾ ਦਾ ਇਨਸਾਫ਼ ਨਹੀਂ। ਸਗੋਂ ਮਨੁੱਖਤਾ ਤੇ ਸ਼ਰਾਫ਼ਤ ਨਾਲ ਇੱਕ ਧੱਕਾ ਹੈ।" ਉਲਟਾ

ਕੋਰਟ ਨੇ ਮੇਰੇ ਤੇ 120 ਡਾਲਰ ਪਰ ਮੰਥ ਚਾਈਲਡ ਸੱਪੋਰਟ ਦਾ ਖਰਚਾ ਵੀ ਬੰਨ੍ਹ ਦਿੱਤਾ ਤੇ ਮੈਂ ਸਿਰਫ਼ ਹਫ਼ਤੇ ਵਿੱਚ ਇੱਕ ਦਿਨ ਇੱਕ ਘੰਟੇ ਲਈ, ਉਹ ਵੀ ਉਸਦੀ ਨਿਗਰਾਨੀ ਵਿੱਚ ਕਿਸੇ ਸਾਂਝੀ ਜਗ੍ਹਾ ਤੇ ਹੀ ਮਿਲ ਸਕਦਾ ਸੀ। ਜਾਣੋਂ ਹਰ ਪਾਸਿਓਂ ਹਾਰ ਟੁੱਟ ਗਿਆ ਹੋਵਾਂ।

ਬੀਜੀ ਨੇ ਤਾਂ ਇਹ ਗੱਲ ਦਿਲ ਨੂੰ ਲਾ ਲਈ। “ਮੇਰੇ ਬੱਚੇ, ਮੈਂ ਹੀ ਤੇਰੀਆਂ ਇਹ ਸਾਰੀਆਂ ਮੁਸੀਬਤਾਂ ਲਈ ਦੋਸ਼ੀ ਹਾਂ। ਨਾਂ ਹੀ ਮੈਂ ਆਪਣੀ ਜ਼ਿੱਦ ਕਰਕੇ ਤੈਨੂੰ ਇਸ ਨਰਕ ਵਿੱਚ ਭੇਜਦੀ, ਨਾਂ ਹੀ ਇਹ ਤੇਰਾ ਹਸ਼ਰ ਹੋਣਾ ਸੀ। ਮੈਂ ਹੀ ਤੇਰੀ ਜ਼ਿੰਦਗੀ ਵਿਚੋਂ ਸਾਰੀਆਂ ਖੁਸ਼ੀਆਂ ਖੋਹੀਆਂ ਨੇ। ਮੇਰੇ ਬੱਚੇ, ਹੋ ਸਕੇ ਤਾਂ ਮੈਨੂੰ ਮਾਫ਼ ਕਰ ਦੇਵੀਂ।” ਮਾਂ ਨੇ ਹਮੇਸ਼ਾ ਲਈ ਮੰਜੀ ਫੜ ਲਈ। ਅੱਜ ਫੇਰ ਮਾਂ ਨੂੰ ਦੂਜਾ ਦਿਲ ਦਾ ਦੌਰਾ ਵੀ ਮੇਰੇ ਕਾਰਨ ਹੋਇਆ। ਮਾਂਜੀ ਅਜਿਹੀ ਬੀਮਾਰੀ ਵਿੱਚ ਵੀ ਕਨੇਡਾ ਨਾ ਰੁਕੇ। ਬੱਸ ਇਹੀ ਕਹਿਣ “ਮੇਰੇ ਬੱਚਿਓ, ਮੈਨੂੰ ਕਿੱਦਾਂ ਵੀ ਇਸੇ ਘੜੀ ਵਾਪਿਸ ਇੰਡੀਆ ਦੇ ਜਹਾਜ਼ ਚਾੜ੍ਹ ਦਿਓ। ਭਾਵੇਂ ਮੈਂ ਰਾਹ ਵਿੱਚ ਹੀ ਜਾਂਦਿਆਂ ਜਾਂਦਿਆਂ ਹੀ ਮਰ ਜਾਵਾਂ। ਘੱਟੋ ਘੱਟ ਅਜਿਹੀ ਨਿਰਦਈ ਧਰਤੀ ਤੇ ਤਾਂ ਮੇਰਾ ਆਖਰੀ ਕ੍ਰਿਆ ਕਰਮ ਨਹੀਂ ਹੋਵੇਗਾ।” ਬੀਜੀ ਪਿਤਾ ਜੀ ਨੂੰ ਹਫ਼ਤੇ ਦੇ ਵਿੱਚ ਵਿਚ ਕਿਸੇ ਤਰ੍ਹਾਂ ਭੱਜ ਦੌੜ ਕਰਕੇ ਭੇਜਣਾ ਪਿਆ। ਸਾਰਿਆਂ ਦੀਆਂ ਦਿਲ ਦੀਆਂ ਦਿਲ ਵਿੱਚ ਹੀ ਰਹਿ ਗਈਆਂ। ਸਾਡੇ ਵਿਚੋਂ ਕੋਈ ਵੀ ਉਫ਼ ਤੱਕ ਨਾਂ ਕਰ ਸਕਿਆ।

ਮੇਰੇ ਨਾਲ ਹੋਏ ਇਸ ਦੁਰਵਿਵਹਾਰ ਨੇ ਮੈਨੂੰ ਤੇ ਮੇਰੀ ਅੰਮੜੀ ਨੂੰ ਧੁਰ ਅੰਦਰ ਤੀਕ ਤੋੜ ਦਿੱਤਾ। ਪਤਾ ਨਹੀਂ ਕਿਉਂ ਮਾਤਾ ਜੀ ਇਹ ਸਭ ਕੁੱਝ ਲਈ ਆਪਣੇ ਆਪ ਨੂੰ ਮੇਰਾ ਦੋਸ਼ੀ ਸਮਝਣ ਲੱਗ ਪਏ ਅਤੇ ਉਨ੍ਹਾਂ ਇਹ ਗੱਲ ਦਿਲ ਨੂੰ ਲਾ ਲਈ ਤੇ ਪੱਕੀ ਮੰਜੀ ਫੜ ਲਈ। ਦੂਜੇ ਪਾਸੇ ਬੰਬਈ ਮੇਰੇ ਹਾਲਾਤ ਮੂਲੋਂ ਹੀ ਨਿਘਰ ਗਏ ਸਨ। ਜਿਨ੍ਹਾਂ ਫ਼ਿਲਮਾਂ ਵਿੱਚ ਧਰਮ ਭਾਜੀ, ਬਲਰਾਜ ਸਾਹਨੀ ਜੀ ਅਤੇ ਹੋਰ ਮੇਹਰਬਾਨਾਂ ਸਦਕਾ ਮੈਨੂੰ ਕੰਮ ਮਿਲਿਆ ਸੀ, ਸਭ ਨੂੰ ਮੇਰੇ ਕਾਰਨ ਨਮੋਸ਼ੀ ਝੱਲਣੀ ਪਈ। ਕਈ ਨਿਰਮਾਤਾਵਾਂ ਦਾ ਭਾਰੀ ਨੁਕਸਾਨ ਵੀ ਹੋਇਆ, ਜਿਨ੍ਹਾਂ ਨੂੰ ਫੇਰ ਤੋਂ ਫ਼ਿਲਮ ਰੀ-ਸ਼ੂਟ ਕਰਨੀ ਪਈ। ਮੇਰੀ ਮਜਬੂਰੀ ਉੱਤੇ ਇੱਕ ਗ਼ੈਰ ਜ਼ਿੰਮੇਵਾਰ ਅਤੇ ਨੈਸ਼ ਦੀ ਮੋਹਰ ਐਵੇਂ ਲੱਗ ਗਈ। ਮੇਰੀ ਹੋਮ ਪ੍ਰੋਡਕਸ਼ਨ ਵੀ ਕਿਸੇ ਖੂਹ ਖਾਤੇ ਵਿੱਚ ਪੈ ਗਈ। ਸਮਝੋ ਪਿਛਲੇ ਦਸਾਂ ਸਾਲਾਂ ਦੀ ਕਰੜੀ ਮਿਹਨਤ ਐਵੇਂ ਖੁਰ ਗਈ। ਹੁਣ ਮੈਂ ਮੁੜ ਬੰਬਈ ਜਾਣ ਜੋਗਾ ਵੀ ਨਾ ਰਿਹਾ। ਜਾਣੋਂ ਹਰ ਪਾਸਿਓਂ ਨਮੋਸ਼ੀ ਹੀ ਨਮੋਸ਼ੀ। ਮੈਨੂੰ ਮੂੰਹ ਚਿੜਾ ਰਹੀ ਹੋਵੇ।

ਫੇਰ ਮਰਦਾ ਕੀ ਨਾ ਕਰਦਾ। ਕਿਸੇ ਤਰ੍ਹਾਂ ਇਥੇ (ਕਨੇਡਾ) ਦੀ ਹੀ ਨਰਕ ਭਰੀ ਜ਼ਿੰਦਗੀ ਵਿੱਚ ਕੋਹਲੂ ਦੇ ਬੈਲ ਵਾਂਗਰਾਂ ਨਿਰਾਸਤਾ ਦੇ ਖੋਪੇ ਚਾੜਕੇ ਆਪਣੇ ਮਾੜੇ ਹਾਲਾਤ ਨਾਲ ਜੂਝਦਾ ਰਿਹਾ। ਤਕਰੀਬਨ ਚਾਰ ਸਾਲ ਦਰ-ਬ-ਦਰ ਦੀਆਂ ਠੋਕਰਾਂ ਖਾ ਖਾ ਕੇ ਫੇਰ ਕਿਤੇ ਜਾ ਕੇ ਕਨੇਡਾ ਦਾ ਮੈਂ ਪੱਕਾ ਵਸਨੀਕ ਬਣਿਆ। ਅੱਜ ਤਾਈਂ ਜੋ ਮੈਂ ਆਪਣੇ ਗਾੜ੍ਹੇ ਖੂਨ ਪਸੀਨੇ ਨਾਲ ਚਾਰ ਪੈਸੇ ਕਮਾਏ ਸੀ ਉਸਨੂੰ ਨਿਗਲਣ ਲਈ ਮੇਰਾ ਅੰਦਰਲਾ ਫ਼ਿਲਮੀ ਭੂਤ ਫਿਰ ਤੋਂ ਪੱਬਾਂ ਭਾਰ ਹੋਇਆ ਰਹਿੰਦਾ। ਮੈਂ ਵੀ ਹੁਣ ਕਿਸੇ ਟੁੱਟੇ ਪੱਤੇ ਵਾਂਗ ਦਰ ਦਰ ਭਟਕਦਾ ਰਹਿੰਦਾ। ਕਦੀ ਕਿਸੇ ਸ਼ਹਿਰ, ਕਦੀ ਕਿਸੇ ਸੂਬੇ, ਕਿਤੇ ਵੀ ਪਲ ਭਰ ਚੈਨ ਨਾ ਮਿਲਦਾ। ਉਹੀ ਬੇਕਰਾਰੀ, ਨਮੋਸ਼ੀ, ਪਛਤਾਵਾ, ਆਪਣੇ ਨਰਮ ਸੁਭਾਅ ਤੇ ਰੋਸਾ। ਇਸ ਸਾਰੀਆਂ ਕਮਬਖ਼ਤ ਅਲਾਹਮਤਾਂ ਮੇਰਾ ਖਹਿੜਾ ਨਾ ਛੱਡਦੀਆਂ। ਇੱਕ ਦਿਨ ਅੱਕ ਕੇ ਮੈਂ ਬਿਨ੍ਹਾਂ ਕਿਸੇ ਨੂੰ ਦੱਸੇ ਚੋਰਾਂ ਵਾਂਗੂੰ, ਤਨਹਾ, ਟਰਾਂਟੋ ਤੋਂ ਕੈਲਗਰੀ (ਅਲਬਰਟਾ) ਲਈ ਸਫ਼ਰ ਸ਼ੁਰੂ ਕਰ ਦਿੱਤਾ। ਤਿੰਨ ਚਾਰ ਹਜ਼ਾਰ ਮੀਲ ਦਾ ਸਫ਼ਰ, ਅਣਜਾਣੀਆਂ ਰਾਹਾਂ, ਅਣਜਾਣੀ ਮੰਜ਼ਿਲ। ਰਾਹ ਵਿੱਚ ਐਨੇ ਖੂਬਸੂਰਤ ਨਜ਼ਾਰੇ ਦੇਖਣ ਨੂੰ ਮਿਲੇ। ਕਿਤੇ 400 ਤੋਂ 500 ਮੀਲ ਦੋਨੋਂ ਪਾਸੀਂ ਘਣੇ ਹਰੇ ਜੰਗਲ, ਸ਼ਾਨ ਨਾਲ ਤਨੇ ਤਕਲੇ ਵਾਂਗ ਸਿੱਧੇ ਖੜੇ 100 ਫੁੱਟ ਤੋਂ ਉੱਚੇ ਉੱਚੇ ਦਰਖ਼ਤ। ਕਿੱਧਰੇ 200 ਤੋਂ ਵੱਧ ਮੀਲ ਇੱਕ ਪਾਸੇ ਝੀਲ ਦੂਜੇ ਪਾਸੇ ਪਹਾੜੀਆਂ, ਵਿਨੀਪੈਗ ਸ਼ਹਿਰ, ਤਾਈਂ ਅੱਗੇ ਇੱਕ ਸੂਬਾ ਸੈਸਕਾਟੂਨ ਦਾ। ਇੱਕ ਦਮ ਪੱਧਰਾ ਤੇ ਮੈਦਾਨੀ ਇਲਾਕਾ। 200 ਤੋਂ 300 ਮੀਲ ਦਾ ਹਾਈਵੇ ਇੱਕ ਦਮ ਸਿੱਧਾ। ਕੀ ਮਜਾਲ ਰਤਾ ਵੀ ਕਾਰ ਦਾ ਸਟੀਅਰਿੰਗ ਹਿਲਾਣਾ ਪਵੇ। ਆਲੇ ਦੁਆਲੇ ਕਈ ਕਈ ਮੀਲ ਲੰਮੇ ਚੌੜੇ ਸੋਨੇ ਰੰਗੀ ਕਣਕ ਦੇ ਖੇਤ ਸਨ। ਮੈਨੂੰ ਜਿਥੇ ਵੀ ਕੋਈ ਰਮਣੀਕ ਜਿਹਾ ਨਜ਼ਾਰਾ ਦਿਸਦਾ ਮੈਂ ਘੰਟਿਆਂ ਬੱਧੀ ਉਥੇ ਬੈਠਾ ਰਹਿੰਦਾ ਤੇ ਬਲਿਹਾਰੀ ਜਾਂਦਾ ਉਸ ਸਿਰਜਣਹਾਰ ਦੇ। ਇਉਂ ਲੱਗਦਾ ਸੀ ਜਿਵੇਂ ਦਾਤੇ ਨੇ ਇਥੇ ਆਪ ਆ ਕੇ ਧਰਤੀ ਤੇ ਸਵਰਗ ਵਸਾਇਆ ਹੋਵੇ। ਇਸੇ ਤਰ੍ਹਾਂ ਮੈਨੂੰ ਸਫ਼ਰ ਵਿੱਚ ਸੱਤ ਦਿਨ ਲੱਗ ਗਏ। ਕਨੇਡਾ ਦੀ ਧਰਤੀ ਕਿੰਨੀ ਲੰਬੀ ਚੌੜੀ ਤੇ ਵਿਸ਼ਾਲ ਹੈ ਕਿ ਇੱਕ ਕੋਨੇ ਤੋਂ ਦੂਜੇ ਕੋਨੇ ਯਾਨੀ ਈਸਟ ਤੋਂ ਵੈਸਟ ਤੀਕ ਕਿਤੇ ਕਿਤੇ ਆਪਸੀ ਸ਼ਹਿਰਾਂ ਵਿੱਚ ਤਿੰਨ ਤਿੰਨ ਘੰਟੇ ਟਾਈਮ ਦਾ ਫ਼ਰਕ ਹੈ। ਆਖੀਰ ਇੱਕ ਦਿਨ ਮੈਂ ਕਲਗਰੀ (ਅਲਬਰਟਾ) ਪਹੁੰਚ ਹੀ ਗਿਆ। ਫੇਰ ਛੇਤੀ ਹੀ ਮੈਨੂੰ ਉਥੇ ਸੀ. ਪੀ. ਰੇਲ ਕੈਲਗਰੀ ਵਿੱਚ ਮਸ਼ੀਨਿਸ਼ਟ ਵੱਜੋਂ ਨੌਕਰੀ ਮਿਲ ਗਈ ਤੇ ਬਿਲਕੁਲ ਨੇੜਲੀ ਬਿਲਡਿੰਗ ਵਿੱਚ ਇੱਕ ਛੋਟਾ ਜਿਹਾ ਫਲੈਟ ਕਿਰਾਏ ਤੇ ਲਿਆ। ਇਸ ਸ਼ਾਪ ਦੀਆਂ ਤਕਰੀਬਨ ਤਿੰਨੇ ਹੀ ਸ਼ਿਫਟਾਂ ਚਲਦੀਆਂ ਸਨ। ਤਕਰੀਬਨ 1000/1200 ਦੇ ਕਰੀਬ ਵਰਕਰ ਕੰਮ ਕਰਦੇ ਸਨ। ਪੰਜਾਬੀਆਂ ਦੇ ਨਾਲ-ਨਾਲ ਹੋਰ ਵੀ ਕਈ ਕੌਮਾਂ ਦੇ ਬੰਦੇ ਕੰਮ ਕਰਦੇ ਸਨ। ਗੋਰੇ, ਕਾਲੇ, ਚੀਨੇ, ਗ੍ਰੀਕ, ਸਪੈਨਿਸ਼ ਪਤਾ ਨਹੀਂ ਕਿਹੜੇ-ਕਿਹੜੇ। ਸਾਰੀ ਦੁਨੀਆਂ ਦੇ ਪਰਵਾਸੀ ਕਾਮੇ ਉਨ੍ਹਾਂ ਦੀਆਂ ਆਪਣੀਆਂ ਬੋਲੀਆਂ, ਸਭਿਆਚਾਰ, ਆਪਣੀਆਂ ਆਪਣੀਆਂ ਟੋਲੀਆਂ ਬਣੀਆਂ ਸਨ। ਬੜਾ ਹੀ ਰੌਚਕ, ਬੜਾ ਕੁੱਝ ਜਾਨਣ ਨੂੰ ਮਿਲਦਾ ਸੀ। ਹੌਲੀ-ਹੌਲੀ ਆਪਸੀ ਸਾਂਝਾਂ ਵਧੀਆਂ। ਕਈ ਪੰਜਾਬੀ ਮਿੱਤਰਾਂ ਨੂੰ ਮੇਰੇ ਮੁੱਢਲੇ ਫ਼ਿਲਮੀ ਜੀਵਨ ਦੀ ਵੀ ਜਾਣਕਾਰੀ ਹੋ ਗਈ।

ਅਲਬਰਟਾ ਦੀ ਮੈਨੂੰ ਭੂਗੋਲਿਕ ਜਾਣਕਾਰੀ ਵੀ ਮਿਲੀ। ਇਸ ਸੂਬੇ ਵਿੱਚ ਸਭ ਨਾਲੋਂ ਵੱਧ ਕੱਚੇ ਤੇਲ ਦੇ ਭੰਡਾਰ ਨੇ। ਕੈਲਗਰੀ ਸ਼ਹਿਰ ਨੂੰ ਕਾਓ ਬੁਆਇ ਸਿਟੀ ਵੀ ਕਹਿੰਦੇ ਨੇ। ਇਥੇ ਬਹੁਤ ਵੱਡੇ ਵਧੀਆ ਘੋੜਿਆਂ ਦੇ ਰੈਂਚਸ ਨੇ ਤੇ ਇਥੇ ਹੀ

ਬਹੁਤ ਵੱਡੀ ਤਾਦਾਦ ਵਿੱਚ ਕਾਓ ਫਾਰਮਰ ਵੀ ਨੇ। ਬਦਕਿਸਮਤੀ ਨਾਲ ਇਥੇ ਹੀ ਦੁਨੀਆਂ ਦੇ ਸਭ ਨਾਲੋਂ ਵੱਡੇ ਬੁੱਚੜਖਾਨੇ ਵੀ ਨੇ ਜੋ ਰੋਜ਼ ਹਜ਼ਾਰਾਂ ਗਾਵਾਂ ਨੂੰ ਜ਼ਬਾ ਕਰਕੇ ਸਾਰੇ ਕਨੇਡਾ ਤੇ ਅਮਰੀਕਾ ਨੂੰ ਬੀਫ਼ ਦੀ ਸਪਲਾਈ ਕਰਦੇ ਨੇ ਅਤੇ ਕਈ ਆਪਣੇ ਪੰਜਾਬੀ ਵੀ ਇਨ੍ਹਾਂ ਬੁੱਚੜਖਾਨਿਆਂ ਵਿੱਚ ਡਾਲਰਾਂ ਮਾਰੇ ਕੰਮ ਕਰਦੇ ਨੇ। ਅਸਲ ਧੱਕਾ ਤਾਂ ਮੈਨੂੰ ਉਸ ਦਿਨ ਲੱਗਾ ਜਿਸ ਦਿਨ ਇੱਕ ਪੰਜਾਬੀ ਸ਼ੁੱਧ ਬਰਾਹਮਣ ਨੂੰ ਇਸ ਬੁੱਚੜਖਾਨੇ ਵਿੱਚ ਪਿਛਲੇ ਪੰਜ ਸਾਲਾਂ ਤੋਂ ਕੰਮ ਕਰਦੇ ਨੂੰ ਮਿਲਿਆ। ਕੀ ਡਾਲਰਾਂ ਲਈ ਅਸੀਂ ਆਪਣਾ ਧਰਮ-ਈਮਾਨ ਤੇ ਸੰਸਕਾਰ ਸਭ ਛਿੱਕੇ ਟੰਗ ਸਕਦੇ ਹਾਂ? ਤੇ ਏਨੇ ਨਿੱਘਰ ਵੀ ਸਕਦੇ ਹਾਂ? ਉਹ ਵੀ ਚੰਦ ਡਾਲਰਾਂ ਲਈ?

ਬਾਕੀ ਕੈਲਗਰੀ ਵਿੱਚ ਸਰਦੀ ਅੰਤਾਂ ਦੀ ਪੈਂਦੀ ਹੈ। ਕਦੇ ਕਦੇ ਤਾਂ ਭਰ ਸਰਦੀਆਂ ਵਿੱਚ ਤਾਪਮਾਨ ਮਨਫ਼ੀ 40 ਡਿਗਰੀ ਸੈਲਸੀਅਸ ਤੋਂ ਵੀ ਘੱਟ ਹੋ ਜਾਂਦਾ ਹੈ। ਕਾਰਾਂ ਦੀਆਂ ਬੈਟਰੀਆਂ ਤੱਕ ਦਾ ਪਾਣੀ ਵੀ ਜੰਮ ਜਾਂਦਾ ਹੈ। ਬੰਦਿਆਂ ਦੇ ਹੱਥ ਪੈਰ ਪਲਾਂ ਵਿੱਚ ਜੰਮ ਕੇ ਨੀਲੇ ਹੋ ਜਾਂਦੇ ਨੇ। ਜੇ ਕਿਤੇ ਬਾਹਰ ਬਰਫ਼ ਵਿੱਚ ਘਿਰ ਜਾਓ ਤਾਂ ਰੱਬ ਹੀ ਰਾਖਾ। ਇੱਕ ਹੋਰ ਇਥੇ ਕੁਦਰਤ ਦਾ ਕਰਿਸ਼ਮਾ ਦੇਖਣ ਨੂੰ ਮਿਲਿਆ। ਪਤਾ ਨਹੀਂ ਕਿੱਧਰੋਂ ਸਿਦੀਆਂ (ਮਾਰੂਥਲਾਂ ਦੀਆਂ) ਸ਼ਨੂਕ ਵੇਵਜ਼ (ਗਰਮ ਹਵਾਵਾਂ) ਬਣਕੇ ਆ ਜਾਂਦੀਆਂ ਤਾਂ ਉਹ ਸਾਰਾ ਠਰਿਆ ਹੋਇਆ ਇਲਾਕਾ ਪਲਾਂ ਛਿਨਾਂ ਵਿੱਚ + 10 ਡਿਗਰੀ ਸੈਲਸੀਅਸ ਹੋ ਕੇ ਨਿੱਘਾ ਨਿੱਘਾ ਹੋ ਜਾਂਦਾ। ਕੁਦਰਤ ਦੇ ਵਾਰੇ ਵਾਰੇ ਜਾਈਏ।

ਜਿਵੇਂ ਕਹਿੰਦੇ ਨੇ ਵਿਚਾਰੀ ਰੰਡੀ ਤਾਂ ਆਪਣਾ ਰੰਡੇਪਾ ਕੱਟ ਲਵੇ ਪਰ ਭੈੜੇ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਬੰਦੇ ਦੇ ਚਾਲ-ਢਾਲ ਤੇ ਵੱਖਰੇ ਅੰਦਾਜ਼ ਤੇ ਬੋਲ ਬਾਣੀ ਕਿਥੋਂ ਗੁੱਝੀ ਰਹਿੰਦੀ ਹੈ। ਹੌਲੀ-ਹੌਲੀ ਆਪਣਾ ਪੰਜਾਬੀ ਭਾਈਚਾਰਾ ਪੂਰੀ ਤਰ੍ਹਾਂ ਜਾਣੂ ਹੋ ਚੁੱਕਿਆ ਸੀ ਕਿ ਆਪਣਾ ਬਲਬੀਰ “ਬਿੱਲਾ” ਕਦੀ ਫ਼ਿਲਮੀ ਹੀਰੋ ਸੀ। ਬੰਬਈ ਵਿੱਚ ਆਪਣਾ ਫ਼ਿਲਮੀ ਕੈਰੀਅਰ ਅਧੂਰਾ ਹੀ ਛੱਡਕੇ ਇਥੇ ਆਇਆ ਹੈ। ਵੈਸੇ ਫ਼ਿਲਮੀ ਕੀੜਾ ਥੋੜਾ ਬਹੁਤ ਤਾਂ ਹਰ ਇੱਕ ਵਿੱਚ ਹੁੰਦਾ ਹੈ। ਕਿਸੇ ਵਿੱਚ ਥੋੜਾ ਕਿਸੇ ਵਿੱਚ ਬਹੁਤਾ ਹੁੰਦਾ ਹੈ। ਮੈਂ ਕੁੱਝ ਜ਼ਿਆਦਾ ਵਾਲੇ ਫ਼ਿਲਮੀ ਰਸੀਆਂ ਨੇ ਮੈਨੂੰ ਚੁੱਕ ਚੁਕਾ ਕੇ ਕਿਹਾ ਕਿ “ਛੱਡ ਯਾਰ, ਕੀ ਇਥੇ ਸਾਰਾ ਦਿਨ ਲੋਹੇ ਨਾਲ ਮੱਥਾ ਮਾਰੀ ਜਾਂਦਾ ਏਂ। ਰੱਬ ਨੇ ਤੈਨੂੰ ਐਨੇ ਗੁਣ ਤੇ ਏਨੀ ਵਧੀਆ ਪਰਸਨੈਲਿਟੀ ਦਿੱਤੀ ਹੈ। ਯਾਰ ਤੂੰ ਇੱਕ ਵਾਰ ਫੇਰ ਦੁਬਾਰਾਂ ਤੋਂ ਬੰਬਈ ਜਾ ਕੇ ਆਪਣੀ ਫ਼ਿਲਮ ਬਣਾ। ਅਸੀਂ ਸਾਰੇ ਰਲਕੇ ਤੇਰੇ ਨਾਲ ਪੈਸੇ ਲਾਵਾਂਗੇ। ਦੇਖੀਂ ਤੇਰੀ ਫ਼ਿਲਮ ਕਦੇ ਵੀ ਰੁਕਣ ਨਹੀਂ ਦਿੰਦੇ, ਭਾਂਵੇਂ ਸਾਡੇ ਘਰ ਹੀ ਕਿਉਂ ਨਾ ਵਿਕ ਜਾਣ।” ਕਹਿੰਦੇ ਨੇ ਜਦੋਂ ਮਾੜੇ ਦਿਨ ਆਉਣੇ ਹੋਣ ਤਾਂ ਬੰਦੇ ਦੀ ਬੁੱਧ ਵੀ ਭਰਿਸ਼ਟੀ ਜਾਂਦੀ ਏ। ਅਖੀਰ ਚਾਪਲੂਸਾਂ ਦੀ ਚੁੱਕ ਅਤੇ ਸ਼ਹਿ ਤੇ ਆਪਣਾ ਝੱਗਾ ਚੌੜਾ ਕਰਨ ਲਈ ਮੈਂ ਫਿਰ ਤੋਂ ਵਾਪਿਸ ਇੰਡੀਆ ਪਹੁੰਚ ਗਿਆ। ਪਹਿਲਾਂ ਪਹਿਲ ਤਾਂ ਮਾਂ ਬਹੁਤ ਖੁਸ਼ ਹੋਈ ਕਿ ਚਲੋ ਕਿ ਮੇਰਾ ਪੁੱਤਰ ਵਾਪਿਸ ਆਪਣੇ ਘਰ ਆ ਗਿਆ ਏ ਤੇ ਅੰਮੜੀ ਨੇ ਬੜੇ ਹੀ ਤ੍ਰੇਹ ਨਾਲ ਕਿਹਾ “ਚੱਲ ਪੁੱਤਰਾ, ਜਿੰਨਾਂ ਵੀ ਆਪਾਂ ਕੋਲ ਹੈ, ਰਲ ਮਿਲਕੇ ਰੁੱਖੀ-ਸੁੱਕੀ ਇਥੇ ਹੀ ਖਾ ਲਵਾਂਗੇ। ਹੁਣ ਮੈਂ ਤੈਨੂੰ ਵਾਪਿਸ ਉਸ ਨਰਕ ਵਿੱਚ ਨਹੀਂ ਜਾਣ ਦੇਣਾ।” ਜਦ ਥੋੜੇ ਦਿਨਾਂ ਬਾਅਦ ਮੈਂ ਮੁੜ ਬੰਬਈ ਜਾਣ ਦੀ ਤਿਆਰੀ ਕਰੀ ਤਾਂ ਵਿਚਾਰੀ ਅੰਮੜੀ ਦਾ ਦਿਲ ਟੁੱਟ ਗਿਆ ਪਰ ਉਹ ਵਿਚਾਰੀ ਮਮਤਾ ਦੀ ਮਾਰੀ ਅੰਦਰੋਂ ਅੰਦਰੀਂ ਹੀ ਆਪਣਾ ਗ਼ਮ ਪੀ ਗਈ। ਮੈਂ ਢੀਠਾਂ ਵਾਂਗੂੰ ਮੁੜ ਬੰਬਈ ਜਾ ਕੇ ਆਪਣੀ ਇੱਕ ਪੰਜਾਬੀ ਦੀ ਫ਼ਿਲਮ ਸ਼ੁਰੂ ਕਰ ਦਿੱਤੀ। ਮੈਂ ਇੱਕ ਮਿਆਰੀ ਫ਼ਿਲਮ ਬਿਲਕੁਲ ਅਲੱਗ ਹੱਟ ਕੇ, ਔਰਤ ਪ੍ਰਧਾਨ, ਇੱਕ ਨਾਜ਼ੁਕ ਜਿਹੇ ਵਿਸ਼ੇ ਨੂੰ ਲੈ ਕੇ ਫ਼ਿਲਮ ਅਰੰਭੀ। ਪੰਜਾਬੀ ਫ਼ਿਲਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਤਿੰਨੋਂ ਮੰਗੇਸ਼ਕਰ ਭੈਣਾਂ ਲਤਾ ਜੀ, ਆਸ਼ਾ ਜੀ ਤੇ ਊਸ਼ਾ ਜੀ ਤੇ ਉਚੇਚੇ ਤੌਰ ਤੇ ਪਹਿਲੀ ਵਾਰ ਰਫ਼ੀ ਸਾਹਿਬ ਦੇ ਛੋਟੇ ਭਰਾ ਨੂੰ ਗਵਾਇਆ। ਮਹਿੰਦਰ ਕਪੂਰ ਜੀ ਤੇ ਦਿਲਰਾਜ ਅਤੇ ਸਵਿਤਾ ਸਾਥੀ ਨੇ ਵੀ ਆਪਣੀਆਂ ਆਵਾਜ਼ਾਂ ਦਿੱਤੀਆਂ। ਧਰਮਿੰਦਰ ਭਾਜੀ, ਰਮਾ ਵਿਜ, ਭਰਤ ਕਪੂਰ, ਮਧੂ ਮਾਲਿਨੀ ਤੇ ਮੈਂ ਆਪ ਵੀ ਕੰਮ ਕੀਤਾ ਤੇ ਕਈ ਟੈਕਨੀਕਲ ਸੇਵਾਵਾਂ ਜਿਵੇਂ ਨਿਰਦੇਸ਼ਨ, ਪਟਕਥਾ, ਗਾਣੇ ਮੈਂ ਆਪ ਨਿਭਾਈਆਂ। ਫ਼ਿਲਮ ਤਾਂ ਮੈਂ ਸ਼ੁਰੂ ਕਰ ਦਿੱਤੀ ਸੀ ਪਰ ਇਕੱਲਾ ਹੀ ਮੈਂ ਫੱਸ ਗਿਆ ਸੀ। ਕੋਈ ਵੀ ਪਿੱਛੇ ਨਹੀਂ ਸੀ ਆਇਆ। ਨਾਂ ਹੀ ਕਿਸੇ ਕੋਈ ਪੈਸਾ ਮੈਨੂੰ ਭੇਜਿਆ। ਫ਼ਿਲਮ ਤਾਂ ਕਿਵੇਂ ਵੀ ਰੋ ਪਿੱਟ ਕੇ ਮੈਂ ਪੂਰੀ ਕੀਤੀ ਪਰ ਮੇਰਾ ਆਪਣਾ ਘਰ ਬਾਰ ਸਭ ਕੁੱਝ ਹੀ ਵਿੱਕ ਗਿਆ।

ਅਚਾਨਕ ਬੀਜੀ ਫੇਰ ਜ਼ਿਆਦਾ ਬੀਮਾਰ ਹੋ ਗਏ ਤੇ ਫੇਰ ਮੈਨੂੰ ਵਿਚੋਂ ਹੀ ਫ਼ਿਲਮ ਦੀ ਐਡੀਟਿੰਗ ਛੱਡ ਕੇ ਪੰਜਾਬ ਆਉਣਾ ਪਿਆ। ਦੋ ਕੁ ਹਫ਼ਤੇ ਉਨ੍ਹਾਂ ਦੀ ਤਿਮਾਰਦਾਰੀ ਕੀਤੀ, ਉਨ੍ਹਾਂ ਦੀ ਕੁੱਝ ਤਬੀਅਤ ਸੰਭਲੀ ਤੇ ਫੇਰ ਮੈਂ ਮਾਂਜੀ ਨੂੰ ਬੇਨਤੀ ਕੀਤੀ ਕਿ ਹੁਣ ਮੇਰੀ ਤੌਬਾ ਬਸ ਮੇਰਾ ਥੋੜਾ ਜਿਹਾ ਰਹਿ ਗਿਆ ਏ, ਉਹ ਨਿਪਟਾ ਕੇ ਫੇਰ ਮਾਂ ਮੈਂ ਹਮੇਸ਼ਾ ਲਈ ਤੇਰੇ ਕੋਲ ਹੀ ਰਹਾਂਗਾ। ਕਿਤੇ ਵੀ ਤੈਨੂੰ ਛੱਡਕੇ ਨਹੀਂ ਜਾਵਾਂਗਾ। ਪਰ ਮਾਂਜੀ ਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਉਨ੍ਹਾਂ ਬੜੇ ਹੀ ਹੇਰਵੇ ਨਾਲ ਕਿਹਾ, “ਜਾ ਮੇਰੇ ਪੁੱਤਰਾ, ਤੂੰ ਆਪਣੀ ਮੌਜ ਕਰ, ਹੁਣ ਤੈਨੂੰ ਕੋਈ ਟੋਕਣ ਵਾਲਾ ਨਹੀਂ ਰਹਿਣਾ।” ਬਸ ਇਹ ਤਰਸੇਬਾ ਮਮਤਾ ਦਾ ਕੋਸਾ ਜਿਹਾ ਉਲਾਮਾ ਵੀ ਮੇਰੇ ਸਿਰ ਤੇ ਸਦਾ ਲਈ ਰਹਿ ਗਿਆ। ਫੇਰ ਥੋੜੇ ਦਿਨਾਂ ਬਾਅਦ ਹੀ ਮਾਤਾ ਜੀ ਮੈਨੂੰ ਸੱਚੀ ਮੁੱਚੀ ਸਦਾ ਲਈ ਹਰ ਪਾਸਿਓਂ ਅਧੂਰਾ ਛੱਡ ਕੇ ਚਲੇ ਗਏ। ਮੈਂ ਧੁਰ ਅੰਦਰੋਂ ਬੁਰੀ ਤਰ੍ਹਾਂ ਨਾਲ ਟੁੱਟ ਗਿਆ ਸੀ। ਮੈਨੂੰ ਮੇਰਾ ਸ਼ੌਕ, ਮੇਰਾ ਸੌਦਾਈ ਜਨੂੰਨ ਐਨਾ ਮਹਿੰਗਾ ਪਏਗਾ। ਇਸ ਵਣਜ ਵਿੱਚ ਮੇਰੀ ਰੂਹ ਤੱਕ ਕਰਜਾਈ ਹੋ ਗਈ। ਹੁਣ ਮੈਂ ਆਪਣੇ ਆਪ ਤੋਂ ਵੀ ਆਪ ਨੂੰ ਸ਼ਰਮਸਾਰ ਮਹਿਸੂਸ ਕਰਨ ਲੱਗ ਪਿਆ ਸੀ। ਅੱਠੇ ਪਹਿਰ ਮੇਰੀਆਂ ਨਮੋਸ਼ੀਆਂ ਮੇਰੇ ਜ਼ਮੀਰ ਨੂੰ ਟੁੰਬਦੀਆਂ ਰਹੀਆਂ। ਕਿਵੇਂ ਮਾਂ ਦੀ ਮਮਤਾ ਦੀ ਨਿੱਗਰ ਖਿੱਚ, ਹਜ਼ਾਰਾਂ ਮੀਲ ਦੂਰ ਬੈਠਿਆਂ ਨੂੰ ਵੀ ਕਿਵੇਂ ਕਲੇਜੇ ਧੂ ਪਾਉਂਦੀ ਹੈ। ਮੈਂ ਆਪਣੀ ਅੰਬਰੀ ਫ਼ਿਲਮ ਦੀ ਫਾਈਨਲ ਐਡੀਟਿੰਗ ਕਰਵਾ ਰਿਹਾ ਸੀ। ਉਸ ਦਿਨ ਤਕਰੀਬਨ 15-20

ਸਟਾਫ਼ ਦੇ ਬੰਦਿਆਂ ਨੂੰ ਮੈਂ ਰਾਤ ਦਾ ਖਾਣਾ ਖੁਆਇਆ ਸੀ ਪਰ ਆਪ ਮੈਥੋਂ ਇੱਕ ਬੁਰਕੀ ਵੀ ਨਾ ਖਾਧੀ ਗਈ। ਜਾਣੋਂ ਧੁਰ ਅੰਦਰੋਂ ਬਾਰ ਬਾਰ ਇੱਕ ਅਜੀਬ ਜਿਹੀ ਹੂਕ ਉਠਦੀ ਤੇ ਇੱਕ ਅਜੀਬ ਹੋਰੇ ਤਰ੍ਹਾਂ ਦੀ ਬੇਚੈਨੀ ਸੀ। ਉਦੋਂ ਮੈਂ ਕਿਵੇਂ ਵੀ ਕਰਕੇ ਅੱਧੀ ਰਾਤ ਨੂੰ ਚੰਬੂਰ ਤੋਂ ਬੋਰੀਵਲੀ ਜਾਣੋਂ ਬੰਬਈ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੇ ਪਹੁੰਚਿਆ ਸੀ। ਅੱਗੋਂ ਮੇਰਾ ਭੂਆ ਦਾ ਪੁੱਤ ਤੇ ਭਰਜਾਈ ਹਾਲੇ ਵੀ ਜਾਗਦੇ ਸਨ। ਮੇਰਾ ਬਾਹਰੋਂ ਹੀ ਮੱਥਾ ਠਣਕਿਆ ਕਿ ਅੱਜ ਜ਼ਰੂਰ ਕੋਈ ਭਾਣਾ ਵਾਪਰ ਗਿਆ ਲੱਗਦਾ ਏ। ਅੰਦਰ ਵੜਦਿਆਂ ਹੀ ਇੱਕ ਅਪਣੱਤ ਭਿੱਜੀ ਡਾਂਟ ਵੀ ਪਈ, ਕਿਹਾ "ਭਲਿਆ ਮਾਣਸਾ, ਤੈਨੂੰ ਸੌ ਵਾਰੀ ਕਿਹਾ ਸੀ ਕਿ ਆਪਣਾ ਕੋਈ ਅਤਾ ਪਤਾ ਜ਼ਰੂਰ ਦੱਸ ਦਿਆ ਕਰ। ਤੂੰ ਕਿਥੇ ਹੈਂ ਤੇ ਰਾਜੀ ਖੁਸ਼ੀ ਹੈਂ। ਅੱਜ ਸ਼ਾਮ ਤੋਂ ਅਸੀਂ ਤੇਰੀਆਂ ਪੈੜਾਂ ਨੱਪ ਰਹੇ ਹਾਂ। ਚੰਗਾ ਹੋਇਆ ਤੂੰ ਆਪ ਹੀ ਆ ਗਿਆ ਏਂ।" ਅੱਗੋਂ ਭਾਬੀ ਜੀ ਨੇ ਬੜੀ ਹੀ ਮਮਤਾ ਭਿੱਜੀ ਆਵਾਜ਼ ਵਿੱਚ ਕਿਹਾ ਕਿ "ਬਿੱਲੇ ਭਾਪੇ ਹਾਲੀ ਤਾਈਂ ਤੂੰ ਕੁੱਝ ਰੋਟੀ ਟੁੱਕ ਵੀ ਖਾਧਾ ਹੈ ਕਿ ਨਹੀਂ।" "ਨਹੀਂ ਭਾਬੀ ਜੀ, ਪਤਾ ਨਹੀਂ ਕੀ ਗੱਲ ਏ, ਅੱਜ ਸ਼ਾਮ ਦਾ ਹੀ ਰਤਾ ਵੀ ਮੇਰਾ ਜੀਅ ਨਹੀਂ ਠਹਿਰਦਾ। ਇੱਕ ਅਜੀਬ ਇਚੋ-ਤਾਈ ਜਿਹੀ ਲੱਗੀਹੋਈ ਏ।" ਅੱਗੋਂ ਭਾਬੀ ਜੀ ਨੇ ਕਿਹਾ ਕਿ "ਇਹ ਤਾਂ ਸੱਚੀਂ ਮਾਂ ਦੀ ਆਂਦਰਾਂ ਦੀ ਤੜਫ਼ ਹੈ।" ਇੱਕ ਦਮ ਦੋਨੋਂ ਜੀਅ ਰੋਂਦੇ ਰੋਂਦੇ ਮੇਰੇ ਗਲੇ ਲੱਗ ਗਏ ਤੇ ਕਿਹਾ, "ਬਿੱਲੇ ਭਾਪੇ, ਮਾਮੀ ਜੀ (ਮੇਰੀ ਮਾਂ) ਅੱਜ ਸਾਨੂੰ ਸਦਾ ਲਈ ਛੱਡਕੇ ਚਲੇ ਗਏ ਨੇ।" ਮੈਂ ਤਾਂ ਜਾਣੋ ਸੁਣਕੇ ਇੱਕ ਦਮ ਸੁੰਨ ਜਿਹਾ ਹੋ ਗਿਆ ਹੋਵਾਂ।

ਫੇਰ ਕਿਵੇਂ ਵੀ ਕਰਕੇ ਰਾਤੋ ਰਾਤ ਨੱਠ ਭੱਜ ਕਰਕੇ ਬੰਬਈ ਤੋਂ ਦਿੱਲੀ ਦੀ ਪਹਿਲੀ ਫਲਾਈਟ ਫੜੀ। ਉਹ ਵੀ ਮਾੜੀ ਕਿਸਮਤ ਨਾਲ ਅੱਗੋਂ ਧੁੰਧ ਕਰਕੇ ਦਿੱਲੀ ਦੇ ਰਾਹ ਵਿਚੋਂ ਹੀ ਮੁੜਕੇ ਬੰਬਈ ਆ ਗਈ। ਮੈਂ ਜ਼ਾਰ ਜ਼ਾਰ ਰੋਈ ਜਾਵਾਂ। ਉਦੋਂ ਮੈਨੂੰ ਇੱਕ ਇਕ ਪਲ ਵੀ ਸਦੀਆਂ ਵਰਗਾ ਬੋਝਲ ਲੱਗ ਰਿਹਾ ਸੀ। ਹਾਏ ਕਿਵੇਂ ਪਹੁੰਚਾਂਗਾ। ਸਾਰੇ ਲੁਧਿਆਣੇ ਮੇਰੇ ਇੰਤਜ਼ਾਰ ਵਿੱਚ ਮੇਰੀ ਅੰਮੜੀ ਦੀ ਮ੍ਰਿਤਕ ਦੇਹੀ ਲੈ ਕੇ ਬੈਠੇ ਹੋਣਗੇ। ਉਸਦੇ ਅੰਤਿਮ ਸੰਸਕਾਰ ਲਈ। ਕਿਸੇ ਤਰ੍ਹਾਂ ਦੁਬਾਰਾ ਚੱਲ ਕੇ ਹਵਾਈ ਜਹਾਜ਼ 11 ਵਜੇ ਦੇ ਕਰੀਬ ਸਵੇਰੇ ਦਿੱਲੀ ਪਹੁੰਚਿਆ। ਅੱਗੋਂ ਮੈਂ ਦਿੱਲੀ ਏਅਰ ਪੋਰਟ ਤੋਂ ਹੀ ਲੁਧਿਆਣੇ ਲਈ ਇੱਕ ਸਾਲਮ ਟੈਕਸੀ ਲੈ ਲਈ। ਉਸ ਚੰਦਰੇ ਨੂੰ ਮੈਂ ਬਥੇਰਾ ਰੋ ਰੋ ਕੇ ਤਰਲੇ ਪਾਏ ਕਿ ਮੇਰੇ ਛੋਟੇ ਵੀਰ, ਰੱਬ ਦੇ ਵਾਸਤੇ ਕਿਵੇਂ ਵੀ ਕਰਕੇ ਮੈਨੂੰ ਛੇਤੀ ਤੋਂ ਛੇਤੀ ਲੁਧਿਆਣੇ ਪਹੁੰਚਾ ਦੇ। ਵੇਖ ਸਿਆਲਾਂ ਦੇ ਦਿਨ ਨੇ ਉਤੋਂ ਤਰਕਾਲਾਂ ਵੀ ਛੇਤੀ ਹੀ ਪੈ ਜਾਂਦੀਆਂ ਨੇ। ਪਰ ਉਹ ਨਿਰਮੋਹੀ ਮੈਨੂੰ ਅੱਗੋਂ ਕਹੇ "ਬਾਬੂ ਜੀ, ਮੰਨਿਆ ਤੁਸੀਂ ਸਾਲਮ ਟੈਕਸੀ ਕੀਤੀ ਏ ਪਰ ਤੁਸੀਂ ਨਾਲ ਮੈਨੂੰ ਤਾਂ ਨਹੀਂ ਖਰੀਦ ਲਿਆ। ਨਾਲੇ ਕਿਹੜਾ ਮੇਰੀ ਮਾਂ ਮਰੀ ਏ ਜਿਹੜਾ ਮੈਂ ਐਨੀ ਕਾਹਲ ਕਰਾਂ।" ਆਦਿ। ਅਖੀਰ ਜਦੋਂ ਕਰਨਾਲ ਜੀ. ਟੀ. ਰੋਡ ਤੇ ਇੱਕ ਹਰਿਆਣਵੀ ਟ੍ਰੈਫ਼ਿਕ ਇੰਸਪੈਕਟਰ ਨੇ ਸਾਡੀ ਗੱਡੀ ਰੋਕੀ ਤਾਂ ਮੈਂ ਉਸ ਅੱਗੇ ਗਿੜਗਿੜਾਇਆ ਕਿ "ਚੌਧਰੀ ਸਾਹਿਬ, ਲੁਧਿਆਣੇ ਮੇ ਮੇਰੀ ਮਾਂ ਦੀ ਲਾਸ਼ ਪੜੀ ਸੈਂ, ਆਖਰੀ ਸੰਸਕਾਰ ਕੇ ਲੀਏ। ਚੌਧਰੀ ਸਾਹਿਬ, ਮੰਨੇ ਇਸੀ ਲੀਏ ਸਾਲਮ ਟੈਕਸੀ ਕੀ ਥੀ। ਯੇ ਡਰਾਈਵਰ ਮੰਨੇ ਘਣਾ ਤੰਗ ਕਰੇ ਸੈਂ।" ਅੱਗੋਂ ਚੌਧਰੀ ਸਾਹਿਬ ਨੇ ਪੂਰੀ ਤੈਸ਼ ਵਿੱਚ ਆ ਕੇ ਉਸ ਸਰਦਾਰ ਡਰਾਈਵਰ ਨੂੰ ਡਾਂਟਿਆ ਤੇ ਦੋ ਚਾਰ ਮੋਟੀਆਂ ਮੋਟੀਆਂ ਗਾਲਾਂ ਵੀ ਕੱਢੀਆਂ ਤੇ ਧਮਕੀ ਦਿੱਤੀ "ਅਗਰ ਇਬ ਤੂੰ ਕਹੀਂ ਰਾਸਤੇ ਮੇ ਰੁਕਾ ਜਾਂ ਦੇਰ ਕੀ ਤੋ ਤੇਰੀ ਖ਼ੈਰ ਨਹੀਂ। ਫਿਰ ਤੇਰੀ ਗਾੜੀ ਜੀ. ਟੀ. ਰੋਡ ਪੇ ਚਲ ਗਈ ਤੋ ਮੈਂ ਆਪਣੇ ਬਾਪ ਕਾ ਨਹੀਂ। ਯੇ ਲੇ ਬਾਬੂ ਜੀ, ਮੇਰਾ ਨਾਮ ਔਰ ਮੇਰਾ ਟੈਲੀਫ਼ੋਨ। ਬਸ ਇੱਕ ਬੇਰ ਮੰਨੇ ਫ਼ੋਨ ਕਰ ਦੇਣਾ।" ਉਸ ਜਾਟ ਇੰਸਪੈਕਟਰ ਦੀ ਮੇਰੀ ਮੋਈ ਮਾਂ ਲਈ ਦਿੱਤੀ ਸ਼ਰਧਾਂਜਲੀ ਅੱਗੇ ਅੱਜ ਵੀ ਮੇਰਾ ਸਿਰ ਅਦਬ ਨਾਲ ਝੁਕ ਜਾਂਦਾ ਹੈ।

ਹੁਣ ਮਲਕੜੇ ਜਿਹੇ ਦੂਜੀ ਪਛਤਾਵੇ ਦੀ ਸੋਚ ਮੇਰੇ ਤੇ ਹਾਵੀ ਹੋ ਗਈ ਕਿ ਮੇਰੇ ਫ਼ਿਲਮੀ ਜਨੂੰਨ ਨੇ ਮੈਨੂੰ ਕਿਤੇ ਦਾ ਨਾ ਛੱਡਿਆ। ਕਿਵੇਂ ਵੀ ਕਰਕੇ ਅੰਬਰੀ ਫ਼ਿਲਮ ਦਾ ਮਾਰਿਆ ਸੱਪ ਮੈਂ ਗਲੋਂ ਲਾਹਿਆ। ਅਖੀਰ ਵਿੱਚ ਮੈਂ ਬੜੀ ਹੀ ਦੁਚਿੱਤੀ ਨਾਲ ਫ਼ਿਲਮ ਨੂੰ ਨੇਪਰੇ ਚਾੜਿਆ। ਇੱਕ ਤਾਂ ਫ਼ਿਲਮ ਦਾ ਸਬਜੈਕਟ ਨਾਜ਼ੁਕ ਸੀ, ਉਤੋਂ 1984 ਦੇ ਹਿੰਸਕ ਦੰਗਿਆਂ ਕਾਰਨ ਪੰਜਾਬ ਦੇ ਹਾਲਾਤ ਨਾਜ਼ੁਕ ਹੋ ਚੁੱਕੇ ਸਨ। ਜਾਨੋ ਮਾਲ ਦੇ ਫ਼ਿਕਰ ਵਿੱਚ ਲੋਕ ਸਹਿਮੇ ਸਹਿਮੇ ਫਿਰਦੇ ਸਨ। ਤਫ਼ਰੀ ਦੀ ਕਿਸੇ ਨੂੰ ਸੁੱਝਦੀ ਏ। ਸੋ ਮੈਂ ਆਪਣੀ ਫ਼ਿਲਮ ਰਿਲੀਜ਼ ਨਾ ਕਰ ਸਕਿਆ। ਸਭ ਕੁੱਝ ਵਿੱਚ ਵਿਚਾਲੇ ਹੀ ਛੱਡ ਕੇ ਮੈਂ ਵਾਪਿਸ ਟੋਰਾਂਟੋ (ਕਨੇਡਾ) ਵਿੱਚ ਆਪਣੇ ਵੱਡੇ ਵੀਰ ਬਲਦੇਵ ਜੀ ਕੋਲ ਪਰਤ ਆਇਆ।

ਅੱਜ ਫੇਰ ਜ਼ਮੀਨ ਤੇ ਆਸਮਾਨ ਵਿੱਚ ਲਟਕਿਆ ਹਵਾਈ ਜਹਾਜ਼ ਵਿੱਚ ਬੈਠਿਆ ਸੀ। ਜਿਵੇਂ-ਜਿਵੇਂ ਜਹਾਜ਼ ਅਰਸ਼ ਵੱਲ ਨੂੰ ਉਚਾ ਉੱਠ ਰਿਹਾ ਸੀ, ਜਾਣੋ ਮੇਰੀਆਂ ਸੋਚਾਂ ਜ਼ਮੀਨ ਦੀ ਚੁੰਬਕ ਸ਼ਕਤੀ ਤੋਂ ਬਾਹਰ ਨਹੀਂ ਸਨ ਆ ਰਹੀਆਂ। ਥੱਲ੍ਹੇ ਹੋਰ ਥੱਲ੍ਹੇ ਨੂੰ ਨਿਘਰ ਰਹੀਆਂ ਸਨ। ਪਤਾ ਨਹੀਂ ਅੱਜ ਫੇਰ ਮੈਨੂੰ ਆਪਣੀ ਹੀ ਗ਼ਜ਼ਲ ਦਾ ਮੁਖੜਾ ਕਿਉਂ ਵਾਰ-ਵਾਰ ਜ਼ੁਬਾਨ ਤੇ ਆ ਜਾਂਦਾ,

ਬਨ ਬਨ ਕੇ ਹਰ ਬਾਤ ਬਿਗੜੀ,
ਕੁਛ ਤੋ ਹਮੀ ਮੇ ਕਮੀ ਹੋਗੀ। ...

ਅੱਜ ਫੇਰ ਹਾਲਾਤ ਦਾ ਭੰਨਿਆ, ਵਕਤ ਦਾ ਮਾਰਿਆ ਤੇ ਕਿਸਮਤ ਦਾ ਮਾਰਿਆ, ਸਭ ਕੁੱਝ ਫਿਰ ਤੋਂ ਅਧੂਰਾ ਅਧੂਰਾ ਛੱਡ ਕੇ, ਕਿਸੇ ਅਧੂਰੇ ਜਿਹੇ ਸਫ਼ਰ ਲਈ ਤੁਰ ਪਿਆ ਹੋਵਾਂ। ਸਦਾ ਵਾਂਗ ਅੱਜ ਫੇਰ ਬਲਦੇਵ ਵੀਰੇ ਦੀ ਪਨਾਹ ਵਿੱਚ ਕਨੇਡਾ ਪਹੁੰਚਿਆ। ਬਲਦੇਵ ਵੀਰੇ ਨੇ ਆਪਣੀ ਦਰਿਆ ਦਿਲੀ ਫ਼ਿਤਰਤ ਮੁਤਾਬਿਕ ਪਹਿਲਾਂ ਮੈਨੂੰ ਹੌਂਸਲਾ ਦਿੱਤਾ। ਫੇਰ ਮੈਨੂੰ ਮੁੱਢ ਤੋਂ ਆਪਦੇ ਪੈਰਾਂ ਤੇ ਖੜੇ ਹੋਣ ਲਈ ਉਸਨੇ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ। ਜਾਣੋਂ ਹੁਣ ਹੱਥਾਂ ਨਾਲ ਦਿੱਤੀਆਂ ਗੰਢਾਂ ਨੂੰ

ਦੰਦਾ ਨਾਲ ਖੋਲ੍ਹਣਾ ਪੈ ਰਿਹਾ ਹੋਵੇ। ਪਹਿਲਾਂ ਉਨ੍ਹਾਂ ਦੀ ਨੱਠ ਭੱਜ ਨਾਲ ਮੈਨੂੰ ਲਾਈਫ਼ ਇੰਸ਼ੋਰੈਂਸ ਏਜੰਟ ਦਾ ਲਾਇਸੈਂਸ ਮਿਲਿਆ, ਫੇਰ ਕੁੱਝ ਅਰਸੇ ਬਾਅਦ ਮੈਂ ਟੋਰਾਂਟੋ ਟੈਕਸੀ ਦਾ ਵੀ ਲਾਈਸੈਂਸ ਹਾਸਿਲ ਕਰ ਲਿਆ। ਕਦੇ-ਕਦੇ ਵੀਕਐਂਡ ਤੇ ਮੈਂ ਸਕਿਓਰਿਟੀ ਗਾਰਡ ਦਾ ਵੀ ਕੰਮ ਕਰ ਲੈਂਦਾ। ਜਿਵੇਂ ਕਹਿੰਦੇ ਨੇ ਸਿਆਣੇ ਕਿ ਬਜਾਜੀ ਦੇ ਘਾਟੇ ਕਦੀ ਛੋਲੇ ਵੇਚਕੇ ਪੂਰੇ ਨਹੀਂ ਹੁੰਦੇ, ਬਥੇਰੇ ਤਰਲੇ ਮਾਰੇ ਪਰ ਖੋਤੀ ਉਵੇਂ ਦੀ ਉਵੇਂ ਮੁੜ ਬੋੜ੍ਹ ਥੱਲ੍ਹੇ ਹੀ ਰਹੀ।

ਅਖੀਰ ਸਾਰੇ ਭੈਣ-ਭਰਾਵਾਂ ਨੇ ਰਲਕੇ ਇੱਕ ਹੋਰ ਹੱਭਲਾ ਮਾਰਿਆ। ਮੈਨੂੰ ਫਿਰ ਤੋਂ ਸੈਟ ਕਰਨ ਲਈ ਇੱਕ ਬਹੁਤ ਵੱਡਾ ਬਿਜਨਸ ਕਨੇਡੀਅਨ ਜਨਰਲ ਸਟੋਰ + ਗੈਸ ਸਟੇਸ਼ਨ + ਕਾਰ ਵਾਸ਼ ਅਤੇ ਨਾਲ ਹੀ ਚਾਰ ਵੱਡੇ ਬੈਡਰੂਮ ਵਾਲਾ ਇੱਕ ਘਰ ਵੀ ਲੈ ਦਿੱਤਾ। ਤਕਰੀਬਨ ਅੱਠ ਲੱਖ ਡਾਲਰ ਦੀ ਮਲਕੀਅਤ ਦਾ ਸਟੋਰ, 6-7 ਵਰਕਰ ਦੋ ਸ਼ਿਫਟਾਂ ਵਿੱਚ ਕੰਮ ਕਰਦੇ ਸਨ। ਬੜੀ ਹੀ ਜ਼ਿੰਮੇਵਾਰੀ ਵਾਲਾ ਕੰਮ ਸੀ। ਦਰਅਸਲ ਇਹ ਇੱਕ ਵੱਡੇ ਪਰਿਵਾਰ ਵਾਲਿਆਂ ਲਈ ਵਧੀਆ ਬਿਜਨਸ ਸੀ। ਇੱਕ ਤਾਂ ਮੈਂ ਕੱਲਾ ਕਾਰਾ ਇਸ ਨੂੰ ਚਲਾਉਣ ਵਾਲਾ, ਦੂਜਾ ਇਸਦਾ ਕੋਈ ਤਜ਼ਰਬਾ ਵੀ ਨਹੀਂ ਸੀ। ਸਟੋਰ ਦੀਆਂ 90% ਚੀਜ਼ਾਂ ਦੇ ਤਾਂ ਮੈਨੂੰ ਨਾਂ ਵੀ ਨਹੀਂ ਸਨ ਆਉਂਦੇ। ਇੱਕ ਸਾਰਿਆਂ ਨਾਲੋਂ ਮਾੜੀ ਗੱਲ ਮੇਰੀ ਸ਼ਾਇਰਾਨਾ ਤੇ ਲਿਹਾਜੀ ਜਿਹੀ ਤਬੀਅਤ। ਜਿਸ ਕਿਸੇ ਨੂੰ ਵੀ ਆਪਣਾ ਖਾਸ ਬੰਦਾ ਸਮਝਕੇ ਕੰਮ ਤੇ ਰੱਖਿਆ ਉਸਨੇ ਹੀ ਅੰਦਰੋਂ ਅੰਦਰੀਂ ਮੈਨੂੰ ਮੋਟੀ ਕੁੰਡੀ ਲਾਈ। ਸੱਤੇ ਦਿਨ ਰੋਜ਼ 18-20 ਘੰਟੇ ਕੰਮ ਕਰਨਾ। ਨਾਲ-ਨਾਲ ਕੱਲੇ ਬਜ਼ੁਰਗ ਪਿਤਾ ਜੀ ਲਈ ਰੋਟੀ ਟੁੱਕ ਦਾ ਵੀ ਆਪ ਨੂੰ ਹੀ ਇੰਤਜ਼ਾਮ ਕਰਨਾ ਪੈਂਦਾ। ਕਈ ਵਾਰ ਰੁਝੇਵਿਆਂ ਕਾਰਨ ਪਿਤਾ ਜੀ ਨੂੰ ਭੁੱਖਿਆਂ ਹੀ ਸੌਣਾ ਪੈਂਦਾ।

ਜਦ ਨੂੰ ਥੋੜਾ ਬਹੁਤ ਕੰਮ ਦੀ ਜੁਗਤ ਆਉਣ ਲੱਗੀ ਤਾਂ ਮਾੜੀ ਕਿਸਮਤ ਨਾਲ ਪੂਰਾ ਕਨੇਡਾ ਰੀਸੈਸ਼ਨ ਦੀ ਲਪੇਟ ਵਿੱਚ ਆ ਗਿਆ। ਫੇਰ ਸਭ ਨਾਂਲੋਂ ਵੱਡੀ ਕਿਆਮਤ ਦੀ ਨ੍ਹੇਰੀ, ਸਾਡੇ ਸਭ ਤੇ ਉਦੋਂ ਚੱਲੀ ਜਦੋਂ ਮੇਰਾ ਵੱਡਾ ਵੀਰਾ, ਮੇਰਾ ਯਾਰ, ਮੇਰਾ ਮਸੀਹਾ, ਮੇਰਾ ਸਭ ਕੁੱਝ ਹੀ, ਮੇਰਾ ਬਲਦੇਵ ਵੀਰਾ ਅਚਾਨਕ ਬੀਮਾਰ ਪੈ ਗਿਆ। ਬੱਸ ਦੋ ਮਹੀਨਿਆਂ ਦੀ ਬੀਮਾਰੀ ਵਿੱਚ ਹੀ ਲੰਮਾ-ਉੱਚਾ ਕੜੀ ਵਰਗਾ ਸ਼ੇਰ ਜੁਆਨ ਸਿਰਫ਼ 54 ਸਾਲ ਦੀ ਉਮਰ ਵਿੱਚ ਹੀ ਸਦਾ ਲਈ ਸੁਆਹ ਦੀ ਢੇਰੀ ਹੋ ਗਿਆ। ਜਾਣੋਂ ਮੇਰੀ ਸੱਜੀ ਬਾਂਹ ਹੀ ਨਹੀਂ ਸਗੋਂ ਮੇਰਾ ਤਾਂ ਅੱਧ ਵਿਚੋਂ ਜਿਵੇਂ ਲੱਕ ਹੀ ਟੁੱਟ ਗਿਆ ਹੋਵੇ। ਜਾਣੋਂ ਮੈਂ ਉਸਤੋਂ ਬਗ਼ੈਰ ਆਪਣੇ ਆਪ ਨੂੰ ਸਦਾ ਹੀ ਅਧੂਰਾ ਤੇ ਅਪਾਹਿਜ ਜਿਹਾ ਸਮਝਦਾ ਸੀ। ਹੁਣ ਇਹ ਸਟੋਰ ਜਿਵੇਂ ਕੋਈ ਮਰਿਆ ਸੱਪ ਮੇਰੇ ਗਲ ਪੈ ਗਿਆ ਹੋਵੇ। ਇੱਧਰੋਂ ਪਿਤਾ ਜੀ ਵੀ ਜਵਾਨ ਪੁੱਤ ਦੀ ਮੌਤ ਨਾਲ ਭਾਵੇਂ ਬਿਲਕੁਲ ਟੁੱਟ ਗਏ ਸਨ ਪਰ ਜ਼ਾਹਿਰ ਨਹੀਂ ਸਨ ਕਰਦੇ। ਬੜੀ ਹੀ ਜ਼ਪਤ ਤੋਂ ਹਮੇਸ਼ਾ ਕੰਮ ਲੈਂਦੇ। ਸਗੋਂ ਹਮੇਸ਼ਾ ਮੈਨੂੰ ਹੌਂਸਲਾ ਦਿੰਦੇ ਕਿ “ਮੇਰੇ ਬੱਚੇ, ਹੁਣ ਰੱਬ ਦਾ ਭਾਣਾ ਮੰਨ ਕੇ ਸਬਰ ਕਰ ਲੈ। ਜੇ ਉਹ ਦਿਨ ਨਹੀਂ ਰਹੇ ਤਾਂ ਇਹ ਵੀ ਵਾਹਿਗੁਰੂ ਦੀ ਮਿਹਰ ਸਦਕਾ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ ਹੀ ਜਾਣਗੇ। ਮੇਰੇ ਬੱਚੜੇ, ਹੁਣ ਪੂਰੀ ਤਰ੍ਹਾਂ ਗੁਰੂ ਦੇ ਲੜ ਲੱਗ ਜਾ। ਉਸਨੂੰ ਆਪਣਾ ਮੰਨ ਤੇ ਆਤਮਾ ਪੂਰੀ ਤਰ੍ਹਾਂ ਸਮਰਪਣ ਕਰ ਦੇ। ਫੇਰ ਸਭ ਕੁੱਝ ਉਸ ਦੇ ਆਸਰੇ ਛੱਡ ਦੇ। ਬਸ ਉਸਦੇ ਸ਼ੁਕਰਾਨੇ ਵਿੱਚ ਜੀਉਣਾ ਸਿੱਖ ਲੈ। ਦੇਖੀਂ ਤੇਰੀਆਂ ਸਾਰੀਆਂ ਮੁਸ਼ਕਿਲਾਂ ਆਪਣੇ ਆਪ ਆਸਾਨ ਹੋ ਜਾਣਗੀਆਂ। ਦੇਖ, ਮੈਂ ਪਿਛਲੇ 50 ਸਾਲਾਂ ਤੋਂ ਬਸ ਇਹ ਹੀ ਉਸ ਦਾਤੇ ਅੱਗੇ ਅਰਦਾਸ ਜੋਦੜੀ ਕਰਦਾ ਆਇਆ ਹਾਂ ਕਿ ਦਾਤਾ ਜਦ ਤਾਈਂ ਮੈਂ ਜੀਉਂਦਾ ਹਾਂ ਬਸ ਮੈਥੋਂ ਆਪਣਾ ਨਾਮ ਤੇ ਸਿਮਰਨ ਨਾ ਖੋਹੀਂ। ਐਨੀ ਸੇਵਾ ਮੈਥੋਂ ਜ਼ਰੂਰ ਲਈ ਜਾਈਂ।” ਪਹਿਲਾਂ ਪਹਿਲ ਆਪ ਥੋੜਾ ਉੱਦਮ ਕਰਕੇ ਦਾਤੇ ਦੇ ਸਿਮਰਨ ਲਈ ਵੇਲਾ ਕੱਢਣਾ ਪੈਂਦਾ ਹੈ। ਫੇਰ ਕੁਝ ਕੁਝ ਆਦਤ ਜਿਹੀ ਬਣ ਜਾਂਦੀ ਹੈ ਤੇ ਅੰਤ ਨੂੰ ਇੱਕ ਦਿਨ ਆਪੇ ਉਸਦੀ ਹਰ ਵੇਲੇ ਦੀ ਯਾਦ ਇੱਕ ਅਮਲ ਜਿਹਾ ਬਣ ਜਾਂਦੀ ਹੈ।

ਸੋ ਇੱਕ ਦਿਨ ਆਪਣੇ ਪੂਜਿਆ ਪਿਤਾ ਜੀ ਨੂੰ ਹੀ ਆਪਣਾ ਗੁਰੂ ਧਾਰ ਕੇ ਮੈਂ ਆਪਣੇ ਘਰ ਵਿੱਚ ਹੀ ਰੱਖੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਬੈਠ ਗਿਆ ਤੇ ਫੇਰ ਆਪਦੇ ਕੇਸ, ਦਾੜ੍ਹੀ ਵੀ ਮੈਂ ਰੱਖ ਲਏ ਤੇ ਪੱਗ ਵੀ ਬੰਨਣੀ ਸ਼ੁਰੂ ਕਰ ਦਿੱਤੀ। ਜਾਣੋਂ ਇਹ ਮੇਰੀ ਪਹਿਲੀ ਛੋਟੀ ਜਿਹੀ ਸ਼ਰਧਾਂਜਲੀ ਆਪਣੀ ਵਿਛੜੀ ਮਾਤਾ ਦੀ ਰੂਹ ਲਈ ਸੀ। ਜਦੋਂ ਮੈਂ ਆਪਣੇ ਪਾਠ ਕਰਨ ਵਿੱਚ ਲੀਨ ਹੁੰਦਾ ਤਾਂ ਪਿਤਾ ਜੀ ਨੂੰ ਬੜੀ ਹੀ ਤਸਕੀਨ ਮਿਲਦੀ। ਪਰ ਕਦੇ ਕਦੇ ਹੁਣ ਵੀ ਮਾਤਾ ਦਾ ਭੁੱਲ ਭੁਲੇਖੇ ਅਚਨਚੇਤ ਦਿੱਤਾ ਹੋਇਆ ਸ਼ਰਾਪ ਯਾਦ ਆ ਜਾਂਦਾ ਏ - ਜਾ ਮੇਰਿਆ ਕਮਲਿਆ ਪੁੱਤਰਾ, ਮੂੰਹ ਸਿਰ ਮੁੰਨਵਾ ਕੇ, ਚੰਗੀ ਭਲੀ ਨੌਕਰੀ ਨੂੰ ਲੱਤ ਮਾਰੀ ਏ ਤੇ ਆਪਣੇ ਗੁਰੂ ਤੋਂ ਬੇਮੁੱਖ ਹੋਇਆ ਏਂ, ਜਾ ਰੁਲੇਂਗਾ। ਸ਼ਰਾਪ ਤਾਂ ਸ਼ਰਾਪ ਹੁੰਦਾ ਹੈ, ਕਦੋਂ ਟਲਦਾ ਏ। ਬਸ ਥੋੜੇ ਹੀ ਦਿਨਾਂ ਬਾਅਦ ਮੈਨੂੰ ਕੋਰਟ ਦੇ ਸੰਮਨ ਆ ਗਏ। ਸਾਵੀ ਨੇ ਮੇਰੇ ਤੇ ਇੱਕ ਹੋਰ ਨਵਾਂ ਮੁਕੱਦਮਾ ਠੋਕ ਦਿੱਤਾ ਕਿ ਹੁਣ ਇਸਦੇ ਸਟੋਰ ਦੇ ਮੁਨਾਫ਼ੇ ਵਿਚੋਂ ਅੱਧ ਮੇਰੇ ਬੇਟੇ ਨੂੰ ਦਿੱਤਾ ਜਾਵੇ। ਕਿਉਂਕਿ ਇਸ ਨੇ ਅਜੇ ਤਾਈਂ ਚਾਈਲਡ ਸੱਪੋਰਟ ਦੀ ਮੇਰੇ ਮੁੰਡੇ ਨੂੰ ਕਦੇ ਇੱਕ ਪੈਨੀ ਵੀ ਨਹੀਂ ਦਿੱਤੀ। ਪਿਛਲੇ 14-15 ਸਾਲਾਂ ਦੇ ਖਰਚੇ ਅਤੇ ਮੂਲ ਵਿਆਜ ਪਾ ਕੇ ਕਈ ਹਜ਼ਾਰਾਂ ਡਾਲਰਾਂ ਦਾ ਖਰਚਾ ਮੇਰੇ ਸਿਰ ਪਾ ਦਿੱਤਾ। ਉਸ ਸਾਡੀ ਸਾਰੀ ਜਾਇਦਾਦ ਤੇ ਵੀ ਪੂਰਾ ਆਪਣਾ ਲੀਅਨ ਪੁਆਉਣ ਦੀ ਕੋਸ਼ਿਸ਼ ਵੀ ਕੀਤੀ, ਉਹ ਤਾਂ ਚੰਗਾ ਹੋਇਆ ਸਾਰਾ ਬਿਜ਼ਨਸ ਵੱਡੇ ਭਾਜੀ ਦੇ ਨਾਂ ਤੇ ਸੀ।

ਹੁਣ ਬੈਠਿਆਂ ਬਿਠਾਇਆਂ ਇੱਕ ਹੋਰ ਨਵੀਂ ਮੁਸੀਬਤ ਸਾਡੇ ਸਿਰ ਤੇ ਆ ਪਈ। ਹੁਣ ਮੇਰਾ ਇੱਕ ਪੈਰ ਟੋਰਾਂਟੋ (200 ਕਿਲੋਮੀਟਰ ਦੀ ਦੂਰੀ) ਤੇ ਇੱਕ ਪੈਰ ਪਿੱਛੇ ਆਪਣੇ ਸਟੋਰ ਤੇ ਰਹਿੰਦਾ। ਕਦੇ ਆਪਣੇ ਵਕੀਲ ਕੋਲ, ਕਦੇ ਆਪਣੇ ਅਕਾਊਂਟੈਂਟ ਕੋਲ ਜਾਂਦਾ, ਕਦੇ ਆਹ ਪੇਪਰਸ ਲਿਆਓ, ਕਦੇ ਆਹ ਪੁਰਾਣੀਆਂ ਸਟੇਟਮੈਂਟਸ ਕਢਵਾਕੇ ਲਿਆਓ, ਕਦੇ ਪੁਰਾਣੀਆਂ ਰਸੀਦਾਂ ਤੇ ਕੈਸ਼ ਹੋਏ (ਜਿਹੜੇ ਕਦੇ ਸੋਨੂੰ ਬੇਟੇ ਨੂੰ ਦਿੱਤੇ ਸਨ) ਚੈਕਾਂ ਦੀਆਂ ਫੋਟੋ ਕਾਪੀਆਂ ਬੈਂਕ ਵਿਚੋਂ ਕਢਵਾ ਕੇ ਪਰੂਫ਼ ਦਿਓ। ਇਸ ਸਾਰੀ ਦੌੜ ਭੱਜ ਵਿੱਚ ਨਿਖਸਮਾਂ ਸਟੋਰ ਹੋਰ ਵੀ ਘਾਟੇ ਤੇ ਜਾਣ ਲੱਗ ਪਿਆ। ਪਿਤਾ ਜੀ ਵਿਚਾਰੇ

ਅਲੱਗ ਅਣਜਾਣੇ ਮੁਲਕ ਦੇ ਪਰਾਏ ਲੋਕਾਂ ਵਿੱਚ ਘਿਰ ਕੇ ਰਹਿ ਗਏ। ਮੁਫ਼ਤ ਦੀ ਪਰੇਸ਼ਾਨੀ ਝੱਲਣੀ ਪੈਂਦੀ। ਕੋਈ ਖਾਣ-ਪੀਣ, ਸੌਣ ਦੀ ਵੀ ਸੁਧ ਨਾ ਰਹੀ। ਉਤੋਂ ਖੱਜਲ ਖਰਾਬ ਹੁੰਦੇ ਪੁੱਤ ਦੀ ਪਰੇਸ਼ਾਨੀ ਵੀ ਨਾ ਝੱਲੀ ਜਾਂਦੀ। ਉਨ੍ਹਾਂ ਦੇ ਤਾਂ ਹਰ ਵੇਲੇ ਰੱਬ ਅੱਗੇ ਅਰਦਾਸ ਵਿੱਚ ਦੋਵੇਂ ਹੱਥ ਜੁੜੇ ਹੀ ਰਹਿੰਦੇ ਕਿ "ਹੈ ਦਾਤਿਆ, ਸਾਡੇ ਤੇ ਮਿਹਰ ਕਰੀਂ।"

ਜਦੋਂ ਕਹਿੰਦੇ ਨੇ ਮੁਸੀਬਤਾਂ ਆਉਂਦੀਆਂ ਨੇ ਤਾਂ ਇਕੱਲੀਆਂ ਨਹੀਂ ਆਉਂਦੀਆਂ। ਸਾਰੇ ਦਾ ਸਾਰਾ ਟੱਬਰ (ਮੁਸੀਬਤਾਂ ਦਾ) ਅੱਗੜ-ਪਿੱਛੜ ਹੀ ਤੁਰਿਆ ਆਉਂਦਾ ਹੈ। ਇੱਧਰੋਂ ਪੰਜਾਬ ਵਿੱਚ ਅਲੱਗ ਪ੍ਰੀਤਮਾ ਦੇ ਵਿਰਲਾਪ ਭਿੱਜੇ ਖ਼ਤ, ਕਦੇ ਉਚੀ ਉੱਚੀ ਰੋਂਦੇ ਕਦੇ ਅੱਧੀ ਰਾਤ ਨੂੰ ਫੋਨ ਕਿ "ਬਿੱਲੇ, ਮੇਰੇ ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਹੈ। ਮੇਰਾ ਬੱਚਾ ਯਤੀਮ ਹੋ ਗਿਆ ਏ। ਮੇਰੇ ਪਤੀ ਦਾ ਦਿਨ ਦਿਹਾੜੇ ਕਤਲ ਹੋ ਗਿਆ ਏ। ਇਸ ਵੇਲੇ ਮੈਨੂੰ ਤੇਰੀ ਮਦਦ ਤੇ ਸਹਾਰੇ ਦੀ ਸਖ਼ਤ ਜ਼ਰੂਰਤ ਹੈ। ਇੱਕ ਸੱਚੇ ਦੋਸਤ ਦਾ ਬੁਰੇ ਵਕਤ ਵਿੱਚ ਕੰਮ ਆਉਣਾ ਇੱਕ ਇਖਲਾਕੀ ਫਰਜ਼ ਵੀ ਹੈ ਤੇ ਮੇਰਾ ਤਾਂ ਤੇਰੇ ਤੇ ਹਰ ਤਰ੍ਹਾਂ ਨਾਲ ਹੱਕ ਵੀ ਬਣਦਾ ਹੈ।" ਇੱਕ ਤਾਂ ਆਨੇ-ਬਹਾਨੇ ਮਾਂ-ਪੁੱਤ ਦੀਆਂ ਵਗਾਰਾਂ ਨਹੀਂ ਸਨ ਮੁੱਕਦੀਆਂ, ਦੂਜਾ ਪ੍ਰੀਤਮਾ ਐਨਾ ਜਜ਼ਬਾਤੀ ਕਰਕੇ ਜਾਣੋਂ ਬਲੈਕ ਮੇਲ ਕਰਦੀ ਸੀ ਕਿ ਮੇਰਾ ਮਨ ਵੀ ਅਕਸਰ ਦੁਚਿੱਤੀ ਵਿੱਚ ਭਟਕਦਾ ਰਹਿੰਦਾ। ਕਦੇ ਕਦੇ ਪੂਰਾ ਉਚਾਟ ਹੋ ਜਾਂਦਾ। ਇੱਕ ਪਾਸੇ ਰੋਜ਼-ਰੋਜ਼ ਸਾਵੀ ਦੇ ਕਜੀਏ ਕਲੇਸ਼ਾਂ ਨੇ, ਦੂਜੇ ਪਾਸੇ ਪ੍ਰੀਤਮਾ ਦਾ ਨਿੱਤ ਨਵਾਂ ਵਿਰਲਾਪ। ਉੱਤੋਂ ਕਾਰੋਬਾਰ ਦੇ ਉਲਝੇ ਝਮੇਲੇ, ਜਾਣੋਂ ਮੈਂ ਤਾਂ ਪੂਰੀ ਤਰ੍ਹਾਂ ਨਾਲ ਥੱਕ ਤੇ ਅੱਕ ਗਿਆ ਹੋਵਾਂ। ਹਾਰ ਕੇ ਆਪਣੀ ਬੇਬਸੀ ਦੇ ਮਾਰੇ ਨੇ ਆਪਣੇ ਭਾਜੀ ਅੱਗੇ ਹੱਥ ਖੜੇ ਕਰ ਦਿੱਤੇ। ਅਖੀਰ ਭਾਜੀ ਨੇ ਵੀ ਤੰਗ ਆ ਕ ਬਹੁਤ ਘਾਟੇ ਵਿੱਚ ਹੀ ਸਟੋਰ ਵੇਚ ਦਿੱਤਾ। ਅੱਗੋਂ ਜਿਨ੍ਹਾਂ ਨੂੰ ਸਟੋਰ ਵੇਚਿਆ ਉਹ ਰੱਜ ਕੇ ਕਮੀਨੇ ਤੇ ਪੂਰੇ ਘਾਗ ਨਿੱਕਲੇ। ਪਹਿਲਾਂ ਉਨ੍ਹਾਂ ਦੀਆਂ ਸਾਡੇ ਬਕਾਇਆ ਪੈਸਿਆਂ ਦੀਆਂ ਕਿਸ਼ਤਾਂ ਟੁੱਟਣੀਆਂ ਸ਼ੁਰੂ ਹੋਈਆਂ। ਹੌਲੀ-ਹੌਲੀ ਬਿਲਕੁਲ ਹੀ ਬੰਦ ਹੋ ਗਈਆਂ। ਫੇਰ ਉਲਟਾ ਉਨ੍ਹਾਂ ਸਾਡੇ ਤੇ ਫਰੌਡ ਦਾ ਕੇਸ ਠੋਕ ਦਿੱਤਾ ਕਿ ਇਨ੍ਹਾਂ ਨੇ ਸਾਨੂੰ ਘਾਟੇ ਵਾਲਾ ਸਟੋਰ ਵੇਚ ਦਿੱਤਾ ਹੈ। ਅਸੀਂ ਇਸ ਸਟੋਰ ਦੀ ਮੋਟੀ ਆਮਦਨ ਦੀ ਆਸ ਤੇ ਆਪਣੀਆਂ ਪੱਕੀਆਂ ਨੌਕਰੀਆਂ ਛੱਡ ਦਿੱਤੀਆਂ ਹਨ। ਅਸੀਂ ਉਥੋਂ ਸਾਰੀ ਜ਼ਿੰਦਗੀ ਮਿਲੀਅਨ ਡਾਲਰ ਕਮਾਉਣੇ ਸੀ. . ਆਦਿ ਹੋਰ ਕਈ ਚਾਰਜ ਸਾਡੇ ਤੇ ਥੋਪ ਦਿੱਤੇ। ਸਾਡੇ ਵਕੀਲ ਨੇ ਉਨ੍ਹਾਂ ਨੂੰ ਸਮਝਾਇਆ ਕਿ "ਅੱਜ ਤਾਈਂ ਕਦੇ ਕੋਈ ਕਿਸੇ ਧੰਧੇ ਦੀ ਸਦਾ ਲਈ ਪੱਕੀ ਸੇਲ ਦੀ ਗਰੰਟੀ ਕਰ ਸਕਦਾ ਹੈ? ਕਦੇ ਵੀ ਨਹੀਂ! ਨਾਲੇ ਤੁਸੀਂ ਪਹਿਲਾਂ 10 ਦਿਨ ਸਟੋਰ ਵਿੱਚ ਆਪ ਨਾਲ ਬਹਿ ਕੇ ਸਾਰੀ ਸੇਲ ਚੈਕ ਕੀਤੀ ਹੈ। ਜੇ ਤੁਸੀਂ ਸਟੋਰ ਵਿੱਚ ਨਵਾਂ ਸਟਾਕ ਨਹੀਂ ਪਾਓਗੇ ਨਾ ਹੀ ਗਾਹਕਾਂ ਨੂੰ ਵੇਲੇ ਸਿਰ ਸਰਵਿਸ ਦਿਓਗੇ, ਸਟੋਰ ਆਪਣੇ ਆਪ ਤਾਂ ਕਦੀ ਚੱਲ ਹੀ ਨਹੀਂ ਸਕਦਾ। ਤੁਸੀਂ ਤਾਂ ਐਵੇਂ ਹੀ ਮੁਫ਼ਤ ਦੀ ਮਲਾਈ ਭਾਲਦੇ ਹੋ।" ਜਿਨ੍ਹਾਂ ਦੇ ਮਨ ਹਰਾਮੀ ਤੇ ਉੱਤੋਂ ਹੁੱਜਤਾਂ ਦੇ ਢੇਰ ਹੋਣ ਫੇਰ ਉਨ੍ਹਾਂ ਦਾ ਤਾਂ ਰੱਬ ਹੀ ਰਾਖਾ। ਉਹ ਸ਼ਰਾਫ਼ਤ ਨਾਲ ਕਦੋਂ ਮੰਨਦੇ ਨੇ।

ਮੇਰੇ ਸਭ ਨਾਲੋਂ ਵੱਡੇ ਭਾਜੀ ਬਲਵੰਤ ਸਿੱਕੰਦ ਜੀ ਪੇਸ਼ੇ ਵਜੋਂ ਟੀਚਰ ਸਨ। ਤਿੰਨ ਮਾਸਟਰ ਡਿਗਰੀਆਂ ਦੇ ਨਾਲ ਐਮ. ਐਡ. ਵੀ ਕੀਤੀ ਹੋਈ ਸੀ। ਕਲਾਸੀਕਲ ਮੌਸੀਕੀ ਦੇ ਸੌਦਾਈ ਸਨ। ਮੈਂਡੋਲੀਅਨ ਅਤੇ ਵਾਇਲਨ ਸਾਜ਼ਾਂ ਤੇ ਉਨ੍ਹਾਂ ਦੀ ਬਹੁਤ ਮੁਹਾਰਤ ਸੀ। ਵੱਡੇ ਭਾਜੀ ਅੱਤ ਦੇ ਸ਼ਰੀਫ਼ ਅਤੇ ਸਾਊ ਕੋਮਲ ਜਿਹੇ ਬੰਦੇ ਸਨ। ਹਾਰਟ ਦੇ ਪੱਕੇ ਮਰੀਜ਼ ਸਨ। ਪਰ ਫੇਰ ਵੀ ਆਪਦੇ ਹਠ ਨਾਲ ਆਪਦੇ ਇਸ਼ਟ ਜਾਣੋਂ ਵਿਦਿਆ ਦਾਨ ਦਾ ਸ਼ੁਭ ਕਰਮ ਕਰੀ ਜਾਂਦੇ ਸਨ। ਉਨ੍ਹਾਂ ਦਾ ਆਊਟ ਆਫ ਦ ਵੇ ਜਾ ਕੇ ਮੇਰੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਬੈਠਿਆਂ ਬਿਠਾਇਆਂ ਉਨ੍ਹਾਂ ਲਈ ਇੱਕ ਨਵੀਂ ਮੁਸੀਬਤ ਖੜੀ ਕਰ ਦਿੱਤੀ। ਜਾਣੋਂ ਹੁਣ ਸਾਡੇ ਗਲ ਮਰਿਆ ਸੱਪ ਪੈ ਗਿਆ ਸੀ। ਕਦੀ ਮੇਰੀ ਵੱਡੀ ਭਾਬੀ ਆਨੇ ਬਹਾਨੇ ਮੇਰਾ ਸਿਆਪਾ ਕਰਦੀ। ਵਿਚਾਰੇ ਭਾਜੀ ਨੂੰ ਵੀ ਜਲੀਆਂ ਕਟੀਆਂ ਸੁਣਨੀਆਂ ਪੈਂਦੀਆਂ। ਦੂਜੇ ਪਾਸੇ ਸਾਵੀ ਨੇ ਮੇਰਾ ਜੀਣਾ ਹਰਾਮ ਕੀਤਾ ਹੋਇਆ ਸੀ, ਤੀਜਾ ਪ੍ਰੀਤਮਾ ਅਲੱਗ ਆਪਣੇ ਦੁਖੜਿਆਂ ਦਾ ਰਾਗ ਅਲਾਪਦੀ ਰਹਿੰਦੀ। ਹਰ ਦੂਜੇ-ਤੀਜੇ ਦਿਨ ਉਸਦੇ ਖ਼ਤ ਆਉਂਦੇ ਰਹਿੰਦੇ। ਵਿੱਚ ਵਿੱਚ ਕੋਲੈਕਟ ਕਾਲ ਇੰਡੀਆ ਤੋਂ ਮਾਰ ਕੇ "ਬਸ ਬਿੱਲੇ, ਤੂੰ ਕਿਹੜੀ ਘੜੀ ਸਭ ਕੁੱਝ ਵੇਚਕੇ ਆ ਜਾ। ਮੈਂ ਬਹੁਤ ਦੁਖੀ ਹਾਂ।" ਪਤਾ ਨਹੀਂ ਕਿਉਂ ਸਭ ਨੂੰ ਆਪਣਾ ਹੀ ਦੁਖ ਵੱਡਾ ਜਾਪਦਾ ਹੈ, ਦੂਜੇ ਤਾਂ ਸੂਲੀ ਚੜੇ ਵੀ ਸੁਖੀ ਲੱਗਦੇ ਨੇ। ਖ਼ੈਰ ਮੇਰੀ ਇਹ ਰੋਜ਼ ਦੀ ਚਿੱਚੋਤਾਣ ਨੇ ਮੈਨੂੰ ਬੁਰੀ ਤਰ੍ਹਾਂ ਨਾਲ ਬੁੰਦਲਾ ਦਿੱਤਾ। ਹੁਣ ਵਿਚਾਰੇ ਪਿਤਾ ਜੀ ਵੀ ਹੋਰ ਗਹਿਰੀ ਚਿੰਤਾ ਵਿੱਚ ਡੁੱਬ ਗਏ ਸਨ ਕਿ ਕੀ ਬਣੂੰ ਮੇਰੇ ਬੱਚਿਆਂ ਦਾ। ਆਖੀਰ ਇੱਕ ਦਿਨ ਅੱਕ ਕੇ ਵੱਡੇ ਭਾਜੀ ਨੇ ਕਿਹਾ ਕਿ "ਬਿੱਲੇ ਸ਼ਾਹ, ਹਾਲ ਦੀ ਘੜੀ ਤਾਂ ਤੂੰ ਪਿਤਾ ਜੀ ਨੂੰ ਲੈ ਕੇ ਇੰਡੀਆ ਚਲਾ ਜਾ। ਇਹ ਜਾਇਦਾਦਾਂ ਦੇ ਕੇਸ ਤਾਂ ਸਾਲਾਂ ਬੱਧੀ ਹੀ ਚੱਲਦੇ ਰਹਿੰਦੇ ਨੇ। ਮੈਨੂੰ ਪਤਾ ਹੈ ਤੂੰ ਵੀ ਇਸ ਵੇਲੇ ਮਾਨਸਿਕ ਅਤੇ ਸ਼ਰੀਰਕ ਤੌਰ ਤੇ ਪੂਰੀ ਤਰ੍ਹਾਂ ਨਾਲ ਥੱਕ ਚੁੱਕਾ ਹੈ ਤੇ ਪਿਤਾ ਜੀ ਵੀ ਬਹੁਤ ਉਦਾਸ ਤੇ ਚਿੰਤਤ ਰਹਿੰਦੇ ਨੇ। ਸ਼ਾਇਦ ਇਸੇ ਲਈ ਤੁਹਾਨੂੰ ਦੋਨਾਂ ਨੂੰ ਥੋੜਾ ਬਹੁਤ ਚੇਂਜ ਦੀ ਲੋੜ ਹੈ। ਮੈਨੂੰ ਜਦ ਵੀ ਤੇਰੀ ਲੋੜ ਪਈ ਤਾਂ ਮੈਂ ਤੈਨੂੰ ਆਪੇ ਬੁਲਾ ਲਗਾਂਗਾ। ਹੁਣ ਤੂੰ ਇੰਡੀਆ ਜਾ ਕੇ ਪੂਰੀ ਤਰ੍ਹਾਂ ਨਾਲ ਆਪ ਰੀਲੈਕਸ ਕਰੀਂ ਤੇ ਰੱਜ ਕੇ ਪਿਤਾ ਜੀ ਦੀ ਸੇਵਾ ਕਰੀਂ। ਇਥੇ ਮੈਂ ਆਪੇ ਔਖਾ ਸੌਖਾ ਸਭ ਸਾਂਭ ਲਵਾਂਗਾ।" ਜਾਣੋਂ ਮੈਂ ਵੀ ਤਾਂ ਬਹਾਨਾ ਹੀ ਭਾਲਦਾ ਸੀ ਕਿ ਕਿਹੜੀ ਘੜੀ ਜਾ ਕੇ ਆਪਣੀ ਪ੍ਰੀਤਮਾ ਦੇ ਦੁਖ ਵੰਡਾਵਾਂ। ਜਾਣੋਂ ਮੈਂ ਵੀ ਕਿਉਂ ਵਹਿਮ ਪਾਲੀ ਬੈਠਾ ਸੀ ਕਿ ਪ੍ਰੀਤਮਾ ਨੂੰ ਰੋਣ ਲਈ ਸਿਰਫ਼ ਮੇਰੇ ਹੀ ਮੋਢੇ ਦੀ ਲੋੜ ਹੈ।

ਹਮ ਅਕਸਰ ਮੌਤ ਕੀ ਰਾਹ ਦੇਖਾ ਕੀਏ,
ਕਿਸੀ ਹਸਪਤਾਲ ਕੀ ਚਾਦਰ ਮੇ ਲਿਪਟੇ ਪੜੇ।

ਜਿਵੇਂ ਮੇਰਾ ਅਹਿਸਾਸ ਥੱਕਿਆ ਥੱਕਿਆ ਨਿਰਾਸਤਾ ਦੀ ਕਿਸੇ ਡੂੰਘੀ ਖਾਈ ਵਿਚ ਮੱਲੋਮੱਲੀ ਧੱਸ ਰਿਹਾ ਹੋਵੇ। ਮੈਨੂੰ ਕੋਈ ਬਚਾਉਣ ਵਾਲਾ ਨਾ ਹੋਵੇ। ਅੱਜ ਕੋਈ ਵੀ ਮੇਰੀ ਸੋਚ ਦਾ ਹਾਣੀ ਨਾ ਹੋਵੇ। ਜਿਵੇਂ ਮੈਂ ਜ਼ਮੀਨ-ਆਸਮਾਨ ਦੀਆਂ ਗਰਦਿਸ਼ਾਂ ਵਿਚ ਕਲੱਮ ਕੱਲਾ ਭਟਕ ਰਿਹਾ ਹੋਵਾਂ। ਇੱਕ ਹੋਰ ਨਮੋਸ਼ੀ ਮੇਰੇ ਜ਼ਿਹਨ ਦਾ ਬੂਹਾ ਖੜਕਾਉਣ ਲੱਗ ਪਈ।

ਕਿਵੇਂ ਮੈਂ ਇੱਕ ਅਨਾਥ ਬੱਚੀ ਮੀਤੀ ਦੇ ਪਰਵਾਨ ਚੜਾਉਣ ਲਈ ਉਸਦੀ ਮਾਂ ਦੇ ਜ਼ੁਲਮ ਸਹਿੰਦਾ ਰਿਹਾ। ਜਦ ਵੀ ਕਿਤੇ ਮੇਰੀ ਅਣਖ ਇਸ ਜ਼ਿੱਲਤ ਤੋਂ ਬਾਗ਼ੀ ਹੋਣ ਲੱਗਦੀ ਤਾਂ ਇਹ ਮਾਸੂਮ ਬੱਚੀ ਰੋਂਦੀ ਰੋਂਦੀ ਮੇਰੀਆਂ ਲੱਤਾਂ ਨੂੰ ਚਿੰਬੜ ਜਾਂਦੀ ਕਿ "ਡੈਡੀ, ਮੈਨੂੰ ਛੱਡ ਕੇ ਨਾ ਜਾਈਂ" ਮੇਰੇ ਪੈਰ ਉਥੇ ਹੀ ਜਕੜੇ ਜਾਂਦੇ ਤੇ ਮੈਂ ਅਕਸਰ ਇਸ ਧੀ ਦਾ ਵਧੇਰੇ ਹੀ ਤੇਹ ਕਰਦਾ। ਉਸਦੀ ਹਰ ਜ਼ਿੱਦ ਪੁਗਾਉਣ ਦੀ ਕੋਸ਼ਿਸ਼ ਵੀ ਕਰਦਾ। ਕਦੇ ਕਦੇ ਤਾਂ ਮੇਰਾ ਸਕਾ ਬੇਟਾ ਮੈਨੂੰ ਹਰਖ ਨਾਲ ਮਿਹਣਾ ਵੀ ਮਾਰ ਦਿੰਦਾ ਕਿ "ਡੈਡ, ਮੈਨੂੰ ਤਾਂ ਲੱਗਦਾ ਕਿ ਜਿਵੇਂ ਮੀਤੀ ਹੀ ਤੁਹਾਡੀ ਸਕੀ ਧੀ ਹੋਵੇ ਤੇ ਮੈਂ ਤੁਹਾਡਾ ਸਟੈਪ ਸਨ ਹੋਵਾਂ।" ਉਸੇ ਅੱਲ੍ਹੜ ਧੀ ਜਦੋਂ ਮੈਂ ਉਸਦੀ ਆਪਣੀ ਮਾਂ ਦੇ ਬਦਚਲਨ ਨਕਸ਼ੇਕਦਮ ਤੇ ਚੱਲਣੋਂ ਰੋਕਿਆ ਤਾਂ ਉਸੇ ਮੇਰੀ ਲਾਡਲੀ ਧੀ ਨੇ ਮੈਨੂੰ ਕਿਹਾ ਸੀ, "ਸ਼ੱਟ ਅੱਪ, ਯੂ ਆਰ ਨਾਟ ਮਾਈ ਰੀਅਲ ਡੈਡ" ਜਿਵੇਂ ਕਿਸੇ ਮੇਰੇ ਪਵਿਤਰ ਅਹਿਸਾਸ ਦੀ ਗੱਲ ਤੇ ਕਰੜੀ ਚਪੇੜ ਮਾਰੀ ਹੋਵੇ। ਉਹ ਵੀ ਸਾਵੀ ਦੇ ਸਾਹਮਣੇ। ਅੱਗੋਂ ਸਾਵੀ ਨੇ ਇੱਕ ਸ਼ਬਦ ਵੀ ਮੇਰੇ ਹੱਕ ਵਿੱਚ ਨਾ ਬੋਲਿਆ। ਜਿਵੇਂ ਕਿਸੇ ਦਾ ਨਿਰਾਦਰ ਕਰਨਾ ਧੀ ਨੇ ਮਾਂ ਕੋਲੋਂ ਵਿਰਸੇ ਵਿੱਚ ਲਿਆ ਹੋਵੇ। ਅੱਜ ਮੈਂ ਆਪਣੇ ਪੁੱਤ ਦਾ ਦੋਸ਼ੀ ਮੂਲੋਂ ਹੀ ਹੀਣਾ ਜਿਹਾ ਹੋ ਕੇ ਰਹਿ ਗਿਆ। ... ਕਾਸ਼!

ਇਸੇ ਤਰ੍ਹਾਂ ਜਦ ਕਦੀ ਮੈਂ ਸਾਵੀ ਨੂੰ ਉਸਦੇ ਅੱਯਾਸ਼ ਮਨਚਲੇ ਰਵੱਈਏ ਤੋਂ ਵਰਜਣਾ ਚਾਹਿਆ, ਉਸਦੇ ਨਿੱਤ ਨਵੇਂ ਯਾਰਾਂ ਨਾਲ ਪਾਰਟੀਆਂ ਤੇ ਜਾਣਾ ਤੇ ਸ਼ਰੇਆਮ ਨਸ਼ੇ ਵਿੱਚ ਟੱਲੀ ਹੋ ਕੇ ਦੇਰ ਰਾਤ ਤਾਈਂ ਜਣੇ ਖਣੇ ਦੀਆਂ ਬਾਹਾਂ ਵਿੱਚ ਝੂਮਣਾ ਆਦਿ। ਜੇ ਮੈਂ ਕਦੀ ਅਪਣੱਤ ਦੇ ਨਾਤੇ ਸਾਵੀ ਨੂੰ ਸਮਝਾਉਂਦਾ "ਦੇਖ ਭਲੀਏ ਲੋਕੇ, ਤੂੰ ਆਪਣੇ ਨਾਲ ਨਾਲ ਆਪਣੀ ਜਵਾਨ ਹੋ ਰਹੀ ਧੀ ਦੀਆਂ ਜੜ੍ਹਾਂ ਵਿੱਚ ਵੀ ਤੇਲ ਦੇ ਰਹੀ ਏਂ। ਤੂੰ ਕਿਉਂ ਉਸਨੂੰ ਵੀ ਕੁਰਾਹੇ ਪਾ ਰਹੀ ਏਂ। ਅਕਸਰ ਹਰ ਪਾਰਟੀ ਵਿੱਚ ਤੁਸੀਂ ਦੋਨੋਂ ਮਾਵਾਂ ਧੀਆਂ ਟਿਪਸੀ (ਸ਼ਰਾਬਣਾਂ) ਜਾਂਦੀਆਂ ਹੋ। ਤੇ ਉਹੀ ਤੁਹਾਡੇ ਤਮਾਸ਼ਬੀਨ ਸਵਾਰਥੀ ਦੋਸਤ ਦੂਜੇ ਦਿਨ ਸ਼ਰੇਆਮ ਮਸਾਲੇ ਲਾ ਲਾ ਕੇ ਤੁਹਾਡੀਆਂ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਨੇ।" ਅੱਗੋਂ ਸਾਵੀ ਤਿੜਕੇ ਗੁੱਸੇ ਨਾਲ ਉਲਟਾ ਮੈਨੂੰ ਹੀ ਡਾਂਟ ਫਿਟਕਾਰ ਦਿੰਦੀ, "ਇਹ ਸਾਡੀ ਅਤਿ ਮਾਡਰਨ ਕਨੇਡੀਅਨ ਹੋਈ ਸੁਸਾਈਟੀ ਏ। ਤੂੰ ਵੀ ਘਟੀਆ ਓਲਡ ਫੈਸ਼ਨ ਮੈਨ ਤੇ ਤੇਰੀ ਸੋਚ ਵੀ ਤੇਰੇ ਵਾਂਗ ਘਟੀਆ ਤੇ ਰੂੜ੍ਹੀਵਾਦੀ ਹੈ। ਮੈਂ ਤਾਂ ਤੇਰੇ ਨਾਲ ਤਾਂ ਵਿਆਹ ਕਰਵਾਇਆ ਸੀ ਕਿ ਤੂੰ ਬੰਬਈ ਫ਼ਿਲਮ ਇੰਡਸਟਰੀ ਦਾ ਇੱਕ ਹੀਰੋ ਹੈਂ। ਤੂੰ ਐਡਵਾਂਸ ਤੇ ਰੰਗੀਨ ਮਿਜ਼ਾਜ ਹੋਵੇਂਗਾ। ਇਕੱਠੇ ਰੋਜ਼ ਰਾਤ ਨੂੰ ਦਾਰੂ ਪੀਆ ਕਰਾਂਗੇ ਤੇ ਨਿੱਤ ਨਵੀਂ ਡਿਸਕੋ ਪਾਰਟੀ ਤੇ ਜਾ ਕੇ ਆਪਣੀਆਂ ਰਾਤਾਂ ਰੰਗੀਨ ਤੇ ਹੁਸੀਨ ਕਰਿਆ ਕਰਾਂਗੇ। ਤੂੰ ਤਾਂ ਮੂਲੋਂ ਹੀ ਕਿਸੇ ਗੁਰੂਦੁਆਰੇ ਦਾ ਭਾਈ ਨਿਕਲਿਆ। ਮੈਨੂੰ ਤਾਂ ਮੌਜੀ ਯਾਰ ਹੱਬੀ (ਖਸਮ) ਚਾਹੀਦਾ ਸੀ। ਤੂੰ ਤਾਂ ਸਾਡਾ ਪਿਓ ਬਣ ਕੇ ਸਾਨੂੰ ਆਪਣੀ ਗਲੀ ਸੜੀ ਭਾਰਤੀ ਸਭਿਅਤਾ ਦੇ ਭਾਸ਼ਣ ਦਿੰਦਾ ਹੈਂ। ਨਸੀਹਤਾਂ ਤਾਂ ਮੈਂ ਕਦੇ ਆਪਣੇ ਸਕੇ ਪਿਓ ਦੀਆਂ ਨਹੀਂ ਸੁਣੀਆਂ, ਤੂੰ ਕੀ ਚੀਜ਼ ਹੈਂ। ਬਸ ਤੂੰ ਆਪਣੀ ਔਕਾਤ ਵਿੱਚ ਰਿਹਾ ਕਰ। ਸਮਝੇ। ਮੈਂ ਆਪਣੀ ਬੌਸ ਆਪ ਹਾਂ"।

ਅਸਲ ਸੱਟ ਉਦੋਂ ਹੀ ਵੱਜਦੀ ਹੈ ਜਦੋਂ ਕੋਈ ਤੁਹਾਡਾ ਆਪਣਾ ਖੂਨ ਹੀ ਤੁਹਾਡੇ ਮੂੰਹ ਤੇ ਚਪੇੜ ਮਾਰੇ। ਜਦੋਂ ਸਾਵੀ ਦੀ ਆਪਣੀ 15-16 ਸਾਲਾਂ ਦੀ ਅੱਲ੍ਹੜ ਧੀ ਮੀਤੀ ਪੂਰੀ ਵੈਲਣ ਹੋ ਗਈ। ਹਰ ਤਰ੍ਹਾਂ ਦੇ ਨਸ਼ੇ ਪੱਤਿਆਂ ਵਿੱਚ ਪੂਰੀ ਡਰੱਗੀ ਹੋ ਗਈ ਤੇ ਨਿੱਤ ਨਵੇਂ ਕਾਲੇ ਗੋਰੇ ਤੇ ਦੇਸੀ ਯਾਰਾਂ ਨਾਲ ਕਈ ਕਈ ਰਾਤਾਂ ਘਰੋਂ ਗਾਇਬ ਰਹਿਣ ਲੱਗੀ ਤਾਂ ਇੱਕ ਦਿਨ ਸਾਵੀ ਨੇ ਦੁਖੀ ਹੋ ਕੇ ਆਪਣੀ ਧੀ ਮੀਤੀ ਨੂੰ ਡਾਂਟਿਆ ਕਿ "ਤੂੰ ਇਹ ਕੀ ਲੱਛਣ ਫੜੇ ਨੇ? ਖ਼ਬਰਦਾਰ, ਜੇ ਅੱਗੋਂ ਤੋਂ ਕਦੇ ਘਰੋਂ ਬਾਹਰ ਰਹੀ ਜਾਂ ਅਜਿਹੇ ਕੁਕਰਮ ਕੀਤੇ।" ਗੁੱਸੇ ਵਿੱਚ ਮਾਰੇ ਸਾਵੀ ਦੇ ਥੱਪੜ ਦਾ ਜਵਾਬ ਮੀਤੀ ਨੇ ਅੱਗੋਂ ਥੱਪੜ ਨਾਲ ਹੀ ਦਿੱਤਾ ਤੇ ਪੂਰੇ ਰੋਹ ਵਿੱਚ ਕਿਹਾ " ਸ਼ੱਟ ਅੱਪ, ਯੂ ਬਲੱਡੀ, ਸਟੂਪਿਡ ਮੰਮ, ਤੂੰ ਕਿਹੜੇ ਮੂੰਹ ਨਾਲ ਮੈਨੂੰ ਅੱਜ ਟੋਕ ਰਹੀ ਏਂ। ਪਹਿਲਾਂ ਤੂੰ ਅਪਾਣੇ ਕੁਕਰਮਾਂ ਤੇ ਝਾਤੀ ਮਾਰ। ਤੂੰ ਮੇਰੇ ਲਈ ਕਿਹੜੀ ਅਕਜੈਂਪਲ ਸੈਟ ਕੀਤੀ ਹੈ!" ਉਸ ਦਿਨ ਸਾਵੀ ਬੜੀ ਹੀ ਰੋਈ, ਪਿੱਟੀ ਤੇ ਕੁਰਲਾਈ।

ਇਸੇ ਤਰ੍ਹਾਂ ਨਮੋਸ਼ੀਆਂ ਦੇ ਜੁੜੇ ਤਾਂਤੇ ਨਾਲ ਇੱਕ ਹੋਰ ਸਾਵੀ ਦੀ ਮੇਰੇ ਨਾਲ ਕੀਤੀ ਪੁਰਾਣੀ ਜ਼ਿਆਦਤੀ ਯਾਦ ਆ ਗਈ। ਭਾਂਵੇਂ ਲਾਲਚ, ਈਰਖਾ, ਸਵਾਰਥ, ਕ੍ਰੋਧ ਸਾਵੀ ਦੇ ਖਾਸ ਗੁਣ ਸਨ, ਐਨੀ ਖਟਾਸ-ਕੁੜੱਤਣ ਦੇ ਬਾਵਜੂਦ ਵੀ ਮੇਰੇ ਮਾਂ-ਪਿਓ ਨੇ ਆਪਣੀ ਛੋਟੀ ਨੂੰਹ ਸਾਵੀ ਪ੍ਰਤੀ ਪੂਰੀ ਮਮਤਾ ਭਿੱਜੇ ਸਲੀਕੇ ਨਾਲ ਹਰ ਸ਼ਗਨ ਦੀ ਰੀਝ ਲਾਹੀ। ਉਸਨੂੰ ਆਪਣੀ ਵਿੱਤ ਮੁਤਾਬਿਕ ਦੋ ਤਿੰਨ ਸੋਨੇ ਦੇ ਮਹਿੰਗੇ ਮਹਿੰਗੇ ਸੈਟ ਪਾਏ ਤੇ ਪੰਜ ਸੱਤ ਵਧੀਆ ਸੂਟ ਤੇ ਸਾੜੀਆਂ ਆਪਣੇ ਪੁੱਤ ਦੀ ਬਰੀ ਬਣਾਕੇ ਪੰਜਾਬੋ ਨਾਲ ਲੈ ਕੇ ਆਏ ਤੇ ਮਾਂ ਨੇ ਬੜੀ ਫ਼ਿਰਾਖ ਦਿਲੀ ਨਾਲ ਕਿਹਾ "ਚੱਲ ਹਊ ਮੇਰੇ ਪੁੱਤਰਾ, ਜਾਣ ਦੇ ਗੁੱਸੇ ਗਿਲੇ। ਹੈ ਤਾਂ ਤੇਰੇ ਪੁੱਤ ਦੀ ਮਾਂ ਤੇ ਸਾਡੀ ਨੂੰਹ।" ਮਾਂ ਪਿਓ ਵਿਚਾਰੇ ਆਪ ਚੱਲ ਕੇ ਉਸਦੇ ਸਾਰਾ ਗਹਿਣਾ ਘਰ ਦੇ ਕੇ ਆਏ। ਉਸਦੇ ਦੁਰਵਿਵਹਾਰ ਦੇ ਬਾਵਜੂਦ ਵੀ ਉਨ੍ਹਾਂ ਹਮੇਸ਼ਾ ਅੰਤਲੇ ਸਾਹਾਂ ਤੀਕ ਇਨ੍ਹਾਂ ਸਾਰਿਆਂ ਦੇ ਸੁੱਖ ਤੇ ਸਮਤਿਆਂ ਲਈ ਰੱਬ ਅੱਗੇ ਅਰਦਾਸਾਂ ਹੀ ਕੀਤੀਆਂ। ਕਦੇ ਕੋਈ ਮੰਦੜਾ ਸ਼ਬਦ ਮੂੰਹੋਂ ਨਹੀਂ ਕੱਢਿਆ। ਕਦੇ ਮਾਪੇ ਕੁਮਾਪੇ ਨਹੀਂ ਹੁੰਦੇ। ਸਦਾ ਹੀ ਇਸ ਕੌਲ ਨੂੰ ਪਾਲਿਆ। ਇਸ ਦੇ ਉਲਟ ਉਸ ਮੈਨੂੰ ਜੋ ਇਕੋ ਇੱਕ ਮੁੰਦਰੀ ਮੰਗਣੀ ਵੇਲੇ ਪਾਈ ਸੀ। ਉਹ ਤਾਂ ਉਸ ਪਹਿਲੀ ਲੜਾਈ ਦੇ ਹਲੇ ਵਿੱਚ ਮੈਥੋਂ ਲੁਹਾ ਲਈ ਸੀ। ਜੋ ਸਭ ਨਾਲੋਂ ਵੱਧ ਸ਼ਰਮਨਾਕ ਹੱਤਕ ਵਾਲੀ ਉਸ ਗੱਲ ਕੀਤੀ ਸੀ। ਇੱਕ ਨੀਲੇ ਰੰਗ ਦਾ ਨੌਂ ਕੁ ਡਾਲਰਾਂ ਦਾ ਟਰੈਕ ਸੂਟ ਹੋਣਾ ਏ ਜੋ ਉਸ ਕਦੇ ਕਿਸੇ ਲੱਗੀ ਸੇਲ ਤੋਂ ਲੈ ਕੇ ਮੈਨੂੰ ਦਿੱਤਾ ਸੀ। ਸ਼ਾਇਦ ਇਹ

ਉਸਦਾ ਮੇਰੇ ਲਈ ਪਹਿਲਾ ਤੇ ਆਖਰੀ ਤੋਹਫਾ ਸੀ। ਸਾਡੇ ਆਪਸੀ ਰਿਸ਼ਤੇ ਵਾਂਗ ਇਸ ਟਰੈਕ ਸੂਟ ਦੀ ਹਾਲਤ ਵੀ ਖਸਤਾ ਹੋ ਚੁੱਕੀ ਸੀ।

ਮੈਂ ਕਈ ਦਰ ਭਟਕ-ਭਟਕ ਕੇ ਆਖੀਰ ਆਪਣੇ ਇੱਕ ਬਚਪਨ ਦੇ ਯਾਰ ਪਾਲ ਸੈਣੀ ਕੋਲ ਜਾ ਡੇਰਾ ਲਾਇਆ। ਪਾਲ ਸੈਣੀ ਬੜਾ ਹੀ ਮਨ ਮੌਜੀ ਤੇ ਫੱਕਰ ਕਿਸਮ ਦਾ ਯਾਰਾਂ ਦਾ ਯਾਰ ਸੀ। ਉਸਦੇ ਛੜਾਸਤਾਨ ਵਿੱਚ ਕੋਈ ਨਾ ਕੋਈ ਭੁੱਲਿਆ ਭਟਕਿਆ, ਕਦੇ ਕੋਈ ਨਵਾਂ, ਕਦੇ ਕੋਈ ਪੁਰਾਣਾ ਜਾਂ ਕੋਈ ਮੇਰੇ ਵਾਂਗ ਰੰਨ ਨਾਲ ਲੜ ਕੇ ਪਨਾਹ ਲੈਣ ਆਇਆ ਹੀ ਰਹਿੰਦਾ। ਖਾਣ-ਪੀਣ ਦੇ ਸ਼ੌਕੀਨ ਬੰਦਿਆਂ ਨਾਲ ਪਾਲ ਸੈਣੀ ਦੀ ਕੁੱਝ ਵਧੇਰੇ ਬਣਦੀ ਸੀ ਪਰ ਮੈਨੂੰ ਉਸ ਆਪਣੇ ਫ਼ਿਲਮੀ ਭੁੱਸ ਕਰਕੇ ਆਪਣੇ ਘਰ ਵਿੱਚ ਖਾਸ ਅਪਣੱਤ ਵਾਲੀ ਜਗ੍ਹਾ ਦਿੱਤੀ ਹੋਈ ਸੀ। ਮੈਨੂੰ ਪਿਆਰ ਨਾਲ ਜਾਂ ਤਾਂ ਉਹ ਬੰਬਈ ਦਾ ਬਾਬੂ ਕਹਿੰਦਾ ਜਾਂ ਕਦੇ-ਕਦੇ ਸਿੱਧਾ ਹੀਰੋ ਵੀ ਕਹਿ ਛੱਡਦਾ। ਐਤਵਾਰ ਦਾ ਦਿਨ ਸੀ। ਸਾਰੀ ਚੰਡਾਲ ਚੌਕੜੀ ਵਿੱਚ ਕਾਫ਼ੀ ਗਹਿਮਾਂ ਗਹਿਮੀ ਸੀ। ਸਾਰੇ ਆਪਣੀ-ਆਪਣੀ ਚਾਹ ਦੀਆਂ ਚੁਸਕੀਆਂ ਨਾਲ-ਨਾਲ ਮੇਰੀਆਂ ਫ਼ਿਲਮੀ ਸਰਗਰਮੀਆਂ ਦਾ ਵੀ ਆਨੰਦ ਮਾਣ ਰਹੇ ਸਨ।

ਅਚਾਨਕ ਸਾਵੀ ਪਤਾ ਨਹੀਂ ਕਿੱਥੋਂ ਪੁੱਛਦੀ ਪੁਛਾਉਂਦੀ ਉਥੇ ਆਣ ਧਮਕੀ। ਪਹਿਲਾਂ ਆਉਂਦਿਆਂ ਹੀ ਉਸ ਜ਼ੋਰ ਜ਼ੋਰ ਦੇਣੀ ਪਾਲ ਸੈਣੀ ਦੇ ਫ਼ਲੈਟ ਦਾ ਦਰਵਾਜ਼ਾ ਭੰਨਣਾ ਸ਼ੁਰੂ ਕਰ ਦਿੱਤਾ ਤੇ ਉਚੀ-ਉੱਚੀ ਬੋਲਣ ਲੱਗ ਪਈ। ਸਾਰੇ ਆਂਢੀ-ਗੁਆਂਢੀ, ਗੋਰੇ, ਕਾਲੇ ਤੇ ਦੇਸੀ, ਚੀਨੇ, ਕੌਰੀਡੋਰ ਵਿੱਚ ਖੜਕੇ ਤਮਾਸ਼ਾ ਦੇਖਣ ਲੱਗ ਪਏ। ਪਹਿਲਾਂ ਤਾਂ ਅੰਦਰ ਵੜਦਿਆਂ ਹੀ ਵਿਚਾਰੇ ਪਾਲ ਸੈਣੀ ਦੀ ਸਾਵੀ ਨੇ ਚੰਗੀ ਲਾਹਪਾਹ ਕੀਤੀ ਕਿ "ਤੂੰ ਇਥੇ ਕੀ ਕੰਜਰ ਖਾਨਾ ਲਾਇਆ ਏ! ਸਾਰੇ ਟੋਰੰਟੋ ਸ਼ਹਿਰ ਦੇ ਮੁਸ਼ਟੰਡੇ ਇਥੇ ਇਕੱਠੇ ਕਰਕੇ ਬਿਠਾਏ ਨੇ। ਤੈਨੂੰ ਸ਼ਰਮ ਨਹੀਂ ਆਉਂਦੀ ਰੰਨਾਂ ਦੇ ਘਰੋਂ ਕੱਢੇ ਨਿਕੰਮੇ ਖ਼ਸਮਾਂ ਨੂੰ ਆਪਣੇ ਘਰ ਰੱਖਣ ਦਾ ਤੂੰ ਠੇਕਾ ਲਿਆ ਹੋਇਆ ਏ।" ਪਹਿਲਾਂ ਪਹਿਲ ਤਾਂ ਪਾਲ ਵਿਚਾਰ ਜੀ, ਜੀ ਭਾਬੀ ਜੀ ਕਰਕੇ ਤਰਲੇ ਮਿੰਨਤਾਂ ਜਿਹੀਆਂ ਕਰਦਾ ਰਿਹਾ ਕਿ "ਭਾਬੀ ਜੀ, ਤੁਸੀਂ ਇਥੇ ਐਨੀ ਉਚੀ-ਉਚੀ ਰੌਲਾ ਨਾ ਪਾਓ, ਪਲੀਜ਼ ਇਥੇ ਸਾਰੇ ਇੰਡੀਅਨ ਦਾ ਜਲੂਸ ਨਾ ਕੱਢੋ।" ਪਰ ਭੂਤਰੀ ਸਾਵੀ ਕਿੱਥੋਂ ਮੰਨੇ। ਸਾਵੀ ਜਾਣ ਬੁੱਝ ਕੇ ਪਾਲ ਸੈਣੀ ਨੂੰ ਪਰਵੋਕ (ਗੁੱਸਾ ਦੁਆ ਕੇ) ਕਰ ਰਹੀ ਸੀ ਕਿ ਗੁੱਸੇ ਵਿੱਚ ਆ ਕੇ ਉਹ ਮੇਰੇ ਤੇ ਹੱਥ ਚੁੱਕੇ ਤਾਂ ਮੈਂ ਅੱਗੋਂ ਕਲੇਸ਼ ਖੜਾ ਕਰਕੇ ਪੁਲਿਸ ਨੂੰ ਕਾਲ ਕਰਾਂ ਤੇ ਇਨ੍ਹਾਂ ਸਾਰਿਆਂ ਦਾ ਮੱਕੂ ਠਪਾਵਾਂ, ਨਹੀਂ ਤਾਂ ਘੱਟੋ ਘੱਟ ਮੇਰੇ ਕਲੇਸ਼ ਤੋਂ ਡਰਕੇ ਪਾਲ ਸੈਣੀ ਮੈਨੂੰ (ਬਲਬੀਰ) ਨੂੰ ਘਰੋਂ ਕੱਢ ਦੇਵੇ। ਉਲਟਾ ਪਾਲ ਸੈਣੀ ਨੇ ਸਾਵੀ ਨੂੰ ਧਮਕੀ ਦਿੱਤੀ, ਪਲੀਜ਼ ਛੇਤੀ ਮੇਰੇ ਅਪਾਰਟਮੈਂਟ ਚੋਂ ਚਲੇ ਜਾਓ, ਨਹੀਂ ਤਾਂ ਮੈਂ ਪੁਲਿਸ ਬੁਲਾਉਂਦਾ ਹਾਂ," ਇਹ ਸੁਣ ਕੇ ਸਾਵੀ ਥੋੜੀ ਜਿਹੀ ਠਿਠੰਬਰੀ। ਫੇਰ ਪਾਲ ਸੈਣੀ ਉਸਨੂੰ ਦਰਵਾਜ਼ਿਉਂ ਬਾਹਰ ਕੱਢਕੇ, ਆਪਣਾ ਅੰਦਰੋਂ ਦਰਵਾਜ਼ਾ ਲਾ ਲਿਆ। ਜਦੋਂ ਉਹ ਬਾਹਰ ਖੜਕੇ ਗੰਦ ਬਕਣੋਂ ਨਾ ਹਟੀ ਤਾਂ ਪਾਲ ਨੇ ਮੈਨੂੰ ਬੇਨਤੀ ਕੀਤੀ "ਪਲੀਜ਼ ਬਲਬੀਰ ਜੀ, ਇਹ ਤੁਹਾਡਾ ਘਰੇਲੂ ਮਾਮਲਾ ਹੈ। ਬੇਹਤਰ ਹੈ ਜੇ ਤੁਸੀਂ ਆਪ ਬਾਹਰ ਜਾ ਕੇ ਮਾਮਲੇ ਨੂੰ ਆਪ ਨਜਿੱਠੋ।" ਅੱਕ ਕੇ ਮੈਨੂੰ ਬਾਹਰ ਆਉਣਾ ਹੀ ਪਿਆ। ਸਾਵੀ ਨੂੰ ਮੈਂ ਜਿੰਨਾਂ ਵੀ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦਾ, ਉਸ ਜਾਣ ਕੇ ਹੋਰ ਉੱਚੀ ਚੀਕ ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਰੱਜ ਕੇ ਸ਼ਰੇਆਮ ਉਸ ਗੰਦੀਆਂ ਗਾਲਾਂ ਕੱਢੀਆਂ। ਜਾਣੋਂ ਉਸ ਮੈਨੂੰ ਕੱਖੋਂ ਹੌਲਾ ਕਰ ਦਿੱਤਾ ਹੋਵੇ। ਕੁੱਛੜ ਚੁੱਕਿਆ ਸੋਨੂੰ ਬੇਟਾ ਅਲੱਗ ਉਚੀ ਉੱਚੀ ਰੋਈ ਜਾਵੇ। ਸ਼ਾਇਦ ਇਸੇ ਲਈ ਸਾਵੀ ਉਸਨੂੰ ਨਾਲ ਲੈ ਕੇ ਆਈ ਸੀ ਕਿ ਲੋਕਾਂ ਦੀ ਉਸਨੂੰ ਹਮਦਰਦੀ ਮਿਲ ਸਕੇ ਤੇ ਮੈਨੂੰ ਹੋਰ ਵੀ ਦੁਸ਼ਟ, ਕਮੀਨਾ ਸਾਬਿਤ ਕਰ ਸਕੇ। ਬਸ ਮੈਂ ਤਾਂ ਇੱਕ ਵੱਡੇ ਗੁਨਾਹਗਾਰ ਵਾਂਗ ਬਾਰ ਬਾਰ ਉਸ ਅੱਗੇ ਹਥ ਜੋੜੀ ਜਾਂਦਾ ਸੀ ਕਿ "ਸਾਵੀ ਪਲੀਜ਼ ਰੱਬ ਦੇ ਵਾਸਤੇ ਸ਼ਾਂਤ ਹੋ ਜਾ। ਆਪਣਾ ਤੇ ਸਾਰੀ ਇੰਡੀਆ ਬਿਰਾਦਰੀ ਦਾ ਜਲੂਸ ਨਾ ਕੱਢ।" ਪਰ ਉਹ ਤਾਂ ਗੁੱਸੇ ਵਿੱਚ ਜਾਣੋਂ ਆਪਣੇ ਕੱਪੜਿਆਂ ਤੋਂ ਬਾਹਰ ਹੋਈ ਨੇ ਮੈਨੂੰ ਵੀ ਕੱਪੜੇ ਲਾਹੁਣ ਤੇ ਮਜ਼ਬੂਰ ਕਰ ਦਿੱਤਾ। ਕਹੇ, "ਲਾਹ ਮੇਰਾ ਲੈ ਕੇ ਦਿੱਤਾ ਟਰੈਕ ਸੂਟ। ਮੈਨੂੰ ਨਹੀਂ ਪਤਾ, ਬਸ ਹੁਣੇ ਇਥੇ ਹੀ ਲਾਹ ਦੇ।" ਕਹਿੰਦਿਆਂ ਕਹਿੰਦਿਆਂ ਉਸ ਨੇ ਮੇਰੇ ਗਲ ਪਿਆ ਟੋਪ ਪਲਾਂ ਛਿਨਾਂ ਵਿੱਚ ਖਿੱਚ-ਖਿੱਚ ਕੇ ਲੀਰੋ-ਲੀਰ ਕਰ ਦਿੱਤਾ ਤੇ ਮੈਂ ਅਤਿ ਨਿਮਾਣਿਆਂ ਵਾਂਗ ਇਕੱਲਾ ਅੰਡਰਵੀਅਰ ਪਾਈ ਕੈਲੀਡੋਰ ਵਿੱਚ ਸਿਰ ਨੀਵਾਂ ਕਰਕੇ ਖੜਾ ਸੀ। ਬਾਹਰ ਖੜੇ ਸਾਰੇ ਲੋਕ ਮੇਰੇ ਤੇ ਹੱਸ ਰਹੇ ਸਨ। ਸਾਵੀ ਜਾਂਦੇ-ਜਾਂਦੇ ਇਹ ਕਹਿ ਗਈ ਸੀ "ਵੇਖੀਂ ਕੰਜਰਾ, ਕੁੱਤਿਆ, ਕਮੀਨਿਆ, ਜਦੋਂ ਮੈਂ ਇਸ ਲੀਰਾਂ ਹੋਏ ਟਰੈਕ ਸੂਟ ਨਾਲ ਆਪਣੀ ਕਾਰ ਸਾਫ਼ ਕੀਤੀ ਤਾਂ ਮੇਰੇ ਕਲੇਜੇ ਨੂੰ ਠੰਡ ਪਊ।" ਵਿਚਾਰੇ ਸੋਨੂੰ ਬੇਟੇ ਨੂੰ ਓਦਾਂ ਹੀ ਰੋਂਦੇ ਨੂੰ ਘਸੀਟਦੀ ਜਾ ਰਹੀ ਸੀ ਤੇ ਉਸਦੇ ਮੂੰਹ ਵਿਚੋਂ ਉਵੇਂ ਹੀ ਜ਼ਹਿਰ ਦੀ ਝੱਗ ਡਿੱਗ ਰਹੀ ਸੀ। ਜਾਣੋਂ ਅੱਜ ਵੀ ਸ਼ਰਾਪ ਮੇਰੇ ਸਿਰ ਚੜਕੇ ਬੋਲ ਰਿਹਾ ਹੋਵੇ। ਜਿਸਦਾ ਸੰਤਾਪ ਮੇਰੇ ਭੈਣ ਭਰਾਵਾਂ ਨੂੰ ਵੀ ਨਾਲ-ਨਾਲ ਹੰਢਾਉਣਾ ਪਿਆ ਹੋਵੇ। ਜਿਵੇਂ ਉਨ੍ਹਾਂ ਨੂੰ ਮੇਰੀ ਮਦਦ ਕਰਨ ਦਾ ਦੰਡ ਮਿਲ ਰਿਹਾ ਹੋਵੇ। ਤਕਰੀਬਨ ਸੱਤ ਸਾਲ ਸਟੋਰ ਵਾਲਾ ਮੁਕੱਦਮਾ ਚੱਲਦਾ ਰਿਹਾ। ਜਿਵੇਂ ਅਸੀਂ ਕਾਮਧੇਨੂ ਗਊ ਮਾਤਾ ਦੇ ਘੁੱਟਕੇ ਸਿੰਘ ਫੜੇ ਹੋਣ ਤੇ ਦੂਜੀ ਪਾਰਟੀ ਨੇ ਆਪਣੇ ਪੂਰੇ ਤਾਣ ਨਾਲ ਪੂੰਛ ਖਿਚੀ ਹੋਵੇ ਤੇ ਦੋਵੇਂ ਪਾਸੇ ਦੇ ਲਾਲਚੀ ਤੇ ਲੁੱਚੇ ਵਕੀਲ ਆਰਾਮ ਨਾਲ ਆਪਣੀਆਂ ਅਪਣੀਆਂ ਦੁੱਧ ਦੀਆਂ ਬਾਲਟੀਆਂ ਭਰੀ ਜਾਂਦੇ ਹੋਣ। ਦੋਨੋਂ ਵਕੀਲ ਦੋਨਾਂ ਪਾਰਟੀਆਂ ਤੋਂ ਲੱਖ ਲੱਖ ਡਾਲਰ ਐਵੇਂ ਡਕਾਰ ਗਏ। ਦੋਨਾਂ ਹੀ ਪਾਰਟੀਆਂ ਦਾ ਪੂਰਾ ਥੱਲਾ ਲੱਗ ਗਿਆ। ਸਟੋਰ ਕਿਸੇ ਦੇ ਵੀ ਹੱਥ ਨਾ ਆਇਆ। ਸਟੋਰ ਤੇ ਸਦਾ ਲਈ ਕੁਰਕੀ ਦਾ ਤਾਲਾ ਲੱਗ ਗਿਆ।

ਇਸੇ ਤਰ੍ਹਾਂ ਸਾਵੀ ਵਾਲੇ ਮੁਕੱਦਮੇਂ ਵਿੱਚ ਜਦੋਂ ਮੇਰੇ ਵਕੀਲ ਨੇ ਪਿਛਲੀਆਂ ਸਾਰੀਆਂ ਗੱਲਾਂ ਤੇ ਰਸੀਦਾਂ, ਪੇਅਡ ਚੈੱਕ ਦੀਆਂ ਫੋਟੋ ਕਾਪੀਆਂ, ਮੇਰਾ ਹੁਣ ਦਾ ਬੈਂਕ ਬੈਲੈਂਸ, ਸਟੋਰ ਦੇ ਸਾਰੇ ਕਾਗਜ਼ਾਤ ਤੇ ਮੇਰੀ ਮੌਜੂਦਾ ਖਸਤਾ ਹਾਲਤ ਬਾਰੇ

ਦੱਸਿਆ ਤੇ 8-9 ਵਗਾਹ ਮੇਰੇ ਹੱਕ ਵਿੱਚ ਭੁਗਤਾਏ ਤਾਂ ਜੱਜ ਨੂੰ ਸਾਰੀ ਗੱਲ ਦਾ ਚਾਨ੍ਹਣ ਹੋ ਗਿਆ। ਇਸਦੇ ਉਲਟ ਸਾਵੀ ਕੋਲ ਉਸ ਵੇਲੇ ਕਰੋੜਾਂ ਦੀ ਆਪਣੀ ਜਾਇਦਾਦ ਤੇ ਲੱਖਾਂ ਡਾਲਰ ਬੈਂਕ ਬੈਲੈਂਸ ਸੀ ਜਿਸਨੂੰ ਉਸਨੇ ਆਪਣੀ ਰਿਟਨ ਰਿਪੋਰਟ ਵਿੱਚ ਕੋਰਟ ਤੋਂ ਛੁਪਾਇਆ ਸੀ ਤੇ ਮੇਰੇ ਤੇ ਆਰੋਪ ਵੀ ਲਾਇਆ ਸੀ ਕਿ ਇਸਨੇ ਮੈਨੂੰ ਅੱਜ ਤਾਈਂ ਚਾਈਲਡ ਸੱਪੋਰਟ ਵਜੋਂ ਇੱਕ ਸੈਂਟ ਵੀ ਨਹੀਂ ਦਿੱਤਾ। ਜਦ ਜੱਜ ਸਾਹਿਬ ਨੇ ਦੋਨਾਂ ਪਾਸਿਆਂ ਦਾ ਪੂਰਾ ਵੇਰਵਾ ਲਿਆ ਤਾਂ ਜੱਜ ਸਾਹਿਬ ਨੇ ਉਲਟਾ ਸਾਵੀ ਨੂੰ ਝੂਠ ਅਤੇ ਫਰਾਡ ਦੇ ਕੇਸ ਵਿੱਚ ਚਾਰਜ ਕਰਕੇ ਸਾਵੀ ਨੂੰ ਭਾਰੀ ਜ਼ੁਰਮਾਨਾ ਪਾ ਦਿੱਤਾ। ਜਿਸ ਦਿਨ ਜਿਸ ਵੇਲੇ ਮੈਂ ਇਥੇ ਕੋਰਟ ਵਿੱਚ ਇਸ ਮੁਕੱਦਮੇ ਦੀ ਤਾਰੀਖ ਭੁਗਤ ਰਿਹਾ ਸੀ, ਉਸੇ ਹੀ ਦਿਨ ਇੰਡੀਆ ਵਿੱਚ ਮੇਰੇ ਪਿਤਾ ਜੀ ਦੀ ਅੰਤਿਮ ਸੰਸਕਾਰ ਕਰਨ ਦੀਆਂ, ਬੇਗਾਨੇ ਲੋਕ ਤਿਆਰੀਆਂ ਕਰ ਰਹੇ ਸਨ। ਕੋਰਟ ਦੀ ਕਾਰਵਾਈ ਮੁੱਕੀ ਹੀ ਸੀ ਜਾਣੋਂ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਹੋਵੇ। ਮੇਰੀਆਂ ਕੋਰਟ ਰੂਮ ਵਿੱਚ ਹੀ ਧਾਹਾਂ ਨਿੱਕਲ ਗਈਆਂ। ਜਦ ਜੱਜ ਸਾਹਿਬ ਨੇ ਮੇਰੇ ਵਕੀਲ ਨੂੰ ਮੇਰੇ ਇਉਂ ਉੱਚੀ-ਉਚੀ ਵੱਡੇ ਭਾਜੀ ਦੇ ਗਲ ਲੱਗ ਕੇ ਰੋਣ ਦਾ ਕਾਰਨ ਪੁੱਛਿਆ ਤਾਂ ਮੇਰੇ ਵਕੀਲ ਨੇ ਦੱਸਿਆ, " ਜੱਜ ਸਾਹਿਬ, ਅੱਜ ਹੀ ਬਲਬੀਰ ਸਿਕੰਦ ਦੇ ਪਿਤਾ ਜੀ ਚੱਲ ਬਸੇ ਹਨ ।" ਤਾਂ ਜੱਜ ਨੇ ਕਿਹਾ, ਓ, ਆਈ ਐਮ ਸੌਰੀ ਮਿ: ਸਿਕੰਦ!" ਫੇਰ ਜੱਜ ਸਾਹਿਬ ਨੇ ਤੁਰੰਤ ਸਾਵੀ ਨੂੰ ਆਦੇਸ਼ ਦਿੱਤਾ "ਫ਼ਾਰ ਦੀ ਸੇਕ ਆਫ਼ ਹਯੂਮੈਨਿਟੀ,ਜਿਨ੍ਹੇ ਵੀ ਇਸ ਵੇਲੇ ਕੋਰਟ ਵਿੱਚ ਹਨ, ਅਸੀਂ ਸਾਰੇ ਇੱਕ ਮਿੰਟ ਲਈ ਖੜੇ ਹੋਵਾਂਗੇ,ਫ਼ਾਰ ਹਿੱਲ਼ ਫ਼ਾਦਰਜ਼ ਸੋਲ" ਉਨ੍ਹਾਂ ਸਾਰਿਆਂ ਨੇ ਇੱਕ ਮਿੰਟ ਲਈ ਮੇਰੇ ਸਵਰਗਵਾਸੀ ਪਿਤਾ ਲਈ ਵਿਦੇਸ਼ ਵਿੱਚ ਖੜੇ ਹੋ ਕੇ ਜਾਣੋਂ ਸਾਰੀ ਮਨੁੱਖਤਾ ਦਾ ਸਿਰ ਉੱਚਾ ਕਰ ਦਿੱਤਾ ਹੋਵੇ। ਬਾਹਰ ਨਿਕਲ ਕੇ ਸਾਰੇ ਦੁਚਿੱਤੀ ਵਿੱਚ ਚੁੱਪ ਹੀ ਧਾਰ ਗਏ ਕਿ ਹੁਣ ਇਸ ਨੂੰ ਕੇਸ ਜਿੱਤਣ ਦੀ ਵਧਾਈ ਦੇਈਏ ਕਿ ਇਸਦੇ ਪਿਤਾ ਜੀ ਦੇ ਪੂਰੇ ਹੋਣ ਦਾ ਅਫ਼ਸੋਸ ਕਰੀਏ। ਅਸੀਂ ਦੋਵੇਂ ਭਰਾ ਅੱਜ ਤਾਜ਼ੇ ਤਾਜ਼ੇ ਯਤੀਮ ਹੋਏ ਸਭ ਅੱਗੇ ਸਿਰ ਝੁਕਾਈ ਖੜੇ ਸਾਂ। ਪਿਛਲੇ ਵੀਹ ਸਾਲ ਤੋਂ ਬੇਟੇ ਦੀ ਸ਼ਕਲ ਤੱਕ ਨਹੀਂ ਦੇਖੀ। ਭਾਂਵੇਂ ਉਸਦੇ ਲਈ ਅੱਜ ਤਾਂਈ ਮੁਕੱਦਮੇ ਭੁਗਤ ਰਿਹਾ ਹਾਂ। ਉਸਦੀ ਇੱਕ ਵਾਰੀ ਮੈਨੂੰ ਡੈਡੀ ਕਹਿਣ ਦੀ ਆਵਾਜ਼ ਨੂੰ ਮੈਂ ਤਰਸਦਾ ਰਿਹਾ ਹਾਂ ਤੇ ਤਰਸਦਾ ਹੀ ਰਹਾਂਗਾ। ਹੁਣ ਤਾਂ ਉਸਦਾ ਵਿਆਹ ਵੀ ਹੋ ਗਿਆ ਏ। ਸੁਖ ਨਾਲ ਅੱਗੋਂ ਉਸਦੇ ਦੋ ਬੱਚੇ ਵੀ ਹਨ। ਇੱਕ ਹੀ ਸ਼ਹਿਰ ਵਿੱਚ ਰਹਿ ਕੇ ਵੀ ਅਸੀਂ ਇੱਕ ਦੂਜੇ ਲਈ ਅਜਨਬੀ ਹਾਂ। ਕਦੇ ਸਾਵੀ ਨੇ ਕਿਹਾ ਸੀ ਕਿ "ਅੱਜ ਮੈਂ ਆਪਣੀ ਹਿੱਕ ਦੇ ਜ਼ੋਰ ਨਾਲ ਤੈਥੋਂ ਆਪਣਾ ਬੱਚਾ ਖੋਹਿਆ ਹੈ। ਵੇਖੀਂ ਕੰਜਰਾ, ਮੈਂ ਤੇਰੇ ਹੀ ਖ਼ੂਨ ਤੇ ਤੇਰੇ ਹੀ ਬੱਚੇ ਦੇ ਜ਼ਿਹਨ ਵਿੱਚ ਹੌਲੀ-ਹੌਲੀ ਐਨਾ ਜ਼ਹਿਰ ਭਰੂੰਗੀ ਕਿ ਉਹ ਕਦੀ ਤੇਰੀ ਸ਼ਕਲ ਤੱਕ ਦੇਖਣਾ ਗਵਾਰਾ ਨਹੀਂ ਕਰੇਗਾ। ਤੇਰੀ ਲਾਸ਼ ਨੂੰ ਮੋਢਾ ਦੇਣਾ ਤਾਂ ਦੂਰ ਦੀ ਗੱਲ ਹੈ, ਉਹ ਤੇਰੀ ਲਾਸ਼ ਤੇ ਥੁੱਕਣਾ ਵੀ ਆਪਣੀ ਤੌਹੀਨ ਸਮਝੇਗਾ।" ਸੋ ਸਭ ਦੀ ਆਪਣੀ ਆਪਣੀ ਸੋਚ ਹੈ। ਜੋ ਸਾਵੀ ਨੇ ਕਦੀ ਕਿਹਾ ਸੀ ਸੱਚ ਕਰ ਦਿਖਾਇਆ। ਸੋ ਅੱਜ ਵੀ ਮੈਂ ਅਪਾਣੇ ਬੇਟੇ ਅਤੇ ਉਸਦੇ ਸਾਰੇ ਪਰਿਵਾਰ ਲਈ ਰੋਜ਼ ਅਰਦਾਸ ਜੋਦੜੀ ਕਰਦਾ ਹਾਂ, "ਹੇ ਦਾਤਿਆ, ਜਿਥੇ ਵੀ ਵਸੇ ਮੇਰਾ ਬੱਚਾ ਸਦਾ ਖ਼ੁਸ਼ ਤੇ ਚੜ੍ਹਦੀਆਂ ਕਲਾਂ ਵਿੱਚ ਰਹੇ। ਆਮੀਨ।" ਭਾਂਵੇਂ ਮੈਂ ਆਪ ਉਸ ਸ਼ਰਾਪ ਦਾ ਸੰਤਾਪ ਹੰਢਾਂਉਂਦਿਆਂ ਹੰਢਾਉਂਦਿਆਂ ਥੱਕ ਕੇ ਚਕਨਾ ਚੂਰ ਹੋ ਚੁੱਕਾ ਹਾਂ। ਵੈਸੇ ਵੀ ਹੁਣ ਉਮਰ ਦਾ ਆਖਰੀ ਪੜਾਅ ਆ ਗਿਆ ਹੈ। ਹਰ ਰੋਜ਼, ਹਰ ਸਾਹ ਆਪਣੀ ਮੌਤ ਉਡੀਕਦਾ ਹਾਂ। ਹਰ ਵੇਲੇ ਦਾਤੇ ਅੱਗੇ ਆਪਣੇ ਲਈ ਇਹੀ ਅਰਦਾਸ ਕਰਦਾ ਹਾਂ ਕਿ "ਦਾਤਿਆ, ਮੇਰੇ ਤੇ ਕਰਮ ਕਰੀ। ਮੈਨੂੰ ਚਲਦਾ ਫਿਰਦਾ ਹੀ ਚੱਕ ਲਈਂ। ਕਦੇ ਕਿਸੇ ਦਾ ਅਜਾ ਨਾ ਬਣਾਈ। ਕਿਉਂਕਿ ਮੈਨੂੰ ਇਕੱਲੇ ਨੂੰ ਤਾਂ ਕੋਈ ਪਾਣੀ ਦੇਣਾ ਵਾਲਾ ਵੀ ਨਹੀਂ।"

## ਗੁੜ

ਗੁੜ ਸਾਡੀ ਸਭਿਅਤਾ, ਸੰਸਕਾਰ, ਭਾਈਚਾਰੇ ਅਤੇ ਰੋਜ਼ ਮੱਰਾ ਦੀ ਜ਼ਿੰਦਗੀ ਦਾ ਅਣਵਿਛੜਵਾਂ ਅੰਗ ਹੈ। ਇਸਦੀ ਸਾਂਝ ਸਾਡੀਆਂ ਰਸਮਾਂ, ਰਿਵਾਜਾਂ ਖਾਸ ਕਰਕੇ ਸਾਡੀਆਂ ਖੁਸ਼ੀਆਂ ਨਾਲ ਪੂਰੀ ਤਰ੍ਹਾਂ ਗੁੜੱਤ ਹੈ। ਕੋਈ ਵੀ ਨਿੱਕੀ ਤੋਂ ਨਿੱਕੀ ਖੁਸ਼ੀ ਹੋਵੇ ਤਾਂ ਸਾਡੇ ਮੂੰਹੋਂ ਆਪ ਮੁਹਾਰੇ ਹੀ ਨਿੱਕਲ ਜਾਂਦਾ ਹੈ ਕਿ ਭਾਈ ਗੁੜ ਵੰਡੋ ਜੀ। ਇਹ ਵੱਖਰੀ ਗੱਲ ਹੈ ਜਿਉਂ ਜਿਉਂ ਸਾਡਾ ਸਭਿਆਚਾਰ ਨਿਖੜਦਾ ਗਿਆ ਗੁੜ ਦੀ ਮਿੱਠਤ ਨੇ ਕਈ ਤਰ੍ਹਾਂ ਦੀਆਂ ਮਿਠਾਈਆਂ, ਕੇਕ, ਪੇਸਟਰੀਆਂ, ਚਾਕਲੇਟਾਂ, ਟਾਫ਼ੀਆਂ ਅਤੇ ਕਈ ਤਰ੍ਹਾਂ ਦੇ ਸ਼ਰਬਤਾਂ ਆਦਿ ਨੂੰ ਜਨਮ ਦਿੱਤਾ। ਜਾਣੋਂ ਅੱਜ ਮਿੱਠੇ ਬਿਨ੍ਹਾਂ ਸਾਡਾ ਸਾਰਾ ਜਗਤ ਅਧੂਰਾ ਤੇ ਫਿੱਕਾ ਹੈ। ਜਾਣੋਂ ਅੱਜ ਮਿੱਠੇ ਦੀ ਐਨੀ ਵਧੀ ਤਾਂਘ ਨੇ ਫੁੱਲਾਂ-ਫ਼ਲਾਂ, ਸਬਜ਼ੀਆਂ ਦੇ ਨਾਲ-ਨਾਲ ਵਿਚਾਰੀਆਂ ਮੱਖੀਆਂ ਦਾ ਸ਼ਹਿਦ ਵੀ ਨਹੀਂ ਬਖ਼ਸ਼ਿਆ। ਹੁਣ ਇਸਦੀ ਵੱਧਦੀ ਖਪਤ ਨੂੰ ਪੂਰਾ ਕਰਨ ਲਈ ਬੜੀਆਂ ਬੜੀਆਂ ਖੰਡ ਮਿਲਾਂ ਹੋਂਦ ਵਿੱਚ ਆ ਗਈਆਂ ਨੇ।

ਹੌਲੀ-ਹੌਲੀ ਮਿੱਠੇ ਦਾ ਸਵਾਦ ਸਾਡੀ ਜ਼ਿੰਦਗੀ ਵਿੱਚ ਇਸ ਕਦਰ ਘੁਲਿਆ ਕਿ ਹੁਣ ਅਸੀਂ ਸਿਰਫ਼ ਰਸਨਾਂ ਦੇ ਸੁਆਦ ਤੱਕ ਹੀ ਸੀਮਿਤ ਨਹੀਂ ਰਹੇ ਸਗੋਂ ਮਿੱਠਤ ਸਾਡੀਆਂ ਤਸ਼ਵੀਆਂ ਦਾ ਵੀ ਅੰਗ ਬਣ ਗਈ ਏ। ਜਿਵੇਂ ਕੰਨ ਰਸ ਨੂੰ ਹੀ ਲੈ ਲਈਏ, ਬੜੀ ਹੀਂ ਮੱਠੀ ਬਾਣੀ ਹੈ, ਬੜਾ ਹੀਂ ਮੱਠ ਬੋਲੜਾ ਹੈ, ਕਿੰਨਾ ਮਿੱਠਾ ਸੰਗੀਤ ਹੈ, ਕਿੰਨੀ ਮਿੱਠੀ ਲੋਰੀ, ਕਿੰਨੀ ਮਿੱਠੀ ਨੀਂਦ, ਕਿੰਨੀਂ ਮੱਠੀ ਯਾਦ, ਕਿੰਨੀ ਮਿੱਠੀ ਪੁਰੇ ਦੀ ਵਾ ਪਈ ਵੱਗਦੀ ਏ। ਪਤਾ ਨਹੀਂ ਕੀ ਕੀ ਇਸ ਮਿੱਠਤ ਨਾਲ ਜੁੜਿਆ ਹੈ। ਸ਼ਾਇਦ ਇਸੇ ਲਈ ਸਾਡੇ ਮਹਾਨ ਰਹਿਬਰ ਬਾਬਾ ਨਾਨਕ ਜੀ ਦਾ ਅਮਰ ਕਥਨ ਹੈ ਜੋ ਦੁਨੀਆਂ ਦੀ ਹਰ ਸੱਚਾਈ ਤੇ ਭਾਰੂ ਹੈ, ਤੇ ਭਾਰੂ ਹੀ ਰਹੇਗਾ ਕਿ,

ਮਿੱਠਤ ਨੀਵੀਂ ਨਾਨਕਾ,
ਗੁਣ ਚੰਗਿਆਈਆਂ ਤੱਤਿ॥

ਇਸੇ ਤਰ੍ਹਾਂ ਗੁੜ ਵਾਂਗ ਆਪਣੀ ਸ਼ਖ਼ਸੀਅਤ ਨਿਖਾਰ ਕੇ ਆਪਣੇ ਆਪ ਨੂੰ ਉੱਚਾ ਤੇ ਸੁੱਚਾ ਉਭਾਰਨ ਲਈ ਪਤਾ ਨਹੀਂ ਕਿਹੜੀਆਂ ਕਿਹੜੀਆਂ ਘਾਲਣਾਂ ਆਪਣੇ ਪਿੰਡੇ ਤੇ ਘਾਲਣੀਆਂ ਪੈਂਦੀਆਂ ਨੇ। ਸੂਈ ਦੇ ਨੱਕੇ ਵਿਚੋਂ ਆਪਣੇ ਮਨਚਲੇ ਹਾਥੀ ਵਰਗੇ ਮਨ ਨੂੰ ਲੰਘਾਉਣਾ ਪੈਂਦਾ ਹੈ। ਤਾਂ ਜਾ ਕੇ ਨਾਮੜੇ ਦੀ ਟੀਸੀ ਤੇ ਬੰਦਾ ਪਹੁੰਚਦਾ ਹੈ ਤੇ ਫੇਰ ਇਸ ਟੀਸੀ ਤੇ ਸਦਾ ਬਿਰਾਜਮਾਨ ਰਹਿਣ ਲਈ, ਉਸ ਬੰਦੇ ਨੂੰ ਹਰ ਪਲ ਹਰ ਸਾਹ ਯਤਨਸ਼ੀਲ ਰਹਿਣਾ ਪੈਂਦਾ ਹੈ।

ਇਸੇ ਤਰ੍ਹਾਂ ਗੰਨੇ ਤੋਂ ਗੁੜ ਬਣਨ ਦੀ ਕਰੜੀ ਕਿਰਿਆ ਬਾਰੇ ਮੈਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ ਜਦੋਂ ਮੈਂ ਮਸੀਂ 9-10 ਸਾਲਾਂ ਦਾ ਮਸੂਮੜਾ ਜਿਹਾ ਬੱਚਾ ਸੀ। ਤੀਜੀ ਜਾਂ ਚੌਥੀ ਵਿੱਚ ਆਪਣੇ ਹੀ ਪਿੰਡ ਦੇ ਪ੍ਰਾਈਮਰੀ ਸਕੂਲ ਵਿੱਚ ਪੜ੍ਹਦਾ ਸੀ। ਸ਼ਾਇਦ ਮੈਂ ਆਪਣੇ ਮਾਂ ਬਾਪ ਤੇ ਭੈਣ ਭਰਾਵਾਂ ਤੋਂ ਦੂਰ ਇਕੱਲਾ ਹੀ ਆਪਣੇ ਤਾਇਆ ਜੀ ਕੋਲ ਪਿੰਡ ਵਿੱਚ ਰਹਿੰਦਾ ਸੀ। ਭਰ ਸਿਆਲਾਂ ਦੀ ਰੁੱਤ ਸੀ। ਬਿਲਕੁਲ ਸਾਡੇ ਘਰ ਦੇ ਸਾਹਮਣੇ ਵੱਡੇ ਸਾਰੇ ਬਾੜੇ ਵਿੱਚ ਵੇਲਣਾ (ਕਲ੍ਹਾੜੀ) ਗੱਡਿਆ ਹੋਇਆ ਸੀ। ਵੇਲਣੇ ਦੇ ਨੇੜੇ ਹੀ ਇੱਕ ਵੱਡਾ ਸਾਰਾ ਕਾਨ੍ਹਿਆਂ ਦੀ ਛੱਤ ਵਾਲਾ ਵੱਡਾ ਸਾਰਾ ਢਾਰ ਬਣਿਆ ਹੋਇਆ ਸੀ। ਜਿਸਦੇ ਇੱਕ ਪਾਸੇ ਵੱਡਾ ਸਾਰਾ ਰਸ ਦਾ ਕੜਾਹਾ ਵੱਡੀ ਸਾਰੀ ਭੱਠੀ ਤੇ ਰੱਖਿਆ ਹੋਇਆ ਸੀ। ਇਸ ਭੱਠੀ ਦੇ ਇੱਕ ਪਾਸੇ ਉੱਚੀ ਜਿਹੀ ਧੂੰਆ ਨਿਕਲਣ ਲਈ ਚਿਮਨੀ ਬਣੀ ਹੋਈ ਸੀ। ਦੂਜੇ ਪਾਸੇ ਡੂੰਘਾ ਜਿਹਾ ਟੋਇਆ ਮੱਟ ਕੇ, ਭੱਠੀ ਥੱਲ੍ਹੇ ਝੋਕਾ ਸਾੜਨ ਲਈ ਕੜ੍ਹਾਹੇ ਥੱਲੇ ਦੋ ਕੁ ਫੁੱਟ ਆਕਾਰ ਦਾ ਇੱਕ ਮਘੋਰਾ ਰੱਖਿਆ ਹੋਇਆ ਸੀ। ਬਿਲਕੁਲ ਕੜਾਹੇ ਦੇ ਕੋਲ ਦੋ ਵੱਡੇ ਵੱਡੇ ਲੱਕੜ ਦੇ ਗੱਢ (ਵੱਡੇ ਸਾਰੇ ਥਾਲ ਵਰਗੇ) ਪਏ ਹੁੰਦੇ ਸਨ। ਜਿਨ੍ਹਾਂ ਵਿੱਚ ਗਾੜਾ ਗਾੜਾ ਤੱਤਾ ਤੱਤਾ ਗੁੜ ਪਾ ਦਿੰਦੇ ਸਨ ਤੇ ਖਾਲੀ ਕੜਾਹੇ ਵਿੱਚ ਇਕੱਠੀ ਕੀਤੀ ਰਸ ਫਟਾਫਟ ਉਡੇਲ ਦਿੰਦੇ ਸਨ। ਜਿਨੀਂ ਦੇਰ ਵਿੱਚ ਮੁੜਕੇ ਰਸ ਉਬਲਣ ਲੱਗਦੀ। ਗੰਢ ਵਿੱਚ ਪਿਆ ਗੁੜ ਥੋੜਾ ਆਠਰ ਜਾਂਦਾ ਤੇ ਫੇਰ ਉਸਦੀਆਂ ਕਿਸੇ ਵਿਛੇ ਕੱਪੜੇ ਉੱਤੇ ਕਿਸੇ ਲੱਕੜ ਦੀ ਬਣੀ ਰੰਬੀ ਨੁਮਾ ਫੱਟੀ ਨਾਲ ਛੋਟੀਆਂ ਛੋਟੀਆਂ ਪੇਸ਼ੀਆ ਲਾਹੀ ਜਾਂਦੇ। ਹਰ ਇਲਾਕੇ ਦਾ ਗੁੜ ਬਣਾਉਣ ਦਾ ਆਪਣਾ ਆਪਣਾ ਅੰਦਾਜ਼ ਹੁੰਦਾ ਹੈ। ਕੋਈ ਛੋਟੀਆਂ ਛੋਟੀਆਂ ਪੇਸੀਆਂ ਪਾਉਂਦਾ ਹੈ, ਕਿਤੇ ਤਿੰਨ ਤਿੰਨ ਕਿੱਲੋ ਦੀਆਂ ਪੇਲੀਆਂ ਬਣਾਉਂਦੇ। ਇਸੇ ਤਰ੍ਹਾਂ ਰਸ ਨਿਖਾਰਣ ਦੇ ਵੀ ਆਪਣੇ ਆਪਣੇ ਤਰੀਕੇ ਨੇ, ਕਈ ਤਾਂ ਸਿੱਧਾ ਤੇ ਚਾਲੂ ਕੰਮ ਕਰਦੇ, ਬਸ ਮਿੱਠਾ ਸੋਢਾ ਪਾ ਕੇ ਗੁੜ ਨੂੰ ਚਿੱਟਾ ਕਰ ਲੈਂਦੇ ਜੋ ਖਾਣ ਵਿੱਚ ਰਤਾ ਵੀ ਸੁਆਦ ਨਹੀਂ ਸੀ ਦਿੰਦਾ। ਕਿਤੇ ਕਿਤੇ ਵਧੀਆ ਘਰ ਖਾਣ ਲਈ ਗੁੜ ਬਣਾਉਣ ਵਾਲੇ ਨਿਖਾਰ ਵਜੋਂ ਸੁੱਕੀਆਂ ਭਿੰਡੀਆਂ ਦੇ ਸੁੱਕੇ ਪੌਦੇ ਉਬਲਦੀ ਰਸ ਵਿੱਚ ਪਾ ਦਿੰਦੇ ਤੇ ਗੁੜ ਗਾੜੇ ਸੋਨੇ ਰੰਗ ਦਾ ਬਣਦਾ ਜੋ ਕਈ-ਕਈ ਸਾਲ ਉਵੇਂ ਹੀ ਸਖ਼ਤ ਤੇ ਨਿੱਘਰ ਰਹਿੰਦਾ ਤੇ ਇਸਦਾ ਕਣ ਵੀ ਉਵੇਂ ਹੀ ਸੁਆਦਲਾ ਰਹਿੰਦਾ। ਪਰ ਤੱਤਾ-ਤੱਤਾ ਗੁੜ ਕਿਸੇ ਪਿੱਪਲ ਦੇ ਪੱਤੇ ਪੁਆ ਕੇ ਜਾਂ ਕਿਸੇ ਸ਼ਿਸ਼ਰੇ ਦੇ ਪੱਤੇ ਤੇ ਖਾਣ ਦਾ ਇੱਕ ਆਪਣਾ ਹੀ ਸੁਆਦ ਹੈ। ਖਾਸ ਕਰਕੇ ਪੇਂਡੂ ਵਰਗ ਦੇ ਲੋਕਾਂ ਲਈ ਤਾਂ ਸੁਆਦ ਸਾਰੀ ਦੁਨੀਆਂ ਦੀਆਂ ਮਿਠਾਈਆਂ ਤੋਂ ਕਿਤੇ ਉੱਤੇ ਹੈ। ਇਸਦੀ ਮਿੱਠਤ ਦੀ ਇੱਕ ਆਪਣੀ ਹੀ ਲੱਜ਼ਤ ਹੈ। ਜਾਣੋਂ ਗੁੜ ਦੀ ਮਿੱਠੀ ਯਾਦ ਅੱਜ ਵੀ ਮੂੰਹ ਵਿੱਚ ਆਪਣੀ ਮਿੱਠਤ ਰਸ ਘੋਲ ਦਿੰਦੀ ਹੈ। ਭਾਂਵੇਂ ਅੱਜ ਕੱਲ 50 ਸਾਲ ਦੀ ਉਮਰ ਦੇ 80% ਵਡੇਰਿਆਂ ਨੂੰ ਡਾਕਟਰ ਕਹਿੰਦਾ ਹੈ, "ਤੁਹਾਡੇ ਲਈ ਗੁੜ ਖਾਣਾ ਜ਼ਹਿਰ ਦੇ ਬਰਾਬਰ ਹੈ।" ਪਰ ਕੋਈ ਵੀ ਅਸਲ ਪੰਜਾਬੀ ਗੁੜ ਖਾਣੋ ਨਹੀਂ ਟਲ ਸਕਦਾ ਭਾਂਵੇਂ ਕਾਲ ਟਲੇ ਨਾ ਟਲੇ। ਸ਼ਾਇਦ ਇਸੇ ਲਈ ਪੰਜਾਬੀਆਂ ਇਸ ਕਹਾਵਤ ਨੂੰ ਅਜ੍ਹੇ ਤਾਈਂ ਜੀਉਂਦਾ ਰੱਖਿਆ ਹੈ ਕਿ "ਇਕ ਵਾਰ ਗੁੜ ਰੱਬ ਕੋਲ ਆਪਣੀ ਫ਼ਰਿਆਦ ਲੈ ਕੇ ਗਿਆ ਕਿ ਰੱਬਾ ਮੈਨੂੰ ਕਿਉਂ ਤੁਸਾਂ ਐਨਾ ਮਿੱਠਾ ਬਣਾਇਆ। ਸਭ ਮੈਨੂੰ ਖਾਉਣ ਨੂੰ ਹੀ ਪੈਂਦੇ ਨੇ। ਕੋਈ

ਨਹੀਂ ਬਖ਼ਸ਼ਦਾ। ਅੱਗੋਂ ਰੱਬ ਨੇ ਵੀ ਹੱਸ ਕੇ ਇਹ ਹੀ ਕਿਹਾ ਸੀ, ਜਾ, ਚਲਿਆ ਜਾ, ਨਹੀਂ ਤਾਂ ਮੇਰਾ ਵੀ ਤੈਨੂੰ (ਗੁੜ) ਖਾਣ ਨੂੰ ਜੀ ਕਰ ਆਇਆ ਏ।" ਸ਼ਾਇਦ ਇਸੇ ਲਈ ਕਿਸਾਲ ਤੇ ਕਾਮੇ ਵੀਰਾਂ ਦਾ ਗੁੜ ਅੱਧਾ ਵੈਧ ਹੈ। ਜੇਠ ਹਾੜ ਦੀਆਂ ਵਾਢੀਆਂ ਦੇ ਮਿੱਟੀ, ਆਟੇ ਤੇ ਥਕਾਨ ਦਾ ਤੋੜ ਵੀ ਗੁੜ ਹੀ ਹੁੰਦਾ ਹੈ। ਇਸੇ ਤਰ੍ਹਾਂ ਪੋਹ ਮਾਘ ਦੀ ਸਿਆਲੀ ਠੰਡ ਦਾ ਤੋੜ ਵੀ ਗੁੜ ਹੀ ਹੁੰਦਾ ਹੈ।

ਅੱਜ ਵੀ ਉਮਰ ਦੇ ਢਲਦੇ ਪਰਛਾਵਿਆਂ ਹੇਠ ਵੀ ਕਦੇ ਕਦੇ ਕਨੇਡਾ ਬੈਠਿਆਂ, ਖਾਸ ਕਰਕੇ ਰਾਤ ਦੀ ਰੋਟੀ ਤੋਂ ਗੁੜ ਦੀ ਨਿੱਕੀ ਜਿਹੀ ਰੋੜੀ ਖਾਂਦਿਆਂ ਖਾਂਦਿਆਂ ਗੁੜ ਦੀ ਗੰਨੇ ਤੋਂ ਗੁੜ ਬਣਨ ਦੀ ਕਰੜੀ ਘਾਲਣਾ ਮੈਨੂੰ ਹਿਲੂਣ ਕੇ ਰੱਖ ਦਿੰਦੀ ਹੈ। ਭਾਂਵੇਂ ਇਹ ਮੇਰਾ ਬਚਪਨ ਦਾ ਅਨੁਭਵ ਸੀ ਜੋ ਮੈਂ ਆਪ ਪਾਲੇ ਵਿੱਚ ਠਰ ਕੇ ਕਦੇ ਮਹਿਸੂਸ ਕੀਤਾ ਸੀ। ਕਿਵੇਂ ਮੈਂ ਠਰਦਿਆਂ ਠਰਦਿਆਂ ਵੇਲਣੇ ਕੌਲ ਪਏ ਛੋਟੈ ਜਿਹੇ ਟੋਏ ਵਿੱਚ ਬਹਿਕੇ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਵੇਲਣੇ ਵਿੱਚ ਗੰਨੇ ਲਾਂਦਿਆਂ ਮਹਿਸੂਸਿਆ। ਕਿਵੇਂ ਗੰਨਿਆਂ ਦੀ ਭਰੀ ਵਿਚੋਂ ਇੱਕ ਇੱਕ ਗੰਨਾ ਖਿੱਚ ਕੇ ਗੰਨੇ ਮਗਰ ਗੰਨਾ ਅੜਾਈ ਜਾਣਾ। ਕਦੇ-ਕਦੇ ਤਿੰਨੇ ਤੋਂ ਵੱਧ ਚਾਰ ਗੰਨੇ ਲੱਗ ਜਾਣ ਤੇ ਵਿਚਾਰੇ ਪਸ਼ੂਆਂ ਦਾ ਬੇਲੋੜਾ ਜ਼ੋਰ ਲੱਗਦਾ। ਨਾਲ-ਨਾਲ ਰਸ ਵਾਲਾ ਭਾਂਡਾ ਭਰਨ ਤੋਂ ਪਹਿਲਾਂ ਦੂਜਿਆਂ ਨੂੰ ਸੁਚੇਤ ਕਰਨਾ। ਕਦੇ-ਕਦੇ ਦੂਜੇ ਪਾਸੇ ਪਏ ਪਛੀਆਂ ਦੇ ਵੱਡੇ ਢੇਰ ਨੂੰ (ਗੰਨਿਆਂ ਦਾ ਫੋਕ) ਲਾਂਭੇ ਕਰਨ ਲਈ ਰੌਲਾ ਪਾਉਣੇ। ਕਦੇ ਛਾਂਗੇ (ਗੰਨੇ ਦੇ ਪੱਤੇ ਲਾਹ ਕੇ) ਹੋਏ ਗੰਨਿਆਂ ਦੀ ਹੋਰ ਭਰੀ ਲਈ ਰੌਲਾ ਪਾਉਣਾ। ਕਦੇ-ਕਦੇ ਆਪਣੇ ਥਾਂ ਤੇ ਦੂਜੇ ਬੰਦੇ ਨੂੰ ਬਿਠਾਉਣ ਲਈ ਤਰਲੇ ਪਾਉਣਾ। ਕਦੇ ਕਹਿਣਾ ਮੈਨੂੰ ਮੂਤ ਆਇਆ ਹੈ। ਕਦੇ ਕਹਿਣਾ ਮੈਂ ਹੁਣ ਆਪਣੇ ਸਕੂਲੇ ਵੀ ਜਾਣਾ ਹੈ। ਜਿਵੇਂ ਸਾਰੇ ਹੀ ਜਾਣ ਕੇ ਸੁਣੀ-ਅਣਸੁਣੀ ਕਰਕੇ ਘੇਸ ਜਿਹੀ ਵੱਟ ਜਾਂਦੇ ਹੋਣ। ਕਦੇ-ਕਦੇ ਆਪੇ ਹੀ ਆਪਣੀ ਵਜ਼ਦ ਵਿੱਚ ਆ ਕੇ ਸੋਚਾਂ ਦੇ ਡੂੰਘੇ ਵਹਿਣਾ ਵਿੱਚ ਬਹਿ ਜਾਣਾ ਕਿ ਗੰਨਾ ਵਿਚਾਰਾ ਆਪਣੇ ਕਿਹੜੇ ਕੀਤੇ ਮਾੜੇ ਕਰਮਾਂ ਦੀ ਸਜ਼ਾ ਭੁਗਤ ਰਿਹਾ ਹੈ। ਪਹਿਲਾਂ ਜੜਾਂ ਤੋਂ ਵੱਡਿਆ ਜਣਾ ਫੇਰ ਸਿਰ ਕਲਮ ਕਰਨਾ ਫੇਰ ਹੱਥ ਪੈਰ ਛਾਂਗੇ ਜਾਣੇ ਫੇਰ ਆਪਣੀਆਂ ਛੋਟੀਆਂ ਛੋਟੀਆਂ ਜੀਉਂਦੀਆਂ ਅੱਖਾਂ ਨਾਲ ਟੋਟੋ ਟੋਟੇ ਹੋ ਕੇ ਗਿੱਠ ਹੱਦ ਡੇਢ ਗਿੱਠ ਦੀਆਂ ਪੋਰੀਆਂ ਬਣਕੇ ਜੀਉਂਦੇ ਜੀਅ ਜ਼ਮੀਨ ਵਿੱਚ ਡੂੰਘਾ ਦੱਬਿਆ ਜਾਣਾ ਫੇਰ ਆਪਣੀ ਹਸਤੀ ਨੂੰ ਮੂਲੋਂ ਖ਼ਾਕ ਕਰਕੇ ਮੁੜਕੇ ਪੁੰਗਰਨਾ ਤੇ ਫੇਰ ਧੁੱਪਾਂ ਤੇ ਕੱਕਰ ਸਹਿਕ ਕੇ ਜਵਾਨ ਹੋਣਾ ਤੇ ਫੇਰ ਆਪਣੇ ਆਪ ਨੂੰ ਮਿੱਠੇ ਰਸ ਨਾਲ ਭਰ ਲੈਣਾ। ਫਿਰ ਇਹੀ ਮਿੱਠੇ ਰਸ ਨੇ ਵਿਚਾਰੇ ਗੰਨੇ ਦੀ ਜਾਨ ਖੌ ਬਣਨਾ। ਜਾਣੋਂ ਮੁੱਢੋਂ-ਮੁੱਢ ਉਹੀ ਸਾਰੇ ਸਿਤਮ ਆਪਣੇ ਪਿੰਡੇ ਤੇ ਸਹਿ ਕੇ ਫਿਰ ਤੋਂ ਨਿਰਦਈ ਵੇਲਣੇ ਵਿੱਚ ਪੀੜਿਆ ਜਾਣਾ। ਰਸ ਦੀ ਆਖਰੀ ਬੂੰਦ ਤੱਕ ਪਿੰਡੇ ਵਿਚੋਂ ਨਿਚੋੜੀ ਜਾਣੀ। ਮੁੜਕੇ ਨਿਮਾਣੀਆਂ ਪਛੀਆਂ ਇੱਕ ਵਾਧੂ ਜਿਹਾ ਢੇਲ ਬਣ ਕੇ ਕਈ -ਕਈ ਦਿਨ ਧੁੱਪੇ ਸੜਨਾ। ਇਥੇ ਹੀ ਸਿਤਮਾਂ ਦਾ ਅੰਤ ਨਹੀਂ, ਉਨ੍ਹਾਂ ਵਿਚਾਰੀਆਂ ਪਛੀਆਂ ਨੂੰ ਅਪਣੀ ਹੀ ਰੱਤ ਨੂੰ ਕੁੜ-ਕੁੜ ਕੇ ਗਾੜ੍ਹਾ ਕਰਨ ਲਈ ਮੁੜਕੇ ਉਸੇ ਭੱਠੀ ਵਿੱਚ ਸੜਨਾਂ ਬਲਣਾ ਪੈਂਦਾ। ਇਸੇ ਤਾਂਤੇ ਵਿੱਚ ਗੰਨੇ ਵਿਚਾਰੇ ਨੂੰ ਗੁੜ ਬਣਨ ਤਾਂਈਂ ਆਪਣਾ ਵਜੂਦ ਸਾੜਕੇ ਸੁਆਹ ਕਰਨਾ ਪੈਂਦਾ। ਤਾਂ ਜਾ ਕੇ ਗੁੜ ਨੂੰ ਹਰਮਨ ਪਿਆਰਾ ਹੋਣ ਦਾ ਮਾਣ ਮਿਲਦਾ।

ਗੁੜ ਨਾਲ ਮੇਰੀ ਐਨੀ ਨੇੜਤਾ ਹੋਣ ਦਾ ਵੀ ਇੱਕ ਵੱਡਾ ਕਾਰਨ ਹੈ। ਅੱਜ ਵੀ ਜਦੋਂ ਮੈਨੂੰ ਉਹ ਵਾਕਿਆ ਯਾਦ ਆਉਂਦਾ ਹੈ ਤਾਂ ਮੈਂ ਕੰਬ ਜਿਹਾ ਜਾਂਦਾ ਹਾਂ। ਜਦੋਂ ਮੈਂ ਚੌਥੀ ਜਮਾਤ ਵਿੱਚ ਆਪਣੀ ਹੀ ਪਿੰਡ ਦੇ ਸਕੂਲ ਵਿੱਚ ਪੜ੍ਹਦਾ ਸੀ, ਇੱਕ ਦਿਨ ਮੇਰੇ ਨਾਲਦੇ ਗਰੀਬ ਸਹਿਪਾਠੀਆਂ ਮੈਨੂੰ ਇੱਕ ਤਰਲਾ ਜਿਹਾ ਪਾਇਆ ਕਿ "ਬਿੱਲੇ, ਤੁਹਾਡੇ ਤਾਂ ਘਰ ਦਾ ਗੁੜ ਹੈ। ਕਿਸੇ ਦਿਨ ਸਾਨੂੰ ਰੱਜ ਕੇ ਗੁੜ ਤਾਂ ਖੁਆ ਦੇ।" ਮੈਂ ਵੀ ਲੋਰ ਵਿੱਚ ਆਏ ਨੇ ਉਨ੍ਹਾਂ ਨੂੰ ਹਾਮੀ ਭਰ ਦਿੱਤੀ। ਸੋ ਇੱਕ ਦਿਨ ਅੱਧੀ ਛੁੱਟੀ ਨੂੰ ਮੈਂ ਘਰ ਆਇਆ। ਘਰਦਿਆਂ ਤੋਂ ਚੋਰੀ ਇੱਕ ਵੀਹ ਸੇਰ ਵਾਲਾ ਖਾਲੀ ਕੱਟਾ (ਅੱਧੀ ਬੋਰੀ) ਲੈ ਕੇ ਘਰਦੇ ਹੇਠਲੇ ਦਲਾਨ (ਗੁਦਾਮ ਨੁਮਾ ਕਮਰਾ) ਵਿੱਚ ਜਾ ਵੜਿਆ। ਫਿਰ ਬਿਨਾਂ ਕਿਸੇ ਖੜਾਕ ਕੀਤਿਆਂ ਮੈਂ ਵੱਡੇ ਸਾਰੇ ਗੁੜ ਵਾਲੇ ਭੜੋਲੇ ਦਾ ਢੱਕਣ ਲਾਹ ਲਿਆ। ਫੇਰ ਬੜੀ ਮੁਸ਼ਕਿਲ ਨਾਲ ਉਸ ਮੋਟੇ ਢਿੱਡ ਵਾਲੇ ਭੜੋਲੇ ਨੂੰ ਆਡੇ ਉ੍ਤੇ ਲੈ ਕੇ ਮੈਂ ਭੜੋਲੇ ਦੇ ਮੂੰਹ ਤਾਈਂ ਪਹੁੰਚਿਆ। ਅੱਗੋਂ ਮਾੜੀ ਕਿਸਮਤ ਨਾਲ ਗੁੜ ਭੜੋਲੇ ਵਿੱਚ ਕਾਫ਼ੀ ਨੀਵਾਂ ਕਰਕੇ ਪਿਆ ਸੀ। ਮੈਂ ਕਿਸੇ ਤਰ੍ਹਾਂ ਕੱਟਾ ਅੰਦਰ ਸੁੱਟ ਕੇ ਗੁੜ ਭਰਨਾ ਚਾਹਿਆ। ਬਸ ਮੇਰੀ ਬਦਮਿਸਮਤੀ ਕਹਿ ਲਵੋ ਇਸੇ ਖਿੱਚੋਤਾਣ ਵਿੱਚ ਮੇਰੀਆਂ ਹੇਠੋਂ ਲੱਤਾਂ ਚੁੱਕੀਆਂ ਗਈਆਂ ਤੇ ਮੈਂ ਸਿਰ ਭਾਰ ਭੜੋਲੇ ਵਿੱਚ ਗਿਰ ਗਿਆ। ਬਥੇਰੇ ਨਿਕਲਣ ਦੇ ਉਪਰਾਲੇ ਕੀਤੇ, ਪਰ ਕਿਤੋਂ ਵੀ ਹੱਥ ਨਹੀਂ ਸੀ ਪੈਂਦਾ। ਬੜਾ ਉ੍ਚੀ-ਉ੍ਚੀ ਰੋਇਆ ਕੁਰਲਾਇਆ। ਕਿਸੇ ਨੇ ਵੀ ਮੇਰੀ ਆਵਾਜ਼ ਨਾ ਸੁਣੀ। ਅੰਤ ਨੂੰ ਭੜੋਲੇ ਦੇ ਹੁੱਸੜ ਵਿੱਚ ਬੇਲੋੜਾ ਜ਼ੋਰ ਲਾ ਲਾ ਕੇ ਮੇਰਾ ਅੰਗ-ਅੰਗ ਢੈਲਾ ਪੈ ਗਿਆ। ਅੱਖਾਂ ਵਿੱਚ ਖ਼ੂਨ ਉਤਰ ਆਇਆ। ਜਾਣੋਂ ਮੈਂ ਉ੍ਕਾ ਹੀ ਅੱਧਮੋਇਆ ਜਿਹਾ ਹੋ ਗਿਆ ਹੋਵਾਂ। ਜਿਵੇਂ ਮੁੜਕੇ ਮਾਂ ਦੇ ਪੇਟ ਵਿੱਚ ਮੇਰਾ ਗਰਭ ਅਵਸਥਾ ਵਾਲਾ ਹਾਲ ਹੋ ਗਿਆ ਹੋਵੇ। ਹੁਣ ਵੀ ਸਾਹ ਮੁੱਕੇ ਕਿ ਹੁਣ ਵੀ ਮੇਰੇ ਸਾਹ ਮੁੱਕੇ। ਅੱਜ ਫੇਰ ਇਸੇ ਖਿੱਚੋਤਾਣ ਵਿੱਚ ਮੈਨੂੰ ਗੰਨੇ ਤੋਂ ਗੁੜ ਦੇ ਸਾਰੇ ਸਫ਼ਰ ਦਾ ਅਹਿਸਾਸ ਹੋਇਆ।

ਫੇਰ ਪਤਾ ਨਹੀਂ ਕਿਵੇਂ ਤੇ ਕਿੱਥੋਂ ਰੱਬ ਬਣਕੇ ਮੇਰੇ ਤਾਇਆ ਜੀ ਬੌਹੜ ਗਏ। ਕੁਦਰਤੀ ਹੀ ਤਾਇਆ ਜੀ ਦੀ ਪੌੜੀਆਂ ਚੜ੍ਹਨ ਤੋਂ ਪਹਿਲਾਂ ਉਸ ਖੁੱਲ੍ਹੇ ਗੁਦਾਮ ਦੇ ਚਪਟੇ ਦਰਵਾਜ਼ੇ ਤੇ ਪੈ ਗਈ। ਫੇਰ ਜਾਣੋਂ ਉਹ ਗੁੱਸੇ ਵਿੱਚ ਉ੍ਚੀ-ਉ੍ਚੀ ਬੋਲੇ ਹੋਣ ਕਿ "ਹੇਠਲੇ ਗੁਦਾਮ ਦੇ ਸਾਰੇ ਦਰਵਾਜ਼ੇ ਚੁਪੱਟ ਖੁੱਲ੍ਹੇ ਪਏ ਨੇ। ਜੋ ਕੋਈ ਪਸ਼ੂ ਜਾਂ ਕੁੱਤਾ-ਬਿੱਲਾ ਅੰਦਰ ਵੜ ਜਾਂਦਾ ਤਾਂ? "ਕਹਿੰਦੇ-ਕਹਿੰਦੇ ਦਰਵਾਜ਼ੇ ਕੋਲ ਜਾ ਕੇ ਉਹ ਦਰਵਾਜ਼ਾ ਭੇੜਨ ਹੀ ਲੱਗੇ ਸਨ ਕਿ ਮੈਂ ਪੂਰਾ ਤਾਣ ਲਾ ਕੇ ਇੱਕ ਲੇਰ ਜਿਹੀ ਮਾਰੀ। ਪਹਿਲਾਂ ਤਾਂ ਤਾਇਆ ਜੀ ਥੋੜੈ ਤ੍ਰਬਕੇ ਤੇ ਫੇਰ ਥੋੜਾ ਅੰਦਰ ਵੜਕੇ ਬੋਲੇ, "ਕੌਣ ਤੇ ਕਿਹੜਾ ਹੈ ਬਈ?

"ਕਿਉਂਕਿ ਚਾਰੇ ਪਾਸਿਓਂ ਬੰਦ ਗੁਦਾਮ ਹੋਣ ਕਰਕੇ ਬਾਹਰ ਨਾਲੋਂ ਅੰਦਰ ਕੁੱਝ ਜ਼ਿਆਦਾ ਹੀ ਹਨ੍ਹੇਰਾ ਸੀ। ਜਾਣੋਂ ਹੌਲੀ-ਹੌਲੀ ਫੇਰ ਤਾਇਆ ਜੀ ਨੂੰ ਕੁਝ-ਕੁਝ ਝੌਲਾ ਜਿਹਾ ਦਿਖਣ ਤੇ ਸੁਣਨ ਲੱਗ ਪਿਆ। ਹੁਣ ਮੈਂ ਪੂਰਾ ਤਾਣ ਲਾ ਕੇ ਵੀ ਉੱਚੀ ਰੋ ਨਹੀਂ ਸੀ ਸਕਿਆ। ਬਸ ਮਾੜਾ ਜਿਹਾ ਡੁਸਕ ਹੀ ਸਕਿਆ। ਭੜੋਲੇ ਦਾ ਨੇੜੇ ਆ ਕੇ ਤਾਇਆ ਜੀ ਨੂੰ ਮੇਰੀਆਂ ਥੋੜੀਆਂ ਜਿਹੀਆਂ ਲੱਤਾਂ ਨਜ਼ਰੀਂ ਪਈਆਂ। ਉਨ੍ਹਾਂ ਉਥੋਂ ਹੀ ਰੌਲਾ ਪਾਇਆ "ਛੇਤੀਂ-ਛੇਤੀਂ ਆਓ, ਕੋਈ ਭੜੋਲੇ ਵਿੱਚ ਗਿਰ ਗਿਆ ਏ।" ਐਨੇ ਨੂੰ ਤਾਈਆਂ ਨੇ ਬਾਰੀ ਵਿੱਚ ਖੜਕੇ ਰੌਲਾ ਪਾਇਆ "ਵੇ ਭਾਈ ਮੋਤੀ ਤੇ ਵਰਿਆਮ ਸਿਆਂ, ਛੇਤੀਂ ਹੇਠਲੇ ਗੁਦਾਮ ਵਿੱਚ ਜਾਓ, ਕੋਈ ਭੜੋਲੇ ਵਿੱਚ ਗਿਰ ਗਿਆ ਏ।" ਫਟਾਫਟ ਸਾਰੇ ਇਕੱਠੇ ਹੋ ਗਏ। ਭੜੋਲੇ ਕੋਲ ਇੱਕ ਮੰਜਾ ਡਾਹਿਆ ਤੇ ਮੰਜੇ ਤੇ ਚੜਕੇ ਮੈਨੂੰ ਬਾਹਰ ਕੱਢਿਆ। "ਹਾਏ, ਇਹ ਤਾਂ ਆਪਣਾ ਬਿੱਲਾ ਹੈ। ਇਹ ਭੜੋਲੇ ਵਿੱਚ ਕਿਵੇਂ ਡਿੱਗ ਗਿਆ। ਕਿਸੇ ਨੇ ਜਾਣ ਕੇ ਤਾਂ ਨਹੀਂ ਸੁੱਟਿਆ।" ਇੱਕ ਨੇ ਕਿਹਾ "ਪਹਿਲਾਂ ਇੱਕ ਦਮ ਮੁੰਡੇ ਨੂੰ ਬਾਹਰ ਹਵਾ ਹਾਰੇ ਲੈ ਜਾਓ, ਫੇਰ ਛੇਤੀ ਇਸਦੇ ਮੂੰਹ ਤੇ ਠੰਡੇ ਪਾਣੀ ਦੇ ਛਿੱਟੇ ਮਾਰੋ। ਇਸ ਦੇ ਮੂੰਹ ਵਿੱਚ ਪਾਣੀ ਪਾਓ।" ਕੋਈ ਕਹੇ "ਛੇਤੀ ਇਸਦੇ ਹੱਥਾਂ-ਪੈਰਾਂ ਦੀਆਂ ਤਲੀਆਂ ਝੱਸੋ, ਹਾਲੇ ਨਬਜ਼ ਚੱਲਦੀ ਹੈ। ਤੂੰ ਕਾਕਾ ਨਾਲਦੇ ਪਿੰਡੋਂ ਵੈਧ ਤੇਲੂ ਰਾਮ ਨੂੰ ਆਪਣੇ ਸਾਈਕਲ ਤੇ ਛੇਤੀਂ-ਛੇਤੀਂ ਲੈ ਕੀ ਹੀ ਆਵੀਂ।" ਇੱਕ ਬਜ਼ੁਰਗ ਨੇ ਕਿਹਾ "ਸ਼ੁਕਰ ਹੈ ਵਾਹਿਗੁਰੂ ਦਾ ਸੋਹਣ ਸਿਆਂ, ਮੁੰਡੇ ਬੱਚ ਗਿਆ। ਜੇ ਤੂੰ ਨਾ ਆਉਂਦਾ ਮੁੰਡਾ ਤਾਂ ਗਿਆ ਕਿ ਗਿਆ ਸੀ। ਕੁੱਝ ਪਿਛਲੇ ਜਨਮ ਦਾ ਲਿੱਤਾ ਦਿੱਤਾ ਕੰਮ ਆ ਗਿਆ।" ਇੱਕ ਹੋਰ ਸਿਆਣਾ ਆਖੇ "ਮੁੰਡੇ ਦੇ ਸਿਰ ਵਿੱਚ ਸਾਰਾ ਖ਼ੂਨ ਉਤਰ ਆਇਆ ਹੈ। ਜਦ ਤਾਈਂ ਵੈਧ ਜੀ ਨਹੀਂ ਆਉਂਦੇ ਕਿਸੇ ਤਰ੍ਹਾਂ ਮੁੰਡੇ ਨੂੰ ਪੈਰਾਂ ਭਾਰ ਬਿਠਾਕੇ ਇਸਦੇ ਸਿਰ ਵਿੱਚ ਕੋਸਾ ਕੋਸਾ ਘਿਓ ਝੱਸੋ। ਕਿਸੇ ਤਰ੍ਹਾਂ ਪੈਰਾਂ ਵਾਲਾ ਖ਼ੂਨ ਦੌਰਾ ਕਰੇ।" ਗੱਲ ਕੀ ਜਿੰਨੇ ਮੂਹ ਉਨੇ ਹੀ ਟੋਟਕੇ ਤੇ ਉਨੇ ਹੀ ਇਲਾਜ। ਉਧਰ ਪਿੰਡ ਦੀ ਬੁੜੀਆਂ ਨੇ ਅਲੱਗ ਆਪਣਾ ਰਾਮ ਰੌਲਾ ਪਾਇਆ ਹੋਇਟਾ ਸੀ। ਕੋਈ ਬੁੜੀ ਕਹੇ ਕਿ ਇਹ ਮੁੰਡੇ ਤੇ ਤਾਂ ਜ਼ਰੂਰ ਕੋਈ ਗ੍ਰਹਿ ਆਇਆ ਹੋਇਟਾ ਹੈ। ਮੇਰੀ ਮੰਨੋਂ ਤਾਂ ਇਸ ਨੂੰ ਕਿਸੇ ਸਿਆਣੇ ਨੂੰ ਜ਼ਰੂਰ ਪਰ ਜ਼ਰੂਰ ਦਿਖਾਵੇ। ਇੱਕ ਫੱਟੇ ਕੁੱਟਣੀ ਜਿਹੀ ਬੁੱਢੀ ਕਹੇ "ਨੀਂ ਭਾਗਵੰਤੀਏ, ਜੇ ਮੁੰਡੇ ਨੂੰ ਕੋਈ ਨੀਮ ਕੀਮ ਹੋ ਗਿਆ ਤਾਂ ਸਾਰੀ ਉਮਰ ਦਾ ਕਲੰਕ ਖੱਟ ਲਵੋਂਗੇ। ਬਿਗਾਨੀ ਅਮਾਨਤ ਹੈ। ਇਸਨੂੰ ਮੁੜਕੇ ਸ਼ਹਿਰ ਇਸਦੇ ਮਾਂ-ਪਿਓ ਕੋਲ ਛੱਡ ਆਓ।" ਫੇਰ ਤਾਇਆ ਜੀ ਨੇ ਵਿਚੋਂ ਹੀ ਬੁੜੀਆਂ ਨੂੰ ਦਬਕਾ ਜਿਹਾ ਮਾਰਿਆ, "ਚੁੱਪ ਕਰੋ, ਜੋ ਅਜਿਹਾ ਹੀ ਆਵਾ-ਤਾਵਾ ਬਕਣਾ ਏ ਤਾਂ ਆਪਣੇ ਆਪਣੇ ਘਰੀਂ ਚਲੀਆਂ ਜਾਵੋ।"

ਐਨੇ ਨੂੰ ਨਿੰਮਾ ਇੱਕ ਅਧੱਖੜ ਜਿਹੇ ਵੈਧ ਤੇਲੂ ਰਾਮ ਨੂੰ ਨਾਲ ਲੈ ਕੇ ਆ ਗਿਆ। ਵੈਧ ਜੀ ਨੇ ਆਉਂਦਿਆਂ ਹੀ ਪਹਿਲਾਂ ਮੇਰੀ ਨਬਜ਼ ਟੋਹੀ ਤੇ ਕਿਹਾ "ਹਾਲੇ ਵੀ ਨਬਜ਼ ਬੜੀ ਡੂੰਘੀ ਤੇ ਧੀਮੀ ਚੱਲ ਰਹੀ ਹੈ। ਸੋਹਣ ਸਿਹਾਂ, ਜੇ ਰਤਾ ਹੋਰ ਦੇਰ ਹੋ ਜਾਂਦੀ ਤਾਂ ਸਮਝੋ ਮੁੰਡਾ ਗਿਆ ਸੀ। ਹੁਣ ਮੈਂ ਆ ਗਿਆ ਹਾਂ। ਤੁਸੀਂ ਰਤਾ ਫ਼ਿਕਰ ਨਾ ਕਰਨਾ। ਬਸ ਮੂਲੋਂ ਰੱਬ ਨਾ ਰੁੱਸਿਆ ਹੋਵੇ। ਬੰਦਾਂ ਤਾਂ ਮੈਂ ਯਮਰਾਜ ਦੇ ਜਬਾੜਿਆਂ ਵਿਚੋਂ ਕੱਢ ਲਿਆਵਾਂ।" ਇੱਕ ਨੇ ਹੋਰ ਤੇਲੂ ਰਾਮ ਨੂੰ ਫੂਕ ਛਕਾ ਦਿੱਤੀ, "ਐਵੇਂ ਤਾਂ ਨਹੀਂ ਪਿਛਲੇ ਤੀਹ ਸਾਲਾਂ ਤੋਂ ਲਾਗਲੇ ਘੱਟੋ-ਘੱਟ 40 ਪਿੰਡਾਂ ਦੇ ਲੋਕ ਵੈਧ ਤੇਲੂ ਰਾਮ ਜੀ ਨੂੰ ਜਾਣਦੇ।" ਇੱਕ ਨੇ ਤਾਂ ਗਲ ਸਿਰੇ ਹੀ ਲਾ ਦਿੱਤੀ "ਐਵੇਂ ਤਾਂ ਨਹੀਂ ਵੱਡੇ-ਵੱਡੇ ਡਾਕਟਰ ਵੀ ਵੈਧ ਤੇਲੂ ਰਾਮ ਜੀ ਦਾ ਲੋਹਾ ਮੰਨਦੇ ਨੇ।" ਤੇਲੂ ਰਾਮ ਜੀ ਨੇ ਜ਼ਰਾ ਝੇਂਪ ਕੇ ਕਿਹਾ "ਸਭ ਉਸ ਦਾਤੇ ਦੀ ਬਖ਼ਸ਼ੀ ਸ਼ਫ਼ਾ ਹੈ। ਬੰਦਾ ਬੰਦੇ ਦੇ ਕੰਮ ਆ ਜਾਵੇ। ਇਹ ਉਸਦਾ ਕਰਮ ਹੈ।" ਗੱਲਾਂ ਕਰਦਿਆਂ ਉਸ ਮੈਨੂੰ ਆਪਣੀਆਂ ਤਿੰਨੇ ਪੁੜੀਆਂ ਖੁਆ ਦਿੱਤੀਆਂ। ਫੇਰ ਮੈਨੂੰ ਉਸਨੇ ਕਿਸੇ ਚੋਰ ਵਾਂਗਰ ਮੰਜੇ ਨਾਲ ਬੰਨ ਕੇ ਸਿੱਧਾ ਪੈਰਾਂ ਭਾਰ ਖੜਾ ਕਰ ਲਿਆ ਤੇ ਨਾਲ ਹੀ ਕਿਸੇ ਖਾਸ ਤੇਲ ਨਾਲ ਮੇਰੀਆਂ ਹੱਥਾਂ ਪੈਰਾਂ ਦੀਆਂ ਤਲੀਆਂ ਝੱਸਣ ਲਈ ਹਿਦਾਇਦ ਦੇ ਦਿੱਤੀ ਤੇ ਕਿਹਾ "ਇਸ ਬੱਚੇ ਨੂੰ ਘੱਟੋ-ਘੱਟ ਦੋ ਘੰਟੇ ਸੌਣ ਨਹੀਂ ਦੇਣਾ ਤੇ ਫਿਰ ਬਾਅਦ ਵਿੱਚ ਸਿਰ ਉੱਚਾ ਕਰਕੇ ਭਾਵੇਂ ਸੁਆ ਦੇਣਾ। ਅਗਲੇ 24 ਘੰਟਿਆਂ ਵਿੱਚ ਸੋਹਣ ਸਿਹਾਂ, ਮੁੰਡਾ ਤੇਰਾ ਨੌ ਬਰ ਨੌ ਹੋ ਜਾਏਗਾ।"

ਫੇਰ ਸਾਰਿਆਂ ਨੇ ਤੇਲੂ ਰਾਮ ਜੀ ਦਾ ਵਾਵ੍ਹਾ ਗੁਣਗਾਣ ਕੀਤਾ। ਫੇਰ ਤਾਇਆ ਜੀ ਨੇ ਵੀ ਚੰਗੀ ਝੋਖੀ ਸੇਵਾ ਕਰਕੇ ਤੇਲੂ ਰਾਮ ਜੀ ਨੂੰ ਤੋਰਿਆ। ਪਹਿਲਾ ਗੁਰੂਦੁਆਰੇ ਵਿੱਚ ਭਾਈ ਜੀ ਨੇ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ। ਦਾਤੇ ਦਾ ਕੋਟਿ-ਕੋਟਿ ਧੰਨਵਾਦ ਕੀਤਾ ਫੇਰ ਗੁੜ ਵਾਲੀ ਗੱਲ ਪਿੰਡੋਂ ਤੁਰਦੀ-ਤੁਰਦੀ ਸਕੂਲ ਤੱਕ ਪਹੁੰਚ ਗਈ। ਫੇਰ ਦੋ ਚਾਰ ਸਹਿਪਾਠੀ ਘਰ ਹਾਲ ਚਾਲ ਪੁੱਛਣ ਦੇ ਬਹਾਨੇ ਆਪਣੀ ਸ਼ਰਮਿੰਦਗੀ ਦਾ ਵੀ ਇਜ਼ਹਾਰ ਕਰ ਗਏ।

ਜਦ ਦੋ ਕੁ ਹਫ਼ਤੇ ਬਾਅਦ ਮੈਂ ਮੁੜਕੇ ਆਪਣੇ ਸਕੂਲ ਗਿਆ ਤਾਂ ਮਗਰੇ ਹੀ ਮੇਰਾ ਤਾਇਆ ਵਰਿਆਮ ਸਿੰਘ ਬਿਨਾਂ ਕਿਸੇ ਨੂੰ ਪੁੱਛੇ ਹੀ ਆਪੇ ਹੀ ਦੋ ਟੋਕਰੇ ਗੁੜ ਦੇ ਭਰੇ ਇੱਕ ਮੋਤੀ ਦੇ ਸਿਰ ਤੇ ਦੂਜਾ ਆਪਣੇ ਸਿਰ ਰੱਖ ਕੇ ਸਿੱਧੇ ਮੇਰੇ ਸਕੂਲੇ ਆ ਗਏ ਤੇ ਮੇਰੇ ਮਾਸਟਰ ਜੀ ਉਨ੍ਹਾਂ ਬੇਨਤੀ ਕੀਤੀ ਕਿ "ਮੈਂ ਆਪਣੇ ਛੋਟੇ (ਸਰਦਾਰ) ਆਪਣੇ ਬੱਚੇ ਦੀ ਖੁਸ਼ੀ ਲਈ ਇਹ ਗੁੜ ਤੁਹਾਡੇ ਪਾੜਿਆਂ ਵਿੱਚ ਵੰਡਣਾ ਚਾਹੁੰਦਾ ਹਾਂ।" ਪਹਿਲਾਂ ਤਾਂ ਮੈਂ ਆਪਣੇ ਚਾਰਾਂ ਮਾਸਟਰਾਂ ਦੇ ਪੈਰੀਂ ਹੱਥ ਲਾਇਆ ਤੇ ਉਹ ਦਾ ਵੱਡਮੁੱਲਾ ਆਸ਼ੀਰਵਾਦ ਲਿਆ। ਫੇਰ ਮੇਰਾ ਮਾਣ ਰੱਖਦਿਆਂ ਉਨ੍ਹਾਂ ਸਿਰਫ਼ ਇੱਕ ਇਕ ਪੇਸੀ ਹੀ ਲਈ ਤੇ "ਬਾਕੀ ਤੁਸੀਂ ਸ਼ੌਕ ਨਾਂਲ ਆਪਣੇ ਸਹਿਪਾਠੀਆਂ ਵਿੱਚ ਵਰਤਾ ਸਕਦੇ ਹੋ।" ਮੇਰੇ ਯਾਰ ਤਾਇਆ ਵਰਿਆਮ ਸਿੰਘ ਨੂੰ ਹੱਥੀਂ ਗੁੜ ਵਰਤਾਕੇ ਇੱਕ ਅਜੀਬ ਜਿਹੀ ਖੁਸ਼ੀ ਤੇ ਰਾਹਤ ਮਹਿਸੂਸ ਹੋ ਰਹੀ ਸੀ।

ਫੇਰ ਕਈ ਸਾਲਾਂ ਬਾਅਦ ਮੈਂ ਇੱਕ ਕਵਿਤਾ ਲਿਖੀ, ਜਿਸ ਦਾ ਸਿਰਲੇਖ ਸੀ "ਸ਼ਗਨਾਂ ਦਾ ਗੁੜ"। ਜਿਸ ਵਿੱਚ ਮੈਂ ਗੰਨੇ ਤੋਂ ਗੁੜ ਦੇ ਸਫ਼ਰ ਦੀ ਕਰੜੀ ਘਾਲਣਾ ਨੂੰ ਮੈਂ ਆਪਣੀ ਜੀਵਨ ਕਿਰਿਆ ਨੂੰ ਇਕ-ਮਿਕ ਕੀਤਾ। ਇਹ ਮੇਰਾ ਬਿਰਹਾ ਗੀਤ, ਮੇਰੇ ਯਾਰ ਬਿਰਹਾ ਦੇ ਸੁਲਤਾਨ ਸ਼ਿਵ ਬਟਾਲਵੀ ਨੂੰ ਬੜਾ ਪਸੰਦ ਸੀ:

### ਸ਼ਗਨਾਂ ਦਾ ਗੁੜ

ਪੀੜੋ ਨੀ ਪੀੜੋ, ਹਾਏ ਜਾਗੋ ਨੀ ਪੀੜੋ
ਯਾਦਾਂ ਦੇ ਵੇਲਣੇ ਵਿੱਚ ਜ਼ਖ਼ਮਾਂ ਨੂੰ ਪੀੜੋ ....
ਦਿਲ ਕੜਾਹੇ, ਰੱਤ ਮੇਰੀ ਦੀ ਪੱਤ ਹੈ ਚਾੜੋ,
ਫੇਰ ਬਿਰਹੋਂ ਭੱਠੀ ਅਰਮਾਨਾਂ ਦਾ ਝੋਕਾ ਸਾੜੋ,
ਕਿਤੇ ਭਾਂਬੜ ਸੌਂ ਨਾ ਜਾਣ ਜਾਗੋ ਨੀ ਪੀੜੋ ...
ਪੀੜੋ ਨੀਂ .... ਵੇਲਣੇ ... ਜ਼ਖ਼ਮਾਂ ਨੂੰ ਪੀੜੋ ...
ਫੇਰ ਖੌਲਦੀ ਪੱਤੇ, ਹੰਝੂਆਂ ਦਾ ਨਿਖਾਰ ਪਾਓ,
ਨਿਰਾਸਤਾ ਦੀ ਪੌਣੀ ਨਾਂਲ, ਆਸਾਂ ਦੀ ਮੈਲ ਲਾਹੋ,
ਕਿਤੇ ਹੰਝੂ ਖ਼ੁੜ ਨਾ ਜਾਣ, ਜਾਗੋ ਨੀ ਪੀੜੋ ....
ਪੀੜੋ ਨੀ ਪੀੜੋ. . ਵੇਲਣੇ ... ਜ਼ਖ਼ਮਾਂ ਨੂੰ ਪੀੜੋ ...
ਫੇਰ ਸੱਧਰਾਂ ਦੀ ਲਾਸ਼ ਤੇ ਕੋਰਾ ਕਫ਼ਨ ਪਾਓ,
ਝੋਰੇ, ਹਾਵੇ, ਹੌਕਿਆਂ ਦੀਆਂ ਉੱਤੇ ਪੇਸੀਆਂ ਲਾਓ,
ਕਿਤੇ ਪੇਸੀਆਂ ਖ਼ੁੜ ਨਾ ਜਾਣ, ਜਾਗੋ ਨੀ ਪੀੜੋ ...
ਪੀੜੋ ਨੀ ਪੀੜੋ ... ਵੇਲਣੇ ... ਜ਼ਖ਼ਮਾਂ ਨੂੰ ਪੀੜੋ ...
ਜੀਵਨ ਦੇ ਰੰਡੇਪੇ ਨੇ, ਮੌਤ ਤੇ ਹੈ ਚਾਦਰ ਪਾਈ,
ਰਕੀਬਾਂ ਦੀ ਬਰਾਦਰੀ, ਫੇਰ ਦੇਣ ਵਧਾਈ ਆਈ,
ਮੇਲ ਨੂੰ ਸ਼ਗਨਾਂ ਦਾ ਗੁੜ ਵੰਡੋ ਨੀ ਪੀੜੋ ...
ਕਿਤੇ ਗੁੜ ਖ਼ੁੜ ਨਾ ਜਾਏ, ਜਾਗੋ ਨੀ ਪੀੜੋ ...
ਪੀੜੀ ਨੀ ਪੀੜੋ, ਹਾਏ ਜਾਗੋ ਨੀ ਪੀੜੋ,
ਯਾਦਾਂ ਦੇ ਵੇਲਣੇ ਵਿੱਚ ਜ਼ਖ਼ਮਾਂ ਨੂੰ ਪੀੜੋ।

ਬਲਬੀਰ ਸਿਕੰਦ

### ਮੌਤ ਦੇ ਰੰਗ (ਕਾਲੀ ਸਵੇਰ)

ਸੋਨੀਪੱਤ ਇੰਜੀਨਿਅਰਿੰਗ ਕਾਲਜ ਵਿੱਚ ਦਾਖਲਾ ਲਿਆ। ਉਨ੍ਹਾਂ ਦਿਨਾਂ ਵਿੱਚ ਦਿੱਲੀ ਤੋਂ ਲੈ ਕੇ ਚਾਈਨਾਂ ਦੇ ਬਾਰਡਰ ਤੱਕ ਇੱਕ ਵਿਸ਼ਾਲ ਪੰਜਾਬ ਹੁੰਦਾ ਸੀ। ਅੱਠਵੀਂ ਜਮਾਤ ਤਾਂ ਸਾਰੇ ਪੰਜਾਬੀ ਭਾਸ਼ਾ ਪੜ੍ਹਦੇ ਹੁੰਦੇ ਸਨ। ਭਾਂਵੇਂ ਉਹ ਜਾਟ, ਪਹਾੜੀ ਏ ਜਾਂ ਸਿੱਖ ਮਹਾਸ਼ੇਹੀ ਹੋਣ, ਪੰਜਾਬੀ ਦੀ ਪੂਰੀ ਧਾਕ ਤੇ ਪੰਜਾਬੀ ਨਾਲ ਮੋਹ ਜਿਹਾ ਹੁੰਦਾ ਸੀ। ਇਉਂ ਤਾਂ ਸਾਡੇ ਕਾਲਜ ਵਿੱਚ ਹਰ ਸੂਬੇ ਤੋਂ ਆ ਕੇ ਮੁੰਡੇ ਪੜ੍ਹਦੇ ਸਨ ਪਰ ਅੱਸੀ ਪ੍ਰਤੀਸ਼ਤ ਪੰਜਾਬੀ ਪੜ੍ਹਦੇ ਸਨ ਤੇ ਬੋਲਦੇ ਪੰਜਾਬੀ ਵੀ ਸਨ। ਇਸ ਲਈ ਮੈੱਸ ਵਿੱਚ ਜ਼ਿਆਦਾ ਤਰ ਪੰਜਾਬੀ ਖਾਣਾ ਹੀ ਪ੍ਰਧਾਨ ਹੁੰਦਾ ਸੀ। ਪਤਲੀ ਬਿਨਾਂ ਤੜਕੇ ਦੇ ਮਿਰਚਾਂ ਵਾਲੀ ਦਾਲ ਤੇ ਹਰ ਸਬਜ਼ੀ ਤਕਰੀਬਨ ਤਰੀ ਵਾਲੀ ਹੀ ਹੁੰਦੀ ਸੀ। ਰੋਟੀਆਂ ਅਜੀਬੋ ਗਰੀਬ ਆਟੇ ਦੀਆਂ ਠੰਡੀਆਂ ਹੋ ਜਾਣ ਤੇ ਗੁਲੇਲ ਵਾਂਗ ਜਿੰਨੀਆਂ ਮਰਜ਼ੀ ਖਿੱਚ ਲਓ, ਕੀ ਮਜ਼ਾਲ ਟੁੱਟ ਜਾਣ। ਉਨ੍ਹਾਂ ਦਿਨਾਂ ਵਿੱਚ ਕਾਲਜਾਂ ਵਿੱਚ ਸੀਨੀਅਰ ਵਿਦਿਆਰਥੀਆਂ ਦੀ ਪੂਰੀ ਧਾਕ ਹੁੰਦੀ ਸੀ ਤੇ ਉਨ੍ਹਾਂ ਜਿੱਦੋ-ਜਿੱਦੀ ਦਸ ਦਸ ਕੇ ਕਦੇ ਬਾਰ੍ਹਾਂ-ਬਾਰ੍ਹਾਂ ਰੋਟੀਆਂ ਖਾ ਜਾਣੀਆਂ। ਕਈ ਵਾਰ ਤਾਂ ਜੂਨੀਅਰ ਵਿਦਿਆਰਥੀਆਂ ਨੂੰ ਦਾਲ ਸਬਜ਼ੀ ਪੀ ਕੇ ਹੀ ਗੁਜ਼ਾਰਾ ਕਰਨਾ ਪੈਂਦਾ। ਕਈ ਮਾਂ ਦੇ ਲਾਡਲਿਆਂ ਨੇ ਥਾਲੀ ਅੱਗੇ ਰੱਖ ਕੇ ਮਾਂ ਨੂੰ ਯਾਦ ਕਰਦਿਆਂ ਉੱਚੀ-ਉੱਚੀ ਰੋਣ ਲੱਗ ਪੈਣਾ। ਫੇਰ ਕਿਸੇ ਅੱਖੜ ਜਾਟ ਮੁੰਡੇ ਨੇ ਅੱਗਿਓਂ ਥਾਲੀ ਚੁੱਕ ਕੇ ਤੇ ਕਹਿਣਾ, “ਛੋਰੇ, ਤੂੰ ਪਹਿਲੇ ਜੰਮਕੇ ਰੋ ਲੇ, ਖਾਣਾ ਕੱਲਖਾ ਲੈਣਾ।” ਸਾਰੇ ਹੀ ਢੀਠ ਜਿਹੇ ਹੋਏ ਸਨ। ਕਿਸੇ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਹਰ ਗੱਲ ਵਿੱਚ ਹਰ ਥਾਂ ਥੋੜਾ ਬਹੁਤ ਨਹੀਂ ਸਗੋਂ ਕੁੱਝ ਜ਼ਿਆਦਾ ਹੀ ਧੱਕਾ ਚਲਦਾ ਸੀ। ਸਾਰੇ ਹੋਸਟਲ ਵਾਸਤੇ ਤਿੰਨ ਬਾਥਰੂਮ ਤੇ ਸਿਰਫ਼ ਤਿੰਨ ਲੈਟਰੀਨ ਹੀ ਸਨ। ਸੀਨੀਅਰ ਮੁੰਡਿਆਂ ਨੇ ਆਪਣੇ ਕਮਰੇ ਵਿਚੋਂ ਅਲਫ਼ ਨੰਗੇ ਹੀ ਨਿਕਲ ਕੇ ਆਉਣਾ ਤੇ ਸਿੱਧਾ ਜਾ ਕੇ ਕਿਸੇ ਨਵੇਂ ਮੁੰਡਿਆਂ ਨੂੰ ਪਰੇ ਕਰਕੇ ਆਪ ਨਹਾਉਣ ਲੱਗ ਜਾਣਾ। ਹੱਦੋਂ ਵੱਧ ਤਾਂ ਉਦੋਂ ਹੁੰਦੀ ਸੀ ਜਦੋਂ ਕੁੱਝ ਸੀਨੀਅਰ ਮੁੰਡਿਆਂ ਨੇ ਲੈਟਰੀਨ ਗਏ ਜੂਨੀਅਰ ਮੁੰਡਿਆਂ ਦੇ ਨਾਲ ਹੀ ਨਾਲ ਵਾਲੀ ਖੁੱਤੀ ਤੇ ਬਹਿ ਜਾਣਾ। ਸ਼ਰਮਾਕਲ ਮੁੰਡੇ ਵਿਚੋਂ ਉੱਠਕੇ ਭੱਜ ਜਾਂਦੇ। ਕਈ ਸੀਨੀਅਰ ਤਾਂ ਸਾਬਣ ਤੇਲ ਤੇ ਵੀ ਹੱਥ ਸਾਫ਼ ਕਰ ਲੈਂਦੇ ਤੇ ਜੂਨੀਅਰ ਮੁੰਡਿਆਂ ਦੇ ਨਾਲ ਨਹਾਉਣ ਜਾ ਵੜਦੇ ਤੇ ਉਹਨਾਂ ਦਾ ਹੀ ਸਾਬਣ, ਤੇਲ ਤੇ ਤੌਲੀਆਂ ਵਰਤ ਜਾਂਦੇ ਸਨ। ਜੇ ਕੋਈ ਅੱਗੋਂ ਕੁਸਕੇ ਤਾਂ ਗਾਲਾਂ ਕੱਢਦੇ ਤੇ ਕਈ ਤਾਂ ਕੁੱਟ ਮਾਰ ਵੀ ਕਰਦੇ ਸਨ। ਇਸੇ ਚੱਕਰ ਵਿੱਚ ਕਹ. ਵਿਚਾਰੇ ਜੂਿਅਰ ਮੁੰਡਿਆਂ ਨੇ ਬਿਨਾਂ ਨਹਾਤੇ ਤੇ ਬਿਨਾਂ ਨਾਸ਼ਤਾ ਕੀਤੇ ਇੱਕ ਅੱਧ ਪੀਰੀਅਡ ਲੇਟ ਕਾਲਜ ਪਹੁੰਚਣਾ। ਕਲਾਸ ਇੰਚਾਰਜ ਨੇ ਉਪਰੋਂ ਹੋਰ

ਕਹਿਰ ਢਾਉਂਦਿਆਂ ਗੈਰਹਾਜ਼ਰੀ ਠੋਕ ਦੇਣੀ। ਤਿੰਨ ਦਿਨ ਦਾ ਪ੍ਰੈਕਟੀਕਲ ਬੜਾ ਔਖਜ ਹੁੰਦਾ ਸੀ, ਖਾਸ ਕਰਕੇ ਫਰੋਜ਼ਿੰਗ ਹੀਟ ਟਰੀਟਮੈਂਟ। ਸਾਰਾ ਦਿਨ ਅੱਗ ਉਗਲਦੀਆਂ, ਵੱਡੀਆਂ-ਵੱਡੀਆਂ ਭੱਠੀਆਂ ਵਿਚੋਂ ਲਾਲ ਸੁਰਖ਼ ਹੋਇਆ ਲੋਹਾ ਕੱਢ ਕੇ ਵੱਡੇ ਸਾਰੇ ਹਥੌੜੇ ਨਾਲ ਕੁੱਟ-ਕੁੱਟ ਕੇ ਔਜ਼ਾਰ ਬਣਾਉਦੇ ਪੈਂਦੇ ਸਨ। ਪਸੀਨੇ ਨਾਲ ਜੁੱਤੀਆਂਭਰ ਜਾਂਦੀਆਂ ਤੇ ਫੇਰ ਸ਼ਾਮ ਨੂੰ ਇੱਕ ਮੀਲ ਦੀ ਵਾਟ ਪੈਦਲ ਚੱਲਕੇ ਹੋਸਟਲ ਵਿੱਚ ਮਸਾਂ ਪਹੁੰਚਣਾ। ਲਿਬੜੇ ਤਿਬੜੇ ਬੈਠੇ ਉਡੀਕਣਾ ਕਿ ਕਦ ਪਾਣੀ ਆਵੇ ਤੇ ਨਹਾਇਆ ਜਾਵੇ। ਪਰ ਸ਼ਾਮ ਨੂੰ ਫੇਰ ਸੀਨੀਅਰ ਸਟੂਡੈਂਟਾਂ ਦੀ ਉਹੀ ਪ੍ਰੇਸ਼ਾਨੀ ਆੜੇ ਆਣ ਖਲੋਂਦੀ। ਜੇ ਹੋਸਟਲ ਸੁਪਰਡੈਂਟ ਅੱਗੇ ਸ਼ਿਕਾਇਤ ਲਾਈ ਜਾਂਦੀ ਤਾਂ ਉਸਨੈ ਕਹਿਣਾ "ਕੋਈ ਗੱਲ ਨਈਂ, ਅਗਲੇ ਸਾਲ ਤੁਸੀਂ ਵੀ ਆਪਣੇ ਜੂਨੀਅਰ ਨਾਲ ਇਹੀ ਕੁੱਝ ਕਰੋਗੇ। ਇਹ ਤਾਂ ਸਦਾ ਤੋਂ ਚਲਦਾ ਆਇਆ ਹੈ, ਕੋਈ ਨਵੀਂ ਗੱਲ ਨਹੀਂ। ਹੌਲੀ-ਹੌਲੀ ਤੁਸੀਂ ਵੀ ਯੂਜ਼ ਟੂ ਹੋ ਜਾਉਗੇ। ਜਿਵੇਂ ਮਿਲਟਰੀ ਵਿੱਚ ਨਵੇਂ ਰੰਗਰੂਟੀ ਵੇਲੇ ਜਵਾਨਾਂ ਨੂੰ ਸੂਈ ਦੇ ਨੱਕੇ ਵਿਚੋਂ ਲੰਘਾ ਦਿੰਦੇ ਨੇ ਉਸੇ ਤਰ੍ਹਾਂ ਜਿਹੜਾ ਪਹਿਲਾ ਸਾਲ ਇਥੇ ਕੱਢ ਗਿਆ, ਸਮਝੋ ਉਹ ਜ਼ਿੰਦਗੀ ਵਿੱਚ ਕਦੀ ਕਿਤੇ ਵੀ ਮਾਰ ਨਹੀਂ ਖਾ ਸਕਦਾ। ਸਾਰੇ ਨਖਰੇ-ਵਖਰੇ ਤੇ ਰੜਕਾਂ ਨਿਕਲ ਜਾਂਦੀਆਂ ਨੇ। ਇੱਕ ਵਾਰੀ ਤਾਂ ਅਜਿਹਾ ਬੰਦੇ ਦਾ ਪੁੱਤ ਬਣਾ ਦਿੰਦੇ ਨੇ ਕਿ ਫਿਰ ਬੰਦਾ ਕਦੇ ਕੰਨ ਵਿੱਚ ਪਾਇਆ ਨਾ ਰੜਕੇ।" ਸ਼ਾਇਦ ਇਹਨਾਂ ਸਭ ਕਾਰਨਾਂ ਕਰਕੇ ਸਾਲ ਦੇ ਸ਼ੁਰੂ ਵਿੱਚ ਹੀ ਪੰਜਾਹ-ਸੱਠ ਮੁੰਡੇ ਦਾਖਲਾ ਲੈਂਦੇ ਹੀ ਹੌਲੀ-ਹੌਲੀ ਕਿਰਨੇ ਸ਼ੁਰੂ ਹੋ ਜਾਂਦੇ ਤੇ ਫਾਈਨਲ ਸਾਲ ਤੱਕ ਪੱਚੀ-ਤੀਹ ਹੀ ਕਲਾਸ ਵਿੱਚ ਰਹਿ ਜਾਂਦੇ ਸਨ।

ਸਾਡੀ ਪੰਜ-ਛੇ ਮੁੰਡਿਆਂ ਦੀ ਜੋਟੀ ਸੀ। ਦੋਤਿੰਨ ਬਹੁਤ ਤਕੜੇ, ਕੌਡੀ ਦੇ ਪਲੇਅਰ ਬੜੇ ਹੀ ਨਿਧੜਕ ਸਨ। ਮੇਜਰ ਸਿੰਘ ਬੋਲੀਏ ਕਲਾਂ ਦਾ ਤੇ ਰਘਬੀਰ ਸਿੰਘ ਜਲਾਲਾਬਾਦੀ ਤੇ ਤਰਲੋਚਨ ਸਿੰਘ ਧਾਮੀਆਂ ਕਲਾਂ ਦਾ ਤਿੰਨੋਂ ਲੜਾਈ ਮੁੱਲ ਲੈਣੋਂ ਨਹੀਂ ਡਰਦੇ ਸਨ। ਛੇਤੀ ਹੀ ਸਾਡੀ ਜੋਟੀ ਦੀ ਧਾਕ ਬਣ ਗਈ। ਸਾਡੇ ਨਾਲ ਸਹਿਜੇ ਕੀਤੇ ਉਹ ਅੱਖੜ ਸੀਨੀਅਰ ਮੁੰਡੇ ਵੀ ਪੰਗਾ ਲੈਣੋਂ ਹੱਟ ਗਏ।

ਹੌਲੀ-ਹੌਲੀ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਬੜੇ ਦਿਨਾਂ ਦੀਆਂ ਛੁੱਟੀਆਂ ਆਉਣ ਵਾਲੀਆਂ ਹੋ ਗਈਆਂ। ਐਨੇ ਕਾਲਜ ਦੇ ਸਮੇਂ ਵਿੱਚ ਕੁੱਝ ਛੱਟ ਗਏ, ਕੁੱਝ ਰੱਚ ਗਏ ਤੇ ਕੁੱਝ ਡੱਟ ਗਏ। ਅਸੀਂ ਵੀ ਆਪਣੇ-ਆਪਣੇ ਘਰੀਂ ਜਾਣ ਦਾ ਪ੍ਰੋਗਰਾਮ ਬਣਾ ਲਿਆ। ਤਰਲੋਚਨ ਕਹਿੰਦਾ "ਆਪਾਂ ਸਾਰੇ ਇੱਕ ਦਿਨ ਪਹਿਲਾਂ, ਪਹਿਲੀ ਜਨਵਰੀ ਨੂੰ ਸਵੇਰੇ ਹੀਹੋਸਟਲ ਪਹੁੰਚ ਜਾਵਾਂਗੇ ਤਾਂਕਿ ਵਧੀਆ-ਵਧੀਆ ਮੰਜੇ ਤੇ ਟੇਬਲ ਕੁਰਸੀਆਂ ਛਾਂਟ ਸਕਾਂਗੇ ਨਾਲੇ ਪੂਰੇ ਤਰ੍ਹਾਂ ਰੈਸਟ ਵੀ ਮਿਲ ਜਾਏਗੀ। ਅਗਲੇ ਦਿਨ ਆਰਾਮ ਨਾਲ ਕਾਲਜ ਜਾਵਾਂਗੇ।" ਸਾਰਿਆਂ ਨੇ ਹਾਮੀ ਭਰ ਲਈ ਕਿ ਅਸੀਂ ਸਾਰੇ 31 ਦਿਸੰਬਰ 1957 ਨੂੰ ਚੱਲਾਂਗੇ। ਹਰਦਵਾਰ ਮੇਲ ਵਿੱਚ ਚੜਾਂਗੇ ਤੇ ਅੰਬਾਲਾ ਕੈਂਟ ਤੋਂ ਕਾਲਕਾ ਮੇਲ ਵਿੱਚ ਬਹਿਕੇ ਸੋਨੀਪੱਤ ਪਹੁੰਚ ਜਾਵਾਂਗੇ। ਉਨ੍ਹਾਂ ਦਿਨਾਂ ਵਿੱਚ ਦਿੱਲੀ ਤੋਂ ਅੰਬਾਲਾ ਕੈਂਟ ਤੱਕ ਵਾਇਆ ਸੋਨੀਪੱਤ ਸਿੰਗਲ ਰੇਲ ਲਾਈਨ ਹੁੰਦੀ ਸੀ। ਥਾਂ-ਥਾਂ ਤੇ ਗੱਡੀ ਨੇ ਰੁਕਣਾ ਤੇ ਦੂਜੀ ਗੱਡੀ ਨੂੰ ਕਰਾਸ ਕਰਵਾਉਣਾ। ਕਾਫੀ ਬੋਰਿੰਗ ਜਿਹਾ ਸਫ਼ਰ ਹੁੰਦਾ ਸੀ। ਪਰ ਇਕੱਠੀ ਮੁੰਡੀਰ ਵਿੱਚ ਕੁੱਝ ਪਤਾ ਹੀ ਨਹੀਂ ਚੱਲਦਾ ਸੀ। ਰਘਬੀਰ ਤੇ ਮੇਜਰ ਲੁਧਿਆਣੇ ਉਤਰ ਕੇ ਮੋਘੇ ਵੱਲ ਚਲੇ ਗਏ ਤੇ ਮੈਂ ਤੇ ਤਰਲੋਚਨ ਜਲੰਧਰ ਕੈਂਟ ਇਕੱਠੇ ਉਤਰੇ। ਤਰਲੋਚਨ ਅੱਗੇ ਧਾਮੀਆਂਕਲਾਂ ਨੂੰ ਚਲਾ ਗਿਆ ਤੇ ਮੈਂ ਜਲੰਧਰ ਕੈਂਟ ਆਪਣੇ ਘਰ ਚਲਾ ਗਿਆ। ਮਾਂਜੀ ਨੇ ਬੜਾ ਪਿਆਰ ਤੇ ਦੁਲਾਰ ਦਿੱਤਾ। ਮਨ ਮਰਜ਼ੀ ਦੀਆਂ ਚੀਜ਼ਾਂ ਤੇ ਪਕਵਾਨ ਖੁਆਏ। ਭੈਣਾਂ ਤੇ ਭਰਾਵਾਂ ਨੇ ਵੀ ਉਚੇਚ ਨਾਲ ਲਾਡ ਕੀਤਾ।

ਛੁੱਟੀਆਂ ਅੱਖ ਦੇ ਫੋਰਿਆਂ ਵਾਂਗ ਖਤਮ ਹੋ ਗਈਆਂ ਤੇ ਮੈਂ 31 ਦਸੰਬਰ ਨੂੰ ਹੀ ਅੜੀ ਕਰ ਕੇ ਬਹਿ ਗਿਆ ਕਿ ਮੈਂ ਤਾਂ ਅੱਜ ਹੀ ਵਾਪਿਸ ਜਾਣਾ ਹੈ। ਮੇਰਾ ਸਾਰਿਆਂ ਨਾਲ ਪ੍ਰੋਗਰਾਮ ਬਣਿਆ ਹੋਇਆ ਹੈ। ਸਾਰੇ ਮੈਨੂੰ ਉਡੀਕਦੇ ਹੋਣਗੇ। ਮਾਂ ਨੇ ਕਿਹਾ "ਕਮਲਿਆ, ਵਰੇ ਵਾਲੇ ਦਿਨ ਕਿੱਥੇ ਗੱਡੀਆਂ ਵਿੱਚ ਧੱਕੇ ਖਾਏਂਗਾ। ਇੱਕ ਦੋ ਦਿਨ ਰੁਕ ਕੇ ਚਲੇ ਜਾਈਂ।" ਬਲਦੇਵ ਵੀਰ ਜੀ ਨੇ ਵੀ ਕਿਹਾ ਕਿ "ਬਿੱਲੂ, ਮੈਂ ਵੀ ਪਰਸੋਂ ਆਪਣੀ ਡਿਊਟੀ ਤੇ ਜਾਣਾ ਹੈ। ਆਪਾਂ ਇਕੱਠੇ ਚੱਲਾਂਗੇ। ਤੂੰ ਅੱਗੇ ਸੋਨੀਪਤ ਚਲਾ ਜਾਈਂ।" ਪਰ ਜਦੋਂ ਮੈਂ ਅੜੀਅਲ ਟੱਟੂ ਵਾਂਗ ਟਸ ਤੋਂ ਮਸ ਨਾ ਹੋਇਆ ਤਾਂ ਮਾਂ ਜੀ ਨੇ ਖਿਝ ਕੇ ਚਾਰ ਪਰੌਂਠੇ ਤੇ ਸੁੱਕੀ ਸਬਜ਼ੀ ਪਾ ਕੇ ਰਸਤੇ ਲਈ ਬੰਨ੍ਹ ਦਿੱਤੀ। ਬਲਦੇਵ ਵੀਰ ਜੀ ਨੂੰ ਕਿਹਾ "ਜਾ ਪੁੱਤਰਾ, ਇਹਨੂੰ ਤੂੰ ਸਾਈਕਲ ਤੇ ਬਿਠਾ ਕੇ ਜਲੰਧਰ ਛਾਉਣੀ ਦੇ ਸਟੇਸ਼ਨ ਤੇ ਚੜਾ ਆਵੀਂ। ਟਿਕਟ ਲੈ ਕੇ ਦੇ ਦੇਈਂ ਤੇ ਚੰਗੀ ਤਰ੍ਹਾਂ ਬਿਠਾ ਕੇ ਆਈਂ।" ਮੈਂ ਢੀਠਾਂ ਵਾਂਗ ਫਟਾ ਫਟ ਤਿਆਰ ਹੋ ਕੇ ਸਭ ਨੂੰ ਮਿਲਿਆ। ਮਾਂ ਜੀ ਦੇ ਪੈਰੀਂ ਹੱਥ ਲਾਇਆ ਤੇ ਆਸ਼ੀਰਵਾਦ ਲਿਆ। ਮਾਂ ਜੀ ਦੀਆਂ ਅੱਖਾਂ ਵਿੱਚ ਮਮਤਾ ਦੇ ਨਾਲ ਨਾਲ ਥੋੜੀ ਜਿਹੀ ਸਿੱਲ ਵੀ ਸੀ। ਅਖੀਰ ਸਾਈਕਲ ਤੇ ਬਹਿ ਕੇ ਭਾਅ ਜੀ ਨਾਲ ਮੈਂ ਜਲੰਧਰ ਕੈਂਟ ਦੇ ਰੇਲਵੇ ਸਟੇਸ਼ਨ ਤੇ ਪਹੁੰਚਿਆ ਤੇ ਵੀਰ ਜੀ ਨੇ ਮੈਨੂੰ ਗੱਡੀ ਵਿੱਚ ਬੱਚਿਆਂ ਵਾਂਗ ਬਿਠਾ ਕੇ ਤਾਕੀਦ ਕੀਤੀ "ਆਪਣਾ ਧਿਆਨ ਰੱਖੀਂ। ਜਾ ਕੇ ਆਪਣੀ ਰਾਜੀ ਖੁਸ਼ੀ ਦਾ ਇੱਕ ਕਾਰਡ ਪਾ ਦੇਵੀਂ। ਨਹੀਂ ਤਾਂ ਮਾਂ ਜੀ ਫ਼ਿਕਰ ਕਰਨਗੇ।" "ਅੱਛਾ ਭਾਜੀ, ਤੁਸੀਂ ਰਤਾ ਫ਼ਿਕਰ ਨਾ ਕਰੋ।" ਭਾਜੀ ਪਿਆਰ ਦੇ ਕੇ ਗੱਡੀ ਵਿਚੋਂ ਉਤਰ ਗਏ। ਗੱਡੀ ਹੌਲੀ-ਹੌਲੀ ਘਿਸਰਦੀ ਤੇ ਧੂੰਆਂ ਛੱਡਦੀ ਰੌਲਾ ਪਾਉਂਦੀ ਤੁਰ ਪਈ। ਗੱਡੀ ਤੁਰਨ ਤੱਕ ਵੀ ਤਰਲੋਚਨ ਨਹੀਂ ਆਇਆ ਸੀ। ਹੁਸ਼ਿਆਰਪੁਰ ਵਾਲੀ ਗੱਡੀ ਤਾਂ ਕਦੋਂ ਦੀ ਜਲੰਧਰ ਛਾਉਣੀ ਚਰੋਕਣੀਆਂ ਸਵਾਰੀਆਂ ਲਾਹ ਕੇ ਜਲੰਧਰ ਸ਼ਹਿਰ ਪਹੁੰਚ ਗਈ ਹੋਣੀ ਏ ਪਰ ਤਰਲੋਚਨ ਕਿਉਂ ਨਹੀਂ ਆਇਆ। ਸੋਚਾਂ ਵਿੱਚ ਡੁੱਬਿਆ ਗੱਡੀ ਜਦੋਂ ਲੁਧਿਆਣਾ ਜੰਕਸ਼ਨ ਤੇ ਪਹੁੰਚੀ ਤਾਂ ਮੈਂ ਪਲੇਟਫਾਰਮ ਤੇ ਉਤਰ ਕੇ ਕਾਫੀ ਅੱਗੇ ਪਿੱਛੇ ਦੇਖਿਆ ਤਾਂ ਨਾਂ ਰਘਬੀਰ ਤੇ ਨਾ ਹੀ ਮੇਜਰ ਕਿਧਰੇ ਨਜ਼ਰੀਂ ਨਾ ਰੜਕੇ। ਆਖੀਰ ਸੀਟੀਆਂ ਮਾਰਦੀ ਤੇ ਮੈਨੂੰ ਚਿੜਾਉਂਦੀ ਗੱਡੀ ਲੁਧਿਆਣੇ ਸਟੇਸ਼ਨ ਤੋਂ ਵੀ ਤੁਰ ਪਈ ਤੇ ਮੈਂ ਇਕੱਲਾ ਹੀ ਆਪਣੀ ਸੀਟ ਤੇ ਬੈਠਾ ਵਾਪਿਸ ਜਾ ਰਿਹਾ

ਸੀ। ਕੁੱਝ ਮਿੱਤਰਾਂ ਦੇ ਨਾ ਆਉਣ ਤੇ ਨਿਰਾਸਤਾ ਤੇ ਕੁੱਝ ਪਛਤਾਵਾ ਜਿਹਾ ਤੰਗ ਕਰਨ ਲੱਗਿਆ ਕਿ ਮੈਂ ਐਵੇਂ ਸਾਰੇ ਘਰਦਿਆਂ ਨੂੰ ਨਰਾਜ਼ ਕਰਕੇ ਇਕੱਲਾ ਹੀ ਗੱਡੀ ਚੜ੍ਹ ਆਇਆ ਹਾਂ। ਇਸੇ ਉਧੇੜ ਬੁਨ ਤੇ ਸਸ਼ੋਪੰਜ ਵਿੱਚ ਸਾਰੀ ਰਾਤ ਨਿੱਕਲ ਗਈ। ਖੈਰ ਅੰਬਾਲੇ ਉਤਰ ਕੇ ਕਾਲਕਾ ਮੇਲ ਜੋ ਦਿੱਲੀ ਜਾਂਦੀ ਸੀ, ਫੜੀ ਤੇ ਬਿਲਕੁਲ ਇੰਜਨ ਦੇ ਨਾਲ ਲੱਗਦੇ ਡੱਬੇ ਵਿੱਚ ਚੜਿਆ। ਅੱਗੋਂ ਇੱਕ ਫੌਜੀ ਨੇ ਕਿਹਾ "ਕਾਕਾ, ਇਹ ਮਿਲਟਰੀ ਵਾਲਿਆਂ ਦਾ ਡੱਬਾ ਹੈ।" ਅੱਗੋਂ ਮੈਂ ਕਿਹਾ "ਭਾਜੀ, ਮੈਂ ਵੀ ਫੌਜੀ ਦਾ ਪੁੱਤ ਹਾਂ, ਜਲੰਧਰ ਛਾਉਣੀ ਤੋਂ ਆਇਆ ਹਾਂ।" "ਅੱਛਾ-ਅੱਛਾ, ਆ ਜਾ ਫੇਰ।" ਇੱਕ ਫੌਜੀ ਨੇ ਕਿਹਾ ਤੇ ਮੈਂ ਡੱਬੇ ਵਿੱਚ ਚੜ੍ਹ ਗਿਆ। ਹੋਰ ਜਿਹੜਾ ਵੀ ਆਵੇ ਉਸਨੂੰ ਉਹ ਜਵਾਨ ਪਿਛਲੇ ਡੱਬਿਆਂ ਵੱਲ ਘੱਲ ਦੇਣ। ਕੁੱਝ ਤਾਂ ਚੁੱਪ ਚਾਪ ਤੇ ਕੁੱਝ ਬੁੜ-ਬੁੜ ਕਰਦੇ ਅੱਗੇ ਵੱਧ ਜਾਂਦੇ। ਤਕਰੀਬਨ ਤੜਕੇ ਦੇ ਢਾਈ ਵੱਜੇ ਹੋਣਗੇ ਗੱਡੀ ਅੰਬਾਲਾ ਕੈਂਟ ਤੋਂ ਤੁਰ ਪਈ। ਸਾਰੇ ਹੀ ਜਵਾਨ ਇਕਹ ਤੋਂ ਇੱਕ ਵੱਧ ਸੁਨੱਖੇ ਤੇ ਗੱਭਰੂ, ਜਾਣੋਂ ਪੰਜਾਬ ਦੀ ਕਰੀਮ ਹੋਵੇ। ਕਿਸੇ ਮਿਲਟਰੀ ਦੇ ਇੰਟਰ ਸਟੇਟ ਖੇਡਾ ਮੁਕਾਬਲੇ ਵਿੱਚ ਹਿੱਸਾ ਲੈਣ ਜਾ ਰਹੇ ਸਨ। ਕੋਈ ਕਹਿੰਦਾ "ਅੱਜ ਪਹਿਲੀ ਵਾਰ ਨਵਾਂ ਸਾਲ ਗੱਡੀ ਵਿੱਚ ਹੀ ਚੜਿਆ ਹੈ, ਵਾਹਿਗੁਰੂ ਸੁੱਖ ਰੱਖੇ।" ਇੱਕ ਜਵਾਨ ਗੁਟਕਾ ਹੱਥ ਵਿੱਚ ਫੜ ਕੇ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਉਸਨੇ ਕਿਹਾ "ਸਾਰੇ ਦਿਨ ਕਰਤਾਰ ਦੇ ਹੀ ਸਿਰਜੇ ਨੇ।" ਇੱਕ ਜਵਾਨ ਨੇ "ਬੋਲੇ ਸੋ ਨਿਹਾਲ" ਕਹਿ ਕੇ ਜੈਕਾਰਾ ਛੱਡ ਦਿੱਤਾ ਤੇ ਸਭ ਨੇ ਕਿਹਾ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।" ਐਨੇ ਨੂੰ ਟੀਚੂੰ-ਟੀਚੂੰ ਕਰਦੀ ਗੱਡੀ ਮੋਹਰੀ ਸਟੇਸ਼ਨ ਤੇ ਆ ਰੁਕੀ। ਥੋੜੀ ਦੇਰ ਬਾਅਦ ਗੱਡੀ ਤੁਰਨ ਲੱਗੀ ਪਰ ਫੇਰ ਬਰੇਕਾਂ ਲੱਗ ਗਈਆਂ ਤੇ ਗੱਡੀ ਮੁੜ ਰੁੱਕ ਗਈ। ਵਿਚੋਂ ਹੀ ਕਿਸੇ ਨੇ ਕਿਹਾ "ਸ਼ਾਇਦ ਐਥੇ ਸਾਹਮਣਿਓਂ ਆਉਣ ਵਾਲੀ ਗੱਡੀ ਦਾ ਕਰਾਸ ਹੋਵੇ।" ਇੱਕ ਹੋਰ ਨੇ ਸ਼ੰਕਾ ਜ਼ਾਹਿਰ ਕੀਤੀ ਕਿ "ਐਸ ਵੇਲੇ ਕਿਹੜੀ ਗੱਡੀ ਦਾ ਕਰਾਸ ਹੋ ਸਕਦਾ ਹੈ।" ਇੱਕ ਹੋਰ ਨੇ ਜਵਾਬ ਦਿੱਤਾ "ਸ਼ਾਇਦ ਜਨਤਾ ਐਕਸਪਰੈਸ ਨੇ ਲੰਘਣਾ ਹੋਵੇ। ਇਹ ਪਸੰਜਰ ਗੱਡੀਆਂ ਤਾਂ ਨੱਖਸਮੀਆਂ ਹੀ ਹੁੰਦੀਆਂ ਨੇ, ਜਿਥੇ ਮਰਜ਼ੀ ਰੋਕ ਦਿੱਤਾ। ਕਦੇ-ਕਦੇ ਤਾਂ ਘੰਟਿਆਂ ਬੱਧੀ ਇੰਜਣ ਸਟੇਸ਼ਨ ਤੇ ਖੜਾ ਹੌਂਕਦਾ ਰਹਿੰਦਾ ਹੈ।" ਮੈਂ ਉਪਰਲੀ ਸੀਟ ਤੋਂ ਉਤਰਿਆ ਤੇ ਬਾਥਰੂਮ ਵੱਲ ਵਧਿਆ ਪਰ ਬਾਥਰੂਮ ਵਿੱਚ ਕੋਈ ਵੜਿਆ ਹੋਇਆ ਸੀ। ਮੈਂ ਨੇੜੇ ਹੀ ਇਕੱਲੀ ਸੀਟ ਤੇ ਇੱਕ ਜਵਾਨ ਜਵਾਨ ਨਾ ਘੁਸੜ ਕੇ ਬੈਠ ਗਿਆ। ਉਸਨੇ ਕਿਹਾ "ਕਾਕਾ, ਜੇ ਬਹਿਣਾ ਚਾਹੁੰਦਾ ਹੈਂ ਤਾਂ ਚੰਗੀ ਤਰ੍ਹਾਂ ਬਹਿ ਜਾ। ਜੇ ਕਹੇਂ ਤਾਂ ਮੈਂ ਤੇਰੀ ਉਪਰਲੀ ਸੀਟ ਤੇ ਜ਼ਰਾ ਪਿੱਠ ਸਿੱਧੀ ਕਰ ਲਵਾਂ।" ਮੈਂ ਕਿਹਾ "ਕਿਉਂ ਨਹੀਂ ਭਰਾ ਜੀ, ਤੁਸੀਂ ਆਰਾਮ ਕਰ ਲਵੋ ਮੈਂ ਤਾਂ ਵੈਸੇ ਵੀ ਸੋਨੀਪਤ ਹੀ ਉਤਰ ਜਾਣਾ ਹੈ।" ਉਹ ਜਵਾਨ ਉਤੇ ਚੜ੍ਹ ਕੇ ਲੇਟ ਗਿਆ। ਮੈਂ ਸਟੇਸ਼ਨ ਤੇ ਪਸਰਿਆ ਸੰਨਾਟਾ ਦੇਖ ਰਿਹਾ ਸੀ। ਬਹੁਤ ਹੀ ਛੋਟਾ ਜਿਹਾ ਸਟੇਸ਼ਨ ਉਚੇ ਪਲੇਟ ਫਾਰਮ ਵੀ ਨਹੀਂ ਬਣੇ ਸਨ। ਕਿਤੇ ਕਿਤੇ ਟਾਂਵੀਂ-ਟਾਂਵੀਂ ਬੱਤੀ ਜਲ ਰਹੀ ਸੀ। ਇੱਕ ਤਾਂ ਪਹਿਲੀ ਜਨਵਰੀ ਦੀ ਤੜਕੇ ਦੀ ਠੰਡ ਉਤੋਂ ਮਾੜੀ-ਮਾੜੀ ਕਿਣ-ਮਿਣ ਵੀ ਹੋ ਰਹੀ ਸੀ। ਮੈਂ ਬਾਹਰ ਝਾਤੀ ਮਾਰੀ ਜਾਣੋਂ ਇੰਜਣ ਡਰਾਈਵਰ ਪਲੇਟ ਫਾਰਮ ਤੇ ਖੜਾ ਕਿਸੇ ਨਾਲ ਬੀੜੀ ਪੀ ਰਿਹਾ ਸੀ ਤੇ ਐਨੇ ਨੂੰ ਕੋਈ ਦੂਜਾ ਬਾਥਰੂਮ ਵਿੱਚ ਵੜ ਗਿਆ। ਪਤਾ ਨਹੀਂ ਕੀ ਹੋਣੀ ਦਾ ਕ੍ਰਿਸ਼ਮਾਂ ਵਾਪਰਿਆ ਮੈਂ ਇੱਕ ਦਮ ਉਠਿਆ ਤੇ ਵਾਸ਼ਰੂਮ ਦੇ ਦਰਵਾਜ਼ੇ ਨੂੰ ਧੱਕਾ ਮਾਰਿਆ ਪਰ ਅੰਦਰੋਂ ਦਰਵਾਜ਼ੇ ਨੂੰ ਚਿਟਕਣੀ ਲੱਗੀ ਸੀ। ਪਤਾ ਨਹੀਂ ਮੈਨੂੰ ਕੀ ਝੱਲ ਚੜਿਆ। ਮੈਂ ਗੱਡੀ ਤੋਂ ਥੱਲ੍ਹੇ ਉਤਰ ਗਿਆ ਤੇ ਹੌਲੀ-ਹੌਲੀ ਇੰਜਣ ਦੇ ਸਿਗਨਲ ਵੱਲ ਦੇਖਦੇ-ਦੇਖਦੇ ਅੱਗੇ ਵੱਧ ਗਿਆ। ਮੈਂ ਪਲੇਟ ਫਾਰਮ ਤੇ ਹੀ ਇੱਕ ਵੱਡੇ ਸਾਰੇ ਦਰਖਤ ਦੀ ਆੜ ਵਿੱਚ ਖੜਕੇ ਪਿਸ਼ਾਬ ਕਰਨ ਲੱਗ ਗਿਆ। ਐਨੇ ਨੂੰ ਸਾਹਮਣੇ ਤੋਂ ਆਉਂਦੀ ਕਰਾਸ ਕਰਨ ਵਾਲੀ ਗੱਡੀ ਸ਼ੂਕਦੀ ਆਉਂਦੀ ਨਜ਼ਰੀਂ ਪਈ ਤੇ ਮੇਰੇ ਦੇਖਦੇ-ਦੇਖਦੇ ਬਦਕਿਸਮਤੀ ਨਾਲ ਖੜੀ ਗੱਡੀ ਵਾਲੇ ਟਰੈਕ ਤੇ ਪੂਰੀ ਰਫ਼ਤਾਰ ਨਾਲ ਆ ਗਈ। ਮੇਰੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਮੇਰੇ ਦੇਖਦਿਆਂ ਦੇਖਦਿਆਂ ਪਲਾਂ-ਛਿਨਾਂ ਵਿੱਚ ਐਨਾ ਵੱਡਾ ਤੇ ਭਿਆਨਕ ਰੇਲ ਹਾਦਸਾ ਹੋ ਗਿਆ। ਦੋਨੋਂ ਇੰਜਣ ਆਮ੍ਹਣੇ ਸਾਹਮਣਿਓਂ ਭਿੜ ਗਏ ਤੇ ਸਾਨ੍ਹਾਂ ਵਾਂਗ ਤਿੰਨ ਵਾਰ ਟਕਰਾਏ। ਫੇਰ ਦੋਨੋਂ ਇੰਜਣ ਜਿਵੇਂ ਜੱਫ਼ੀ ਪਾ ਕੇ ਖੜੇ ਹੋ ਗਏ। ਮੇਰੀ ਵਾਲੀ ਗੱਡੀ ਖੜੀ ਸੀ। ਦੂਜੀ ਪੂਰੀ ਸਪੀਡ ਤੇ ਆ ਰਹੀ ਸੀ। ਸਾਡੀ ਗੱਡੀ ਦੇ ਪਹਿਲੇ ਦੋ ਡੱਬੇ ਤਾਂ ਪੂਰੀ ਤਰ੍ਹਾਂ ਨਾਲ ਦਰੜੇ ਗਏ ਤੇ ਬੁਰੀ ਤਰ੍ਹਾਂ ਕੱਟੇ-ਵੱਡੇ, ਚਿਪਕੇ, ਲਾਇਨੋਂ ਲਹਿ ਗਏ। ਸਾਡੇ ਡੱਬੇ ਵਿਚੋਂ ਤਾਂ ਇੱਕ ਵੀ ਬੰਦਾ ਨਹੀਂ ਬਚਿਆ ਸੀ। ਦੂਜੀ ਗੱਡੀ ਦਾ ਵੀ ਬਹੁਤ ਨੁਕਸਾਨ ਹੋਇਆ। ਜ਼ਿਆਦਾਤਰ ਤੀਵੀਆਂ ਤੇ ਮਾਸੂਮ ਬੱਚੇ ਅਣਆਈ ਮੌਤ ਮਾਰੇ ਗਏ। ਕੁੱਝ ਕੱਟੇ ਵੱਡੇ ਗਏ ਤੇ ਕੁੱਝ ਮਿੱਧੇ ਜਕੜੇ ਹੋਏ ਚੀਖ ਚਿਹਾੜਾ ਪਾ ਰਹੇ ਸਨ। ਕੁੱਝ ਲਾਸ਼ਾਂ ਤਾਂ ਐਨੀ ਬੇਰਹਿਮੀ ਨਾਲ ਕੱਟੀਆਂ ਵੱਡੀਆਂ ਗਈਆਂ ਸਨ ਕਿ ਦੇਖ ਕੇ ਦਿਲ ਦਹਿਲ ਉਠਦਾ ਸੀ। ਹਰ ਪਾਸੇ ਹਾਹਾਕਾਰ ਮੱਚ ਗਈ ਸੀ। ਕੁੱਝ ਸਵਾਰਥੀ ਤੇ ਬੇਰਹਿਮ ਲੋਗ ਆਪਣੇ ਡੱਬਿਆਂ ਵਿੱਚ ਹੀ ਬੈਠੇ ਰਹੇ ਪਰ ਕੁੱਝ ਹਿੰਮਤਵਾਲੇ ਤੇ ਰਹਿਮਦਿਲ ਯਾਤਰੀ ਤੇ ਲੋਗ ਪੀੜਤਾਂ ਨੂੰ ਬਚਾਉਣ ਲਈ ਪੂਰੀ ਤਾਣ ਲਾ ਰਹੇ ਸਨ। ਥੋੜੀ ਦੇਰ ਬਾਅਦ ਲਾਗਲੇ ਪਿੰਡਾਂ ਦੇ ਲੋਕ ਵੀ ਆ ਗਏ ਸਨ। ਮਦਦ ਕਰਨ ਲਈ। ਕੁੱਝ ਕਰਵੇਸ਼ਾਂ ਵਰਗੇ ਲੋਕ ਤਾਂ ਸੱਚ-ਮੁੱਚ ਮਦਦ ਕਰ ਰਹੇ ਸਨ ਪਰ ਕੁੱਝ ਵਹਿਸ਼ੀ ਕਮੀਨੇ ਇਨਸਾਨ ਲੋਕਾਂ ਦੀਆਂ ਘੜੀਆਂ ਕੜੇ ਤੇ ਮੁੰਦੀਆਂ ਲਾਹ ਕੇ ਖਿੱਸਿਆਂ ਦੇ ਹਵਾਲੇ ਕਰ ਰਹੇ ਸਨ ਤੇ ਜੇਬਾਂ ਫਰੋਲ ਕੇ ਜੋ ਹੱਥ ਲੱਗਿਆ ਆਪਣੀਆਂ ਜੇਬਾਂ ਵਿੱਚ ਪਾ ਰਹੇ ਸਨ। ਬੰਦਾ ਐਨਾਂ ਵੀ ਗਿਰ ਸਕਦਾ ਹੈ, ਐਨਾ ਕਮੀਨਾ ਹੋ ਸਕਦਾ ਹੈ ਇਹ ਦੇਖਕੇ ਜਾਣੋਂ ਮਨੁੱਖਤਾ ਉੱਚੀ-ਉੱਚੀ ਚੀਕਾਂ ਮਾਰ ਰਹੀ ਹੋਣੀ ਏ। ਜਿਵੇਂ ਕਹਿ ਰਹੀ ਹੋਵੇ "ਮੈਨੂੰ ਬਚਾਓ, ਮੈਂ ਮਰ ਰਹੀ ਹਾਂ ...।" ਪਰ ਕਿੱਥੇ, ਸਭ ਬੋਲ਼ੇ ਤੇ ਅੰਨ੍ਹੇ ਹੋ ਗਏ ਸਨ। ਰੇਲਵੇ ਦੇ ਦੋ ਡਰਾਈਵਰਾਂ ਵਿਚੋਂ ਇੱਕ ਤਾਂ ਥਾਂ ਤੇ ਹੀ ਮਰ ਗਿਆ। ਦੂਜਾ ਹਸਪਤਾਲ ਵਿੱਚ ਪਹੁੰਚ ਕੇ ਦਮ ਤੋੜ ਗਿਆ। ਬਾਕੀ ਸਟੇਸ਼ਨ ਦੇ ਰੇਲਵੇ ਮੁਲਾਜ਼ਮ ਘੇਰਾ ਪਾ ਕੇ ਆਪਣੇ ਬਚਾਅ ਦੀਆਂ ਸਕੀਮਾਂ ਘੜ ਰਹੇ ਸਨ। ਕੁੱਝ ਉੱਧਮੀ ਬੰਦਿਆਂ ਨੇ ਜ਼ਖ਼ਮੀ ਬੰਦਿਆਂ ਤੇ ਬੱਚਿਆਂ ਨੂੰ ਬਾਹਰ ਕੱਢਿਆ ਤੇ

ਸਟੇਸ਼ਨ ਦੇ ਛੋਟੇ ਜਿਹੇ ਬਰਾਂਡੇ ਵਿੱਚ ਪਾਇਆ ਬਾਕੀਆਂ ਨੂੰ ਵਰ੍ਹਦੇ ਮੀਂਹ ਵਿੱਚ ਹੀ ਰੜੇ ਸਹਿਕਣ ਲਈ ਪਾ ਦਿੱਤਾ। ਮੁਸਾਫ਼ਿਰਾਂ ਨੂੰ ਡੱਬੇ ਖਾਲੀ ਕਰ ਦੇਣ ਲਈ ਕਿਹਾ ਤਾਂ ਕਿ ਫੱਟੜਾਂ ਨੂੰ ਪਾਇਆ ਜਾ ਸਕੇ ਤਾਂ ਕਿ ਸਵੇਰੇ ਮੈਡੀਕਲ ਸਹਾਇਤਾ ਆਉਣ ਤੱਕ ਫੱਟੜ ਮੁਸਾਫ਼ਿਰਾਂ ਨੂੰ ਕੁੱਝ ਆਸਰਾ ਮਿਲ ਸਕੇ, ਨਹੀਂ ਤਾਂ ਇਹ ਵਿਚਾਰੇ ਬਾਹਰ ਖੁੱਲ੍ਹੇ ਵਿੱਚ ਠੰਡ ਨਾਲ ਹੀ ਮਰ ਜਾਣਗੇ। "ਜੇ ਤੁਸੀਂ ਕੋਆਪਰੇਟ ਕਰੋ ਤਾਂ ਮਨੁੱਖਤਾ ਖਾਤਰ ਇਹਨਾਂ ਤੇ ਆਪਣੇ ਗਰਮ ਕੱਪੜੇ ਪਾ ਦਿਓ। ਰੱਬ ਦੇ ਵਾਸਤੇ ਕੁੱਝ ਤਾਂ ਕਰੋ। ਤੁਹਾਨੂੰ ਤੁਹਾਡੇ ਰੱਬ ਦਾ ਵਾਸਤਾ।" ਕੁੱਝ ਕਹਿੰਦੇ "ਅਸੀਂ ਵੀ ਤਾਂ ਡਰੇ ਹੋਏ ਹਾਂ।" ਤੇ ਕੁੱਝ ਕਹਿੰਦੇ "ਜੇ ਤੁਹਾਨੂੰ ਚੌਧਰ ਦਾ ਸ਼ੌਕ ਹੈ ਤਾਂ ਤੁਸੀਂ ਕਰੀ ਜਾਓ ਸ਼ੌਕ ਨਾਲ ਇਹਨਾਂ ਦੀ ਸੇਵਾ। ਇਹ ਤਾਂ ਰੱਬ ਦਾ ਭਾਣਾ ਸੀ, ਸਾਡੀ ਵੱਧੀ ਸੀ ਅਸੀਂ ਬੱਚ ਗਏ, ਜਿਹਨਾਂ ਦੀ ਆਈ ਸੀ ਉਹ ਤੁਰ ਗਏ।" ਕੁੱਝ ਹਮਦਰਦਾਂ ਨੇ ਹੁੰਗਾਰਾ ਦਿੰਦਿਆਂ ਕਿਹਾ, "ਉਹ ਤਾਂ ਠੀਕ ਹੈ ਪਰ ਜਿਹੜੇ ਸਹਿਕਦੇ ਨੇ ਤੇ ਬੱਚ ਸਕਦੇ ਨੇ ਉਹਨਾਂ ਨੂੰ ਤਾਂ ਬਚਾ ਲਵੋ।" ਜਿਵੇਂ ਇਨਸਾਨ ਅੰਨ੍ਹਾਂ ਤੇ ਬੌਲ਼ਾ ਹੋ ਗਿਆ ਹੋਵੇ। ਕੁੱਝ ਡੱਬੇ ਵਾਲੇ ਯਾਤਰੀਆਂ ਨੇ ਤਾਂ ਆਪਣੇ ਡੱਬੇ ਅੰਦਰੋਂ ਬੰਦ ਹੀ ਕਰ ਲਏ ਕਿਤੇ ਧੱਕੇ ਨਾਲ ਡੱਬਾ ਖਾਲੀ ਨਾ ਕਰਾ ਦੇਣ। ਮੈਂ ਵੀ ਮਦਦਗਾਰਾਂ ਨਾਲਰਲ ਕੇ ਕਈ ਫੱਟੜ ਬੰਦੇ ਡੱਬਿਆਂ ਅੰਦਰੋਂ ਬਾਹਰ ਕੱਢੇ। ਕੁੱਝ ਤਾਂ ਬੜੀ ਮੁਸ਼ਕਲ ਨਾਲ ਬਾਹਰ ਕੱਢੇ ਪਰ ਕੁੱਝ ਕਿਸਮਤ ਦੇ ਮਾਰਿਆਂ ਦੇ ਸਿਰ ਹੀ ਫਿੱਸ ਗਏ ਸਨ ਜਿਨ੍ਹਾਂ ਦੀ ਕੋਈ ਮਦਦ ਇਮਦਾਦ ਨਹੀਂ ਹੋ ਸਕੀ। ਕਿਸੇ ਦੀਆਂ ਲੱਤਾਂ ਦਰੜੀਆਂ ਹੋਈਆਂ ਸਨ ਤੇ ਕਿਸੇ ਦਾ ਧੜ। ਕਿਤੇ ਮਾਂ ਪਿਓ ਦੋਵੇਂ ਮਰੇ ਪਏ ਸਨ ਤੇ ਬੱਚਾ ਥੱਲ੍ਹੇ ਗਿਰਕੇ ਵੀ ਬੱਚ ਗਿਆ ਸੀ। ਕੁੱਝ ਮਾਸੂਮ ਮਾਂ ਪਿਓ ਦੀਆਂ ਅੱਖਾਂ ਦੇ ਤਾਰੇ ਗੋਦੀਆਂ ਨਾਲ ਚਿੰਬੜੇ ਹੀ ਬੁੱਝ ਗਏ ਸਨ। ਬਹੁਤ ਸਾਰੇ ਜ਼ਖ਼ਮੀ ਬੰਦੇ ਉੱਚੀ-ਉੱਚੀ ਧਾਰਾਂ ਮਾਰ ਰਹੇ ਸਨ। ਕੁੱਝ ਬਹੁਤ ਖ਼ੂਨ ਨਾਲ ਪਤਾ ਨਹੀਂ ਕਦੋਂ ਲਿਬੜ ਗਏ। ਬਚਾਓ ਕਰਦੇ ਅਚਾਨਕ ਮੈਨੂੰ ਇੱਕ ਫੌਜੀ ਦੀ ਕਿੱਟ ਵਿਚੋਂ ਰਮ ਦੀਬੋਤਲ ਮਿਲ ਗਈ ਤੇ ਮੈਨੂੰ ਮੇਰੀ ਮਾਂ ਜੀ ਦੀ ਗੱਲ ਚੇਤੇ ਆ ਗਈ। ਉਹ ਵੀ ਸਾਨੂੰ ਛੋਟੇ ਹੁੰਦਿਆਂ ਜੇ ਠੰਡ ਲੱਗੀ ਹੁੰਦੀ ਤਾਂ ਕਦੇ ਕਦੇ ਗਰਮ ਪਾਣੀ ਵਿੱਚ ਥੋੜੀ ਜਿਹੀ ਰੰਮ ਪਿਲਾ ਕੇ ਜਾਂ ਬਰਾਂਡੀ ਦਾ ਚਮਚਾ ਪਾ ਕੇ ਪਿਲਾ ਦਿੰਦੀ ਸੀ। ਨਿੱਘ ਜਿਹਾ ਮਹਿਸੂਸ ਕਰੀਦਾ ਸੀ। ਮੈਂ ਬੋਤਲ ਖੋਲੀ ਤੇ ਥੋੜੀ-ਥੋੜੀ ਰੰਮ ਕਈ ਮਰੀਜਾਂ ਦੇ ਮੂੰਹ ਵਿੱਚ ਪਾ ਦਿੱਤੀ। ਸੋਚਿਆ ਚਲੋ ਜਿਸਮ ਨੂੰ ਕੁੱਝ ਤਾਂ ਗਰਮਾਇਸ਼ ਮਿਲੇਗੀ। ਸਵੇਰੇ ਸੱਤ ਵਜੇ ਮਿਲਟਰੀ ਤੇ ਰੇਲਵੇ ਦੀ ਮੈਡੀਕਲ ਹੈਲਪ ਆ ਗਈ। ਹੋਰ ਭੀ ਕਾਫ਼ੀ ਲੋਕ ਆਲੇ ਦੁਆਲੇ ਤੋਂ ਇਕੱਠੇ ਹੋ ਗਏ। ਫੇਰ ਸਰਕਾਰੀ ਤੌਰ ਤੇ ਵੱਡੇ ਪੱਧਰ ਤੇ ਰਾਹਤ ਦਾ ਕੰਮ ਸ਼ੁਰੂ ਹੋਇਆ। ਮਰੀਜ਼ਾਂ ਨੂੰ ਗੱਡੀਆਂ ਵਿੱਚ ਪਾ ਕੇ ਹਸਪਤਾਲਾਂ ਵਿੱਚ ਭੇਜਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ ਫਸੇ ਜ਼ਖ਼ਮੀਆਂ ਨੂੰ ਗੱਡੀ ਵਿਚੋਂ ਕੱਢਣ ਦਾ ਉਪਰਾਲਾ ਹੋਣ ਲੱਗਾ। ਬੜੀ ਮੁਸ਼ਕਿਲ ਨਾਲ ਫੱਟੜ ਡੱਬੇ ਤੇ ਇੰਜਣ ਤੋਂ ਬਾਕੀ ਦੇ ਡੱਬਿਆਂ ਨੂੰ ਅਲੱਗ ਕਰਕੇ ਨਾਲ ਵਾਲੀ ਰੇਲ ਲਾਈਨ ਨੂੰ ਕਰੇਨ ਦੀ ਮਦਦ ਨਾਲ ਕਲੀਅਰ ਕਰਨ ਦੀ ਕੋਸ਼ਿਸ਼ ਹੋਣ ਲੱਗੀ। ਕੁੱਝ ਬੱਚੇ ਡੱਬਿਆਂ ਨੂੰ ਪਿਛਲੇ ਪਾਸੇ ਤੋਂ ਇੰਜਣ ਨਾਲ ਜੋੜਕੇ ਵਾਪਿਸ ਗੱਡੀ ਅੰਬਾਲਾ ਕੈਂਟ ਵੱਲ ਤੋਰਨ ਦੀ ਵਿਉਂਤ ਬਣਾਈ ਗਈ। ਜਦੋਂ ਮਿਲਟਰੀ ਦਾ ਇੱਕ ਵੱਡਾ ਡਾਕਟਰ ਤੇ ਉਸਦੇ ਸਹਾਇਕ ਮਰੀਜ਼ਾਂ ਨੂੰ ਮੈਡੀਕਲ ਏਡ ਦੇ ਰਹੇ ਸਨ ਤਾਂ ਇੱਕ ਨਰਸ ਨੇ ਕਿਹਾ ਕਿ "ਇਉਂ ਲੱਗਦਾ ਸਰ, ਜਿਵੇਂ ਸਭ ਨੇ ਡਰਿੰਕ ਲਈ ਹੋਵੇ।" ਮੈਂ ਕੋਲ ਹੀ ਖੜਾ ਸੀ ਤੇ ਡਰਦੇ-ਡਰਦੇ ਕਿਹਾ, "ਸਰ ਜੀ, ਮੈਂ ਇਨ੍ਹਾਂ ਨੂੰ ਥੋੜੀ-ਥੋੜੀ ਡੋਜ਼ ਰੰਮ ਦੀ ਦਿੱਤੀ ਤਾਂ ਕਿ ਇਹ ਠੰਡ ਤੋਂ ਬਚ ਸਕਣ।" ਉਸ ਡਾਕਟਰ ਨੇ ਮੇਰੇ ਵੱਲ ਗੌਰ ਨਾਲ ਦੇਖਿਆ ਤੇ ਫੇਰ ਕਿਹਾ "ਵੈਲ ਡਨ ਮਾਈ ਬੋਆਇ।" ਮੈਂ ਕਿਹਾ ਕਿ "ਸਰ, ਮੈਂ ਇੱਕ ਫੌਜੀ ਦਾ ਪੁੱਤ ਹਾਂ ਇਸ ਲਈ ਆਪਣੀ ਤਾਣ ਮੁਤਾਬਕ ਜਿਨਾਂ ਮੈਥੋਂ ਹੋ ਸਕਿਆ ਮੈਂ ਕੀਤਾ। ਜੇ ਕੋਈ ਮੇਰੇ ਕੋਲੋਂ ਗਲਤੀ ਹੋ ਗਈ ਹੋਵੇ ਤਾਂ ਮੈਨੂੰ ਮਾਫ਼ ਕਰ ਦੇਣਾ।" "ਨੋ ਨੋ ਮਾਈ ਬੁਆਇ, ਰਾਦਰ ਮੈਂ ਤੈਨੂੰ ਜਾਤੀ ਤੌਰ ਤੇ ਸਲੂਟ ਕਰਦਾ ਹਾਂ। ਆਪਣਾ ਅਤੇ ਆਪਣੇ ਪਿਤਾ ਜੀ ਦਾ ਨਾਂ ਨਰਸ ਨੂੰ ਲਿਖਵਾ ਕੇ ਜਾਈਂ।" ਮਹੈਂ ਉਸ ਸਾਹਿਬ ਦੇ ਪੈਰੀਂ ਹੱਥ ਲਾਇਆ ਤੇ ਕਿਹਾ "ਸਰ ਜੀ, ਮੈਂ ਇਸ ਗੱਡੀ ਦੇ ਬਿਲਕੁਲ ਪਹਿਲੇ ਡੱਬੇ ਵਿੱਚ ਸਾਂ ਜਿਸ ਵਿੱਚ ਸਾਰੇ ਹੀ ਫੌਜੀ ਅਥਲੀਟ ਸਨ। ਉਨ੍ਹਾਂ ਵਿਚੋਂ ਇੱਕ ਵੀ ਨਹੀਂ ਬਚਿਆ।" ਉਸ ਸਾਹਿਬ ਨੇ ਉੱਠ ਕੇ ਮੈਨੂੰ ਆਪਣੇ ਸੀਨੇ ਨਾਲ ਲਾਇਆ, "ਓ ਮਾਈ ਗਾਡ! ਬਿੱਗ ਲਾਸ ਆਫ਼ ਕੰਟਰੀ।" ਉਸ ਨੇ ਕੁੱਝ ਅਹਿਸਾਸ ਨਾਲ ਮੇਰੀ ਪਿੱਠ ਥਪਥਪਾਈ। ਮੈਂ ਜਾਣੋਂ ਗੁਮਸੁਮ ਜਿਹਾ ਹੋ ਗਿਆ ਸਾਂ ਤੇ ਭਾਰੀ ਮਨ ਨਾਲ ਚਲਦਾ ਹੋਇਆ ਗੱਡੀ ਵਿੱਚ ਆ ਕੇ ਬਹਿ ਗਿਆ। ਅੰਬਾਲੇ ਪਹੁੰਚਕੇ ਰੇਲਵੇ ਨੇ ਬਚੇ ਡੱਬਿਆਂ ਨੂੰ ਵਾਇਆ ਸਹਾਰਨਪੁਰ ਦਿੱਲੀ ਜਾਣ ਵਾਲੀ ਗੱਡੀ ਨਾਲ ਜੋੜ ਦਿੱਤਾ ਤੇ ਸੂਚਿਤ ਕੀਤਾ ਗਿਆ ਕਿ ਯਾਤਰੀ ਇਹਨਾਂ ਟਿਕਟਾਂ ਤੇ ਹੀ ਦਿੱਲੀ ਹੋ ਕੇ ਆਪਣੇ ਆਪਣੇ ਟਿਕਾਣਿਆਂ ਤੇ ਜਾ ਸਕਦੇ ਹਨ। ਐਕਸੀਡੈਂਟ ਦੀ ਜੱਦ ਵਿਚੋਂ ਨਿਕਲੇ ਮੁਸਾਫ਼ਿਰ ਬੜੇ ਸਹਿਮੇਂ ਹੋਏ ਤੇ ਖਾਮੋਸ਼ ਸਨ। ਵਾਰ-ਵਾਰ ਆਪਣੇ ਰੱਬ ਦਾ ਸ਼ੁਕਰਿਆ ਅਦਾ ਕਰੀ ਜਾਂਦੇ ਸਨ।

ਐਨੇ ਨੂੰ ਇੱਕ ਦਰਵੇਸ਼ ਜਿਹੀ ਮਾਤਾ ਦੀ ਮੇਰੇ ਤੇ ਨਜ਼ਰ ਪਈ ਤੇ ਉਸ ਨੇ ਮੈਨੂੰ ਬੜੇ ਮੋਹ ਜਿਹੇ ਨਾਲ ਕਿਹਾ "ਵੇ ਪੁੱਤਾ, ਸੁਖ ਤਾਂ ਹੈ, ਤੇਰੇ ਤਾਂ ਕੱਪੜੇ ਲਹੂ ਨਾਲ ਲਿਬੜੇ ਨੇ, ਕੀ ਗੱਲ ਏ? "ਮੈਂ ਡੁਸਕਦਿਆਂ ਹੋਇਆ ਕਿਹਾ "ਮੈਂ ਮੋਹਰੀ ਵਾਲੀ ਗੱਡੀ ਵਿੱਚ ਸਾਂ ਜਿਸ ਦਾ ਐਕਸੀਡੈਂਟ ਹੋਇਆ ਹੈ। ਪਤਾ ਨਹੀਂ ਕਿਵੇਂ ਰੱਬ ਨੇ ਹੱਥ ਦੇ ਕੇ ਮੈਨੂੰ ਬਚਾ ਲਿਆ। ਮੇਰੇ ਡੱਬੇ ਦੇ ਸਾਰੇ ਹੀ ਜੀਅ ਮਾਰੇ ਗਏ ਮਾਂਜੀ। ਮੈਂ ਆਪਣੇ ਸਾਰੇ ਘਰ ਵਾਲਿਆਂ ਨੂੰ ਛੁੱਟੀਆਂ ਵਿੱਚ ਮਿਲ ਕੇ ਵਾਪਿਸ ਸੋਨੀਪਤ ਆਪਣੇ ਕਾਲਜ ਵਿੱਚ ਜਾ ਰਿਹਾ ਸੀ। ਮੈਨੂੰ ਮੇਰੀ ਮਾਂ ਤੇ ਮੇਰੇ ਘਰਦਿਆਂ ਨੇ ਬੜਾ ਰੋਕਿਆ ਸੀ ਆਖੇ ਅੱਜ ਨਾ ਜਾਹ, ਪਰ ਮੈਂ ਨਾ ਰੁਕਿਆ, ਨਾ ਮੰਨਿਆ।" ਉਸ ਮਾਤਾ ਨੇ ਵਿਚੋਂ ਹੀ ਮੇਰੀ ਗੱਲ ਟੋਕ ਕੇ ਕਿਹਾ "ਵੇ ਪੁੱਤਾ, ਤੂੰ ਕੀ ਜਾਣੇਂ ਮਾਂ ਦੀਆਂ ਆਂਦਰਾਂ ਨੂੰ। ਉਸਦੇ ਢਿੱਡ ਨੂੰ ਤਾਂ ਪਹਿਲਾਂ ਹੀ ਸੇਕ ਲੱਗ ਰਿਹਾ ਹੋਣਾ। ਤਾਂ ਹੀ ਤਾਂ ਉਹ ਤੈਨੂੰ ਵਾਰ-ਵਾਰ ਜਾਣੋਂ ਰੋਕਦੀ ਸੀ। ਹੁਣ ਚੰਦਰਿਆ, ਤੂੰ ਉਸ ਵਿਚਾਰੀ ਨੂੰ ਆਪਣੀ ਸੁੱਖ ਸਾਂਦ ਦੀ ਖ਼ਬਰ ਦਿੱਤੀ ਕਿ ਨਹੀਂ? "ਅੱਗੋਂ ਮੈਂ ਸ਼ਰਮਿੰਦਾ ਜਿਹਾ ਨਾਂਹ

ਵਿੱਚ ਸਿਰ ਹਿਲਾਇਆ। ਉਸ ਮਾਤਾ ਨੇ ਰਤਾ ਹਰਖ ਨਾਲ ਕਿਹਾ "ਤੂੰ ਹੁਣ ਬਿਨਾਂ ਕਿਸੇ ਨੂੰ ਕੁੱਝ ਦੱਸੇ ਹੀ ਅੱਗੇ ਜਾ ਰਿਹਾ ਹੈਂ।" ਉਸਨੇ ਖੀਸੇ ਵਿਚੋਂ ਪੈਸੇ ਕੱਢ ਕੇ ਮੇਰੇ ਹੱਥ ਤੇ ਪੰਜ ਰੁਪਏ ਰੱਖਕੇ ਕਿਹਾ "ਜਾ, ਜਾ ਕੇ ਹੁਣੇ ਤਾਰ ਘੱਲ ਕੇ ਆ।" ਮੈਂ ਉੱਚੀ-ਉੱਚੀ ਰੋਣ ਲੱਗ ਪਿਆ ਤੇ ਉਸ ਮਾਂਜੀ ਨੇ ਮੈਨੂੰ ਆਪਣੇ ਕਾਲਜੇ ਨਾਲ ਘੁੱਟ ਕੇ ਲਾ ਲਿਆ ਤੇ ਇੱਕ ਬਾਬੂ ਨੇ ਮੇਰੀ ਬਾਂਹ ਫੜਦਿਆਂ ਕਿਹਾ "ਚੱਲ, ਮੈਂ ਤੇਰੇ ਨਾਲ ਚੱਲ ਕੇ ਤਾਰ ਦੁਆ ਕੇ ਆਉਂਦਾ ਹਾਂ।" ਉਹ ਬਾਬੂ ਜੀ ਮੈਨੂੰ ਸਹਾਰਨਪੁਰ ਦੇ ਰੇਲਵੇ ਸਟੇਸ਼ਨ ਮਾਸਟਰ ਦੇ ਕਮਰੇ ਵਿੱਚ ਲੈ ਗਿਆ ਜੋ ਮੇਰੇ ਬਾਰੇ ਦਸ ਕੇ ਤਾਰ ਦੇਣ ਨੂੰ ਕਿਹਾ ਤਾਂ ਸਾਰਾ ਸਟਾਫ਼ ਮੇਰੇ ਦੁਆਲੇ ਇਕੱਠਾ ਹੋ ਗਿਆ। ਸਾਰੇ ਪੁੱਛਣ ਲੱਗੇ ਕਿਵੇਂ-ਕਿਵੇਂ ਹੋਇਆ। ਵਿੱਚ ਵਿਚ ਕਹਿੰਦੇ ਕਿ ਇਹ ਮੁੰਡਾ ਉਸ ਹਾਦਸੇ ਦਾ ਚਸ਼ਮਦੀਦ ਗਵਾਹ ਹੈ। ਕਾਫੀ ਦੇਰ ਜਾਣ ਬੁਝਕੇ ਗੱਡੀ ਰੋਕੀ ਰੱਖੀ। ਫੇਰ ਉਨ੍ਹਾਂ ਮੇਰਾ ਤਾਰ ਦੇ ਕੇ ਮੈਨੂੰ ਤੋਰ ਦਿੱਤਾ ਤੇ ਮੈਥੋਂ ਕੋਈ ਪੈਸੇ ਵੀ ਨਹੀਂ ਲਏ। ਮੈਂ ਉਸ ਦਰਵੇਸ਼ ਮਾਤਾ ਦਾ ਕੋਟਿ-ਕੋਟਿ ਧੰਨਵਾਦੀ ਹਾਂ ਜਿਸਨੇ ਇੱਕ ਦੂਜੀ ਮਾਂ ਦਾ ਦਰਦ ਪਹਿਚਾਣਿਆ ਸੀ। ਅਜਿਹੀ ਮਾਂ ਰੱਬ ਸਭ ਨੂੰਘ ਦੇਵੇ। ! ਆਮੀਨ।

ਕਿਸੇ ਤਰ੍ਹਾਂ ਡਿੱਗਦਾ ਢਹਿੰਦਾ, ਭੁੱਖਾ-ਭਾਣਾ ਦੇਰ ਸ਼ਾਮ ਤਾਂਈਂ ਭਟਕਦਾ-ਭਟਕਦਾ ਮੈਂ ਸੋਨੀਪਤ ਪਹੁੰਚ ਗਿਆ। ਅੱਗੇ ਕੋਈ ਵੀ ਮੁੰਡਾ ਹੋਸਟਲ ਵਿੱਚ ਨਹੀਂ ਸੀ। ਚੌਕੀਦਾਰ ਨੂੰ ਕਹਿ ਕੇ ਆਪਣਾ ਕਮਰਾ ਖੁਲਵਾਇਆ ਤੇ ਬਿਨਾਂ ਕੁੱਝ ਖਾਧੇ ਪੀਤੇ ਤੇ ਬਿਨਾਂ ਬਿਸਤਰਾ ਵਿਛਾਏ, ਬਿਨਾਂ ਦਰਵਾਜ਼ਾ ਬੰਦ ਕੀਤੇ ਬੱਸ ਮੰਜੇ ਤੇ ਗੁੱਛੂ-ਮੁੱਛੂ ਜਿਹਾ ਹੋ ਕੇ ਮੈਂ ਪਿਆ ਰਿਹਾ। ਉਹੀ ਉੱਚੀ-ਉੱਚੀ ਚੀਖ਼ ਚਿਹਾੜਾ ਤੇ ਮੌਤ ਦੇ ਭਿਆਨਕ ਦ੍ਰਿਸ਼ਾਂ ਦਾ ਤਾਂਡਵ ਨਾਚ ਅੱਖਾਂ ਅੱਗੇ ਹੁੰਦਾ ਰਿਹਾ। ਮੈਂ ਤ੍ਰਭਕ ਜਾਂਦਾ ਤੇ ਸਹਿਮ ਕ ਕਦੇ ਕੇਸਾਂ ਨੂੰ ਮੁੱਠੀਆ 'ਚ ਲੈ ਕੇ ਘੁੱਟਦਾ ਜਾਂ ਅੱਖਾਂ ਤੇ ਹੱਥ ਰੱਖ ਕੇ ਲੁਕਣ ਦੀ ਨਿਅਰਥਕ ਕੋਸ਼ਿਸ਼ ਕਰਦਾ। ਮੈਨੂੰ ਜਾਪਦਾ ਮੈਂ ਛੇਤੀ ਹੀ ਪਾਗਲ ਹੋ ਜਾਵਾਂਗਾ।

ਇਸ ਭਿਆਨਕ ਤੇ ਮੰਦਭਾਗੇ ਰੇਲ ਹਾਦਸੇ ਦੀ ਖ਼ਬਰ ਜੰਗਲ ਦੀ ਅੱਗ ਵਾਂਗਰਾਂ ਸਾਰੇ ਪੰਜਾਬ ਵਿੱਚ ਕੀ ਪੂਰੇ ਇੰਡੀਆ ਵਿੱਚ ਰੇਡੀਉ ਦੁਆਰਾ ਨਸ਼ਰ ਹੋ ਕੇ ਅੱਗ ਵਾਂਗਰ ਫੈਲਣ ਲੱਗੀ। ਅਖ਼ਬਾਰਾਂ ਦੀਆਂ ਪਹਿਲੇ ਪੰਨੇ ਤੇ ਸੁਰਖ਼ੀਆਂ ਬਣ ਕੇ ਹਾਹਾਕਾਰ ਮਚਾ ਦਿੱਤੀ। ਹਰ ਘਰ ਵਿੱਚ ਹਰ ਪਲ ਇਹੋ ਗੱਲ ਦਾ ਚਰਚਾ ਹੋ ਰਿਹਾ ਸੀ। ਸਾਡੇ ਘਰ ਵਿੱਚ ਵੀ ਸੋਗ ਦੀ ਲਹਿਰ ਫੈਲ ਗਈ। ਮਾਂਜੀ ਰੋਈ ਜਾਂਦੇ ਸਨ ਕਿ ਮੈਂ ਹੱਥੀਂ ਪੁੱਤਰ ਨੂੰ ਮੌਤ ਦੇ ਮੂੰਹ ਵਿੱਚ ਤੋਰ ਦਿੱਤਾ। ਜਦੋਂ ਬਲਦੇਵ ਵੀਰ ਜੀ ਨੇ ਸੁਣਿਆ ਤੇ ਕਿਹਾ ਕਿ ਮੈਂ ਤਾਂ ਆਪ ਬਿੱਲੇ ਨੂੰ ਗੱਡੀ ਚਾੜ ਕੇ ਆਇਆ, ਰੱਬ ਕਰੇ ਮੇਰਾ ਛੋਟਾ ਵੀਰ ਬਚ ਜਾਏ। ਉਸ ਨੂੰ ਕੁੱਝ ਨਾਂ ਹੋਏ, ਨਹੀਂ ਤਾਂ ਮੈਂ ਆਪਣੇ ਆਪ ਨੂੰ ਕਦੇ ਮਾਫ਼ ਨਹੀਂ ਕਰ ਸਕਾਂਗਾ। ਬਲਦੇਵ ਵੀਰ ਜੀ ਨੇ ਅੱਗੇ ਥਾਲੀ ਵਿੱਚ ਪਈ ਰੋਟੀ ਵੀ ਵਿਚੇ ਛੱਡ ਦਿੱਤੀ ਤੇ ਕਿਹਾ ਕਿ ਮਾਂ ਤੂੰ ਫਿਕਰ ਨਾ ਕਰ ਮੈਂ ਤੇਰੇ ਬਿੱਲੇ ਨੂੰ ਲੱਭ ਕੇ ਹੀ ਰੋਟੀ ਖਾਵਾਂਗਾ। ਮਾਂ ਮੈਂ ਤੇਰਾ ਦੋਸ਼ੀ ਹਾਂ, ਜੇ ਉਹ ਨਾ ਲੱਭਿਆ ਤਾਂ ਮੈਂ ਵੀ ਤੈਨੂੰ ਕਦੇ ਮੂੰਹ ਨਹੀਂ ਦਿਖਾਵਾਂਗਾ। ਮਾਂ ਜੀ ਨੇ ਰੋਂਦਿਆਂ ਰੋਂਦਿਆਂ ਵੀਰ ਦੇ ਮੂੰਹ ਤੇ ਹੱਥ ਰੱਖ ਦਿੱਤਾ ਤੇ ਘੁੱਟ ਕੇ ਆਪਣੇ ਕਲਾਵੇ ਵਿੱਚ ਲੈ ਲਿਆ।" ਮੇਰਿਆ ਝੱਲਿਆ ਪੁੱਤਾ, ਅਜਿਹੇ ਕਰਕੇ ਮੈਨੂੰ ਮੂਲੋਂ ਹੀ ਮਾਰਨਾ ਚਾਹੁੰਨੈ।" ਬਲਦੇਵ ਵੀਰ ਜੀ ਨੇ ਕਿਹਾ ਕਿ "ਨਹੀਂ ਮਾਂ ਨਹੀਂ।" ਮਾਂ ਜੀ ਨੇ ਵੀਰ ਜੀ ਨੂੰ ਕਿਹਾ ਕਿ "ਜਾਹ ਪੁੱਤ ਰੱਬ ਭਲੀ ਕਰੂਗਾ।" ਬਲਦੇਵ ਵੀਰ ਜੀ ਰਾਤੋ ਰਾਤ ਹੀ ਗੱਡੀਆਂ, ਬੱਸਾਂ ਤੇ ਟਰੱਕ ਫੜਦੇ ਹੋਏ ਕਿਵੇਂ ਨਾ ਕਿਵੇਂ ਮੋਹਰੀ ਰੇਲਵੇ ਸਟੇਸ਼ਨ ਤੇ ਪਹੁੰਚੇ। ਇੱਕ ਇਕ ਲਾਸ਼ ਦੇਖੀ, ਸਾਰੇ ਹਸਪਤਾਲ ਛਾਣ ਲਏ ਤੇ ਮਰਨ ਵਾਲਿਆਂ ਦੀ ਫਰਿਸ਼ਤਾਂ ਕਈ ਵਾਰ ਦੇਖਆਂ ਤੇ ਹਰ ਕਿਸੇ ਨੂੰ ਕਮਲਿਆਂ ਵਾਂਗ ਮੇਰੇ ਬਾਰੇ ਪੁੱਛਦਾ ਰਿਹਾ। ਨਿਰਾਸਤਾ ਨਾਲ ਭਰਿਆ ਤੇ ਸਦਮੇ ਦੇ ਭਾਰ ਨਾਲ ਦਬਿਆ ਹੋਇਆ ਮੇਰਾ ਬਲਦੇਵ ਵੀਰਾ ਬੜੀ ਨਮੋਸ਼ੀ ਨਾਲ ਤੀਸਰੇ ਦਿਨ ਵਾਪਸ ਘਰ ਮੁੜਿਆ। ਕਿੰਨੀ ਹੀ ਦੇਰ ਦਰਵਾਜੇ ਦੇ ਮੁਹਰੇ ਬਾਹਰ ਹੀ ਖੜੇ ਰਹੇ ਜਾਣੋਂ ਪੈਰਾਂ ਨੇ ਤੁਰਨਾ ਭੁਲਾ ਦਿੱਤਾ ਹੋਵੇ ਤੇ ਘਰ ਅੰਦਰ ਵਰੜਨ ਦੀ ਹਿੰਮਤ ਨਹੀਂ ਇਕੱਠੀ ਕਰ ਪਾ ਰਹੇ ਸਨ। ਜਾਣੋਂ ਸੋਚ ਰਹੇ ਹੋਣ ਕਿ ਕਿਵੇਂ ਨਿਰਾਸ਼ ਮਾਂ ਦਾ ਸਾਹਮਣਾ ਕਰਾਂਗਾ। ਮਾਂ ਦੀਆਂ ਆਂਦਰਾਂ ਨੇ ਬਾਹਰ ਖੜੇ ਹਾਲੋਂ ਬੇਹਾਲ ਪੁੱਤਰ ਦੀ ਪਸੜ ਨੂੰ ਮਹਿਸੂਸ ਕਰਦਿਆਂ ਆਪ ਹੀ ਦਰਵਾਜ਼ਾ ਖੋਲ ਦਿੱਤਾ। ਦੋਵੇਂ ਮਾਂ ਪੁੱਤ ਇੱਕ ਦੂਜੇ ਨੂੰ ਲਿਪਟ ਗਏ। "ਅੰਮੜੀਏ, ਮੈਨੂੰ ਮਾਫ਼ ਕਰਦੇ, ਮੈਂ ਤੇਰਾ ਬਿੱਲੂ ਤੈਨੂੰ ਵਾਪਿਸ ਨਹੀਂ ਲਿਆ ਕੇ ਦੇ ਸਕਿਆ। ਮਾਂ ਮੈਨੂੰ ਉਸ ਦਾ ਕੋਹੀ ਖੁਰਾ ਖੋਜ ਨਹੀਂ ਲੱਭਿਆ।" ਮਾਂ ਨੇ ਆਪਣੇ ਪੱਲੂ ਨਾਲ ਪੁੱਤ ਦੀਆਂ ਅੱਖਾਂ ਵਿਚੋਂ ਵਗਦੇ ਅੱਥਰੂ ਪੂੰਝੇ ਤੇ ਕਿਹਾ "ਰੱਬ ਦਾ ਲੱਖ ਲੱਖ ਸ਼ੁਕਰ ਹੈ, ਤੇਰੇ ਬਿੱਲੂ ਨੂੰ ਉਸ ਦਾਤੇ ਨੇ ਆਪ ਹੱਥ ਦੇ ਕੇ ਰੱਖ ਲਿਆ। ਉਸਦੀ ਭੇਜੀ ਤਾਰ ਆਈ ਸੀ, ਪਤਾ ਨਹੀਂ ਕਮਲਾ ਜਿਹਾ ਕਿਉਂ ਸਿੱਧਾ ਸੋਨੀਪਤ ਚਲੇ ਗਿਆ। ਪੁੱਤਰਾ ਮੈਨੂੰ ਉਹਦੇ ਕੋਲ ਲੈ ਚੱਲ।" ਬਲਦੇਵ ਵੀਰ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ "ਮਾਂ ਜੀ, ਤੁਸੀਂ ਹੌਸਲਾ ਰੱਖੋ ਸਭ ਠੀਕ ਹੋ ਜਾਣਾ ਹੈ ਮੈਂ ਕੱਲ ਹੀ ਉਸ ਨੂੰ ਸੋਨੀਪਤ ਤੋਂ ਨਾਲ ਲੈ ਕੇ ਆਵਾਂਗਾ।" ਜਦ ਤਾਈਂ ਦੂਜੇ ਭੈਣ-ਭਰਾ ਤੇ ਪਿਤਾ ਜੀ ਵੀ ਆ ਗਏ। ਵੀਰ ਜੀ ਸਭ ਦੇ ਗਲ ਲੱਗ ਕੇ ਮਿਲੇ ਤੇ ਸਭ ਨੇ ਰਲਕੇ ਇਕੋ ਸੁਰ ਵਿੱਚ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਇੱਧਰ ਅਗਲੇ ਦੋ ਤਿੰਨ ਦਿਨਾਂ ਵਿੱਚ ਤਕਰੀਬਨ ਸਾਰੇ ਹੀ ਮੁੰਡੇ ਵਾਪਿਸ ਕਾਲਜ ਆ ਗਏ ਤੇ ਮੇਰੇ ਸਾਥੀ ਵੀ ਪਹੁੰਚ ਗਏ। ਗੱਲ ਹੋਸਟਲ ਤੋਂ ਹੁੰਦੀ ਸਾਰੇ ਕਾਲਜ ਵਿੱਚ ਫੈਲ ਗਈ ਕਿ ਚਮਤਕਾਰ ਹੀ ਸਮਝੋ ਕਿ ਆਪਣਾ ਬਿੱਲਾ ਐਕਸੀਡੈਂਟ ਵਿੱਚ ਖ਼ਾਸ ਕਰਕੇ ਉਸ ਡੱਬੇ ਵਿਚੋਂ ਕੱਲ੍ਹਾ ਹੀ ਬਚਿਆ, ਜਿਸਦੇ ਸਾਰੇ ਯਾਤਰੀ ਮਾਰੇ ਗਏ ਤੇ ਡੱਬਾ ਵੀ ਇੰਜਣ ਨਾਲ ਵਾਲਾ ਸੀ ਜਿਹਦੇ ਚਿੱਥੜੇ ਹੋ ਗਏ ਸਨ। ਮੇਰੇ ਕਮਰੇ ਵਿੱਚ ਤਾਂ ਸਾਥੀਆਂ, ਵਿਦਿਆਰਥੀਆਂ ਤੇ ਇੰਸਟਰਕਟਰਾਂ ਦਾ ਮੇਲਾ ਜਿਹਾ ਹੀ ਲੱਗ ਗਿਆ। ਦੋ ਚਲੇ ਗਏ ਤੇ ਚਾਰ ਆ ਗਏ। ਇਸ ਹਾਦਸੇ ਕਰਕੇ, ਖ਼ਾਸ ਕਰਕੇ ਤਰਲੋਚਨ ਨੇ ਗੱਲ

ਆਪਣੇ ਦਿਲ ਨੂੰ ਲਾ ਲਈ। ਉਸਨੇ ਚਿੱਤ ਵਿੱਚ ਬਿਠਾ ਲਿਆ ਕਿ ਮੈਂ ਹੀ ਗੁਨਾਹਗਾਰ ਹਾਂ, ਮੈਂ ਹੀ ਇਸ ਨੂੰ ਮੌਤ ਦੇ ਮੂੰਹ ਵਿੱਚ ਧੱਕਾ ਦੇ ਦਿੱਤਾ ਸੀ।

**ਕਾਲੀ ਸਵੇਰ**

ਅਗਲੀ ਸਵੇਰ ਹੀ ਬਲਦੇਵ ਵੀਰ ਜੀ ਸਾਡੇ ਹੋਸਟਲ ਪਹੁੰਚ ਗਏ। ਮੈਂ ਇੱਕ ਨਿੱਕੇ ਬਾਲ ਵਾਂਗ ਵੀਰ ਜੀ ਨੂੰ ਜਾ ਚਿੰਬੜਿਆ ਤੇ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ਵੀਰ ਜੀ ਦੀਆਂ ਭੀ ਅੱਖਾਂ ਭਰ ਆਈਆਂ। ਉਨ੍ਹਾਂ ਮੈਨੂੰ ਬੜਾ ਪਿਆਰ ਤੇ ਦੁਲਾਰ ਦਿੱਤਾ। ਵੀਰ ਜੀ ਵਾਰ-ਵਾਰ ਮੇਰੇ ਵੱਲਾਂ ਦੇਖੀ ਜਾਂਦੇ ਸਨ। ਉਨ੍ਹਾਂ ਦੀ ਮੇਰੇ ਤੋਂ ਨਜ਼ਰ ਹੀ ਨਹੀਂ ਹਟਦੀ ਸੀ। ਦੂਜੇ ਸਾਥੀ ਵੀ ਭਾਜੀ ਨੂੰ ਆ ਕੇ ਮਿਲੇ ਤੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਦੂਜੇ ਮੁੰਡਿਆਂ ਨੇ ਪਤਾ ਨਹੀਂ ਕਦੋਂ ਵੀਰ ਜੀ ਦੇ ਨਹਾਉਣ ਦਾ ਇੰਤਜ਼ਾਮ ਕਰ ਲਿਆ। ਵੀਰ ਜੀ ਨੇ ਉਠਦੇ ਹੋਏ ਕਿਹਾ "ਚੰਗਾ ਬੱਚਿਓ! ਪਹਿਲਾਂ ਥੋੜਾ ਫਰੈਸ਼ ਹੋ ਲਵਾਂ ਤੇ ਫੇਰ ਚਾਹ ਪਾਣੀ ਪੀ ਕੇ ਤੁਹਾਡੇ ਨਾਲ ਕਾਲਜ ਚਲਦੇ ਹਾਂ। ਤੁਹਾਡਾ ਸੁਪਰੀਡੈਂਟ ਮੇਰਾ ਪੁਰਾਣਾ ਜਮਾਤੀ ਹੈ। ਉਸ ਨੂੰ ਮਿਲ ਕੇ ਬਿੱਲੇ ਨੂੰ ਕੁੱਝ ਦਿਨਾਂ ਦੀਆਂ ਛੁੱਟੀਆਂ ਦੁਆ ਕੇ ਜਲੰਧਰ ਮਾਂਜੀ ਦੇ ਕੋਲ ਲੈ ਕੇ ਜਾਣਾ ਹੈ। ਸਾਰਾ ਟੱਬਰ ਬੜਾ ਅਪਸੈਟ ਹੈ।" ਸਾਰਿਆਂ ਨੇ ਕਿਹਾ ਕਿ "ਹਾਂ ਭਾਜੀ, ਸਾਰੇ ਭੈਣ ਭਰਾਵਾਂ ਨੂੰ ਤੇ ਮਾਂਜੀ ਨੂੰ ਮਿਲ ਕੇ ਇਸਦਾ ਦਿਲ ਵੀ ਧਰਵਾਸ ਫੜ ਜਾਊਗਾ। ਬਹੁਤ ਡੋਲਿਆ ਹੋਇਆ ਹੈ ਵਿਚਾਰਾ।" ਸ਼ਾਮ ਨੂੰ ਤਕਰੀਬਨ ਸਾਰੇ ਸਾਥੀ, ਕੁੱਝ ਹੋਸਟਲ ਦੇ ਮੁੰਡੇ, ਕੁੱਝ ਮਾਸਟਰ ਤੇ ਸਾਡਾ ਸੁਪਰਡੈਂਟ ਵੀ, ਭਾਜੀ ਨੂੰ ਸੀ ਆਫ ਕਰਨ ਆਏ ਸੀ ਕਿਉਂਕਿ ਭਾਜੀ ਚੰਡੀਗੜ੍ਹ ਵਿੱਚ ਇੰਡਸਟਰੀ ਡਿਪਾਰਟਮੈਂਟ ਵਿੱਚ ਵੱਡੇ ਅਫ਼ਸਰ ਲੱਗੇ ਹੋਏ ਸਨ। ਇਸ ਲਈ ਸਾਰੇ ਉਨ੍ਹਾਂ ਦੀ ਕਾਫ਼ੀ ਦੀਦ ਤੇ ਉਨ੍ਹਾਂ ਦਾ ਮਾਣ ਕਰਦੇ ਸਨ। ਦੂਜਾ ਰੇਲ ਹਾਦਸੇ ਵਜੋਂ ਸਾਰਿਆਂ ਦੀ ਮੇਰੇ ਨਾਲ ਹਮਦਰਦੀ ਬਣੀ ਹੋਈ ਸੀ। ਅਸੀਂ ਚਾਂਈਂ-ਚਾਂਈਂ ਗੱਡੀ ਚੜ੍ਹ ਕੇ ਦੂਜੇ ਦਿਨ ਸਵੇਰੇ ਹੀ ਜਾ ਘਰ ਦਾ ਦਰਵਾਜ਼ਾ ਖੜਕਾਇਆ। ਸਭ ਮਿਲੇ ਤੇ ਖੁਸ਼ ਹੋਏ ਪਰ ਮਾਂ ਤਾਂ ਬਾਰ-ਬਾਰ ਮੈਨੂੰ ਆਪਣੇ ਸੀਨੇ ਨਾਲ ਲਾਉਂਦੀ ਨਾ ਰੱਜਦੀ।

ਹੁਣ ਗੱਲ ਕਰਦੇ ਹਾਂ ਮੇਰੇ ਪਿਤਾ ਜੀ ਬਾਰੇ। ਮੇਰੇ ਪਿਤਾ ਜੀ ਬਹੁਪੱਖੀ ਸ਼ਖ਼ਸੀਅਤ ਸਨ। ਇੱਕ ਵਧੀਆ ਫੌਜੀ ਤਾਂ ਉਹ ਸਨ ਹੀ, ਨਾਲ-ਨਾਲ ਉਹ ਇੱਕ ਵਧੀਆ ਤੇ ਸਿਆਣੇ ਸਮਝਦਾਰ ਇਨਸਾਨ ਵੀ ਸਨ। ਇੱਕ ਸਿੱਧੇ-ਸਾਦੇ, ਸਰਲ, ਸੰਜਮੀ ਤੇ ਕਰਮਯੋਗੀ ਅਸੂਲ ਪਸੰਦ, ਅਸੂਲਾਂ ਤੇ ਪਹਿਰਾ ਦੇਣ ਵਾਲੇ। ਪਿਤਾ ਜੀ ਬੜੇ ਰਿਜ਼ਰਵ ਰਹਿੰਦੇ ਸਨ ਤੇ ਬੜੀ ਹੀ ਨਪੀ ਤੁਲੀ ਗੱਲ ਕਰਦੇ ਸਨ। ਆਪਣੇ ਰਹਿਣ ਸਹਿਣ ਤੇ ਖਾਣ-ਪੀਣ ਦੀ ਵੀ ਉਨ੍ਹਾਂ ਦੀ ਇੱਕ ਮਰਿਆਦਾ ਬਣੀ ਹੋਈ ਸੀ। ਉਨ੍ਹਾਂ ਕਦੇ ਸ਼ਰਾਬ-ਮਾਂਸ ਦਾ ਸੇਵਨ ਨਹੀਂ ਕੀਤਾ ਸੀ ਤੇ ਜੇ ਸ਼ਾਮ ਨੂੰ ਕਦੇ ਰੋਟੀ ਲਈ ਸਾਢੇ ਛੇ ਤੋਂ ਸੱਤ ਵੱਜ ਜਾਂਦੇ, ਉਦੋਂ ਰੋਟੀ ਮਿਲ ਜਾਂਦੀ ਤਾਂ ਠੀਕ ਨਹੀਂ ਤਾਂ ਬਸ ਇੱਕ ਗਲਾਸ ਦੁੱਧ ਦਾ ਪੀ ਕੇ ਕਹਿਣਾ "ਬਸ ਹੁਣ ਕੱਲ ਨੂੰ ਸਹੀ, ਚਲੋ ਇਸੇ ਬਹਾਨੇ ਜ਼ਰਾ ਪੇਟ ਨੂੰ ਵੀ ਆਰਾਮ ਮਿਲ ਜਾਵੇਗਾ।" ਘਰ ਦੇ ਕੰਮਾਂ ਵਿੱਚ ਦਖਲ ਅੰਦਾਜ਼ੀ ਬਿਲਕੁਲ ਨਹੀਂ ਸੀ ਕਰਦੇ ਪਰ ਉਨ੍ਹਾਂ ਦੀ ਨਜ਼ਰ ਹਰ ਕ੍ਰਿਆ ਤੇ ਰਹਿੰਦੀਸੀ। ਉਨ੍ਹਾਂ ਕਦੇ ਕਿਸੇ ਬੱਚੇ ਨੂੰ ਕੁੱਝ ਨਹੀਂ ਕਿਹਾ ਸੀ ਪਰ ਉਨ੍ਹਾਂ ਦਾ ਰੋਅਬ ਪੂਰਾ ਸੀ। ਇਸੇ ਤਰ੍ਹਾਂ ਮੇਰੇ ਮਾਤਾ ਜੀ ਭਾਂਵੇਂ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਪਰ ਬਹੁਤ ਹੀ ਸੁਘੜ ਸਿਆਣੇ ਸਿਦਕੀ ਤੇ ਅਪਣਤ ਵਾਲੇ ਸਨ। ਅਸੀਂ ਅੱਜ ਤਾਂਈਂ ਪਿਤਾ ਜੀ ਤੇ ਮਾਤਾ ਜੀ ਨੂੰ ਕਦੇ ਉੱਚਾ ਬੋਲਦਿਆਂ ਨਹੀਂ ਵੇਖਿਆ ਸੀ। ਉਨ੍ਹਾਂ ਦੇ ਇਹੀ ਸੰਸਕਾਰ ਬਾਕੀ ਦੇ ਪਰਿਵਾਰ ਵਿੱਚ ਸਨ। ਅਸੀਂ ਛੋਟੇ ਭੈਣ ਭਰਾਵਾਂ ਨੇ ਵੱਡੇ ਵੀਰਾਂ ਅੱਗੇ ਕਦੇ ਬੋਲਣਾ ਤਾਂ ਕੀ ਉਨ੍ਹਾਂ ਦਾ ਨਾਂ ਲੈ ਕੇ ਵੀ ਪੁਕਾਰਿਆ ਨਹੀਂ ਸੀ। ਸਾਡੀ ਸਾਡੇ ਮਾਂਜੀ ਦਾ ਅਸੀਂ ਘਰ ਦੇ ਜੀਅ ਹੀ ਨਹੀਂ ਸਗੋਂ ਆਂਡੀ-ਗੁਆਂਢੀ ਤੇ ਸਾਰਾ ਪਿੰਡ ਤੇ ਸ਼ਰੀਕਾ ਦਿਲੋਂ ਮਾਣ ਤੇ ਸਤਿਕਾਰ ਕਰਦਾ ਸੀ।

ਕੁਝ ਕੁ ਦਿਨਾਂ ਬਾਅਦ ਪਿਤਾ ਜੀ ਮੇਰੀ ਮਾਂਜੀ ਨਾਲ ਸਲਾਹੀਂ ਪਏ ਸਨ ਕਿ "ਭਾਗਵਾਨੇ, ਹੁਣ ਕਿੰਨਾ ਕੁ ਦਿਨ ਆਪਣੇ ਲਾਡਲੇ ਨੂੰ ਘਰੇ ਬਿਠਾਈ ਰੱਖੇਂਗੀ। ਉਸਦੀ ਪੜ੍ਹਾਈ ਖਰਾਬ ਹੋ ਰਹੀ ਹੈ। ਬਹੁਤਾ ਲਾਡ ਪਿਆਰ ਵੀ ਬੱਚਿਆਂ ਨੂੰ ਧੁਰ ਅੰਦਰੋਂ ਕਮਜ਼ੋਰ ਤੇ ਅਪਾਹਿਜ ਜਿਹਾ ਬਣਾ ਦਿੰਦਾ ਹੈ। ਤੁਸੀਂ ਤਾਂ ਕਦੇ ਏਨੇ ਕਮਜ਼ੋਰ ਨਹੀਂ ਸੀ ਹੋਏ, ਤਗੜੇ ਹੋਵੋ ਤੁਸੀਂ ਇੱਕ ਗਰੇਟ ਫੌਜੀ ਦੀ ਧੀ ਹੋ ਜਿਹਨਾਂ ਨੈ ਦੋ ਵਿਸ਼ਵ ਯੁੱਧ ਲੜੇ ਸਨ ਤੇ ਸਰਕਾਰ ਨੇ ਉਸਨੂੰ ਚਾਰ ਮੁਰੱਬੇ ਜ਼ਮੀਨ ਇਨਾਮ ਵਜੋਂ ਦਿੱਤੀ ਸੀ। ਕਿੰਨੀਆਂ ਉਹਨਾਂ ਨੇ ਘਾਲਣਾਂ ਘਾਲੀਆਂ, ਮੈਂ ਤਾਂ ਉਨ੍ਹਾਂ ਨੂੰ ਹਮੇਸ਼ਾਂ ਆਪਣਾ ਪ੍ਰੇਰਣਾ ਦਾ ਸਰੋਤ ਸਮਝਦਾ ਆਇਆ ਹਾਂ। ਖ਼ਾਸ ਕਰਕੇ ਜਦੋਂ ਮੈਂ ਦੂਜੇ ਵਿਸ਼ਵ ਯੁੱਧ ਦੌਰਾਨ ਅਸਾਮ ਤੇ ਬਰਮਾਂ ਦੇ ਬਾਰਡਰ ਤੇ ਦੁਸ਼ਮਣਾਂ ਦੇ ਘੇਰੇ ਵਿੱਚ ਆ ਗਿਆ ਸਾਂ।" ਉਸ ਵੇਲੇ ਨੂੰ ਯਾਦ ਕਰਕੇ ਮਾਂਜੀ ਕੰਬ ਜਾਂਦੇ ਸਨ। ਮੈਂ ਉਨ੍ਹਾਂ ਕੋਲੋਂ ਲੰਘਣ ਲੱਗਾ ਤਾਂ ਪਿਤਾ ਜੀ ਨੇ ਮੈਨੂੰ ਕੋਲ ਬੁਲਾ ਲਿਆ ਤੇ ਪੁੱਛਿਆ "ਕਿਉਂ ਬਈ ਜਵਾਨਾ, ਹੁਣ ਤਾਂ ਕੈਮ ਹੈਂ ਨਾ? ਕਿੰਨੀਆਂ ਕੁ ਹੋਰ ਮਾਂ ਦੀਆਂ ਪੱਕੀਆਂ ਖਾਣੀਆਂ ਨੇ। ਵੇਖ ਤੇਰੀ ਪੜ੍ਹਾਈ ਖਰਾਬ ਹੋ ਰਹੀ ਏ ਹੋਰ ਨਾ ਕਿਤੇ ਤੇਰਾ ਸਾਲ ਮਾਰਿਆ ਜਾਵੇ। ਤਗੜਾ ਹੋ ਤੂੰ ਫੌਜੀ ਦਾ ਪੁੱਤ ਏਂ, ਅਜਿਹੇ ਹਾਦਸੇ ਤਾਂ ਰੋਜ਼ ਆਉਂਦੇ ਜਾਂਦੇ ਰਹਿੰਦੇ ਨੇ। ਹਾਂ ਡਾਕਟਰ ਮੇਜਰ ਸ਼ਰਮਾ ਨੇ ਤੈਨੂੰ ਖ਼ਾਸ ਕਰਕੇ ਆਪਣੀ ਸ਼ਾਬਾਸ਼ ਭੇਜੀ ਹੈ। ਤੇਰੀ ਬੜੀ ਸਿਫ਼ਤ ਕੀਤੀ ਹੈ।" "ਨਹੀਂ ਪਿਤਾ ਜੀ, ਮੈਂ ਬਿਲਕੁਲ ਠੀਕ ਹਾਂ, ਤੁਸੀਂ ਦੋਨਾਂ ਨੇ ਮੇਰਾ ਬਿਲਕੁਲ ਫ਼ਿਕਰ ਨਹੀਂ ਕਰਨਾ।" "ਚੰਗਾ ਫੇਰ ਤੂੰ ਪਰਸੋਂ ਤਿਆਰ ਰਹੀਂ, ਮੈਂ ਵੀ ਸਰਕਾਰੀ ਦੌਰਾ ਪਾ ਲਵਾਂਗਾ ਦਿੱਲੀ ਜਾਣ ਦਾ। ਕੁੱਝ ਮਸ਼ੀਨਾਂ ਦੀ ਹੈਡਕੁਆਰਟਰ ਵਿੱਚ ਅਦਲਾ ਬਦਲੀ ਕਰਵਾ ਕੇ ਲਿਆਣੀ ਹੈ, ਰਾਹ ਵਿੱਚ ਤੈਨੂੰ ਲਾਹ ਦਿਆਂਗੇ। ਚੰਗਾ ਭਾਵਾਨੇ, ਮੇਰੇ ਵੀ ਕੁੱਝ ਕੱਪੜੇ ਤੇ ਸਮਾਨ ਬੈਗ ਵਿੱਚ ਪਾ ਦੇਵੀਂ ....।" "ਅੱਛਾ ਪਿਤਾ ਜੀ, ਮੈਂ ਵੀ ਤਿਆਰ ਰਹਾਂਗਾ ਤੁਹਾਡੇ ਨਾਲ ਜਾਣ ਲਈ।" ਪਰ ਮਾਂ ਦੀਆਂ ਆਂਦਰਾਂ ਹਾਲੇ ਰੱਜੀਆਂ ਨਹੀਂ ਸਨ, ਉਸਦਾ ਡੂੰਘਾ ਅਹਿਸਾਸ ਕਹਿ ਰਿਹਾ ਸੀ ਕਿ ਹਾਲੇ

ਮੇਰੇ ਪੁੱਤ ਦੇ ਧੁਰ ਅੰਦਰਲੇ ਜ਼ਖ਼ਮ ਅਲ੍ਹੇ ਨੇ। ਇਸ ਨੂੰ ਹਾਲੇ ਮੇਰੀ ਮਮਤਾ ਦੇ ਨਿੱਘ ਦੀ ਬਹੁਤ ਲੋੜ ਹੈ। ਤੇ ਫੇਰ ਜਾਣੋਂ ਅਸੀਂ ਦੋਵੇਂ ਮਾਂ ਪੁੱਤ ਨੇ ਅੰਦਰੋਂ-ਅੰਦਰੀਂ ਵਕਤ ਨਾਲ ਸਮਝੌਤਾ ਕਰ ਲਿਆ ਹੋਵੇ।

ਪਿਤਾ ਜੀ ਤਾਂ ਸਵੇਰੇ ਤੋਂ ਹੀ ਆਪਣੇ ਲਾਮ ਲਸ਼ਕਰ ਨਾਲ ਰੁੱਝੇ ਹੋਏ ਸਨ। ਚਾਰ ਪੰਜ ਵੱਡੇ ਟਰੱਕਾਂ ਵਿੱਚ ਲੱਦਿਆ ਹੋਇਆ ਸਮਾਨ ਤੇ ਵੀਹ ਦੇ ਕਰੀਬ ਜਵਾਬ ਨਾਲ ਜਾ ਰਹੇ ਸਨ। ਅਚਾਨਕ ਇੱਕ ਫੌਜੀ ਜੀਪ ਘਰ ਅੱਗੇ ਆ ਕੇ ਰੁਕੀ ਤੇ ਇੱਕ ਜਵਾਨ ਨੇ ਆ ਕੇ ਬੜੇ ਅਦਬ ਨਾਲ ਮਾਂਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਸਨੇ ਕਿਹਾ ਕਿ “ਸਾਹਿਬ ਦਾ ਸਮਾਨ ਦੇ ਦਿਉ ਤੇ ਕਾਕਾ ਜੀ ਤਿਆਰ ਹਨ, ਉਨ੍ਹਾਂ ਨੂੰ ਵੀ ਨਾਲ ਲਿਜਾਣਾ ਹੈ। ਮੈਂ ਛੇਤੀ ਛੇਤੀ ਦੋਵੇਂ ਭੈਣਾਂ ਦੇ ਗਲੇ ਮਿਲਿਆ ਤੇ ਮਾਂਜੀ ਦੇ ਪੈਰੀਂ ਹੱਥ ਲਾਇਆ। ਮਾਂ ਨੇ ਘੁੱਟ ਕੇ ਸੀਨੇ ਲਾ ਲਿਆ ਤੇ ਕਿਹਾ “ਜਾ ਮੇਰੇ ਬੱਚੇ, ਤੇਰਾ ਵਾਹਿਗੁਰੂ ਸਹਾਈ ਹੋਵੇ, ਤੱਤੀ ਵਾ ਨਾ ਲੱਗੇ। ਆਪਣਾ ਖਿਆਲ ਰੱਖੀਂ, ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ ਏ।” ਮੈਂ ਕਿਹਾ “ਮਾਂ ਦੋਵੇਂ ਵੱਡੇ ਵੀਰਿਆਂ ਨੂੰ ਤਾਂ ਮਿਲ ਹੀ ਨਹੀਂ ਸਕਿਆ।” ਮਾਂਜੀ ਨੇ ਦਿਲਾਸਾ ਦਿੱਤਾ ਕਿ “ਕੋਈ ਗੱਲ ਨਹੀਂ, ਮੈਂ ਉਨ੍ਹਾਂ ਨੂੰ ਦਸ ਦਿਆਂਗੀ ਕਿ ਬਿੱਲਾ ਤੁਹਾਨੂੰ ਯਾਦ ਕਰਦਾ-ਕਰਦਾ ਗਿਆ ਏ।” ਡਰਾਈਵਰ ਸ਼ਾਇਦ ਕਾਹਲ ਵਿੱਚ ਸੀ ਤੇ ਉਹ ਮੈਨੂੰ ਲੈ ਕੇ ਛੇਤੀ ਮੁੜ ਪਿਆ। ਜੀਪ ਦੇ ਪਿੱਛੇ ਹਿੱਸੇ ਵਿੱਚ ਬੈਠਾ ਮੈਂ ਦੂਰ ਤੱਕ ਮਾਂਜੀ ਨੂੰ ਦੇਖਦਾ ਰਿਹਾ।

ਰਾਹ ਵਿੱਚ ਅੰਬਾਲਾ ਕੈਂਟ ਦੇ ਕਿਸੇ ਮਿਲਟਰੀ ਹੈਡਕੁਆਟਰ ਵਿੱਚ ਅਸੀਂ ਰੁਕੇ ਤੇ ਉਥੇ ਹੀ ਮੈਸ ਵਿੱਚ ਸਭ ਨੇ ਖਾਣਾ ਖਾਧਾ। ਉਥੇ ਘੰਟੇ ਕੁ ਦੇ ਪੜਾਅ ਮਗਰੋਂ ਅਸੀਂ ਅੱਗੇ ਦਿੱਲੀ ਵੱਲਾਂ ਰਵਾਨਾ ਹੋ ਗਏ। ਕਰਨਾਲ ਲੰਘ ਕੇ ਖੇਤਾਂ ਦੇ ਕੋਲ ਇੱਕ ਵਾਰ ਫੇਰ ਸਾਡਾ ਕਾਫ਼ਿਲਾ ਰੁਕ ਗਿਆ। ਤਕਰੀਬਨ ਸਾਰੇ ਹੀ ਬੜੀ ਫੁਰਤੀ ਨਾਲ ਰਲਕੇ ਆ ਗਏ। ਏਨੇ ਨੂੰ ਪਤਾ ਨਹੀਂ ਕਿਹੜੇ ਵੇਲੇ ਚਲਦੇ ਟਰੱਕ ਵਿੱਚ ਹੀ ਮਿਲਟਰੀ ਦੇ ਜਵਾਨ ਨੇ ਵੱਡੀ ਕੇਤਲੀ ਵਿੱਚ ਚਾਹ ਬਣਾ ਲਈ। ਸਭ ਨੂੰ ਮਿਲਟਰੀ ਦੇ ਬੜੇ ਬੜੇ ਮੱਘਿਆਂ (ਚਿੱਟੇ ਨੀਲੀ ਧਾਰੀ ਵਾਲੇ) ਵਿੱਚ ਚਾਹ ਵਰਤਾ ਦਿੱਤੀ। ਚਾਹ ਸੱਚ ਮੁੱਚ ਬੜੀ ਗਾੜ੍ਹੀ ਤੇ ਸੁਆਦੀ ਸੀ। ਫਿਰ ਪਤਾ ਨਹੀਂ ਪਿਤਾ ਜੀ ਨੂੰ ਕੀ ਲਾਡ ਆ ਗਿਆ ਤੇ ਉਨ੍ਹਾਂ ਮੈਨੂੰ ਅਗਲੀ ਸੀਟ ਤੇ ਆਪਣੇ ਕੋਲ ਬਿਠਾ ਲਿਆ। ਦੋ ਚਾਰ ਸਰਸਰੀ ਜਿਹੀਆਂ ਗੱਲਾਂ ਕਰਕੇ ਉਹ ਆਪਣੇ ਮੁੱਦੇ ਵਾਲੀ ਗੱਲ ਵੱਲ ਵਧੇ। ਉਨ੍ਹਾਂ ਅੱਜ ਮੈਨੂੰ ਬੜੀ ਅਪਣਤ ਨਾਲ ਮੁਖਾਤਿਬ ਹੋ ਕੇ ਕਿਹਾ “ਲੈ ਮੇਰੇ ਬੱਚੇ, ਤੇਰੇ ਨਾਲ ਅੱਜ ਮੈਂ ਆਪਣੀ ਜ਼ਿੰਦਗੀ ਦੀਆਂ ਬਹੁਤ ਅਹਿਮ ਯਾਦਾਂ ਸਾਂਝੀਆਂ ਕਰ ਰਿਹਾ ਹਾਂ।” ਮੈਂ ਉਤਸ਼ਾਹ ਨਾਲ ਕਿਹਾ “ਦੱਸੋ-ਦੱਸੋ ਪਿਤਾ ਜੀ!”

ਤੇ ਪਿਤਾ ਜੀ ਨੇ ਗੱਲ ਦਸਣੀ ਸ਼ੁਰੂ ਕਰ ਦਿੱਤੀ- “ਮੇਰੇ ਬੱਚੇ, ਗੱਲ ਉਦੋਂ ਦੀ ਹੈ, 1940-42 ਦੀ ਜਦੋਂ ਤੂੰ ਹਾਲੇ ਜੰਮਿਆ ਨਹੀਂ ਸੀ। ਤੇਰੀ ਮਾਂ ਪੂਰੇ ਦਿਨਾਂ ਤੇ ਰੋਜ਼ ਤੈਨੂੰ ਤੇ ਮੈਨੂੰ ਬੜੀ ਸ਼ਿੱਦਤ ਨਾਲ ਉਡੀਕਦੀ ਸੀ। ਮੈਂ ਤੇ ਮੇਰੇ ਦੋ ਸੌ ਸਾਥੀ ਦੂਸਰੇ ਵਿਸ਼ਵ ਯੁੱਧ ਵਿੱਚ ਬਰਮਾਂ ਅਸਾਮ ਦੇ ਬਾਰਡਰ ਤੇ ਦੁਸ਼ਮਣਾਂ ਦੇ ਘੇਰੇ ਵਿੱਚ ਆ ਗਏ। ਜਿਉਂ-ਜਿਉਂ ਦੁਸ਼ਮਣਾਂ ਦਾ ਘੇਰਾ ਤੰਗ ਹੁੰਦਾ ਜਾਂਦਾ, ਸਾਡੇ ਜਿਉਣ ਦੀ ਆਸ ਉਨੀ ਹੀ ਘਟਦੀ ਜਾਂਦੀ। ਨਾਲੇ ਨਾਲ ਸਾਡੇ ਜਵਾਨਾਂ ਦੀ ਗਿਣਤੀ ਵੀ ਘਟਦੀ ਜਾਂਦੀ। ਅਸੀਂ ਦਿਨ ਰਾਤ ਘਣੇ ਜੰਗਲਾਂ ਦੀਆਂ ਝਾੜੀਆਂ, ਖਾਈਆਂ ਤੇ ਦਲਦਲਾਂ ਵਿੱਚ ਭੱਜੇ ਫਿਰਦੇ ਸੀ। ਹਰ ਪਾਸੇ ਮੌਤ ਸਿਰ ਤੇ ਨੱਚਦੀ ਜਾਪਣ ਲੱਗੀ। ਕਿਤੇ ਕੋਈ ਲਾਸ਼ ਫੁੱਲੀ ਪਈ ਤੇ ਕਿਤੇ ਕੋਈ ਲਾਸ਼ ਜਾਨਵਰਾਂ ਨੇ ਖਾਧੀ ਪਈ ਸੀ। ਅਸੀਂ ਉਨ੍ਹਾਂ ਬੋ ਮਾਰਦੀਆਂ ਲਾਸ਼ਾਂ ਦੀਆਂ ਕਿੱਟਾਂ ਵਿਚੋਂ ਫਰੋਲ ਕੇ ਬਚਿਆ ਫੂਡ ਖਾਂਦੇ ਤੇ ਕਿਸੇ ਲਾਸ਼ ਦੀ ਕੁੱਪੀ ਵਿਚੋਂ ਬੂੰਦ-ਬੂੰਦ ਪਾਣੀ ਵੀ ਨਿਚੋੜ ਕੇ ਪੀਤਾ। ਅਸੀਂ ਮਰੇ ਪਸ਼ੂਆਂ ਅੱਗੇ ਬਚਿਆ ਖੁਚਿਆ ਚੋਕਰ ਵੀ ਚੁੱਕ ਕੇ ਖਾਧਾ। ਸਾਡੇ ਬੂਟਾ ਵਿੱਚ ਤਬਮਿਆਂ ਦੇ ਰਾਹ ਵੜੀਆਂ ਜੋਕਾਂ ਸਾਡਾ ਖ਼ੂਨ ਚੂਸ ਚੂਸ ਕੇ ਫੁਲੀਆਂ ਪਈਆਂ ਸਨ। ਪੀੜ ਨਾਲ ਚਲਣਾ ਵੀ ਮੁਸ਼ਕਿਲ ਹੋ ਗਿਆ ਸੀ। ਨੱਠਣਾ ਤਾਂ ਦੂਰ ਦੀ ਗੱਲ ਸੀ ਤੇ ਕਦੇ ਆਂਬੇ ਲਾਂਭਿਉਂ ਗੋਲੀਆਂ ਦੀ ਬੋਛਾੜ ਤੇ ਕਦੇ ਉਪਰੋਂ ਬੰਬਾਰਮੈਂਟ। ਇਉਂ ਲਗਦਾ ਸੀ ਕਿ ਬਸ ਹੁਣ ਵੀ ਗਏ ਕਿ ਹੁਣ ਵੀ ਗਏ। ਆਖੀਰ ਉਹ ਦਿਨ ਵੀ ਆ ਹੀ ਗਿਆ ਜਦੋਂ ਅਸੀਂ ਦੁਸ਼ਮਣਾਂ ਦੀ ਜੱਦ ਵਿੱਚ ਬੁਰੀ ਤਰ੍ਹਾਂ ਫੱਸ ਗਏ। ਤਿੰਨਾਂ ਪਾਸਿਆਂ ਤੋਂ ਹੈਵੀ ਗੋਲੀਆਂ ਦਾ ਮੀਂਹ ਵਾਂਗਰਾਂ ਜਾਣੋਂ ਵਰ ਰਹੀਆਂ ਸਨ। ਪਿੱਛੇ ਸਾਡੇ ਵੱਡੀ ਸਾਰੀ ਖਾਈ ਸੀ ਜਿਸ ਵਿੱਚ ਗਿਰ ਕੇ ਕੁੱਝ ਜਵਾਨ ਸ਼ਹੀਦ ਹੋ ਗਏ। ਬਾਕੀ ਬਚੇ ਸੱਤਰ ਦੇ ਕਰੀਬ ਜਵਾਨ ਪਲਾਂ ਵਿੱਚ ਦੁਸ਼ਮਣ ਦੀ ਗੋਲੀ ਨਾਲ ਵੀਰਗਤੀ ਪਾ ਗਏ। ਅਸੀਂ ਬਚੇ ਪੰਜ ਜਵਾਨ ਭੁੱਖੇ ਪਿਆਸੇ ਕਰੀਬ ਚੌਦਾਂ ਦਿਨ ਉਨ੍ਹਾਂ ਲਾਸ਼ਾਂ ਦੇ ਥੱਲੇ ਅੱਧਮੋਏ ਜਿਹੇ ਪਏ ਰਹੇ। ਏਸੇ ਵੇਲੇ ਦੁਸ਼ਮਣ ਸਨ ਜਾਂ ਫੇਰ ਲੋਕਲ ਨਾਗੇ ਲੋਕ ਪਤਾ ਨਹੀਂ ਕੌਣ ਸਨ, ਸਾਡਾ ਅਸਲਾ ਤੇ ਸਮਾਨ ਲੁੱਟਣ ਆਏ ਤੇ ਖੋਖਰੀਆਂ ਨਾਲ ਸਣੇ ਪੈਰ ਬੂਟ ਵੱਡ ਕੇ ਲੈ ਗਏ। ਵਰਦੀਆਂ ਤੱਕ ਲਾਹ ਲਈਆਂ। ਬੋ ਮਾਰਦੀਆਂ ਲਾਸ਼ਾਂ, ਲੰਗੀਆਂ ਧੜੰਗੀਆਂ ਫੁੱਲੀਆਂ ਤੇ ਪੈਰ ਕੱਟੀਆਂ ਲਾਸ਼ਾਂ ਦੇ ਢੇਰ ਥੱਲੇ ਅਸੀਂ ਪਏ ਸਹਿਕਦੇ ਰਹੇ। ਸਾਡੀ ਰੈਜਮੈਂਟ ਵਾਲਿਆਂ ਨੇ ਤਾਂ ਸਾਨੂੰ ਡੈਡ ਡਿਕਲੇਅਰ ਕਰਕੇ ਸਾਡੇ ਘਰੀਂ ਚਿੱਠੀਆਂ ਵੀ ਭੇਜ ਦਿੱਤੀਆਂ ਸਨ। ਪਰ ਜਾਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ। ਪਤਾ ਨਹੀਂ ਕਿਥੋਂ ਰੈਡ ਕਰਾਬ ਵਾਲੇ ਆ ਗਏ ਤੇ ਫੇਰ ਉਨ੍ਹਾਂ ਜਾਣੋਂ ਸਾਨੂੰ ਮੌਤ ਦੇ ਰਾਹ ਤੋਂ ਮੋੜ ਲਿਆ ਹੋਵੇ। ਫਿਰ ਕੁੱਝ ਮਹੀਨੇ ਅਸੀਂ ਦੁਸ਼ਮਣਾਂ ਦੀ ਕੈਦ ਵਿੱਚ ਰਹੇ ਤੇ ਥੋੜੀ ਬਹੁਤੀ ਤਿਮਾਰਦਾਰੀ ਤੋਂ ਬਾਅਦ ਜੇਲ੍ਹਾਂ ਵਿੱਚ ਸਾਨੂੰ ਬੁਰੇ ਹਾਲ ਵਿੱਚ ਛੱਡ ਦਿੱਤਾ ਗਿਆ। ਕਹਿਣ ਨੂੰ ਤਾਂ ਸੋਲਜੀਅਰ ਕੈਦ ਸੀ ਪਰ ਸਲੂਕ ਜਾਨਵਰਾਂ ਤੋਂ ਵੀ ਭੈੜਾ ਕਰਦੇ, ਜਾਣੋਂ ਅਸਮਾਨੋਂ ਗਿਰੇ ਤੇ ਖਜੂਰ ਵਿੱਚ ਅਟਕੇ ਵਾਲੀ ਗੱਲ ਸੀ। ਫੇਰ ਸੀਜ ਫਾਇਰ ਹੋਇਆ ਤੇ ਫੌਜੀ ਕੈਦੀਆਂ ਦੀ ਅਦਲਾ ਬਦਲੀ ਹੋਈ। ਇੱਕ ਦਿਨ ਸਾਡੀ ਤਿੰਨਾਂ ਦੀ ਬਾਰੀ ਵੀ ਆ ਗਈ। ਸਾਡੇ ਪੰਜਾਂ ਵਿਚੋਂ ਇੱਕ ਤਾਂ ਲਾਸ਼ਾਂ ਥੱਲੇ ਦਮ ਤੋੜ ਗਿਆ ਸੀ ਤੇ ਦੂਜਾ ਹਸਪਤਾਲ ਵਿੱਚ ਸਾਹ ਪੂਰੇ ਕਰ ਗਿਆ ਸੀ। ਦਾਤੇ ਦੀ ਮਿਹਰ ਸਦਕਾ ਤੇ ਦੂਜਾ ਤੇਰੇ ਸਦਕਾ ਮੈਂ ਆਪਣੇ ਦੋ ਸਾਥੀਆਂ ਨਾਲ ਬੱਚ ਗਿਆ ਸੀ। ਤੇਰੇ ਜਨਮ ਤੋਂ ਦੋ ਦਿਨ ਪਹਿਲਾਂ ਪਿੰਡ ਪਹੁੰਚ ਗਿਆ ਸਾਂ। ਸ਼ਾਇਦ ਇਸੇ ਕਰਕੇ ਵੀ ਤੇਰੀ ਮਾਂ ਤੇਰੇ ਨਾਲ

ਬਹੁਤ ਮੋਹ ਕਰਦੀ ਹੈ। ਹਮੇਸ਼ਾਂ ਕਹਿੰਦੀ ਹੈ ਕਿ ਮੇਰੇ ਪੇਟ ਘਰੋੜੀ ਦੇ ਪੁੱਤ ਨੂੰ ਕਦੇ ਕੋਈ ਨਾ ਫਿਟਕਾਰਨਾ। ਇਹ ਤਾਂ ਮੇਰੇ ਲਈ ਬੜਾ ਹੀ ਕਰਮਾਂ ਵਾਲਾ ਹੈ। ਤੀਜਾ ਸ਼ਾਇਦ ਇਸ ਲਈ ਜ਼ਿੰਦਾ ਰਿਹਾ ਕਿ ਜਵਾਨੀ ਵੇਲੇ ਦੇ ਦਿਨਾਂ ਵਿੱਚ ਸੰਘਰਸ਼ ਭਰਿਆ ਜੀਵਨ ਕਮਾਇਆ। ਉਨ੍ਹਾਂ ਦਿਨਾਂ ਵਿੱਚ ਜਿਉਣਾ ਬੜਾ ਸਿੱਧਾ ਸਾਦਾ ਸੀ ਤੇ ਚੰਗੀਆਂ ਗੁੱਝੀਆਂ ਖੁਰਾਕਾਂ ਹੁੰਦੀਆਂ ਸਨ। ਮੈਂ ਰੱਸੇ ਤੇ ਫੁੱਟਬਾਲ ਦਾ ਕਾਮਨ ਪਲੇਅਰ ਹੁੰਦਾ ਸੀ। ਪੰਜ ਲਟਰ ਦੁੱਧ ਰੋਜ਼ ਪੀਂਦਾ ਤੇ ਪੰਜ ਸੱਤ ਕਿਲੋਮੀਟਰ ਦੀ ਦੌੜ ਨਿਤ ਨੇਮ ਦੌੜਦਾ ਸੀ। ਦੋ ਸੌ ਡੰਡ ਤੇ ਪੰਜ ਸੌ ਬੈਠਕਾਂ ਮਾਰਨੀਆਂ। ਅੱਧਾ ਪਾ ਦੇ ਕਰੀਬ ਰੋਜ਼ ਖਰਾ ਘਿਉ ਖਾਣਾ ਤੇ ਕਸਰਤ ਕਰਕੇ ਬਾਲਟੀਆਂ ਦੇ ਹਿਸਾਬ ਪਸੀਨਾ ਬਹਾ ਦੇਣਾ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹੁੰਦਾ ਸੀ। ਮੇਰੇ ਪ੍ਰਿੰਸੀਪਲ ਨੇ ਕਹਿਣਾ ਮਲੂਕ ਸਿਆਂ ਤਗੜਾ ਹੋ ਜਾ ਪੰਜ ਸੇਰ ਦੁੱਧ ਨਾਲ ਕੁੱਝ ਨਹੀਂ ਬਣਦਾ ਘੱਟੋ ਘੱਟ ਸੱਤ ਸੇਰ ਕਰ ਦੇ। ਸ਼ਾਮ ਨੂੰ ਕਹਿਣਾ ਤੇਰੇ ਪੱਟ ਬੜੇ ਮੋਟੇ ਹੋ ਗਏ ਨੇ, ਤੇਰਾ ਭੱਜਣਾ ਔਖਾ ਹੋ ਜਾਣਾ ਏ ਤੂੰ ਦੋ ਮੀਲ ਹੋਰ ਭੱਜਿਆ ਕਰ। ਬਸ ਉਨ੍ਹਾਂ ਦੀ ਸਵੇਰ ਤੇ ਸ਼ਾਮ ਦੀ ਫਟੀਕ ਭਰੀ ਨਸੀਹਤ ਨੇ ਮੈਨੂੰ ਸੂਈ ਦੇ ਨੱਕੇ ਵਿਚੋਂ ਲੰਘਾ ਦਿੱਤਾ ਹੋਇਆ ਸੀ। ਉਹ ਜਵਾਨੀ ਦੀ ਖਾਧੀ ਖੁਰਾਕ ਤੇ ਕਰੜੀ ਕਸਰਤੀ ਮਿਹਨਤ ਨੇ ਮੈਨੂੰ ਬੜੀ ਤੋਂ ਬੜੀ ਔਕੜ ਵਿੱਚ ਵੀ ਡੋਲਣ ਨਹੀਂ ਦਿੱਤਾ ਤੇ ਕਵਚ ਬਣ ਕੇ ਮੇਰੀ ਰੱਖਿਆ ਕੀਤੀ। ਮੇਰੇ ਬੱਚੇ, ਤੈਨੂੰ ਆਪਣੇ ਇਸ ਕਰੜੇ ਤਜ਼ਰਬੇ ਦੀ ਗੱਲ ਇਸ ਕਰਕੇ ਸੁਣਾਈ ਕਿ ਹੋ ਸਕਦੈ ਤੈਨੂੰ ਕੋਈ ਪ੍ਰੇਰਨਾ ਮਿਲ ਸਕੇ ਤੇ ਤੂੰ ਅਸਾਨੀ ਨਾਲ ਇਸ ਸਦਮੇ ਤੋਂ ਬਾਹਰ ਆ ਸਕੇਂ।" ਪਿਤਾ ਜੀ ਦੀ ਰੌਂਗਟੇ ਖੜੇ ਕਰ ਦੇਣ ਵਾਲੀ ਹੱਡ ਬੀਤੀ ਸੁਣ ਕੇ ਪਤਾ ਹੀ ਨਹੀਂ ਲੱਗਿਆ ਕਦੋਂ ਸੋਨੀਪੱਥ ਜੀ. ਟੀ. ਰੋਡ ਦੇ ਲਾਗੇ ਮੂਰਥਲ ਦਾ ਨਾਕਾ ਆ ਗਿਆ। ਪਿਤਾ ਜੀ ਨੇ ਕਿਹਾ "ਬਿੱਲੇ ਨੂੰ ਇੱਥੇ ਹੀ ਲਾਹ ਦਿੰਦੇ ਹਾਂ। ਇੱਥੋਂ ਇਹ ਕੋਈ ਬੱਸ ਜਾਂ ਟਾਂਗਾ ਫਦੜ ਕੇ ਅੰਦਰ ਸੋਨੀਪਤ ਸ਼ਹਿਰ ਚਲੇ ਜਾਵਗਾ।" ਜਵਾਨ ਨੇ ਕਿਹਾ "ਸਰ, ਦਸ-ਪੰਦਰਾਂ ਮਿੰਟ ਹੀ ਲੱਗਣੇ ਹਨ। ਆਪਾਂ ਅੰਦਰ ਛੱਡ ਕੇ ਆ ਜਾਂਦੇ ਹਾਂ। ਉਨੀ ਦੇਰ ਵਿੱਚ ਜਵਾਨ ਆਪਣੀਆਂ ਲੱਤਾਂ ਖੋਲ੍ਹ ਲੈਣਗੇ ਤੇ ਜੰਗਲ ਪਾਣੀ ਵੀ ਹੋ ਆਉਣਗੇ।" ਉਸ ਜਵਾਨ ਨੇ ਉਤਰ ਕੇ ਪਿੱਛੇ ਆਉਂਦੇ ਜਵਾਨਾਂ ਤੇ ਹੌਲਦਾਰ ਨੂੰ ਸੂਚਿਤ ਕੀਤਾ। ਹੌਲਦਾਰ ਸਾਹਿਬ ਉਤਰ ਕੇ ਪਿਤਾ ਜੀ ਕੋਲ ਆਏ ਤੇ ਸਲੂਟ ਕੀਤਾ। ਪਿਤਾ ਜੀ ਨੇ ਆਦੇਸ਼ ਦਿੱਤਾ "ਹੌਲਦਾਰ ਸਾਹਿਬ ਤੁਸੀਂ ਸਾਡਾ ਅਗਲੇ ਮੋੜ ਤੇ ਇੰਤਜ਼ਾਰ ਕਰੋਗੇ। ਉਨੀ ਦੇਰ ਸਾਰੇ ਜਵਾਨ ਤੁਹਾਡੀ ਕਮਾਂਡ ਹੇਠ ਰਹਿਣਗੇ।" ਉਸ ਹਵਲਦਾਰ ਨੇ ਫੇਰ ਸਲੂਟ ਮਾਰਿਆ ਤੇ ਕਿਹਾ "ਓ. ਕੇ. ਸਰ!" ਅਸੀਂ ਅੱਗੇ ਅੰਦਰ ਵੱਲ ਤੁਰ ਪਏ ਤੇ ਥੋੜੀ ਹੀ ਦੇਰ ਵਿੱਚ ਜੀਪ ਹੋਸਟਲ ਦੇ ਅੱਗੇ ਖੜੀ ਸੀ। ਪਿਤਾ ਜੀ ਜੀਪ ਤੋਂ ਥੱਲੇ ਉਤਰੇ, ਮੈਂ ਵੀ ਉਤਰਿਆ ਤੇ ਜਵਾਨ ਨੇ ਮੈਨੂੰ ਮੇਰਾ ਸਮਾਨ ਫੜਾ ਦਿੱਤਾ। ਮੈਂ ਜਵਾਨ ਦਾ ਧੰਨਵਾਦ ਕੀਤਾ ਤੇ ਅਦਬ ਨਾਲ ਸਤਿ ਸ੍ਰੀ ਅਕਾਲ ਬੁਲਾਈ ਤੇ ਪਿਤਾ ਜੀ ਨੇ ਜਵਾਨ ਨੂੰ ਉੱਥੇ ਹੀ ਰੁਕਣ ਲਈ ਕਿਹਾ ਅਤੇ ਮੇਰੇ ਨਾਲ ਹੋਸਟਲ ਵੱਲ ਤੁਰ ਗਏ। ਮੈਂ ਅੱਗੇ ਅੱਗੇ ਤੇ ਪਿਤਾ ਜੀ ਪਿੱਛੇ ਪਿੱਛੇ ਹੋਸਟਲ ਵਿੱਚ ਮੇਰੇ ਕਮਰੇ ਤੱਕ ਆ ਗਏ। ਅੱਗੋਂ ਕੁਦਰਤੀ ਤਰਲੋਚਨ ਕਮਰੇ ਵਿੱਚ ਹੀ ਮਿਲ ਗਿਆ। ਤਰਲੋਚਨ ਹਬੜ ਬਾਹੇ ਪਹਿਲਾਂ ਮੈਨੂੰ ਜੱਫੀ ਪਾ ਕੇ ਮਿਲਿਆ ਤੇ ਫੇਰ ਪਿਤਾ ਜੀ ਦੇ ਪੈਰੀਂ ਹੱਥ ਲਾਇਆ। ਪਿਤਾ ਜੀ ਨੇ ਅਪਣਤ ਨਾਲ ਉਸਦੀ ਪਿੱਠ ਥਪਥਪਾਈ ਤੇ ਕਿਹਾ "ਪੁੱਤਰਾ, ਸਾਂਭ ਆਪਣੇ ਯਾਰ ਨੂੰ" ਤਰਲੋਚਨ ਨੇ ਵੀ ਬੜੇ ਮਾਣ ਨਾਲ ਕਿਹਾ "ਚਾਚਾ ਜੀ, ਤੁਸੀਂ ਬਿਲਕੁਲ ਫ਼ਿਕਰ ਨਾ ਕਰਨਾ, ਮੈਂ ਇਸ ਦਾ ਪੂਰਾ ਪੂਰਾ ਖਿਆਲ ਰੱਖਾਂਗਾ।" "ਚੰਗਾ ਬੱਚੇ, ਹੁਣ ਮੈਂ ਚਲਦਾ ਹਾਂ, ਜਲਦੀ ਵਿੱਚ ਹਾਂ ਜੀ. ਟੀ. ਰੋਡ ਤੇ ਜਵਾਨ ਮੇਰਾ ਇੰਤਜ਼ਾਰ ਕਰਦੇ ਹੋਣਗੇ।" ਤਰਲੋਚਨ ਤੇ ਮੈਂ ਅੱਗੜ ਪਿੱਛੜ ਪਿਤਾ ਜੀ ਨੂੰ ਛੱਡਣ ਬਾਹਰ ਤੱਕ ਆਏ। ਅਸੀਂ ਦੋਵਾਂ ਨੇ ਪਿਤਾ ਜੀ ਦੇ ਪੈਰੀਂ ਹੱਥ ਲਾਇਆ ਤੇ ਅਸ਼ੀਰਵਾਦ ਲਿਅਆ। ਅਸੀਂ ਦੋਵੇਂ ਹਾਲੇ ਤੱਕ ਹੱਥ ਹੋੜੀ ਖੜੇ ਸਾਂ ਤੇ ਜੀਪ ਅੱਖਾਂ ਤੋਂ ਓਝਲ ਵੀ ਹੋ ਚੁੱਕੀ ਸੀ। ਤਰਲੋਚਨ ਉਸ ਦਿਨ ਤੋਂ ਮੇਰਾ ਬਜ਼ੁਰਗਾਂ ਵਾਂਗ ਕੁੱਝ ਜ਼ਿਆਦਾ ਹੀ ਖਿਆਲ ਰੱਖਣ ਲੱਗ ਗਿਆ ਸੀ। ਮੈਨੂੰ ਉਸ ਦਾ ਉਹ ਬਦਲਿਆ ਜਿਹਾ ਰਵੱਈਆ ਕਦੇ ਕਦੇ ਕੁੱਝ ਅਜੀਬ ਲੱਗਦਾ ਤੇ ਕਦੇ ਚੰਗਾ ਵੀ।

ਹੁਣ ਮੈਨੂੰ ਸਮਝ ਪਿਆ ਕਿ ਪਿਤਾ ਜੀ ਮੈਨੂੰ ਜਾਣ ਬੁੱਝ ਕੇ ਬਾਈ ਰੋਡ ਆਪਣੀ ਜੀਪ ਵਿੱਚ ਇੰਠ ਛੱਡਣ ਕਿਉਂ ਆਏ, ਤਾਂ ਕਿ ਉਹ ਰੇਲ ਹਾਦਸਾ ਤੇ ਰਸਤੇ ਵਿੱਚ ਪੈਂਦਾ ਉਹੀ ਮੋਹਰੀ ਰੇਲਵੇ ਸਟੇਸ਼ਨ ਬੱਚੇ ਦੀਆਂ ਯਾਦਾਂ ਤੇ ਜ਼ਖ਼ਮਾਂ ਨੂੰ ਤਾਜ਼ਾ ਨਾ ਕਰ ਦੇਵੇ। ਸ਼ਾਇਦ ਉਹਨਾਂ ਨੇ ਮੇਰੇ ਧੁਰ ਅੰਦਰ ਦੇ ਡਰ ਨੂੰ ਦੂਰ ਕਰਨ ਖਾਤਰ ਉਚੇਚੇ ਤੌਰ ਤੇ ਉਨ੍ਹਾਂ ਆਪਣੀ ਖੌਫ਼ਨਾਕ ਦਰਦ ਭਰੀ ਹੱਡ ਬੀਤੀ ਸੁਣਾਈ ਕਿ ਕਿਵੇਂ ਐਡੇ ਮੁਸ਼ਕਿਲ ਸਮੇਂ ਉਨ੍ਹਾਂ ਨੇ ਹੌਂਸਲਾ ਬਣਾਈ ਰੱਖਿਆ। ਉਨ੍ਹਾਂ ਦੀ ਹੱਡ ਬੀਤੀ ਮੋਹਰੀ ਦੇ ਰੇਲੀ ਹਾਦਸੇ ਤੋਂ ਕਿਤੇ ਡਰਾਵਣੀ ਤੇ ਰੌਂਗਟੇ ਖੜੇ ਕਰ ਦੇਣ ਵਾਲੀ ਸੀ। ਜਿੱਥੇ ਮੌਤ ਨਾਲ ਸਿੱਧਾ ਟਾਕਰਾ ਸੀ ਤੇ ਰੇਲ ਹਾਦਸੇ ਵਿੱਚ ਮੈਂ ਸ਼ਾਇਦ ਕੁਦਰਤੀ ਇੱਕ ਦਰਸ਼ਕ ਬਣ ਗਿਆ ਸਾਂ। ਇਸ ਤਰ੍ਹਾਂ ਪਿਤਾ ਜੀ ਨੇ ਮੇਰਾ ਮਨੋਬਲ ਵਧਾਉਣ ਦਾ ਯਤਨ ਕੀਤਾ ਸੀ। ਤਾਂ ਕਿ ਮੈਂ ਫਿਰ ਤੋਂ ਅਰਾਮ ਨਾਲ ਆਪਣੀ ਨਾਰਮਲ ਜ਼ਿੰਦਗੀ ਵਿੱਚ ਪਰਤ ਸਕਾਂ।

ਪਰ ਅਫ਼ਸੋਸ ਹੋਇਆ ਪਿਤਾ ਜੀ ਦੇ ਨੇਕ ਇਰਾਦਿਆਂ ਤੋਂ ਬਿਲਕੁਲ ਉਲਟ। ਜਿਵੇਂ ਕਹਿੰਦੇ ਨੇ ਮਾੜੇ ਬੰਦੇ ਨੂੰ ਹੋਰ ਬਿਮਾਰੀਆਂ ਧੱਕੇ ਨਾਲ ਆ ਚਿੰਬੜਦੀਆਂ ਨੇ। ਇਸੇ ਤਰ੍ਹਾਂ ਮੈਂ ਧੱਕੇ ਨਾਲ ਪਿਤਾ ਜੀ ਨਾਲ ਹੱਡ ਬੀਤੀ ਉਨ੍ਹਾਂ ਦੀ ਡਰਾਉਣੀ ਹੱਡ ਬੀਤੀ ਦੀ ਭਾਰੀ ਪੰਡ ਵੀ ਆਪਣੀਆਂ ਮਾਰੂ ਸੋਚਾਂ ਦੀ ਪਿੱਠ ਤੇਲੱਦ ਲਈਆਂ। ਰੇਲ ਹਾਦਸੇ ਦੀਆਂ ਕੱਟੀਆਂ-ਵੱਡੀਆਂ, ਚਿੱਥੜੀਆਂ ਤੇ ਸਹਿਕਦੀਆਂ ਚੀਖ਼ਦੀਆਂ ਲਾਸ਼ਾਂ ਦਾ ਚੀਖ਼ ਚਿਹਾੜਾ ਜ਼ਰਾ ਮੱਠਾ ਪੈਂਦਾ ਤਾਂ ਏਨੇ ਨੂੰ ਪਿਤਾ ਜੀ ਦੀ ਹੱਡ ਬੀਤੀ ਦੀਆਂ ਭਿਆਨਕ ਵਾਰਦਾਤਾਂ ਸਤਾਉਣ ਲੱਗ ਪੈਂਦੀਆਂ। ਜੰਗਲਾਂ ਵਿੱਚ ਭੱਜਦੇ ਫੌਜੀ ਤੇ ਉ-ੱਤੇ ਵਰਦੇ ਬੰਬ ਆਲੇ ਦੁਆਲੇ ਫੁੱਟ ਰਹੇ ਸਨ। ਮੀਂਹ ਵਾਂਗ ਵਰਦੀਆਂ ਗੋਲੀਆਂ ਦੀ ਸ਼ਾਂ-ਸ਼ਾਂ ਸ਼ੂਕਣ ਲਗਦੀ ਸੀ। ਥਾਂ ਥਾਂ ਠੇਡੇ ਖਾ ਕੇ ਮੂੰਹ ਭਾਰ ਗਿਰਦੀਆਂ ਲਾਸ਼ਾਂ ਮੈਨੂੰ ਆਸ ਪਾਸ ਗਿਰਦੀਆਂ ਜਾਪਦੀਆਂ ਤੇ ਉਨ੍ਹਾਂ ਸਹਿਕਦੀਆਂ ਫੌਜੀਆਂ ਦੀਆਂ ਲਾਸ਼ਾਂ ਵਿੱਚ ਮੇਰੇ ਪਿਤਾ ਜੀ ਵੀ ਹਾਏ ਜੇ

ਕਿਤੇ ਮੇਰੇ ਪਿਤਾ ਜੀ ਨੂੰ ਕੁੱਝ ਹੋ ਜਾਂਦਾ ਤਾਂ ਫੇਰ ਮੈਂ ਤਾਂ ਜੰਮਣ ਤੋਂ ਪਹਿਲਾਂ ਹੀ ਯਤੀਮ ਹੋ ਜਾਂਦਾ। ਮੇਰੀ ਮਾਂ ਜੀ ਦਾ ਕੀ ਹਾਲ ਹੋਣਾ ਸੀ। ਅਸੀਂ ਸਾਰੇ ਭੈਣ ਭਰਾਵਾਂ ਨੇ ਤਾਂ ਰੁਲ ਜਾਣਾ ਸੀ। ਕਦੇ ਮੈਨੂੰ ਲਾਸ਼ਾਂ ਦੇ ਵੱਡੇ ਢੇਰ ਤੇ ਪੈਰਾਂ ਤੋਂ ਬਿਨਾਂ ਲੰਗੇ ਫੌਜੀਆਂ ਦੀਆਂ ਲਾਸ਼ਾਂ ਨਜ਼ਰ ਆਉਂਦੀਆਂ ਕਦੇ ਉਨ੍ਹਾਂ ਲਾਸ਼ਾਂ ਦੇ ਥੱਲੇ ਕਈ ਦਿਨਾਂ ਦੇ ਭੁੱਖੇ ਤੇ ਪਿਆਸੇ ਜ਼ਿੰਦਗੀ ਤੇ ਮੌਤ ਦਰਮਿਆਨ ਝੂਲਦੇ ਤੇ ਜੀਵਨ ਲਈ ਝੂਝਦੇ ਆਪਣੇ ਪਿਤਾ ਜੀ ਨਜ਼ਰ ਆਉਂਦੇ। ਮੈਂ ਤਰੇਲਿਉਂ ਤਰੇਲੀ ਹੋ ਜਾਂਦਾ ਤੇ ਉਚੀ ਉਚੀ ਅਚਨਚੇਤੇ ਬੁੜ-ਬੁੜਾ ਕੇ ਕਹਿੰਦਾ, "ਕੋਈ ਬਚਾ ਲਵੋ ਮੇਰੇ ਪਿਤਾ ਜੀ ਨੂੰ, ਮੇਰੀ ਮਾਂ ਵਿਧਵਾ ਹੋ ਜਾਊਗੀ, ਅਸੀਂ ਸਾਰੇ ਯਤੀਮ ਹੋ ਜਾਵਾਂਗੇ।"

ਅੱਗੇ ਤਾਂ ਮੈਂ ਸਿਰਫ਼ ਆਪਣੇ ਪਿਤਾ ਜੀ ਦੇ ਫੋਜੀ ਡਿਸੀਪਲਨ ਤੋਂ ਡਰਦਾ ਸੀ, ਪਰ ਹੁਣ ਮੇਰੇ ਦਿਲ ਵਿੱਚ ਕਰਮਯੋਗੀ ਯੋਧੇ ਤੇ ਸਿੱਨਕੀ ਸਿਪਾਹੀ ਲਈ ਸ਼ਰਧਾ ਤੇ ਮਾਣ ਹੈ ਕਿ ਅਜਿਹੇ ਬਹਾਦਰ ਫੌਜੀ ਪਿਉ ਦਾ ਮੈਂ ਪੁੱਤ ਹਾਂ।

ਹੁਣ ਮੇਰਾ ਜੀਵਨ ਕੁੱਝ ਭਰੋਸੇਯੋਗ ਨਹੀਂ ਰਿਹਾ। ਚਾਰ ਦਿਨ ਚੰਗਾ ਤੇ ਫਿਰ ਦੋ ਦਿਨ ਮਾੜੇ। ਸਾਈਕਲ ਦੇ ਫੇਲ ਹੋਏ ਕੁੱਤਿਆਂ ਵਾਲਾ ਹਾਲ ਸੀ। ਚੱਲੀ ਜਾਵੇ ਤਾਂ ਚੱਲੀ ਜਾਵੇ ਨਹੀਂ ਤਾਂ ਪਤਾ ਨਹੀਂ ਕਿੱਥੇ ਕੁੱਤਾ ਫੇਲ ਹੋ ਜਾਵੇ। ਭਾਵੇਂ ਕਿੰਨੇ ਫੇਰ ਖਾਲੀ ਪੈਡਲ ਮਾਰੀ ਜਾਵਾਂ ਪਰ ਫੇਰ ਜ਼ਿੰਦਗੀ ਦੇ ਸਾਈਕਲ ਨੇ ਕਿੱਥੋਂ ਚਲਣਾ। ਫੇਰ ਖੜੇ ਸਾਈਕਲ ਵਾਂਗ ਫੇਰ ਜ਼ਿੰਦਗੀ ਨੂੰ ਮੁੱਢੋਂ ਮੁੱਢ ਰੇੜਨਾਂ ਪੈਂਦਾ।

ਅਸ਼ਕੇ ਜਾਵਾਂ ਮੈਂ ਤਰਲੋਚਨ ਦੀ ਦੋਸਤੀ ਤੇ ਵਫਾਦਾਰੀ ਦੇ। ਉਸ ਨੇ ਮੇਰੇ ਪਿੱਛੇ ਆਪਣੇ ਸੁਖ ਸਵਾਦ, ਆਪਣੀ ਪੜ੍ਹਾਈ ਸਭ ਛਿੱਕੇ ਟੰਗ ਦਿੱਤੀਆਂ। ਪਤਾ ਨਹੀਂ ਕਿਉਂ ਉਹ ਜਨਵਰੀ 1958 ਨੂੰ ਹੋਏ ਮੋਹਰੀ ਸਟੇਸ਼ਨ ਦੇ ਰੇਲਵੇ ਹਾਦਸੇ ਕਾਰਨ ਮੇਰੇ ਤੇ ਹੋਏ ਅਸਰ ਦਾ ਆਪਣੇ ਆਪ ਨੂੰ ਦੋਸ਼ੀ ਸਮਝਣ ਲੱਗ ਪਿਆ ਸੀ। ਉਹ ਉਸ ਦਿਨ ਆਪਣੇ ਨਾ ਆਉਣ ਦੀ ਗਲਤੀ ਦਾ ਖਾਮਿਆਜਾ ਭੁਗਤਣਾ ਚਾਹੁੰਦਾ ਸੀ ਤੇ ਜਾਂ ਫੇਰ ਪਿਤਾ ਜੀ ਨਾਲ ਕੀਤਾ ਵਾਅਦਾ ਉਸ ਨੂੰ ਮੇਰੇ ਪ੍ਰਤੀ ਇੱਕ ਰੱਖਿਅਕ ਬਣ ਜਾਣ ਦਾ ਬਲ ਦੇ ਰਿਹਾ ਸੀ। ਤਰਲੋਚਨ ਜਦ ਤੱਕ ਮੇਰੇ ਨਾਲ ਰਿਹਾ, ਪੂਰੇ ਸਿਰੜ ਨਾਲ ਆਪਣੀ ਦੋਸਤੀ ਨਿਭਾਉਂਦਾ ਰਿਹਾ। ਪਹਿਲਾਂ ਤਾਂ ਕਾਲਜ ਲੱਗੇ ਡੰਗ ਜਾਣਾ ਤੇ ਫੇਰ ਬਿਲਕੁਲ ਬੰਦ ਕਰ ਦਿੱਤਾ। ਸ਼ਾਇਦ ਮੇਰੇ ਅਵਚੇਤਨ ਮਨ ਦੇ ਕਿਸੇ ਗਹਿਰੇ ਕੋਨੇ ਵਿੱਚ ਕੋਈ ਖੌਰੂ ਜਿਹਾ ਪਿਆ ਹੋਇਆ ਸੀ। ਰੋਟੀ ਪਾਣੀ ਖਾਣ ਦਾ ਵੀ ਕੋਈ ਸਿਰ ਪੈਰ ਨਹੀਂ ਰਿਹਾ ਸੀ। ਦਿਨੇ ਬੇਸੁਰਤੀ ਜਿਹੀ ਵਿੱਚ ਸੁੱਤੇ ਰਹਿਣਾ ਤੇ ਦੇਰ ਰਾਤ ਜਦੋਂ ਸਾਰੇ ਸੌਂ ਜਾਂਦੇ ਤਾਂ ਖੇਸ ਦੀ ਬੁੱਕਲ ਮਾਰ ਕੇ ਹੋਸਟਲ ਦੀਆਂ ਕੰਧਾਂ ਟੱਪਕੇ ਦੂਰ ਖੇਤਾਂ ਤੇ ਉਜਾੜਾਂ 'ਚੋਂ ਹੁੰਦੇ ਹੋਏ ਰੇਲਵੇ ਲਾਇਨ ਤੇ ਚੜ੍ਹ ਜਾਂਦੇ। ਫੇਰ ਗੁਮਸੁਮ ਐਵੇਂ ਬੇਮਕਸਦ ਤੁਰਦੇ ਰਹਿਣਾ। ਤੋਚੀ ਵਿਚਾਰਾ ਵੀ ਬਿਨਾਂ ਕੁੱਝ ਕਹੇ ਇਸ ਨੀਮ ਸ਼ਦਾਈ ਦੇ ਕਦੇ ਮਗਰ ਮਗਰ ਕਦੇ ਨਾਲ ਨਾਲ ਤੁਰੀ ਜਾਂਦਾ। ਅਖੀਰ ਥੱਕ ਕੇ ਸ਼ਹਿਰ ਤੋਂ ਬਹੁਤ ਬਾਹਰ ਇੱਕ ਸੁਨਸਾਨ ਤੇ ਭਿਆਨਕ ਕਬਰਿਸਤਾਨ ਤੇ ਅਸਾਂ ਜਾ ਡੇਰਾ ਲਾ ਲੈਣਾ ਜਿੱਥੇ ਦਿਨ ਦੇ ਵੇਲੇ ਵੀ ਆਦਮੀ ਆਉਣ ਤੋਂ ਘਬਰਾ ਜਾਏ। ਘੰਟਿਆਂ ਬੱਧੀ ਕਬਰਾਂ ਦੇ ਕੋਲ ਬਣੇ ਥੜਿਆਂ ਤੇ ਪਏ ਪਏ ਅਸਾਂ ਖੁੱਲੇ-ਖੁੱਲੇ ਆਸਮਾਨ ਵੱਲ ਝਾਕੀ ਜਾਣਾ। ਮੈਂ ਆਪਣਾ ਸੁਦਾ ਘੋਟਣਾਂ ਤੇ ਉਸ ਵਿਚਾਰੇ ਤੋਚੀ ਨੇ ਹਾਂ ਵਿੱਚ ਹਾਂ ਮਿਲਾਈ ਜਾਣੀ। ਮੈਂ ਕਹਿਣਾ "ਦੇਖ ਮੇਰੇ ਯਾਰ, ਇੱਥੇ ਕਿੰਨੀ ਸ਼ਾਂਤੀ ਹੈ, ਕਿੰਨਾ ਸੰਨਾਟਾ। ਐਵੇਂ ਲੋਕੀਂ ਇੱਧਰ ਦਿਨੇ ਵੀ ਆਉਣੋਂ ਡਰਦੇ ਨੇ, ਅੱਖੇ ਇੱਥੇ ਭੂਤ ਚੁੜੇਲਾਂ ਨਾਚ ਕਰਦੀਆਂ ਨੇ। ਸਾਨੂੰ ਤਾਂ ਕਦੇ ਇਹ ਨਜ਼ਾਰਾ ਦੇਖਣਾ ਨਸੀਬ ਨਹੀਂ ਹੋਇਆ।" ਤੇ ਸ਼ਾਇਦ ਇੱਥੇ ਹੀ ਮੇਰੀ ਇਸ ਕਵਿਤਾ ਦਾ ਜਨਮ ਹੋਇਆ ਸੀ।

ਮੈਂ ਮੜ੍ਹੀਆਂ ਦਾ ਖੂਹ ਧਿਆਇਆ,
ਹਾਏ ਵੇ ਮੇਰਾ ਕੋਈ ਪਾਣੀ ਪੀਣ ਨ ਆਇਆ।
ਇੱਥੇ ਡੂੰਘੀਆਂ ਚੁੱਪਾਂ ....
ਇੱਥੇ ਸੁੰਨੀਆਂ ਧੁੱਪਾਂ ...
ਇੱਥੇ ਆ ਕੇ ਸਭ ਗਏ ਗੁਆਚ।
ਏਨਾ ਗੂੜਾ ਕਾਲ ਦਾ ਸਾਯਾ ...
ਇਉਂ ਤਾਂ ਇੱਥੇ ਕਈ ਆਏ ਸੀ ਇੱਥੇ ਸੁਆਣ. .
ਪਰ ਮੁੜ ਇੱਥੇ ਕਿਸੇ ਆਣ ਨ ਫੇਰ ਜਗਾਇਆ।
ਮੈਂ ਮੜ੍ਹੀਆਂ ਦਾ ... ... ਪਾਣੀ ਪੀਣ ਨ ਆਇਆ।

ਤੇ ਤਰਲੋਚਨ ਨੇ ਕਹਿਣਾ "ਕਵੀ ਜੀ ਮਹਾਰਾਜ, ਅੱਜ ਇੱਥੇ ਹੀ ਕਵੀ ਦਰਬਾਰ ਸਮਾਪਤ ਕਰੋ। ਦਿਨ ਚੜ੍ਹਨ ਵਾਲਾ ਤੇ ਆਪਾਂ ਛੇਤੀ ਛੇਤੀ ਮੁੜ ਹੋਸਟਲ ਵੀ ਪਹੁੰਚਣਾ ਹੈ।" ਹੁਣ ਮੈਂ ਉਸ ਦੇ ਮਗਰ ਮਗਰ ਲੇਲੇ ਵਾਂਗ ਤੁਰਿਆ ਜਾਂਦਾ। ਅਸੀਂ ਦੋਵੇਂ ਚੋਰਾਂ ਵਾਂਗ ਰਾਤ ਦੇ ਥੱਕੇ ਟੁੱਟੇ, ਦਿਨੇ ਦੇਰ ਤਾਂਈਂ ਸੁੱਤੇ ਰਹਿੰਦੇ। ਕਈ ਵਾਰ ਮੈਂ ਬਥੇਰੀ ਕੋਸ਼ਿਸ਼ ਕਰਨੀ ਤੇ ਤਰਲੋਚਨ ਨੂੰ ਇਕੱਲਿਆਂ ਛੱਡ ਕੇ ਮਲੱਕੜੇ ਜਿਹੇ ਨਿਕਲ ਜਾਣਾ ਚਾਹੁੰਦਾ ਸੀ ਪਰ ਉਹੇ ਕੰਬਖਤ ਜ਼ਰਾ ਨਾ ਉਕਦਾ ਤੇ ਅੰਤ ਮੈਨੂੰ ਵੀ ਉਸਦੇ ਸਾਥ ਦੀ ਆਦਤ ਪੈ ਗਈ। ਫੇਰ ਤਾਂ ਕਦੇ ਕਦੇ ਮੈਂ ਆਪ ਉਸਨੂੰ ਜਾਣ ਲਈ ਉਠਾਲ ਲੈਂਦਾ ਤੇ ਲੋੜ ਪੈਣ ਤੇ ਤਰਲੇ ਹਾੜੇ ਵੀ ਕੱਢਦਾ "ਤੂੰ ਆਰਾਮ ਨਾਲ ਸੌਂ, ਮੈਨੂੰ ਤੇਰੀ ਸੌਂਹ, ਮੈਂ ਛੇਤੀ ਹੀ ਵਾਪਿਸ ਆ ਜਾਵਾਂਗਾ।" ਅੱਗੋਂ ਤਰਲੋਚਨ ਵੀ ਨਹੋਰੇ ਨਾਲ ਕਹਿੰਦਾ "ਜੇ ਤੈਨੂੰ ਇਨਾਂ ਹੀ ਫ਼ਿਕਰ ਹੈ ਮੇਰਾ ਤਾਂ ਤੂੰ ਬੰਦਾ ਕਿਉਂ ਨਹੀਂ ਬਣਦਾ। ਕਿਉਂ ਉੱਲੂਆਂ ਤੇ ਚੋਰਾਂ ਵਾਲੇ ਕਸਬ ਫੜੇ ਨੇ।" ਮੈਂ ਹਾਰ ਕੇ ਕਹਿਣਾ "ਚੰਗਾ ਬਈ, ਆਹ ਲਾਏ ਕੰਨਾ ਨੂੰ ਹੱਥ, ਜਿਵੇਂ ਤੂੰ ਕਹੇਂਗਾ ਉਵੇਂ ਹੀ ਕਰਾਂਗਾ।" ਮੈਂ

ਜਾਣੋਂ ਉਸ ਦੇ ਗਲ ਲੱਗ ਕੇ ਫਿੱਸ ਜਿਹਾ ਪੈਂਦਾ ਤੇ ਉਹ ਮੈਨੂੰ ਜੁਆਕਾਂ ਵਾਂਗ ਚੁੱਪ ਕਰਾਇਆ ਕਰਦਾ। ਫੇਰ ਉਹ ਮੈਨੂੰ ਸੁਆ ਕੇ ਆਪ ਵੀ ਸੌਂ ਜਾਂਦਾ ਤੇ ਫੇਰ ਦੋ ਚਾਰ ਦਿਨ ਨਾਰਮਲ ਬੀਤਦੇ। ਫੇਰ ਅਚਾਨਕ ਉਹੀ ਜਿਵੇਂ ਕੁੱਤੇ ਦੀ ਪੂੰਛ ਜਿਹੀ ਖੜੀ ਹੋ ਜਾਂਦੀ। ਉਹੀ ਝੱਲ, ਬੇਤਾਬੀ ਤੇ ਘਬਰਾਹਟ ਜ਼ਿੰਦਗੀ ਤੋਂ ਉਖੜਿਆਪਨ ਜਿਹਾ ਸਿਰ ਚੜ੍ਹਕੇ ਬੋਲਣ ਲੱਗਦਾ। ਫੇਰ ਉਹੀ ਅੱਧੀ ਕੁ ਰਾਤ ਨੂੰ ਪੁਰਾਣਾ ਰੁਟੀਨ ਸ਼ੁਰੂ ਹੋ ਗਿਆ। ਹੋਸਟਲ ਦੀ ਕੰਧ ਟੱਪੀ ਤੇ ਉਹੀ ਰਸਤਾ, ਉਹੀ ਰੇਲਵੇ ਸਟੇਸ਼ਨ ਉਹੀ ਰੇਲਵੇ ਦੀ ਅਮੁੱਕ ਲਾਈਨ ਦੇ ਪਿੱਛੇ ਬੇਮਤਲਬ ਦਾ ਦੌੜਨਾ। ਤੇ ਫੇਰ ਥੱਕ ਹਾਰ ਕੇ ਉਨਾਂ ਕਬਰਾਂ ਤੇ ਆ ਕੇ ਬੈਠ ਗਿਆ ਤੇ ਮੇਰਾ ਪਿੱਛਾ ਕਰਦਾ ਕਰਦਾ ਤਰਲੋਚਨ ਵੀ ਮੇਰੇ ਕੋਲ ਆ ਕੇ ਲੇਟ ਗਿਆ। ਫੇਰ ਪਤਾ ਨਹੀਂ ਕਿੰਨੀ ਕਿੰਨੀ ਦੇਰ ਤੱਕ ਲੇਟੇ ਲੇਟੇ ਟੁੱਟੇ ਤਾਰਿਆਂ ਦੀ ਅਸਾਂ ਉਡੀਕ ਕਰਨੀ। ਇੱਕ ਰਾਤ ਥੋੜੀ ਦੌਰ ਤੇ ਇੱਕ ਸਿਵਾ ਵੀ ਜਲ ਰਿਹਾ ਸੀ। ਉਸਦੇ ਉਠਦੇ ਭਾਂਬੜ ਭਾਂਵੇਂ ਸ਼ਾਂਤ ਹੋ ਚੁੱਕੇ ਸਨ ਪਰ ਮੋਟੀਆਂ ਖਲਪਾੜਾਂ ਤੇ ਲੱਕੜਾਂ ਦੇ ਸੁਰਖ਼ ਮੱਘਦੇ ਲਾਲ ਕੋਲੇ ਹਾਲੇ ਵੀ ਪੂਰੇ ਜੋਬਨ ਤੇ ਸਨ ਤੇ ਪੂਰਾ ਸੇਕ ਦੇ ਰਹੇ ਸਨ। ਪੂਰੇ ਵਾਤਾਵਰਨ ਵਿੱਚ ਦੂਰ ਦੂਰ ਤਾਂਈਂ ਸੜਦੇ ਮਾਂਸ ਤੇ ਕੋਲਿਆਂ ਦੀ ਮੱਧਮ ਜਿਹੀ ਲੌ ਤੇ ਨਿੱਘ ਮਹਿਸੂਸ ਹੋ ਰਿਹਾ ਸੀ। ਸਾਡੀਆਂ ਸੋਚਾਂ ਦੇ ਘੇਰੇ ਮੱਘਦੀ ਅੱਗ ਵੱਲ ਖਿੱਚਦੇ ਗਏ। "ਯਾਰ ਤੋਚੀ, ਕੱਲ ਤੱਕ ਤਾਂ ਇਹ ਬੰਦਾ ਮੈਂ-ਮੈਂ ਤੇ ਮੇਰੀ-ਮੇਰੀ ਕਰਦਾ ਆਕੜਿਆ ਫ਼ਿਰਦਾ ਹੋਣੈ ਤੇ ਫੇਰ ਕੁੱਝ ਘੰਟੇ ਪਹਿਲਾਂ ਇਹ ਸਿਰਫ਼ ਇੱਕ ਲਾਸ਼ ਸੀ।" ਮੈਂ ਤੋਚੀ ਨੂੰ ਕਿਹਾ ਤੇ ਤੋਚੀ ਨੇ ਅੱਗੋਂ ਗੱਲ ਵਧਾਉਂਦਿਆਂ ਕਿਹਾ "ਹੁਣ ਤਾਂ ਇਹ ਇਸ ਲਾਸ਼ ਦੀ ਵੀ ਕੋਈ ਪਹਿਚਾਣ ਨਹੀਂ ਰਹੀ ਤੇ ਥੋੜੀ ਦੇਰ ਬਾਅਦ ਤਾਂ ਇਹ ਸਭ ਮੂਲੋਂ ਹੀ ਮੁੱਕ ਜਾਏਗੀ। ਬੱਸ ਸਿਰਫ਼ ਇੱਕ ਸੁਆਹ ਦੀ ਢੇਰੀ। ਤੈਨੂੰ ਪਤੈ ਅਸੀਂ ਜੀਉਂਦੇ ਬੰਦੇ ਇਸ ਵਿਚਾਰੀ ਸੁਆਹ ਤੋਂ ਵੀ ਡਰਦੇ ਹਾਂ। ਕਿਤੇ ਸੁਆਹ ਵਿਚੋਂ ਹੀ ਉਸਦਾ ਭੂਤ ਨਾ ਪੈਦਾ ਹੋ ਜਾਏ। ਇਸੇ ਲਈ ਤਾਂ ਇਸ ਸੁਆਹ ਤੋਂ ਡਰਦੇ ਮਾਰੇ ਪਾਣੀ ਵਿੱਚ ਸੁਆਹ ਨੂੰ ਵੀ ਘੋਲ ਕੇ ਇਸਦਾ ਖੁਰਾ ਖੋਜ਼ ਮਿਟਾ ਦੇਣਾ ਚਾਹੁੰਦੇ ਹਾਂ।" ਮੈਂ ਕਿਹਾ "ਸਾਨੂੰ ਤਾਂ ਇਸ ਤੋਂ ਜ਼ਰਾ ਵੀ ਡਰ ਨਹੀਂ ਲੱਗਦਾ, ਤੈਨੂੰ ਲੱਗਦਾ ਏ।" ਅੱਗੋਂ ਤੋਚੀ ਨੇ ਵੀ ਕਿਹਾ "ਨਹੀਂ ਤਾਂ, ਜੇ ਤੈਥੋਂ ਜੀਉਂਦੇ ਭੂਤ ਤੋਂ ਡਰ ਨਹੀਂ ਲੱਗਦਾ ਤਾਂ ਇਸ ਮੁਰਦੇ ਵਿਚਾਰੇ ਤੋਂ ਕੀ ਡਰਨਾ।" ਤੇ ਫੇਰ ਏਨੇ ਨੂੰ ਪਤਾ ਨਹੀਂ ਸ਼ੈਤਾਨ ਦੇਵਤਾ ਨੇ ਜੀ ਕਿੱਥੋਂ ਸਾਡੇ ਨਾਲ ਆਪਣੀ ਦੋਸਤੀ ਗੰਢ ਲਈ। ਲਾਗੇ ਹੀ ਮੱਕੀ ਦਾ ਖੇਤ ਸੀ, ਤੇ ਸਾਡੇ ਮਨ ਵਿੱਚ ਖ਼ਿਆਲ ਆਇਆ ਕਿ ਕਿਉਂ ਨਾ ਇਨ੍ਹਾਂ ਲਾਲ ਸੁਰਖ਼ ਕੋਲਿਆਂ ਤੇ ਛੱਲੀਆਂ ਭੁੰਨ ਕੇ ਖਾਧੀਆਂ ਜਾਣ। ਬੱਸ ਫੇਰ ਕੀ ਦੋ ਮੋਟੀਆਂ ਮੋਟੀਆਂ ਛੱਲੀਆਂ ਸਣੇ ਟਾਂਡਿਆਂ ਦੇ ਤੋੜੀਆਂ ਤੇ ਮੋਟੇ-ਮੋਟੇ ਪੱਤੇ ਛਿਲ ਕੇ ਲਾਹ ਦਿੱਤੇ ਤੇ ਇੱਕ ਦੂਜੇ ਦੇ ਆਮਣੋ ਸਾਮ੍ਹਣੇ ਬਹਿ ਕੇ ਲੱਗ ਪਏ ਸਿਵੇ ਦੀ ਅੱਗ ਤੇ ਛੱਲੀਆਂ ਭੁੰਨਣ। ਮੈਂ ਕਿਹਾ "ਤੋਚੀ, ਕਿੰਨੀ ਵਧੀਆਂ ਅੱਗ ਹੈ, ਛੱਲੀਆਂ ਬਹੁਤ ਵਧੀਆਂ ਭੁੱਜਣਗੀਆਂ।" ਤੋਚੀ ਹਾਂ-ਹੂੰ ਕਰਦਾ ਟਾਂਡੇ ਨੂੰ ਘੁਮਾਈ ਜਾਏ। ਅਚਾਨਕ ਉਹਦੇ ਕੰਨੀਂ ਅਵਾਜ਼ ਪਈ "ਪਕੜੋ ਸਾਲੋਂ ਕੋ, ਸਸੁਰੇ ਆਦਮਖੋਰ ਦਰਿੰਦੇ ਸੈਂ, ਸਾਲੇ ਭੁੰਨੀ ਲਾਸ਼ ਨਿਕਾਲ ਨਿਕਾਲ ਖਾਵੇਂ ਸੈਂ।" ਤੇ ਰਿਲੋਚਨ ਨੇ ਕਿਹਾ "ਭੱਜ ਲੈ ਬਿੱਲਿਆ, ਸ਼ਾਮਤ ਆ ਗਈ।" ਅਸੀਂ ਫਟਾਫਟ ਛੱਲੀਆਂ ਦੇ ਖੇਤ ਵਿੱਚ ਵੜ ਗਏ। ਕੁਦਰਤੀ ਉਸ ਖੇਤ ਨੂੰ ਪਾਣੀ ਲੱਗਾ ਹੋਣ ਕਰਕੇ ਚਿੱਕੜ ਹੋਇਆ ਪਿਆ ਸੀ। ਸ਼ਾਇਦ ਇਸੇ ਲਈ ਕੋਈ ਅੰਦਰ ਨਹੀਂ ਵੜ ਰਿਹਾ ਸੀ। ਬਾਹਰੋਂ ਹੀ ਹਨੇਰੇ ਵਿੱਚ ਟਾਂਡਿਆਂ ਤੇ ਡਾਗਾਂ ਚਲਾਈ ਗਏ। ਕਦੀ ਅਚਾਨਕ ਨ੍ਹੇਰੇ ਵਿੱਚ ਉਹਨਾਂ ਦੀ ਡਾਂਗ ਉਨ੍ਹਾਂ ਦੇ ਹੀ ਕਿਸੇ ਬੰਦੇ ਦੇ ਲੱਗਦੀ ਤਾਂ ਉਹ ਚੀਖ਼ਦਾ ਤੇ ਕਹਿੰਦਾ "ਉਹ ਤੁਮ੍ਹਾਰੀ ਬੇਬੇ ਕੀ, ਮਨੇ ਤੋ ਇਭ ਪਕੜ ਲਿਆ ਥਾ।" ਕੁੱਝ ਸੁਣ ਕੇ ਡਰਦੇ ਦੌੜ ਗਏ ਤੇ ਬਾਕੀ ਉਨ੍ਹਾਂ ਦੇ ਹੀ ਮਗਰ ਦੌੜ ਲਏ ਇਹ ਕਹਿੰਦੇ ਹੋਏ ਕਿ "ਅਰੇ ਪਕੜੋ ਜਾਣੇ ਨਾ ਪਾਏਂ।" ਇਸੇ ਤਰ੍ਹਾਂ ਹੀ ਰੌਲਾ ਪਾਂਉਂਦੇ ਗਾਲਾਂ ਕੱਢਦੇ ਆਪਣੇ-ਆਪਣੇ ਕਿਆਫੇ ਲਾਉਂਦੇ ਵਾਪਿਸ ਸ਼ਹਿਰ ਵੱਲ ਨੂੰ ਮੁੜ ਗਏ। ਜਿਵੇਂ ਸਾਰੇ ਦੇ ਸਾਰੇ ਵਿਚੋਂ ਬੁਰੀ ਤਰ੍ਹਾਂ ਡਰ ਗਏ ਹੋਣ ਤੇ ਸਿਰਫ਼ ਵਾਪਿਸ ਪਰਤਣ ਦਾ ਬਹਾਨਾ ਹੀ ਭਾਲਦੇ ਹੋਣ।

ਫੇਰ ਥੋੜੀ ਦੇਰ ਸ਼ਾਂਤੀ ਹੋਈ ਤਾਂ ਅਸੀਂ ਰੱਬ ਰੱਬ ਕਰਦੇ ਤੇ ਡਰਦੇ-ਡਰਦੇ ਖੇਤਾਂ ਵਿਚੋਂ ਦੀ ਹੁੰਦੇ ਹੋਏ ਦੂਰ ਸਟੇਸ਼ਨ ਦੇ ਪਰਲੇ ਖੇਤਾਂ ਵਿਚੋਂ ਬਾਹਰ ਨਿਕਲੇ ਤੇ ਰੇਲ ਲਾਇਨਾਂ ਪਾਰ ਕਰਕੇ ਚੋਰਾਂ ਵਾਂਗ ਹੌਲੀ-ਹੌਲੀ ਹੋਸਟਲ ਵੱਲ ਮੁੜ ਪਏ। ਨੇੜੇ ਆਉਂਦਿਆਂ ਹੋਇਆਂ ਤਰਲੋਚਨ ਨੇ ਕਿਹਾ ਕਿ ਆਪਦੇ ਕਪੜੇ ਤੇ ਬੂਟ ਤਾਂ ਚਿੱਕੜ ਨਾਲ ਭਰੇ ਪਏ ਨੇ, ਚੱਲ ਇਸ ਪਸ਼ੂਆਂ ਨੂੰ ਪਾਣੀ ਪਿਲਾਉਣ ਵਾਲੀ ਹੌਦੀ ਵਿੱਚ ਧੋ ਲਈਏ। ਅਸੀਂ ਦੋਨਾਂ ਨੇ ਆਪਣੇ ਆਪਣੇ ਕੱਪੜਿਆਂ ਤੋਂ ਚਿੱਕੜ ਲਾਹਿਆ। ਦਿਨ ਚੜ੍ਹਨ ਤੋਂ ਪਹਿਲਾਂ ਹੀ ਅਸੀਂ ਆਪਣੇ ਕਮਰੇ ਵਿੱਚ ਆ ਕੇ ਚੁਪ ਚਾਪ ਕੱਪੜੇ ਬਦਲੇ ਬਿਨਾਂ ਹੀ ਸੌਂ ਗਏ ਜਿਵੇਂ ਕਿ ਬਾਹਰ ਕੁੱਝ ਹੋਇਆ ਹੀ ਨਾ ਹੋਵੇ।

ਸਵੇਰੇ-ਸਵੇਰੇ ਰਘਬੀਰ ਨੇ ਚਾਹ ਬਣਾਈ ਤੇ ਸਾਨੂੰ ਵੀ ਦਿੱਤੀ ਅਸੀਂ ਊਂਘਦੇ-ਊਂਘਦਿਆਂ ਨੇ ਰਜਾਈ ਵਿੱਚ ਵੜਿਆਂ ਨੇ ਉਦਾਂ ਹੀ ਚਾਹ ਲੈ ਕੇ ਪੀ ਲਈ ਤੇ ਅਚਾਨਕ ਰਘਬੀਰ ਨੇ ਮੇਰੇ ਮੱਥੇ ਤੇ ਹੱਥ ਲਾਇਆ। ਮੇਰਾ ਮੱਥਾ ਤਪਿਆ ਪਿਆ ਸੀ। ਫੇਰ ਇਸੇ ਤਰ੍ਹਾਂ ਤਰਲੋਚਨ ਦਾ ਮੱਥਾ ਵੀ ਤਪ ਰਿਹਾ ਸੀ। ਉਸਨੂੰ ਵੀ ਕਾਫੀ ਤੇਜ਼ ਬੁਖ਼ਾਰ ਸੀ। ਜਾਣੋ ਦੋਵੇਂ ਕੰਬ ਰਹੇ ਸੀ। ਰਘਬੀਰ ਨੇ ਇੱਕ ਇਕ ਰਜਾਈ ਹੋਰ ਸਾਡੇ ਉਪਰ ਦੇ ਦਿੱਤੀ ਤੇ ਕਿਹਾ," ਕੰਬਖ਼ਤੋ, ਅੱਜ ਕਿਤੇ ਬਾਹਰ ਨਾ ਜਾਣਾ, ਹੋਸਟਲ ਸੁਪਰੀਡੈਂਟ ਦੋ ਬਾਰ ਲੇਟ ਨਾਈਟ ਵਾਲਾ ਛਾਪਾ ਮਾਰ ਚੁੱਕਿਆ ਹੈ। ਚੌਦਾਂ ਜਣਿਆਂ ਦੀ ਗ਼ੈਰਹਾਜ਼ਰੀ ਲਾ ਕੇ ਗਿਆ ਏ। ਤੁਹਾਡੀ ਤਾਂ ਸ਼ਾਇਦ ਇਹ ਤੀਜੀ ਵਾਰਨਿੰਗ ਹੈ। ਹੁਣ ਪੂਰੀ ਤਰ੍ਹਾਂ ਆਰਾਮ ਦਰੋ ਮੈਂ ਦੁਪਹਿਰੇ ਅਉਂਦਾ ਹੋਇਆਂ ਤੁਹਾਡੇ ਲਈ ਦਵਾਈ ਵੀ ਲੈ ਕੇ ਆਵਾਂਗਾ ਤੇ ਤੁਹਾਡੀ ਸਿੱਕ ਲੀਵ ਵੀ ਦੇ ਦਿਆਂਗਾ।" ਅਸੀਂ ਬੇਸੁਰਤੀ ਜਿਹੀ ਵਿੱਚ ਉਸੇ ਤਰ੍ਹਾਂ ਹੀ ਸੌਂ ਗਏ।

ਇੱਧਰ ਰਾਤ ਦੇ ਹਾਦਸੇ ਵਾਲੀ ਗੱਲ ਸਾਰੇ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਦੋ ਆਦਮ ਖੋਰ ਦਰਿੰਦੇ ਆਧੀ ਰਾਤ ਕੋ ਸ਼ਮਸ਼ਾਘਾਟ ਮੇਂ ਕੱਚਾ ਮੁਰਦਾ ਆਗ ਮੇਂ ਸੇ ਨਿਕਾਲ ਨਿਕਾਲ ਕੇ ਖਾਤੇ ਲੋਗੋਂ ਨੇ ਅਪਨੀ ਆਂਖੋਂ ਸੇ ਦੇਖੇਂ ਸੈਂ, ਜਿਨਕੇ ਨੋਂ ਬੜੇ ਬੜੇ ਸੇ ਦਾਂਤ ਥੇ ਔਰ ਨੌਂ ਲੰਬੇ ਲੰਬੇ ਸੇ ਹਾਥ ਥੇਂ, ਸਸੁਰੋਂ ਕੇ ਹਾਥ ਭੀ ਨੇ ਜਲੇਂ ਥੇਂ। ਇੱਕ ਦਮ ਭਾਰੀ ਭਰਕਮ ਸ਼ਰੀਰ ਵਾਲੇ ਥੇ ਅਰੇ ਗਾਂਵ ਵਾਲੋਂ ਕਾ ਸ਼ੋਰ ਸੁਣਤੇ ਹੀ ਏਕਦਮ ਸਾਲੇ ਸ਼ੂ ਮੰਤਰ ਹੋ ਗਏ ਥੇ। ਮੇਰੇ ਸਾਸੂਕੇ ਪਰ ਕਿਸੀ ਕੋ ਨਜ਼ਰ ਨ ਆਵੇਂ ਥੇਂ। ਕਿਸੀ ਕੀ ਪਗੜੀ ਖੀਂਚ ਦੇਂ ਕਬੀ ਕਿਸੀ ਕੀ ਧੋਘੀ ਪਕੜੇਂ ਥੇਂ। ਲੋਗੋਂ ਕੋ ਘਣਾ ਪਰੇਸ਼ਾਨ ਕਿਆ, ਅਰੇ ਉਨੋਂ ਬਾਵਲੇ ਡਰੇ ਲੋਗ ਆਪਸ ਮੇਂ ਲੱਝ ਚਲਾਣੇ ਲਗ ਪੜੇ ਔਰ ਏਕ ਦੋ ਕੇ ਤੋ ਚੋਟੇਂ ਭੀ ਆਈਂ। ਯੂੰ ਤੋ ਸਭ ਅੰਦਰ ਹੀ ਅੰਦਰ ਕਾਂਪੇਂ ਸੈਂ। ਮੌਕਾ ਮਿਲਤੇ ਹੀ ਲੋਗ ਸਭ ਏਕ ਦੂਸਰੇ ਕੇ ਪੀਛੇ ਭਾਗ ਲੀਏ ਅਰ ਚਿਲਾਵੇ ਪਕੜ ਲਿਆ ਅਰੇ ਮੰਨੇ ਮਾਰ ਲਿਆ।

ਜਿਵੇਂ ਜਿਵੇਂ ਦਿਨ ਵੱਧਦੇ ਜਾਂਦੇ ਤੇ ਭੂਤਾਂ ਦੇ ਹਉਏ ਦਾ ਕੱਦ ਕਾਠ ਹੋਰ ਵੀ ਉੱਚੇਰਾ ਲੰਬਾ ਤੇ ਚੌੜਾ ਨਾਲ ਨਾਲ ਹੋਰ ਡਰਾਉਣਾ ਹੋਈ ਜਾਂਦਾ ਸੀ। ਰੋਜ਼ ਨਵੀਆਂ ਨਵੀਆਂ ਕਹਾਣੀਆਂ ਨਾਲ ਜੁੜਨ ਲੱਗੀਆਂ। ਕਈ ਸੰਗਠਨ ਭੂਤਾਂ ਦੇ ਖ਼ਿਲਾਫ਼ ਬਣ ਕੇ ਸਾਹਮਣੇ ਆਉਣ ਲੱਗੇ ਤੇ ਕਈ ਤਰ੍ਹਾਂ ਦੀਆਂ ਸਕੀਮਾਂ ਤੇ ਉਪਰਾਲੇ ਸੋਚੇ ਜਾਣ ਲੱਗੇ। ਕਈ ਤਜ਼ਵੀਜ਼ ਦਿੰਦੇ ਕਿ ਹੁਣ ਤੋਂ ਪੂਰੀ ਰਾਤ ਸ਼ਮਸ਼ਾਨ ਘਾਟ ਵਿੱਚ ਰੋਸ਼ਨੀ ਦਾ ਇੰਤਜਾਮ ਕੀਤਾ ਜਾਏ, ਜਦ ਤਾਈਂ ਚਿਤਾ ਠੰਡੀ ਨਹੀਂ ਹੁੰਦੀ ਸਖ਼ਤ ਪਹਿਰੇ ਦਾ ਉਥੇ ਬੰਦੋਬਸਤ ਕੀਤਾ ਜਾਵੇ। ਅੱਗੇ ਤੋਂ ਕਿਸੇ ਵੀ ਲਾਸ਼ ਦੀ ਬੇਅਦਬੀ ਨਹੀਂ ਹੋਣ ਦਿੱਤੀ ਜਾਵੇਗੀ, ਇਸ ਗੱਲ ਨੂੰ ਮੁੱਦਾ ਬਣਾ ਕੇ ਕਈ ਗੁਰਦਵਾਰਿਆਂ ਤੇ ਮੰਦਰਾਂ ਵਿੱਚ ਖ਼ੂਬ ਚੰਦਾ ਕੱਠਾ ਕੀਤਾ ਗਿਆ। ਕਈਆਂ ਦੀ ਨੀਂਦ ਹਰਾਮ ਹੋ ਗਈ ਤੇ ਕਈਆਂ ਦੇ ਹਲਵੇ ਮਾਂਡੇ ਸ਼ੁਰੂ ਹੋ ਗਏ।

ਆਖ਼ਰ ਗੱਲ ਤੁਰਦੀ ਤੁਰਦੀ ਕਾਲਜ ਦੇ ਹੋਸਟਰ ਵਿੱਚ ਵੀ ਵੜ ਆਈ। ਪਰ ਸਾਡੇ ਕਾਲਜ ਦੀ ਫਕੜ ਮੁੰਡੀਰ ਨੇ ਗੱਲ ਨੂੰ ਕੋਈ ਬਹੁਤੀ ਤੂਲ ਨਾ ਦਿੱਤੀ। ਕੁੱਝ ਕਹਿਣ, “ਐਂਵੇਂ ਕੋਈ ਵਿਹਲੜਾਂ ਨੇ ਹਵਾ ਉੜਾਈ ਹੋਣੀ ਏਂ।” ਤੇ ਕੁੱਝ ਕਹਿਣ, “ਕੁਝ ਤਾਂ ਜ਼ਰੂਰ ਹੋਇਆ ਹੋਣਾ ਏਂ। ਐਂਵੇਂ ਤਾਂ ਗੱਲ ਨਹੀਂ ਨਿਕਲਦੀ, ਖ਼ੈਰ. . ।” ਪਰ ਇੱਕ ਦਿਨ ਰਘਬੀਰ ਨੇ ਸਾਡੀਆਂ ਲੱਤਾਂ ਖਿੱਚਦਿਆਂ ਕਿਹਾ, “ਕਿਤੇ ਉਸ ਰਾਤ ਸੱਚੀਂ ਮੁੱਚੀਂ ਉਹ ਭੂਤ ਤੁਹਾਨੂੰ ਦੋਨਾਂ ਨੂੰ ਤਾਂ ਨਹੀਂ ਚਿੰਬੜ ਗਏ ਸੀ। ਜਿਹੜਾ ਤੁਹਾਨੂੰ ਅੱਜ ਬੁਖ਼ਾਰ ਚੜ੍ਹ ਗਿਆ ਹੈ। ਚੰਗਾ ਹੋਇਆ ਇਹ ਹਾਦਸਾ ਸ਼ਹਿਰ ਦੇ ਬਾਹਰਲੇ ਪਾਸੇ ਹੋਇਆ। ਜੇ ਇਹ ਹਾਦਸਾ ਇਧਰਲੇ ਪਾਸੇ ਹੁੰਦਾ ਤੇ ਤੁਸੀਂ ਉਹ ਭੂਤਰੀ ਮੰਡੀਰ ਦੇ ਕਾਬੂ ਆ ਜਾਂਦੇ, ਤੁਹਾਡਾ ਤਾਂ ਉਨ੍ਹਾਂ ਮਾਰ ਮਾਰ ਕੇ ਨਾਸ ਮਾਰ ਦੇਣਾ ਸੀ। ਰੱਬ ਦੇ ਵਾਸਤੇ ਹੁਣ ਨਾਂ ਜਾਇਓ ਕਿਸੇ ਵਪਾਸੇ, ਹੋਰ ਮੁਸੀਬਤ ਖੜੀ ਕਰੋਗੇ। ਹਾਂ ਮੈਨੂੰ ਮਿਤੋਂ ਉੜਦੀ ਉੜਦੀ ਖ਼ਬਰ ਮਿਲੀ ਹੈ ਕਿ ਤੁਹਾਡੇ ਦੋਨਾਂ ਦੇ ਘਰੀਂ ਕਾਲਿਜ ਦੀ ਮੈਨੇਜਮੈਂਟ ਨੇ ਚਿੱਠੀਆਂ ਪਾ ਦਿੱਤੀਆਂ ਨੇ। ਬੱਸ ਕੋਈ ਨਾ ਕੋਈ ਮੁਸੀਬਤ ਆਈ ਸਮਝੋ। ਤਰਲੋਚਨ ਯਾਰ ਤੂੰ ਵੀ ਬਿੱਲੇ ਨੂੰ ਰੋਕਣ ਦੀ ਥਾਂ ਇਸਦੇ ਨਾਲ ਹੀ ਚਲਿਆ ਜਾਂਦਾ ਸੀ।” ਤਰਲੋਚਨ ਨੇ ਹਰਖ ਤੇ ਅਫਸੋਸ ਨਾਲ ਕਿਹਾ, “ਹੋਰ ਰਘਬੀਰ, ਯਾਰ ਨੂੰ ਮੈਂ ਕੱਲਾ ਛੱਡ ਦਿੰਦਾ। ਜੋ ਹੋਊਗਾ ਦੇਖੀ ਜਾਊਗੀ। ਘਰਦਿਆਂ ਨੂੰ ਤਾਂ ਬਹਾਨਾ ਹੀ ਚਾਹੀਦਾ ਹੈ। ਅੱਗੇ ਕਿਹੜਾ ਉਹ ਮੈਨੂੰ ਐਥੇ ਪੜ੍ਹਾ ਕੇ ਖੁਸ਼ ਨੇ। ਅੱਗੇ ਹੀ ਹਰ ਮਹੀਨੇ ਪੈਸੇ ਭੇਜਣ ਵੇਲੇ ਘਰ ਵਿੱਚ ਚੰਗਾ ਕਲੇਸ਼ ਹੁੰਦੈ। ਜਿਵੇਂ ਮੈਂ ਮਾਂ ਦਾ ਮਤਰੇਆ ਪੁੱਤ ਹੋਵਾਂ, ਹਮੇਸ਼ਾਂ ਕਹਿੰਦੀ ਏ ਕਿ ਦਸਵੀਂ ਕਰਾ ਤੀ ਬਹੁਤ ਹੈ। ਬਾਕੀ ਦੇ ਬੱਚਿਆਂ ਨੂੰ ਵੀ ਪੜਾਉਣਾ ਹੈ। ਅੱਗੋਂ ਕੁੜੀਆਂ ਵੀ ਵਿਗੜੀਆਂ ਨੇ। ' ਤੇ ਬਾਪੂ ਬੱਸ, ਅੱਗੋਂ ਚੁੱਪ ਵੱਟ ਜਾਂਦਾ ਹੈ।” ਤੇ ਫੇਰ ਮੈਨੂੰ ਦੇਖਦਿਆਂ ਹੋਇਆਂ ਕਹਿੰਦਾ, “ਬਿੱਲਿਆ, ਆਪੋ ਆਪਣੀ ਕਿਸਮਤ ਹੁੰਦੀ ਆ, ਮੈਂ ਪੜ੍ਹਨਾਂ ਚਾਹੁੰਨੈ ਤੇ ਮੈਨੂੰ ਕੋਈ ਪੜ੍ਹਾਉਂਦਾ ਨਹੀਂ। ਤੈਨੂੰ ਤੇਰਾ ਸਾਰਾ ਟੱਬਰ ਪੜਾਉਣਾ ਚਾਹੁੰਦਾ ਤਾਂ ਤੂੰ ਪੜ੍ਹਦਾ ਨਹੀਂ। ਵਾਹ ਨੀ ਤਕਦੀਰੇ।” ਕਹਿ ਕੇ ਮੇਰੇ ਯਾਰ ਤਰਲੋਚਨ ਦੀਆਂ ਅੱਖਾਂ ਭਰ ਆਈਆਂ ਤੇ ਮੇਰਾ ਦਿਲ ਉਸ ਦੀ ਗੱਲ ਸੁਣ ਕੇ ਤੇ ਉਸ ਦੀ ਹਾਲਤ ਦੇਖਕੇ ਪਸੀਜਿਆ ਗਿਆ। ਮੈਂ ਅੰਦਰੋਂ ਅੰਦਰੀਂ ਆਪਣੇ ਆਪ ਨੂੰ ਲਾਹਣਤ ਪਾ ਰਿਹਾ ਸਾਂ। ਮੇਰੇ ਹਾਂ ਮਨ ਨੇ ਮੈਥੋਂ ਪੁੱਛਿਆ “ਤੇਰਾ ਕੀ ਹੱਕ ਬਣਦਾ ਹੈ ਇੱਕ ਐਨੇ ਵਧੀਆ, ਹਤੈਸ਼ੀ ਤੇ ਯਾਰੀ ਤੇ ਕੁਰਬਾਨ ਹੋ ਜਾਣ ਵਾਲੇ ਯਾਰ ਦਾ ਨਜਾਇਜ਼ ਫਾਇਦਾ ਲੈਣ ਦਾ। ਤੂੰ ਸਵਾਰਥੀ ਹੈਂ ਬਿੱਲਿਆ … ਤੂੰ ਘਟੀਆ ਬੰਦਾ ਹੈਂ।” “ਮੇਰੇ ਯਾਰ ਤਰਲੋਚਨ, ਮੈਨੂੰ ਮਾਫ਼ ਕਰਦੇ, ਮੈਂ ਆਪਣੇ ਨਾਲ ਤੇਰੀ ਜ਼ਿੰਦਗੀ ਵੀ ਨਰਕ ਬਣਾ ਦਿੱਤੀ।” ਮੈਂ ਉਸਦੇ ਗਲ ਲੱਗ ਕੇ ਬੱਚਿਆਂ ਵਾਂਗ ਰੋਣ ਲੱਗ ਪਿਆ। “ਕਾਲਜ ਛੱਡਾਂਗੇ ਤਾਂ ਦੋਨੋਂ ਕੱਠੇ ਛੱਡਾਂਗੇ।” ਉਸਨੇ ਕਿਹਾ, “ਬਿੱਲੇ, ਤੂੰ ਕੁੱਝ ਜ਼ਿਆਹਦਾ ਹੀ ਝੱਲ ਖਲਾਰਨ ਲੱਗ ਗਿਐਂ, ਮੈਨੂੰ ਦੱਸ ਤੂੰ ਮੈਨੂੰ ਆਪਣਾ ਯਾਰ ਸਮਝਦਾ ਹੇ ਕਿ ਨਹੀਂ? “ਤੇ ਫੇਰ ਮੈਂ ਕਿਹਾ, “ਮੈਂ ਤੈਨੂੰ ਆਪਣੀ ਜਾਨ ਤੋਂ ਵੀ ਵੱਧ ਸਮਝਦਾ ਹਾਂ।” ਉਸਨੇ ਕਿਹਾ, “ਤਾਂ ਫੇਰ ਮੈਨੂੰ ਅੱਜ ਇੱਕ ਵਚਨ ਦੇ ਕਿ ਤੂੰ ਆਪਣੀ ਪੜ੍ਹਾਈ ਜ਼ਰੂਰ ਪੂਰੀ ਕਰੇਂਗਾ, ਮੈਂ ਤਾਂ ਬਿੱਲੇ ਪਹਿਲਾਂ ਹੀ ਆਪਣੇ ਆਪ ਨੂੰ ਤੇਰੀ ਇਸ ਹਾਲਤ ਦਾ ਜ਼ਿੰਮੇਦਾਰ ਸਮਝਦਾ ਹਾਂ। ਰੱਬ ਦੇ ਵਾਸਤੇ ਮੈਨੂੰ ਹੋਰ ਗੁਨਾਹਗ਼ਾਰ ਨਾ ਬਣਾਈਂ।” ਤਰਲੋਚਨ ਦੇ ਮੂੰਹੋਂ ਇਹ ਸੁਣ ਕੇ ਮੈਂ ਠੰਬਰ ਗਿਆ ਤੇ ਧੁਰ ਅੰਦਰ ਤੋਂ ਹਿੱਲ ਗਿਆ। ਇੱਕ ਵਾਰ ਤਾਂ ਮੈਂ ਕੰਬ ਜਿਹਾ ਗਿਆ ਸਾਂ ਜਿਵੇਂ ਮੇਰੇ ਦਿਲ ਦੇ ਆਸ ਪਾਸ ਕੋਈ ਭੂਚਾਲ ਜਿਹਾ ਉਠ ਖੜਿਆ ਹੋਵੇ। ਮੈਂ ਤਰਲੇ ਭਰੇ ਅਹਿਸਾਸ ਨਾਲ ਕਿਹਾ, “ਤਰਲੋਚਨ ਯਾਰ, ਤੂੰ ਨਹੀਂ ਸਗੋਂ ਮੈਂ ਤੇਰਾ ਦੇਣਦਾਰ ਹਾਂ। ਮੈਨੂੰ ਸ਼ਰਮਿੰਦੇ ਨੂੰ ਹੋਰ ਸ਼ਰਮਿੰਦਾ ਨਾਂ ਕਰ ਯਾਰ!” ਰਘਬੀਰ ਮੇਰੀ ਗੱਲ ਦੇ ਵਿੱਚ ਹੀ ਚੀਖ਼ ਪਿਆ, “ਬੱਸ ਵੀ ਕਰੋ! ਤੁਹਾਨੂੰ ਤਾਂ ਕੋਈ ਵੀ ਗੱਲ ਦੱਸਣੀ ਹੀ ਨਹੀਂ ਚਾਹੀਦੀ। ਐਂਵੇਂ ਦਿਲ ਨੂੰ ਲਾ ਕੇ ਬਹਿ ਜਾਂਦੇ ਉ। ਕੱਲ ਦੀ ਕੱਲ ਨੂੰ ਦੇਖਾਂਗੇ, ਐਂਵੇਂ ਤਾਂ ਨਹੀਂ ਕਹਿੰਦੇ ਯਾਰੀ ਜੱਟ ਦੀ ਤੂਤ ਦਾ ਮੋਛਾ ਕਦੇ ਨਾਂ ਟੁੱਟਦੇ ਅੱਧ ਵਿਚੋਂ। ਚਲੋ, ਹੁਣ ਪਹਿਲਾਂ ਮ੍ਹੈਸ ਵਿੱਚ ਚੱਲੀਏ ਤੇ ਮ੍ਹੈਸ ਦੀਆਂ ਰੋਟੀਆਂ ਤੋੜੀਏ, ਨਹੀਂ ਤਾਂ ਪਾਣੀ ਵਾਲੀ ਦਾਲ ਵੀ ਨਹੀਂ

ਲੱਭਣੀ।" ਅੱਗੇ ਮੈੱਸ ਵਿੱਚ ਪਹੁੰਚੇ ਤਾਂ ਸੱਚੀ-ਮੁੱਚੀਂ ਰੋਟੀਆਂ ਪਿੱਛੇ ਕਾਂਵਾਂ-ਰੋਲੀ ਪਈ ਹੋਈ ਸੀ। ਅਚਾਨਕ ਅੱਜ ਫੇਰ ਮੇਰੀ ਨਜ਼ਰ ਵੱਡੇ ਸਾਰੇ ਚੁੱਲ੍ਹੇ ਤੇ ਪਈ ਜਿਸ ਉਪਰ ਵੱਡੀ ਸਾਰੀ ਲੋਹ ਰੱਖੀ ਹੋਈ ਸੀ ਜਿਹੜੀ ਵਿਚਾਰੀ ਰੋਜ਼ ਸਵੇਰ ਤੋਂ ਰਾਤ ਤੱਕ ਚੁੱਲ੍ਹੇ ਤੇ ਪਈ ਤਪਦੀ ਰਹਿੰਦੀ ਸੀ ਪਰ ਫੇਰ ਵੀ ਮੁਡਿਆਂ ਲਏ. ਰੋਟੀਆਂ ਥੁੜੀਆਂ ਹੀ ਰਹਿੰਦੀਆਂ। ਇੱਕ ਪਾਸੇ ਚੁੱਲ੍ਹੇ ਦੇ ਉਤੇ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ - ਚੌਧਰੀ ਰਸਾਲ ਸਿੰਘ ਬਹੱਤਰ ਰੋਟੀਆਂ। ਸਾਰੇ ਚੁੱਲ੍ਹੇ ਤੇ ਕਦੀ ਕਦੀ ਗਿੱਲੀ ਮਿੱਟੀ ਦਾ ਪੋਚਾ ਲੱਗਦਾ ਸੀ। ਪਰ ਬਹੱਤਰ ਰੋਟੀਆਂ ਦੀ ਗੱਲ ਤੇ ਅੱਜ ਤਾਈਂ ਕੋਈ ਪੋਚਾ ਨਾਂ ਮਾਰ ਸਕਿਆ। ਮੈੱਸ ਭਾਂਵੇਂ ਟੁੱਟ ਜਾਏ ਪਰ ਰਸਾਲ ਸਿੰਘ ਦਾ ਰਿਕਾਰਡ ਉਸ ਨਾਲ ਜੁੜੇ ਸਨ। ਪੰਜ ਸੇਰ ਲੱਡੂ, ਦੋ ਦਹੀਂ ਦੇ ਕੁੰਡੇ ਪਤਾ ਨਹੀਂ ਹੋਰ ਕੀ ਕੀ। ਉਹ ਖਾਣ ਪੀਣ ਦੀ ਕਦੇ ਸ਼ਰਤ ਨਹੀਂ ਸੀ ਹਾਰਿਆ। ਚਾਹੇ ਮਿੱਟੀ ਦਾ ਤੇਲ ਹੀ ਕਿਉਂ ਨਾਂ ਪੀਣਾ ਪੈਂਦਾ। ਕੁੱਝ ਨਾਂ ਕੁੱਝ ਤਾਂ ਬਾਂਕਪਨ ਸੀ ਉਸ ਵਿੱਚ ਜੋ ਅੱਜ ਤੱਕ ਸਾਰੇ ਚੌਧਰੀ ਰਸਾਲ ਸਿੰਘ ਨੂੰ ਯਾਦ ਕਰਦੇ ਨੇਂ। ਪਰ ਇਹ ਵੀ ਕਿਹੜਾ ਅਵਲੜਾ ਪਸ਼ੂਆਂ ਵਾਲਾ ਸ਼ੌਕ ਸੀ ਜੋ ਉਸ ਨੇ ਪਾਲਿਆ ਹੋਇਆ ਸੀ। ਘੱਟੋ ਘੱਟ ਸੌ ਗਰੀਬ ਲਾਚਾਰ ਭੁੱਖ ਨਾਲ ਬੇਹਾਲ ਬੱਚਿਆਂ ਦਾ ਘੰਨ ਕੋਈ ਕੱਲਾ ਹੀ ਖਾ ਜਾਵੇ। ਅੰਨ ਦਾ ਵੈਰੀ ਹੋਣਾ ਤਾਂ ਕੋਈ ਸੂਰਮਤਾਈ ਨਹੀਂ, ਹੋਣਾ ਹੀ ਹੈ ਤਾਂ ਬੰਦਾ ਕਿਸੇ ਅਨਿਆਇ ਜਾਂ ਕਿਸੇ ਜ਼ੁਲਮ ਜ਼ਬਰ ਦਾ ਵੈਰੀ ਹੋ ਕੇ ਜਵੀਂ। ਆਮੀਨ ...।

ਮੈੱਸ ਵਿੱਚ ਅਕਸਰ ਭੱਗ ਹੀ ਭੁੱਜਦੀ ਸੀ। ਭੁੱਖ ਤੋਂ ਤਾਂ ਅਸੀਂ ਕਦੇ ਨਹੀਂ ਸਾਂ ਡਰੇ ਪਰ ਜਿਸ ਗੱਲ ਦਾ ਹੁਣ ਡਰ ਸੀ ਉਹ ਹੋਣੀ ਬਣ ਸਿਰ ਚੜ੍ਹ ਕੇ ਬੋਲੀ, ਵਾਰਨਿੰਗ ਲੈਟਰ ਮੇਰੇ ਤੇ ਤਰਲੋਚਨ ਯਾਨੀ ਦੋਵਾਂ ਦੇ ਘਰ ਪਹੁੰਚ ਗਏ। ਤਰਲੋਚਨ ਦੇ ਘਰਦਿਆਂ ਨੇ ਤਾਂ ਜਿਵੇਂ ਚੁੱਪ ਹੀ ਵੱਟ ਲਈ, ਕੋਈ ਹਾਂ ਯਾ ਨਾਂ ਨਈਂ ਕੀਤੀ। ਬਸ ਤਰਲੋਚਨ ਦਾ ਖਰਚਾ ਭੇਜਣਾ ਬੰਦ ਕਰ ਦਿੱਤਾ। ਸੋਚਿਆ ਹੋਣਾ ਏ ਕਿ ਆਪੇ ਝੱਖ ਮਾਰ ਕੇ ਮੁੜ ਆਵੇਗਾ। ਫੇਰ ਕਰਾਂਗੇ ਸਾਰੇ ਰਲ ਕੇ ਉਸ ਨਾਲ ਕੁੱਤੇ-ਖਾਣੀ। ਸੱਦਕੇ ਜਾਈਏ ਤਰਲੋਚਨ ਦੀ ਦੂਰ ਅੰਦੇਸ਼ੀ ਦੇ ਜਿਹੜਾ ਭਾਣੇ ਨੂੰ ਪਹਿਲਾਂ ਹੀ ਭਾਂਪ ਕੇ ਬੈਠਾ ਸੀ ਕਿ ਕੱਲ੍ਹ ਨੂੰ ਕੀ ਹੋਣ ਵਾਲਾ ਏ। ਉਹ ਬੜਾ ਹੀ ਜਿਗਰੇ ਵਾਲਾ ਮੁੰਡਾ ਸੀ। ਨਾਂ ਉਸ ਦੇ ਅੰਦਰ ਦੀ ਪੀੜ ਤੇ ਨਾਂ ਕਦੇ ਉਸਦੀ ਪਰੇਸ਼ਾਨੀ ਨੂੰ ਕੋਈ ਉਸਦੇ ਚਿਹਰੇ ਤੋਂ ਪੜ੍ਹ ਸਕਿਆ ਸੀ। ਬੜਾ ਹੀ ਸਹਿਜ ਰਹਿਣ ਵਾਲਾ ਇਨਸਾਨ ਸੀ ਉਹ। ਬੜੀ ਹੀ ਸਹਿਜਤਾ ਨਾਲ ਹਰ ਘੜੀ ਵਿਚਰਦਾ ਸੀ। ਉਸਦਾ ਹਠ ਤੇ ਨਿਰਭੈਤਾ ਵੀ ਉਸਦੇ ਗੁਣਾਂ ਵਿੱਚ ਸ਼ਾਮਲ ਸੀ। ਉਹ ਬਹੁਤ ਹੀ ਜ਼ਹੀਨ ਤੇ ਉਸਦੀ ਯਾਦ ਸ਼ਕਤੀ ਬੜੀ ਤਿੱਖੀ ਸੀ। ਉਹ ਪਲਾਂ ਛਿਨਾਂ ਵਿੱਚ ਵਾਲ ਦੀ ਖੱਲ ਉਧੇੜ ਕੇ ਰੱਖ ਦਿੰਦਾ ਸੀ। ਉਸ ਨੇ ਮੁੱਢ ਤੋਂ ਹੀ ਜੀਵਨ ਨੂੰ ਸੂਈ ਦੇ ਨੱਕੇ ਥਾਣੀ ਲੰਘਾਇਆ ਹੋਇਆ ਸੀ। ਸ਼ਾਇਦ ਇਸੇ ਲਈ ਉਹ ਕੁੱਝ ਕੁਝ ਕਾਮਰੇਡੀ ਤੇ ਕੁੱਝ ਕੁਝ ਸਮਾਜਵਾਦੀ ਸ਼ਖ਼ਸੀਅਤ ਦਾ ਮਾਲਿਕ ਸੀ। ਉਹ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨਾਲੋਂ ਉਸਦੇ ਵਿਚਾਰਾਂ ਦਾ ਜ਼ਿਆਦਾ ਕਾਇਲ ਸੀ। ਸ਼ਾਇਦ ਇਸੇ ਲਈ ਉਸ ਦੀਆਂ ਕਈ ਗੂੜੀਆਂ ਗੱਲਾਂ ਸਾਡੇ ਸਿਰ ਦੇ ਉਤੋਂ ਦੀ ਨਿਕਲ ਜਾਂਦੀਆਂ ਸਨ। ਉਸ ਕੋਲ ਆਪਣੀ ਸਮਾਜ ਉਸਾਰੀ ਸੋਚ ਸੀ ਜੋ ਸ਼ਾਇਦ ਬੜੀ ਉ੍ੱਚੀ ਸੀ। ਉਹ ਖੁਦ ਵੀ ਇੱਕ ਕ੍ਰਾਂਤੀਕਾਰੀ ਯੋਧਾਂ ਬਣਨਾਂ ਚਾਹੁੰਦਾ ਸੀ। ਸਮਾਜ ਦੇ ਅੱਗੇ ਹੋ ਕੇ ਸਮਾਜ ਖਾਤਰ ਕੁੱਝ ਚੰਗਾ ਕਰਨਾ ਚਾਹੁੰਦਾ ਸੀ। ਪਵਰ ਅਫਸੋਸ ਹਾਲਾਤ ਉਸ ਦਾ ਕਦੇ ਸਾਥ ਨਹੀਂ ਦੇ ਰਹੇ ਸਨ। ਉਹ ਅਕਸਰ ਕਹਿੰਦਾ "ਵਗਦੇ ਪਾਣੀ ਵਿੱਚ ਹੀ ਤਾਜ਼ਗੀ ਰਹਿੰਦੀ ਹੈ ਤੇ ਖੜਾ ਪਾਣੀ ਤਾਂ ਹਮੇਸ਼ਾ ਮੁਸ਼ਕ ਮਾਰਦਾ ਹੈ।" ਖੜੌਤ ਉਸ ਨੂੰ ਸਦਾ ਨਾਪਸੰਦ ਸੀ ਤੇ ਇਸੇ ਲਈ ਉਹ ਹਰ ਗੱਲ ਤੇ ਹਰ ਕੰਮ ਵਿੱਚ ਹਮੇਸ਼ਾ ਕ੍ਰਿਆਸ਼ੀਲ ਹੀ ਰਹਿੰਦਾ ਸੀ।

ਹੁਣ ਗੱਲ ਕਰਦੇ ਹਾਂ ਮੇਰੇ ਵੱਡੇ ਵੀਰ ਬਲਦੇਵ ਦੀ ਜਿਸਦਾ ਬਚਪਨ ਦਾ ਨਾਂ ਭੋਲਾ ਸੀ ਤੇ ਛੋਟਾ ਨਾਮ ਦੇਵ ਸੀ। ਸਾਰੇ ਟੱਬਰ ਵਿਚੋਂ ਇਸ ਭਰਾ ਨਾਲ ਤੇ ਵੱਡੀ ਭੈਣ ਡੌਲੀ ਨਾਲ ਮੇਰੀ ਬਹੁਤ ਬਣਦੀ ਸੀ ਤੇ ਇਹ ਦੋਵੇਂ ਵੀ ਮੇਰਾ ਪੱਖ ਪੂਰਦੇ ਸਨ। ਭਾਂਵੇਂ ਉਮਰ ਵਿੱਚ ਇਹ ਧਰਮ ਭਾਅ ਜੀ ਦਾ ਹਾਣੀ ਸੀ ਪਰ ਮੇਰਾ ਤਾਂ ਯਾਰ ਭਰਾ ਸੀ। ਇਹ ਸਾਡੇ ਸਾਰੇ ਟੱਬਰ ਵਿੱਚ ਸਭ ਨਾਲੋਂ ਸੋਹਣਾ ਸੀ। ਗੋਰਾ ਚਿੱਟਾ ਰੰਗ ਅੰਗ੍ਰੇਜ਼ਾਂ ਵਰਗਾ, ਸਰੂ ਵਾਂਗ ਲੰਬਾ ਕੱਦ ਸੱਚ ਜਾਣੋਂ ਲੋਕੀਂ ਖੜ-ਖੜ ਵੇਖਦੇ ਹੁੰਦੇ ਸੀ। ਜਿਨ੍ਹਾਂ ਸੋਹਣਾ ਸੀ ਉਨਾ ਹੀ ਖੁਸ਼ ਮਿਜ਼ਾਜ਼ ਤੇ ਰੌਣਕੀ ਤਬੀਅਤ ਦਾ ਮਾਲਕ ਸੀ। ਹਰ ਪਲ ਹਰ ਇੱਕ ਲਈ ਉਸ ਕੋਲ ਮੁਸਕੁਰਾਹਟ ਸੀ ਤੇ ਉਹ ਸਦਾ ਹੀ ਹਾਸੇ ਵੰਡਣ ਵਾਲਾ ਸਖ਼ਸ਼ ਸੀ। ਪੜ੍ਹਾਈ ਵਿੱਚ ਲਾਜਵਾਬ ਤਾਂ ਸੀ ਪਰ ਬਾਲੀਵਾਲ ਦਾ ਵੀ ਬੜਾ ਵਧੀਆ ਖਿਡਾਰੀ ਸੀ। ਬਹੁਤ ਹੀ ਤੇਜ਼ ਤਰਾਰ ਦਿਮਾਗ ਉਸਨੂੰ ਰੱਬ ਨੇ ਬਖ਼ਸ਼ਿਆ ਸੀ। ਛੋਟੀ ਜਿਹੀ ਉਮਰੇ ਹੀ ਉਸਨੇ ਇੰਜੀਨਿਅਰਿੰਗ ਦੀ ਡਿਗਰੀ ਹਾਸਲ ਕਰ ਲਈ ਸੀ। ਹਰ ਕਲਾਸ ਵਿੱਚ ਅਵੱਲ ਆਉਣ ਕਾਰਨ ਹੀ ਪੰਜਾਬ ਸਰਕਾਰ ਵਲੋਂ ਸਰਕਾਰੀ ਵਜੀਫੇ ਤੇ ਕਲਕੱਤੇ ਤੋਂ ਉਚੇਰੀ ਵਿੱਦਿਆ ਹਾਸਿਲ ਕਰਕੇ ਆਇਆ ਸੀ। ਆਉਂਦਿਆਂ ਹੀ ਸਿੱਧਾ ਚੰਡੀਗੜ੍ਹ ਵਿੱਚ ਇੰਡਸਟਰੀ ਡਿਪਾਰਟਮੈਂਟ ਦੇ ਹੈਡਆਫ਼ਿਸ ਵਿੱਚ ਡਿਵੈਲਪਮੈਂਟ ਅਫ਼ਸਰ ਲੱਗ ਗਿਆ। ਇਸਦੇ ਬਾਵਜੂਦ ਉਸਨੇ ਸ਼ੌਕੀਆ ਤੌਰ ਤੇ ਕਾਨੂੰਨ ਦੀ ਪੜ੍ਹਾਈ ਕਰਦਿਆਂ ਲਾਅ ਦੀ ਡਿਗਰੀ ਵੀ ਪ੍ਰਾਪਤ ਕਰ ਲਈ ਸੀ। ਕਈ ਜ਼ੁਬਾਨਾਂ ਉਹ ਚੰਗੀ ਤਰ੍ਹਾਂ ਜਾਣਦਾ ਸੀ। ਇਸੇ ਲਈ ਉਸ ਨੇ ਉਰਦੂ ਤੇ ਫਾਰਸੀ ਦੀ ਆਲਮਫਾਜ਼ਲ ਦੀ ਪੜ੍ਹਾਈ ਪੂਰੀ ਕੀਤੀ। ਪੰਜਾਬੀ ਮਾਂ ਬੋਲੀ ਨੂੰ ਰੱਜ ਕੇ ਪਿਆਰ ਕਰਦਾ ਸੀ ਤੇ ਪੂਰਾ ਸਤਿਕਾਰਦਾ ਸੀ। ਇਸੇ ਕਾਰਨ ਉਸਨੈ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਗਿਆਨੀ ਬੜੀ ਹੀ ਰੀਝ ਤੇ ਉਚੇਚ ਨਾਲ ਪਾਸ ਕੀਤੀ ਸੀ। ਉਸਨੂੰ ਸ਼ਾਇਰੀ ਦਾ ਵੀ ਸ਼ੌਕ ਸੀ ਤੇ ਖਾਸਕਰ ਉਰਦੂ ਸ਼ਾਇਰੀ ਵਿੱਚ ਉਸ ਨੂੰ ਕਾਫੀ ਮੁਹਾਰਤ ਹਾਸਿਲ ਸੀ। ਤਲਤ ਮਹਿਮੂਦ ਉਸਦਾ ਪਸੰਦੀਦਾ ਗਾਇਕ ਸੀ। ਏਨਾਂ ਬਹੁਮੁਖੀ ਹੋਣ ਕੇ ਬਾਵਜੂਦ ਉਸ ਨੂੰ ਕੋਈ ਗੁਮਾਨ ਜਾਂ ਨਖਰਾ ਨਹੀਂ ਸੀ ਸਗੋਂ ਉਹ ਤਾਂ ਬੜਾ ਹੀ ਮਿਲਨਸਾਰ ਤੇ ਨਿਮਰਤਾ ਪਸੰਦ ਇਨਸਾਨ ਸੀ। ਜਿਵੇਂ ਹਰ ਲੋੜਵੰਦ ਦੇ ਕੰਮ ਆਉਣਾ ਉਸ ਦੀ ਕਮਜ਼ੋਰੀ ਬਣ ਗਿਆ ਹੋਇਆ ਸੀ। ਸਹੀ ਮਾਅਨੇ ਵਿੱਚ ਉਹ ਇੱਕ ਉਚੇ ਕਿਰਦਾਰ ਵਾਲਾ ਇਨਸਾਨ ਸੀ ਤੇ ਸ਼ਾਇਦ ਇਸੇ ਲਈ ਉਹ ਮੇਰਾ ਯਾਰ ਵੀਰਾ ਸੀ। ਮੇਰੇ ਕਰਕੇ ਉਸਨੂੰ ਅਕਸਰ ਮਾਂ ਪਿਓ ਦੇ ਉਲਾਂਭੇ ਵੀ

ਸਹਿਣੇ ਪੈਂਦੇ ਸਨ। ਅਕਸਰ ਮਾਂ ਜੀ ਤੇ ਪਿਤਾ ਜੀ ਤੋਂ ਉਸਨੂੰ ਸੁਣਨਾ ਪੈਂਦਾ ਕਿ ਤੇਰੇ ਲਾਡ ਪਿਆਰ ਨੇ ਹੀ ਬਿੱਲੇ ਨੂੰ ਵਿਗਾੜਿਆ ਹੈ। ਉਹ ਹਸਕੇ ਕਹਿ ਛੱਡਦਾ "ਬਿੱਲਾ ਆਪਣੇ ਪਰਿਵਾਰ ਦਾ ਬੇਬੀ ਹੈ।" ਦੇਵ ਵੀਰ ਜੀ ਨੇ ਬਾਅਦ ਵਿੱਚ ਬਤੌਰ ਪ੍ਰਿੰਸੀਪਲ ਵਜੋਂ ਮੋਘਾ ਵਿੱਚ ਆਈ. ਟੀ. ਆਈ. ਦੀ ਸ਼ੁਰੂਆਤ ਵੀ ਕੀਤੀ ਸੀ। ਉਹ ਆਪਣੇ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਨੂੰ ਬੜਾ ਪਿਆਰ ਕਰਦੇ ਤੇ ਉਹਨਾਂ ਦਾ ਹਰ ਤਰ੍ਹਾਂ ਖ਼ਿਆਲ ਰੱਖਦੇ ਸੀ। ਇਸੇ ਲਈ ਅੱਜ ਤਾਈਂ ਉਸ ਇਲਾਕੇ ਦੇ ਬੰਦੇ ਉਸਨੂੰ ਭੁੱਲ ਨਹੀਂ ਸਕੇ।

ਮੈਨੂ ਉਹ ਰੱਜ ਕੇ ਦਿਲੋਂ ਆਪਣੇ ਬੱਚੇ ਵਾਂਗ ਪਿਆਰ ਕਰਦਾ ਸੀ। ਸ਼ਾਇਦ ਇਸੇ ਲਈ ਕਮਲੇਂਟ ਦੀ ਚਿੱਠੀ ਮਿਲਦੇ ਸਾਰ ਹੀ ਸਾਰੇ ਕੰਮ ਛੱਡ ਕੇ ਮੇਰਾ ਯਾਰ ਵੀਰਾ ਚੰਡੀਗੜ੍ਹ ਤੋਂ ਸੋਨੀਪਤ ਆ ਗਿਆ। ਸਿੱਧਾ ਮੇਰੇ ਕਾਲਜ ਪਹੁੰਚ ਗਿਆ। ਹੈਡ ਆਫ਼ਿਸ ਵਿੱਚ ਉ`ਚ ਅਫ਼ਸਰ ਲੱਗੇ ਹੋਣ ਕਰਕੇ ਕਾਲਜ ਦਾ ਸਟਾਫ਼ ਉਸ ਦਾ ਬੜਾ ਮਾਣ-ਤਾਣ ਕਰਦਾ ਸੀ। ਮੈਨੂੰ ਵੀ ਖ਼ਬਰ ਮਿਲ ਗਈ ਕਿ ਹਤੇਰਾ ਵੱਡਾ ਭਰਾ ਚੰਡੀਗੜ੍ਹ ਤੋਂ ਆ ਕੇ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਬੈਠਾ ਹੈ ਤੇ ਤੈਨੂੰ ਸਭ ਬੁਰੀ ਤਰ੍ਹਾਂ ਨਾਲ ਲੱਭ ਰਹੇ ਨੇ। ਮੈਂ ਇਹ ਸੁਣਕੇ ਬੁਰੀ ਤਰ੍ਹਾਂ ਤ੍ਰਬਕ ਗਿਆ ਕਿ ਹੁਣ ਕੀ ਹੋਊ। ਕਿਵੇਂ ਉਸ ਦਰਵੇਸ਼ ਵੀਰ ਦਾ ਸਾਹਮਣਾ ਕਰਾਂਗਾ। ਮੇਰੇ ਪਿੱਛੇ ਭੁਸਨੂੰ ਹੋਰ ਕਿੰਨੀ ਜਲਾਲਤ ਝੱਲਣੀ ਪਈ ਹੋਣੀ ਏ। ਮੈਂ ਸੋਚਾਂ ਵਿੱਚ ਘਿਰ ਗਿਆ ਕਿ ਮੈਂ ਹਮੇਸ਼ਾਂ ਉਸਦਾ ਵਿਸ਼ਵਾਸ਼ ਤੋੜਿਆ ਹੈ ਤੇ ਸੱਟ ਮਾਰੀ ਹੈ ਉਸਦੇ ਵਿਸ਼ਵਾਸ਼ ਨੂੰ। ਉਸਦੇ ਲਾਡ ਪਿਆਰ ਦਾ ਨਜਾਇਜ਼ ਫਾਇਦਾ ਉਠਾਇਆ ਹੈ। ਤੇ ਹੁਣ ਕਿਵੇਂ ਉਸਦੇ ਸਾਹਮਣੇ ਜਾਵਾਂਗਾ। ਮੇਰੇ ਵਰਗੇ ਨਿਕੰਮੇ ਬੰਦੇ ਨੂੰ ਕਿਉਂ ਧਰਤੀ ਨਿਘਰ ਨਹੀਂ ਜਾਂਦੀ। ਅੰਦਰੋਂ ਇੱਕ ਹੌਂਕਾ ਜਿਹਾ ਉਠਿਆ ਕਿ ਹਾਏ ਰੱਬਾ ਮੈਨੂੰ ਉਸ ਰੇਲ ਹਾਦਸੇ ਵਿਚੋਂ ਜਿਉਂਦਿਆਂ ਰੱਖਣ ਵਿੱਚ ਤੇਰਾ ਕੀ ਥੁੜਿਆ ਸੀ। ਹੁਣ ਵੀਰਾ ਤਾਂ ਦੂਜੇ ਮੁੰਡਿਆਂ ਤੇ ਮਾਸਟਰਾਂ ਨਾਲ ਕਦੇ ਵੀ ਹੋਸਟਲ ਪੁੱਜ ਸਕਦਾ ਸੀ। ਚਲੋਂ ਆਪੇ ਮੁੜ ਜਾਏਗਾ ਲੱਭ ਲਭਾ ਕੇ ਮੈਨੂੰ। ਮੈਂ ਨਹੀਂ ਕਰ ਸਕਦਾ ਉਸਦਾ ਸਾਹਮਣਾ। ਮੈਂ ਤਾਂ ਬੱਸ ਕਿਤੇ ਜਾ ਕੇ ਜਾਨ ਦੇ ਦੇਣੀ ਹੈ। ਪਰ ਤਰਲੋਚਨ ਜੋ ਇੱਕ ਤਰ੍ਹਾਂ ਨਾਲ ਮੇਰਾ ਸਾਇਆ ਬਣ ਗਿਆ ਸੀ, ਮੈਨੂੰ ਸਮਝਾਉਂਦਾ ਤੇ ਵਰਜਦਾ ਮੇਰੇ ਪਿੱਛੇ ਪਿੱਛੇ ਆ ਗਿਆ ਕਿ ਕਿਤੇ ਇਹ ਕਮਲਾ ਸੱਚ ਮੁੱਚ ਹੀ ਕੋਈ ਕਾਰਾ ਨਾ ਕਰ ਬੈਠੇ। ਉਧਰ ਮੇਰਾ ਯਾਰ ਵੀਰਾ ਮੈਨੂੰ ਲੱਭਦਾ ਲੱਭਦਾ ਹੰਭ ਗਿਆ। ਵਿਚਾਰਾ ਭੁੱਖਾ ਭਾਣਾ ਮੈਨੂੰ ਤਲਾਸ਼ਦਾ ਰਿਹਾ ਜਾਣੋਂ ਉਹ ਡਾਲੀ ਡਾਲੀ ਤੇ ਅਸੀਂ ਪੱਤੇ ਪੱਤੇ। ਦੋ ਦਿਨ ਨਿਕਲ ਗਏ ਤੇ ਇਹ ਲੁਕਣ ਮਿੱਚੀ ਚਲਦੀ ਰਹੀ, ਕਈ ਵਾਰ ਤਾਂ ਮੇਰਾ ਵੀਰਾ ਤੇ ਉਸਦੇ ਕੁੱਝ ਸਾਥੀ ਮੇਰੇ ਨੇੜਿਉਂ ਵੀ ਲੰਘਦੇ ਵਰ ਮੇਰੀ ਹਿੰਮਤ ਨਾ ਹੋਈ ਕਿ ਮੈਂ ਉਸਦੇ ਸਾਹਮਣੇ ਹੋ ਸਕਾਂ। ਲੁਕਾਂ ਵੀ ਤੇ ਰੋਈ ਵੀ ਜਾਵਾਂ ਤੇ ਅੰਦਰੋਂ ਪਛਤਾਵਾ ਵੀ ਤੇ ਅੱਕ ਕੇ ਤਰਲੋਚਨ ਨੇ ਵੀ ਮੈਨੂੰ ਡਾਂਟਿਆ, "ਕਮਲਿਆ, ਏਨਾ ਮੋਹ ਕਰਨ ਵਾਲੇ ਵੱਡੇ ਵੀਰ ਨੂੰ ਕਦੇ ਏਦਾਂ ਤੰਗ ਕਰੀਦਾ ਏ? ਲਾਹਨਤ ਹੈ ਤੇਰੇ ਤੇ, ਤੂੰ ਐਨਾ ਕਾਇਰ ਹੋਵੇਂਗਾ ਮੈਂ ਸੋਚ ਵੀ ਨਹੀਂ ਸਕਦਾ ਸੀ।" ਤਰਲੋਚਨ ਦੀ ਇਸ ਲਾਹਨਤ ਨੇ ਮੈਨੂੰ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ ਤੇ ਸ਼ਾਇਦ ਮੇਰੀ ਹਿੰਮਤ ਨੂੰ ਵੰਗਾਰ ਕੇ ਮੈਨੂੰ ਹੌਂਸਲਾ ਵੀ ਦਿੱਤਾ ਤੇ ਮੈਂ ਪੂਰਾ ਮਨ ਬਣਾ ਲਿਆ ਕਿ ਹੁਣ ਕੁੱਝ ਵੀ ਹੋਵੇ, ਵੀਰੇ ਦੇ ਮੱਥੇ ਜ਼ਰੂਰ ਲੱਗਣਾ ਹੈ। ਛੇਤੀ ਹੀ ਮੈਂ ਵੀਰੇ ਦੇ ਮਗਰ ਨੱਠ ਕੇ ਉਸਦੇ ਪੈਰਾਂ ਵਿੱਚ ਜਾ ਡਿੱਗਿਆ। ਨਿੱਕੇ ਬੱਚਿਆਂ ਵਾਂਗ ਉਸ ਦੀਆਂ ਲੱਤਾਂ ਨੂੰ ਚਿੰਬੜ ਕੇ ਰੋਈ ਜਾਵਾਂ।" ਮੇਰੇ ਰੱਬ ਵਰਗਿਆ ਵੀਰਿਆ, ਮੈਨੂੰ ਮਾਫ਼ ਕਰਦੇ। ਮੈਂ ਤੈਨੂੰ ਬਹੁਤ ਖੱਜਲ ਖੁਆਰ ਕੀਤਾ ਹੈ। ਵੀਰਿਆ, ਮੈਂ ਡਰ ਗਿਆ ਸੀ। ਤੇਰਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਪੈ ਰਹੀ ਸੀ।" ਵੀਰੇ ਨੇ ਚੁੱਕ ਕੇ ਮੈਨੂੰ ਆਪਣੇ ਵਿਸ਼ਾਲ ਸੀਨੇ ਦੇ ਨਾਲ ਲਾ ਲਿਆ। ਆਪਣੀਆਂ ਬਾਹਾਂ ਵਿੱਚ ਘੁੱਟ ਲਿਆ ਜਿਵੇਂ ਕਹਿਰ ਦੀ ਠੰਡ ਵਿੱਚ ਨਿੱਘੀ ਲੋਈ ਦੀ ਬੁੱਕਲ ਮਿਲ ਜਾਵੇ। ਉਸ ਨੇ ਕਿਹਾ, "ਝੱਲਿਆ, ਆਪਣਿਆਂ ਤੋਂ ਇੰਜ ਦੂਰ ਥੋੜਾ ਭੱਜੀਦਾ ਏ। ਟੁੱਟੀਆਂ ਬਾਹਾਂ ਤਾਂ ਹਮੇਸ਼ਾ ਗਲ ਨੂੰ ਹੀ ਆਉਣੀਆਂ ਨੇ। ਕਦੇ ਇਉਂ ਦੂਰ ਨਹੀਂ ਜਾਈਦਾ।" ਤੇ ਫੇਰ ਮੈਂ ਤਰਲੋਚਨ ਵੱਲ ਇਸ਼ਾਰਾ ਕਰਕੇ ਕਿਹਾ, "ਵੀਰਿਆ, ਇਹ ਮੇਰਾ ਯਾਰ ਤਰਲੋਚਨ ਹੈ, ਜੇ ਮੈਂ ਅੱਜ ਜੀਉਂਦਾ ਹਾਂ ਤਾਂ ਸਿਰਫ਼ ਇਸਦੇ ਸਦਕੇ ਹੀ। ਇਹ ਪਰਛਾਂਵਾਂ ਬਣ ਕੇ ਮੇਰੇ ਅੰਗ-ਸੰਗ ਰਿਹਾ। ਇਸਦਾ ਦੇਣਾ ਮੈਂ ਕਦੇ ਨਹੀਂ ਦੇ ਸਕਦਾ।" ਵੀਰੇ ਨੇ ਤਰਲੋਚਨ ਨੂੰ ਵੀ ਕਲਾਵੇ ਵਿੱਚ ਲੈ ਲਿਆ ਤੇ ਉਸਦਾ ਧੰਨਵਾਦੀ ਹੋਇਆ। ਫੇਰ ਪਹਿਲਾਂ ਤਾਂ ਵੀਰ ਜੀ ਨੇ ਸਾਨੂੰ ਸਾਰਿਆਂ ਨੂੰ ਨੇੜਲੇ ਢਾਬੇ ਤੇ ਰੋਟੀ ਖੁਆਈ ਤੇ ਆਪ ਵੀ ਸਾਡੇ ਨਾਲ ਹੀ ਬਹਿਕੇ ਖਾਧੀ। ਫਿਰ ਅਸੀਂ ਸਾਰੇ ਕਾਲਜ ਪਹੁੰਚੇ। ਵੀਰ ਜੀ ਦੇ ਅਸਰ ਰਸੂਖ਼ ਨੇ ਸਭ ਕੁੱਝ ਪਲਾਂ ਵਿੱਚ ਸੈਟਲ ਕਰ ਦਿੱਤਾ। ਅਸੀਂ ਵੀ ਸਾਰੇ ਸਟਾਫ਼ ਤੋਂ ਮਾਫ਼ੀ ਮੰਗ ਕੇ ਸੁਰਖ਼ਰੂ ਹੋਏ। ਥੱਕੇ ਹਾਰੇ ਵੀਰ ਜੀ ਨੇ ਉਹ ਰਾਤ ਸਾਡੇ ਹੋਸਟਲ ਵਿੱਚ ਹੀ ਮੁੰਡਿਆਂ ਦੇ ਨਾਲ ਕੱਟੀ, ਕਿਹਾ, "ਅੱਜ ਮੈਨੂੰ ਤੁਹਾਡੇ ਵਿੱਚ ਰਹਿ ਕੇ ਆਪਣੇ ਕਾਲਜ ਤੇ ਹੋਸਟਲ ਦੇ ਦਿਨ ਯਾਦ ਆ ਗਏ।" ਸਾਰੇ ਸਟਾਫ਼ ਵਾਲੇ ਤੇ ਮੁੰਡੇ ਬਾਰੋ ਬਾਰੀ ਮਿਲਣ ਆਉਂਦੇ ਰਹੇ ਤੇ ਹੌਸਲਾ ਬਨਾਉਂਦੇ ਰਹੇ ਕਿ "ਸਿਕੰਦ ਸਾਹਿਬ, ਤੁਸੀਂ ਬੇਫ਼ਿਕਰ ਹੋ ਕੇ ਚੰਡੀਗੜ੍ਹ ਜਾਉ। ਤੁਹਾਡਾ ਨਿੱਕਾ ਭਰਾ ਸਾਡਾ ਨਿੱਕਾ ਭਰਾ ਹੈ।" ਸਭ ਨੇ ਬੜੀ ਉਚੇਚ ਦਿਖਾਈ ਤੇ ਵਰੀਰ ਜੀ ਦੂਜੇ ਦਿਨ ਤੜਕੇ ਹ ੀ ਪਹਿਲੀ ਬੱਸ ਫੜ ਕੇ ਚੰਡੀਗੜ੍ਹ ਲਈ ਰਵਾਨਾ ਹੋ ਗਏ। ਹੌਲੀ ਹੌਲੀ ਸਭ ਕੁੱਝ ਪਹਿਲਾਂ ਵਾਂਗ ਨਾਰਮਲ ਰੁਟੀਨ ਵਿੱਚ ਚੱਲਣ ਲੱਗ ਗਿਆ। ਅਸਾਂ ਸਾਰਿਆਂ ਨੇ ਰਲ ਮਿਲਕੇ ਤਰਲੋਚਨ ਦੀ ਦੂਜੇ ਮਹੀਨੇ ਦੀ ਫੀਸ ਤੇ ਹੋਸਟਲ ਦਾ ਖਰਚਾ ਨਾਲ ਹੀ ਜਮ੍ਹਾਂ ਕਰਵਾ ਦਿੱਤਾ। ਭਾਂਵੇਂ ਤਰਲੋਚਨ ਜ਼ਾਹਿਰ ਨਹੀਂ ਸੀ ਕਰਦਾ ਪਰ ਉਹ ਰੋਜ਼ ਘਰਦਿਆਂ ਵਲੋਂ ਭੇਜਿਆ ਜਾਂਦਾ ਆਪਣਾ ਮਨੀਆਡਰ ਉਡੀਕਦਾ। ਨਿਰਾਸਤਾ ਵੱਧਦੀ ਗਈ ਤੇ ਪੜ੍ਹਾਈ ਵਲੋਂ ਵੀ ਉਸਦਾ ਮਨ ਉਚਾਟ ਹੋਣ ਲੱਗ ਗਿਆ। ਉਹ ਆਪਣੇ ਆਪ ਨੂੰ ਸਾਡੇ ਤੇ ਬੋਝ ਜਿਹਾ ਮਹਿਸੂਸ ਕਰਨ ਲੱਗ ਗਿਆ। ਕਈ ਵੇਰਾਂ ਰੋਟੀ ਖਾਣ ਦਾ ਵੀ ਟਾਲਾ ਕਰ ਜਾਂਦਾ। ਮੈਂ ਬਥੇਰਾ ਕਿਹਾ "ਯਾਰਾ, ਮੇਰਾ ਮੇਰਾ ਕੋਈ ਵੱਡਿਆ ਏ, ਆਪਾਂ ਦੋਵੇਂ ਰਲ ਮਿਲ ਕੇ ਗੁਜ਼ਾਰਾ ਕਰੀ ਜਾਵਾਂਗੇ। ਤੇਰੇ ਆਸਰੇ ਮੈਂ ਵੀ ਚਾਰ ਅੱਖਰ ਪੜ੍ਹ ਜਾਉਂ। ਨਾਲੇ ਵੀਰ ਜੀ ਨੇ ਵਾਅਦਾ ਵੀ ਕੀਤਾ ਏ ਕਿ

ਮੈਂ ਹਰ ਮਹੀਨੇ ਤੈਨੂੰ ਫਾਲਤੂ ਪੈਸੇ ਭੇਜਿਆ ਕਰੂੰਗਾ। ਕੁੱਝ ਆਪਾਂ ਸਭ ਤੋਂ ਵੱਡੇ ਭਰਾ ਬਲਵੰਤ ਜੀ ਤੋਂ ਮੰਗਵਾ ਲਿਆ ਕਰਾਂਗਕੇ। ਪਿਤਾ ਜੀ ਨੇ ਵੀ ਤਾਂ ਪੈਸੇ ਭੇਜਣੇ ਹੀ ਨੇ। ਜੇ ਬਹੁਤਾ ਹੋਊ ਤਾਂ ਹੋਸਟਲ ਤੋਂ ਬਾਹਰ ਕੋਈ ਛੋਟਾ ਮੋਟਾ ਕਮਰਾ ਲੈ ਕੇ ਰਹਿ ਲਵਾਂਗੇ ਤੇ ਆਪੇ ਰੋਟੀ ਟੁਕ ਪਕਾ ਲਵਾਂਗੇ। ਰੱਬ ਨੇ ਚਾਹਿਆ ਤਾਂ ਜੱਦ ਤੱਕ ਮੈਂ ਜੀਉਂਦਾ ਹਾਂ ਤਦ ਤੱਕ ਨਾ ਤੇਰੀ ਪੜ੍ਹਾਈ ਰੁਕੂ ਤੇ ਨਾ ਹੀ ਆਪਾਂ ਕਦੇ ਭੁੱਖੇ ਢਿੱਡ ਸੌਂਵਾਂਗੇ। ਤਰਲੋਚਨ ਯਾਰ, ਹੌਸਲਾ ਰੱਖ। ਮੈਂ ਵੀ ਤੇਰੇ ਬਿਨ੍ਹਾਂ ਅਧੂਰਾ ਹਾਂ। ਜੇ ਤੂੰ ਮੈਨੂੰ ਛੱਡ ਕ ਕਿਤੇ ਚਲਾ ਗਿਆ ਤਾਂ ਫੇਰ ਝੱਲਿਆ ਮੈਂ ਵੀ ਪੜ੍ਹਾਈ ਪੂਰੀ ਨਹੀਂ ਕਰਨੀ। ਮੈਂ ਵੀ ਤੇਰੇ ਮਗਰੇ ਟਿੰਡ-ਫੋੜੀ ਚੁੱਕ ਕੇ ਤਿੱਤਰ ਹੋ ਜਾਊਂ।" ਹੁਣ ਤਰਲੋਚਨ ਦੀ ਆਵਾਜ਼ ਕੁੱਝ ਕੁਰਖ਼ਤ ਜਿਹੀ ਹੋ ਗਈ। "ਬਿੱਲੂ, ਤੂੰ ਅਜਿਹੀ ਕੋਈ ਮੂਰਖਤਾ ਨਹੀਂ ਕਰੇਂਗਾ। ਤੂੰ ਦੇਵਤਾ ਵਰਗੇ ਆਪਣੇ ਵੱਡੇ ਵੀਰ ਤੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਕਦੇ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗਾ। ਸਮਝਿਆ, ਆਪਣੇ ਬੋਲਾਂ ਨੂੰ ਪੁਗਾਣਾ ਇੱਕ ਮਰਦ ਬੱਚੇ ਦਾ ਕੰਮ ਹੁੰਦਾ ਏ। ਤੇ ਨਾਲੇ ਤੂੰ ਇੱਕ ਕਰਮਯੋਗੀ ਮਹਾਨ ਫੋਜ਼ੀ ਦਾ ਪੁੱਤਰ ਹੈਂ। ਜਦੋਂ ਦੀ ਮੈਂ ਤੇਰੇ ਕੋਲੋਂ ਤੇਰੇ ਪਿਤਾ ਜੀ ਦੀ ਹੱਡ ਬੀਤੀ ਸੁਣੀ ਹੈ ਸੱਚ ਪੁੱਛੇਂ ਮੈਂ ਤਾਂ ਉਨ੍ਹਾਂ ਦਾ ਦਿਲੋਂ ਮੁਰੀਦ ਹੋ ਗਿਆ ਹਾਂ। ਮੇਰੇ ਲਈ ਤਾਂ ਉਹ ਪ੍ਰੇਰਨਾ ਦੇ ਸ੍ਰੋਤ ਬਣ ਗਏ ਨੇ। ਪਤਾ ਨੀਹੀਂ ਤੂੰ ਉਨ੍ਹਾਂ ਤੋਂ ਕਿਉਂ ਸੇਧ ਨਹੀਂ ਲੈਂਦਾ।" ਉਸ ਦੀਆਂ ਦਲੀਲਾਂ ਨੇ ਮੈਨੂੰ ਨਿਰਉ-ੱਤਰ ਕਰ ਦਿੱਤਾ ਸੀ।

ਕਈ ਦਿਨ ਬੀਤ ਗਏ ਤੇ ਇੱਕ ਦਿਨ ਤਰਲੋਚਨ ਨੇ ਅਚਾਨਕ ਹੀ ਮੇਰੇ ਕੋਲੋਂ 20 ਰੁਪਏ ਦੀ ਮੰਗ ਕੀਤੀ ਤੇ ਕਿਹਾ "ਜੇ ਹੈ ਨੇ ਤਾਂ ਦੇ ਦੇ ਪਰ ਇਹ ਨਾਂ ਪੁੱਛੀਂ ਕਾਹਦੇ ਲਈ ਚਾਹੀਦੇ ਨੇ? "ਮੈਂ ਬਿਨਾ ਕਿਸੇ ਹੀਲ ਹੁੱਜਤ ਕੀਤਿਆਂ ਝੱਟ ਚੁੱਪ ਚਾਪ ਵੀਹ ਰੁਪਏ ਕੱਢ ਕੇ ਉਸ ਨੂੰ ਦੇ ਦਿੱਤੇ। ਗੱਲ ਆਈ ਗਈ ਹੋ ਗਈ। ਮੈਂ, ਰਘਬੀਰ ਤੇ ਮੇਜ਼ਰ ਤਿੰਨੋਂ ਕਾਲਜ ਗਏ ਹੋਏ ਸੀ। ਪਿੱਛੋਂ ਤਰਲੋਚਨ ਆਪਣੇ ਥੋੜ੍ਹੇ ਬਹੁਤੇ ਖ਼ਾਸ-ਖ਼ਾਸ ਸਮਾਨ ਦਾ ਬਿਸਤਰਬੰਨ ਜਿਹਾ ਬੰਨ ਕੇ ਪਤਾ ਨਹੀਂ ਕਿੱਧਰ ਚਲਾ ਗਿਆ। "ਬਿੱਲੇ ਯਾਰ, ਮਾਫ਼ ਕਰੀਂ, ਤੁਹਾਡੇ ਰੋਜ਼ ਦੇ ਅਹਿਸਾਨ ਥੱਲ੍ਹੇ ਮੇਰਾ ਮਨ ਘੁੱਟਦਾ ਹੈ। ਮੈਂ ਜੇ ਹੋਰ ਐਥੇ ਇਸ ਤਰ੍ਹਾਂ ਰਿਹਾ ਤਾਂ ਮੇਰਾ ਜ਼ਮੀਰ ਤੇ ਅਣਖ ਹਮੇਸ਼ਾਂ ਲਈ ਅਣ ਆਈ ਮੌਤ ਮਰ ਜਾਣਗੇ। ਮੈਨੂੰ ਲੱਭਣ ਦੀ ਕੋਸ਼ਿਸ਼ ਵੀ ਨਾ ਕਰਨਾ। ਹਾਂ ਜੇ ਮੈਂ ਜੀਉਂਦਾ ਰਿਹਾ ਤਾਂ ਤੁਹਾਨੂੰ ਆਪੇ ਲੱਭ ਲਵਾਂਗਾ। ਹਾਲ ਦੀ ਘੜੀ ਤਾਂ ਮੈਨੂੰ ਇਹ ਵੀ ਪਤਾ ਨਹੀਂ ਕਿ ਮੈਂ ਕਿੱਥੇ ਜਾਣਾ ਹੈ। ਮੈਂ ਕੀ ਕਰਨਾ ਹੈ ਤੇ ਮੇਰੀ ਕੀ ਮੰਜ਼ਿਲ ਹੈ। ਜਦ ਮੈਨੂੰ ਹੀ ਕੁੱਝ ਨਹੀਂ ਪਤਾ ਤਾਂ ਤੁਹਾਨੂੰ ਕੀ ਦੱਸਾਂ। ਖ਼ੈਰ ਤੁਸੀਂ ਖ਼ੁਸ਼ ਰਹਿਣਾ ਤੇ ਇੱਕ ਦੂਜੇ ਦਾ ਖ਼ਿਆਲ ਰੱਖਣਾ। ਖ਼ੂਬ ਦਿਲ ਲਾ ਕੇ ਪੜ੍ਹਨਾ। ਬਿੱਲੇ, ਮੈਂ ਆਪਣੀਆਂ ਕਿਤਾਬਾਂ ਤੇ ਨੋਟਸ ਤੇਰੇ ਲਈ ਛੱਡ ਚੱਲਿਆਂ ਹਾਂ, ਸ਼ਾਇਦ ਤੇਰੇ ਕੰਮ ਆ ਜਾਣ। ਖ਼ਾਸ ਕਰਕੇ ਬਿੱਲਿਆ, ਹੁਣ ਕਦੇ ਵੀ ਕੱਲੇ ਰਾਤਾਂ ਨੂੰ ਬਾਹਰ ਨਹੀਂ ਜਾਣਾ ਤੇ ਨਾ ਹੀ ਕਦੇ ਛੱਲੀਆਂ ਭੁੰਨ ਕੇ ਖਾਣੀਆਂ ਨੇ। ਬੱਸ ਪੜ੍ਹਨਾ ਏ ਤੇ ਮਾਂ ਬਾਪ ਦਾ ਨਾਂ ਰੋਸ਼ਨ ਕਰਨਾ ਹੈ। ਤੂੰ ਹਮੇਸ਼ਾਂ ਮੇਰੀਆਂ ਯਾਦਾਂ ਵਿੱਚ ਸ਼ਾਮਲ ਰਹੇਂਗਾ। ਮੈਂ ਕਿਤੇ ਵੀ ਤੇ ਕਿਸੇ ਵੀ ਹਾਲ ਵਿੱਚ ਰਹਾਂ।" .... ਫੇਰ ਕਈ ਸਾਲ ਬੀਤ ਗਏ ਤੇ ਤਰਲੋਚਨ ਨਾਲ ਕਦੇ ਵੀ ਮੁਲਾਕਾਤ ਨਾ ਹੋਈ ਤੇ ਨਾ ਹੀ ਮੇਰਾ ਉਹ ਯਾਰ ਕਿਤੇ ਨਜ਼ਰੀਂ ਆਇਆ। ਮੈਂ ਪੜ੍ਹਾਈ ਪੂਰੀ ਕਰ ਕੇ ਬਟਾਲੇ ਜ਼ਿਲ੍ਹਾ, ਗੁਰਦਾਸਪੁਰ ਵਿੱਚ ਇੰਡਸਟਰੀ ਇੰਸਪੈਕਟਰ ਲੱਗ ਗਿਆ ਸਾਂ। ਅਚਾਨਕ 1965 ਦੀ ਜੰਗ ਛਿੜ ਗਈ। ਰੋਜ਼ ਬਟਾਲੇ ਦੇ ਖੇਤਰ ਵਿੱਚ ਕਿਤੇ ਨਾ ਕਿੱਤੇ ਬੰਬ ਜ਼ਰੂਰ ਗਿਰਦਾ ਸੀ ਪਰ ਫੱਟਦਾ ਨਹੀਂ ਸੀ। ਹੌਲੀ-ਹੌਲੀ ਲੋਕਾਂ ਦਾ ਬੰਬਾਂ ਤੋਂ ਡਰ ਜਿਹਾ ਲੱਥ ਗਿਆ ਸੀ। ਜਦੋਂ ਰਾਤ ਨੂੰ ਬਲੈਕ-ਆਊਟ ਦੇ ਵੇਲੇ ਕੋਈ ਪਾਕਿਸਤਾਨੀ ਲੜਾਕੂ ਜਹਾਜ਼ ਬਿਲਕੁਲ ਛੱਤਾਂ ਦੇ ਕੋਲੋਂ ਲੰਘਦਾ ਤਾਂ ਚਾਨਣੀਆਂ ਰਾਤਾਂ ਹੋਣ ਕਾਰਨ ਜਹਾਜ਼ ਦੇ ਨੰਬਰ ਤੱਕ ਪੜੇ ਜਾ ਸਕਦੇ ਸਨ। ਸਭ ਲੋਕਾਂ ਵਿੱਚ ਮੌਤ ਦਾ ਸੰਨਾਟਾ ਛਾ ਜਾਂਦਾ ਤੇ ਚੁਫੇਰੇ ਸੁੰਨਮਸਾਣ ਵਰਤ ਜਾਂਦੀ। ਇੱਕ ਸਹਿਮ ਜਿਹਾ ਦਿਲਾਂ ਵਿੱਚ ਤ੍ਰਭਕਦਾ ਕਿ ਹੁਣ ਵੀ ਮਰੇ ਤੇ ਹੁਣ ਵੀ ਮਰੇ ...। ਸਰਕਾਰੀ ਨੌਕਰੀ ਵਾਲੇ ਬੰਦੇ ਆਪਣਾ ਹੈਡ ਕੁਆਟਰ ਛੱਡ ਕੇ ਕਿਤੇ ਆਊਟ ਆਫ ਸਟੇਸ਼ਨ ਨਹੀਂ ਜਾ ਸਕਦੇ ਸਨ। ਉਨ੍ਹਾਂ ਦਿਨਾਂ ਵਿੱਚ ਮੇਰੇ ਉਸਤਾਦ ਨੰਦਲਾਲ ਪੁਰੀ ਜੀ ਵੀ ਬਹੁਤ ਬਿਮਾਰ ਰਹਿੰਦੇ ਸਨ। ਮੈਂ ਆਪਣੀ ਜਾਨ ਤਲੀ ਤੇ ਰੱਖ ਉਨ੍ਹਾਂ ਨੂੰ ਮਿਲਣ ਜਲੰਧਰ ਜਾਂਦਾ ਹੁੰਦਾ ਸੀ। ਇਹਨਾਂ ਦਿਨਾਂ ਵਿੱਚ ਹੀ ਪਤਾ ਨਹੀਂ ਕਿੱਥੋਂ ਅਚਾਨਕ ਲੱਭਦਾ ਲਭਾਂਦਾ ਇੱਕ ਮਿਲਟਰੀ ਵਰਦੀ ਵਿੱਚ ਲੈਸ ਨਾਇਕ ਦੇ ਫੀਤੇ ਲਾਈਂ ਪੂਰੇ ਜੋਸ਼ ਤੇ ਜਲਾਲ ਨਾਲ ਭਰਿਆ ਇੱਕ ਫੌਜੀ ਜਵਾਨ ਨੇ ਆ ਕੇ ਮੇਰਾ ਬੂਹਾ ਖੜਕਾਇਆ। ਮੈਂ ਬੂਹਾ ਖੋਲਿਆ ਤੇ ਉਸ ਫੋਜੀ ਜਵਾਨ ਤੇ ਨਜ਼ਰ ਪੈਂਦਿਆਂ ਹੀ ਮੈਂ ਹੱਕਾ-ਬੱਕਾ ਜਿਹਾ ਉਸ ਨੂੰ ਵੇਖਦਾ ਹੀ ਰਹਿ ਗਿਆ। ਪਹਿਲਾਂ ਤਾਂ ਉਹ ਥੋੜ੍ਹਾ ਜਿਹਾ ਹੱਸਿਆ ਤੇ ਫੇਰ ਬੋਲਿਆ, "ਕਿਵੇਂ ਬਿੱਲਿਆ, ਕਾਇਮ ਏਂ।" ਮੇਰੇ ਸਭ ਸ਼ੰਕੇ ਉਸ ਦੀ ਆਵਾਜ਼ ਨੇ ਮੁਕਾ ਦਿੱਤੇ ਤੇ ਮੈਂ ਇੱਕ ਉਸ ਦੀ ਪਹਿਚਾਨ ਕੱਢਿਆਂ ਇਕਦਮ ਬੋਲ ਉ-ੱਠਿਆ, "ਉਏ ਤਰਲੋਚਨਾਂ ਤੂੰ! ਫੌਜ ਵਿਚ? ਅਚਾਨਕ ਐਥੇ, ਮੇਰਾ ਪਤਾ ਕਿੱਥੋਂ ਲੱਭ ਲਿਆ? "ਇਕੋ ਸਾਹ ਕਿੰਨੇ ਹੀ ਸਵਾਲ ਸਟੇਨਗਨ ਵਿਚੋਂ ਨਿਕਲੀਆਂ ਗੋਲੀਆਂ ਵਾਂਗ ਮੈਂ ਦਾਗ਼ ਦਿੱਤੇ। "ਬਾਹਰ ਹੀ ਖੜੇ ਨੂੰ ਸਭ ਪੁੱਛੀਂ ਜਾਏਂਗਾ ਕਿ ਅੰਦਰ ਮੈਨੂੰ ਧੱਕੇ ਨਾਲ ਵੜਨਾ ਪਊ।" ਅਸੀਂ ਦੋਨੋਂ ਹੱਸ ਪਏ। ਬੜੇ ਚਿਰਾਂ ਬਾਅਦ ਅੱਜ ਮੈਂ ਖੁੱਲ੍ਹ ਕੇ ਹੱਸਿਆ ਸਾਂ ਤੇ ਫੇਰ ਕਿਹਾ, "ਬਿੱਲਾ ਵੀ ਤੇਰਾ, ਤੇ ਘਰ ਵੀ ਤੇਰਾ ਹੈ। ਜੀ ਸਦਕੇ, ਜੀ ਆਇਆਂ ਨੂੰ।" ਇੱਕ ਵਾਰ ਫੇਰ ਆਪਣੇ ਯਾਰ ਨੂੰ ਘੁੱਟ ਕੇ ਜੱਫ਼ੀ ਪਾਈ ਤੇ ਫੇਰ ਅੰਦਰ ਉਸਦੇ ਵਿਛੋੜੇ ਦਾ ਸੋਗ ਉਫਣ ਪਿਆ ਤੇ ਮੈਂ ਡੁਸਕਦਿਆਂ ਕਿਹਾ, "ਅਚਾਨਕ ਕਿੱਥੇ ਛੱਡ ਕੇ ਚਲਾ ਗਿਆ ਸੀ, ਫੇਰ ਕੋਈ ਖ਼ਬਰ ਸਾਰ ਵੀ ਨਹੀਂ ਦਿੱਤੀ।" ਤਰਲੋਚਨ ਨੇ ਚੇਤੇ ਕਰਵਾਇਆ ਕਿ "ਤੈਨੂੰ ਯਾਦ ਹੋਣਾ ਏਂ, ਮੈਂ ਆਪਣੇ ਖ਼ਤ ਵਿੱਚ ਲਿਖਿਆ ਸੀ ਕਿ ਮੈਂ ਤੁਹਾਡੀ ਪੂਰੀ ਖ਼ਬਰ ਰੱਖਾਂਗਾ ਤੇ ਆਪੇ ਹੀ ਲੱਭ ਲਵਾਂਗਾ। ਤੇ ਵੇਖ ਮੈਂ ਲੱਭ ਲਿਆ ਏ ਤੈਨੂੰ ਬਿੱਲਿਆ।" ਮੈਂ ਉਸਨੂੰ ਹੱਥੀਂ ਪਾਣੀ ਦਾ ਨਲਕਾ ਗੇੜ ਕੇ ਨੁਹਾਇਆ ਤੇ ਫੇਰ ਆਪਣਾ ਕੁੜਤਾ ਪਜਾਮਾਂ ਪਾਉਣ ਨੂੰ ਦਿੱਤਾ। ਅਸੀਂ ਢਾਬੇ ਤੋਂ ਮੰਗਵਾ ਕੇ ਬੜੇ ਚਿਰਾਂ ਪਿੱਤੋਂ ਇੱਕ ਵਾਰ ਫੇਰ ਕੱਠਿਆਂ ਬੈਠ ਕੇ ਰੋਟੀ ਖਾਧੀ। ਇਸੇ ਦੌਰਾਨ ਤਰਲੋਚਨ ਨੇ ਆਪਣੀ ਸਾਰੀ

ਹੱਡ ਬੀਤੀ ਸੁਣਾਈ। ਉਹ ਬੜੇ ਹੀ ਕਰੜੇ ਸੰਘਰਸ਼ ਵਿਚੋਂ ਨਿਕਲਿਆ ਸੀ। ਹੁਣ ਵੀ ਮੌਤ ਉਸਦੇ ਸਿਰ ਤੇ ਮੰਡਰਾ ਰਹੀ ਸੀ। ਲੜਾਈ ਲੱਗੀ ਹੋਈ ਸੀ ਤੇ ਉਸਦੀ ਡਿਊਟੀ ਬਿਲਕੁਲ ਫਰੰਟ ਤੇ ਡੇਰਾ ਬਾਬਾ ਨਾਨਕ ਵਾਲੇ ਬਾਰਡਰ ਤੇ ਲੱਗੀ ਹੋਈ ਸੀ। ਜਿੱਥੇ ਹਰ ਵੇਲੇ ਵਰਦੀਆਂ ਗੋਲੀਆਂ ਦੀ ਸ਼ਾਂ-ਸ਼ਾਂ ਤੋਪਾਂ ਦੇ ਗੋਲੇ ਬੰਕਰਾਂ ਦੇ ਉਪਰ ਹਰ ਘੜੀ ਅਕਸਰ ਦਹਾੜਦੇ ਰਹਿੰਦੇ। ਜਹਾਜ਼ ਅਲੱਗ ਬੰਬਾਰੀ ਕਰਦੇ ਹੋਏ ਉਪਰੋਂ ਬੰਬਾਂ ਦੀ ਬਰਸਾਤ ਕਰ ਰਹੇ ਸਨ। ਬਾਰਡਰ ਦੇ ਨੇੜਲੇ ਸਾਰੇ ਪਿੰਡਾਂ ਦੇ ਪਿੰਡ ਖਾਲੀ ਕਰਵਾ ਦਿੱਤੇ ਗਏ ਸਨ ਤਾਂ ਕਿ ਸਿਵਲ ਜਾਨੀ ਨੁਕਸਾਨ ਨੂੰ ਬਚਾਇਆ ਜਾ ਸਕੇ। ਬੱਸ, ਦੋਨੋਂ ਪਾਸੇ ਤੋਂ ਜ਼ਿਆਦਾਤਰ ਪੰਜਾਬੀ ਲੜ ਰਹੇ ਸਨ। ਸਰਹੱਦੋਂ ਪਾਰ ਮੁਸਲਮਾਨ ਪੰਜਾਬੀ ਤੇ ਏਧਰੋਂ ਜ਼ਿਆਦਾਤਰ ਸਿੱਖ ਪੰਜਾਬੀ ਆਪੋ ਵਿੱਚ ਲੜ ਮਰ ਰਹੇ ਸਨ। ਦੋਨੋਂ ਪਾਸੇ ਲੀਡਰਾਂ ਦੀ ਕੋਝੀ ਸਿਆਸਤ ਜਵਾਨਾਂ ਤੇ ਮਾਸੂਮ ਬੱਚਿਆਂ ਤੇ ਤੀਵੀਆਂ ਦੀਆਂ ਜਾਨਾਂ ਨਾਲ ਖਿਲਵਾੜ ਕਰ ਰਹੀ ਸੀ। ਮਨੁੱਖਤਾ ਨੂੰ ਜ਼ਬਰੀ ਬਾਰੂਦ ਖੁਆਇਆ ਜਾ ਰਿਹਾ ਸੀ।

ਮੈਂ ਅਜਿਹੇ ਹਾਲਾਤਾਂ ਦਾ ਵਾਸਤਾ ਦੇ ਕੇ ਤਰਲੋਚਨ ਨੂੰ ਕਿਹਾ "ਅੱਜ ਮੇਰੇ ਕੋਲ ਹੀ ਤੂੰ ਰੁੱਕ ਜਾ, ਕੁੱਝ ਘੜੀ ਤਾਂ ਕੱਠੇ ਜੀ ਲਈਏ। ਹਾਲੇ ਤਾਂ ਮੈਂ ਤੈਨੂੰ ਰੱਜ ਕੇ ਦੇਖਿਆ ਵੀ ਨਹੀਂ।" ਤਰਲੋਚਨ ਨੇ ਕਿਹਾ "ਪਹਿਲਾਂ ਤੈਨੂੰ ਤੇਰਾ ਤੋਹਫ਼ਾ ਦੇ ਦਿਆਂ, ਐਡਾ ਵੱਡਾ ਅਫ਼ਸਰ ਲੱਗ ਗਿਆ ਏਂ ਹੁਣ ਤਾਂ ਖਾਣ ਪੀਣ ਲੱਗ ਗਿਆ ਹੋਵੇਂਗਾ।" ਉਸ ਨੇ ਝੋਲੇ ਵਿਚੋਂ ਇੱਕ ਰੰਮ ਦੀ ਬੋਤਲ ਕੱਢ ਕੇ ਮੈਨੂੰ ਪੇਸ਼ ਕੀਤੀ। "ਆਹ ਲੈ ਤੈਨੂੰ ਤੇਰੇ ਇੱਕ ਫੌਜੀ ਯਾਰ ਦਾ ਨਜ਼ਰਾਨਾ।" "ਤੇਰਾ ਤੋਹਫ਼ਾ ਸਿਰ ਮੱਥੇ ਯਾਰਾ, ਪਰ ਮੈਂ ਪੀਂਦਾ ਨਹੀਂ" ਮੈਂ ਕਿਹਾ। ਤਰਲੋਚਨ ਨੇ ਕਿਹਾ "ਪੀਂਦਾ ਤਾਂ ਮੈਂ ਵੀ ਨਹੀਂ, ਚੱਲ ਕਿਸੇ ਆਪਣੇ ਪਿਆਰੇ ਨੂੰ ਦੇ ਦੇਵੀਂ। ਖ਼ੈਰ ਮੈਨੂੰ ਹੁਣ ਇਜ਼ਾਜਤ ਦੇ। ਸ਼ਾਇਦ ਬਾਰਡਰ ਤੇ ਮੇਰੇ ਹਿੱਸੇ ਦੀ ਕੋਈ ਗੋਲੀ ਮੈਨੂੰ ਉਡੀਕਦੀ ਹੋਵੇਗੀ।" ਮੈਂ ਫੇਰ ਉਸ ਨੂੰ ਰੁੱਕ ਜਾਣ ਲਈ ਤਰਲਾ ਕੀਤਾ। ਤਰਲੋਚਨ ਨੇ ਕਿਹਾ "ਬਿੱਲੇ, ਮੌਤ ਤਾਂ ਉਥੇ ਲਾਜ਼ਮੀ ਹੈ ਤੇ ਏਥੇ ਵੀ ਹੋ ਸਕਦੀ ਹੈ। ਜੇ ਇੱਥੇ ਮਰ ਗਿਆ ਤਾਂ ਇੱਕ ਫੌਜੀ ਲਈ ਕੁੱਤੇ ਦੀ ਮੌਤ ਹੋਵੇਗੀ, ਜੇ ਉਥੇ ਬਾਰਡਰ ਤੇ ਮਰਿਆ ਤਾਂ ਵਤਨ ਦਾ ਸ਼ਹੀਦ ਕਹਿਲਾਵਾਂਗਾ। ਘੱਟੋ ਘੱਟ ਮੈਰੀ ਘਰਵਾਲੀ ਨੂੰ ਥੋੜੀ ਬਹੁਤ ਪੈਂਸ਼ਨ ਤਾਂ ਮਿਲ ਜਾਊਗੀ। ਵਿਚਾਰੀ ਔਖੇ-ਸੌਖੇ ਆਪਣੇ ਛੋਟੇ-ਛੋਟੇ ਬੱਚੇ ਤਾਂ ਪਾਲ ਲਵੇਗੀ।" ਉਸਦੇ ਮਹਾਨ ਜਜ਼ਬੇ ਨੇ ਮੈਨੂੰ ਲਾ ਜਵਾਬ ਕਰ ਦਿੱਤਾ ਤੇ ਉਸਦੀ ਦੇਸ਼ ਪ੍ਰਸਤੀ ਤੇ ਮੇਰਾ ਸਿਰ ਸ਼ਰਧਾ ਨਾਲ ਮੇਰੇ ਫੌਜੀ ਯਾਰ ਅੱਗੇ ਝੁਗ ਗਿਆ। ਉਸਨੇ ਮੇਰੇ ਸਾਹਮਣੇ ਹੀ ਡੇਰਾ ਬਾਬਾ ਨਾਨਕ ਜਾਣ ਵਾਲੇ ਇੱਕ ਫੌਜੀ ਟਰੱਕ ਨੂੰ ਉਸਨੇ ਆਪ ਹੱਥ ਦੇ ਕੇ ਰੋਕਿਆ। ਫੁਰਤੀ ਨਾਲ ਉਸ ਵਿੱਚ ਚੜ੍ਹ ਕੇ ਆਪਣੀ ਮੌਤ ਵਿਆਹੁਣ ਤੁਰ ਪਿਆ। ਉਸਦੇ ਕਹੇ ਸ਼ਬਦ ਅੱਜ ਵੀ ਮੇਰੇ ਕੰਨਾਂ ਵਿੱਚ ਉਵੇਂ ਗੂੰਜਦੇ ਨੇ "ਤੇਰੇ ਕੋਲ ਕੁੱਤੇ ਦੀ ਮੌਤ ਉੱਥੇ ਸ਼ਹੀਦ ਦੀ ਮੌਤ ਹੋਵੇਗੀ।" ਪਹਿਲਾਂ ਤਾਂ ਮੈਂ ਉਸ ਦਾ ਰਿਣੀ ਸਾਂ, ਹੁਣ ਸਾਰਾ ਹਿੰਦੋਸਤਾਨ ਹਮੇਸ਼ਾ ਉਸ ਫੌਜੀ ਦਾ ਰਿਣੀ ਰਹੇਗਾ।

ਆਮੀਨ।

## ਪਾਕਸਤਾਨ ਫ਼ੇਰੀ

ਮੈਨੂੰ ਲੱਗਦਾ ਹੈ,
ਸਰਦਾਰ ਜੀ, ਪਾਕਿਸਤਾਨ ਵਿੱਚ ਆਪਣਾ ਹੱਜ ਕਰਨ ਆਏ ਹੋ ... "ਬਾਬੇ ਨਾਨਕ ਦੇ ਦਰਬਾਰ"
ਹਾਂ ਜੀ
ਇਕ ਗੱਲ ਹੋਰ ਵੀ ਸਾਨੂੰ ਇਥੇ ਖਿੱਚਕੇ
ਲਿਆਈ ਹੈ ...
ਅਕਸਰ ਲੋਕ ਕਹਿੰਦੇ ਨੇ
ਜਿਸ ਲਾਹੌਰ ਨਹੀਂ ਦੇਖਿਆ ...
ਉਹ ਜਾਣੋਂ ਜੰਮਿਆ ਹੀ ਨਹੀਂ ...
ਸੋ ਬੜੇ ਮੀਆਂ
ਅਸੀਂ ਇੱਕ ਪੰਥ ਦੋ ਕਾਜ ਕਰਨ ਆਏ ਹਾਂ
ਤੁਹਾਡੇ ਲਾਹੌਰ ਵਿੱਚ ...
ਟਾਂਗੇ ਵਾਲੇ ਮੀਆਂ ਨੇ ਅਦਬ ਨਾਲ ਕਿਹਾ,
"ਖੁਸ਼ਾਮਦੀਦ ਸਰਦਾਰ ਜੀ।"

ਬਲਬੀਰ ਸਿਕੰਦ

"ਪਹਿਲਾ ਹੀ ਦਿਨ"
"ਪਹਿਲੀ ਹੀ ਸ਼ੁਰੂਆਤ"

ਜਿਵੇਂ ਚੰਗੇ ਗੁਣ ਤੇ ਚੰਗੀਆਂ ਆਦਤਾਂ, ਬੱਦਲ ਦੀ ਛਾਂ ਵਰਗੇ ਹੁੰਦੇ ਨੇ ਜਾਂ ਪਾਣੀ ਵਿੱਚ ਕਿਸੇ ਅਕਸ ਵਰਗੇ, ਜਾਂ ਦੇ ਰੇਤ ਦੇ ਨਿਸ਼ਾਨਾਂ ਵਰਗੇ! ਜੋ ਪਲਾਂ ਛਿਨਾਂ ਵਿੱਚ ਮਿਟ ਜਾਂਦੇ ਨੇ। ਇਸਦੇ ਵਿਪਰੀਤ ਮਾੜੇ ਵੈਲ, ਭੈੜੀਆਂ ਵਾਦੀਆਂ, ਆਦਤਾਂ, ਠਰਕ, ਸਿਰੜੀ ਜਨੂੰਨ ਤੇ ਵਹਿਮ ਇਹ ਸਾਰੇ ਤਾਂ ਅੱਥਰੇ ਜਤੂਨ ਦੀਆਂ ਜੜ੍ਹਾਂ ਵਰਗੇ ਢੀਠ ਤੇ ਜਾਬਰ ਹੁੰਦੇ ਨੇ ਜਿਹੜੇ ਪੱਥਰ ਦਾ ਸੀਨਾ ਪਾੜ ਕੇ ਵੀ ਆਪਣੀਆਂ ਜੜ੍ਹਾਂ ਕਾਇਮ ਕਰ ਲੈਂਦੇ ਨੇ। ਇਹ ਚੰਦਰੇ ਅਣਥੱਕ ਬੋਤ੍ਹਾਂ ਦੀ ਉਮਰ ਵਰਗੇ ਹੁੰਦੇ ਨੇ। ਇਹ ਛਲਾਵੇ, ਸੁਪਨੇ ਦੇ ਭੋਗ ਵਰਗੇ ਹੁੰਦੇ ਨੇ। ਇਹ ਤਤੜੇ ਕਿਸੇ ਕਲਰ ਦੀ ਸਿਉਂਕ ਵਰਗੇ ਹੁੰਦੇ ਨੇ। ਇਹ ਭੈੜੇ ਕਿਸੇ ਮਰੇ ਸੱਪ ਦੀ ਜ਼ਹਿਰ ਵਰਗੇ ਹੁੰਦੇ ਨੇ। ਇਹ ਕਿਸੇ ਮੰਝੇ ਤੇ ਊਠ ਦੇ ਲੰਬੇ ਵੈਰ ਵਰਗੇ ਹੁੰਦੇ ਨੇ। ਇਹ ਸੌਂਕਣਾਂ ਦੇ ਸਦੀਵੀ ਕਲੇਸ਼ ਵਰਗੇ ਹੁੰਦੇ ਨ। ਇਹ ਸਦਾ ਕਿਸੇ ਰਿਸਦੇ ਨਸੂਰ ਵਰਗੇ ਹੁੰਦੇ ਨੇ। ਸ਼ਾਇਦ ਤਾਂ ਹੀ ਤਾਂ ਕਹਿੰਦੇ ਨੇ ਕਿ ਬਦੀਆਂ ਤੇ ਭੈੜੀਆਂ ਆਦਤਾਂ ਦਾ ਕਦੇ ਵੀ ਬੀਜ ਨਾਸ਼ ਨਹੀਂ ਹੁੰਦਾ। ਇਸੇ ਲਈ ਤਾਂ ਪੰਜਾਬੀ ਸ਼ਾਇਰੀ ਦੇ ਬਾਬਾ ਬੋਹੜ, ਜਨਾਬ ਵਾਰੇ ਸ਼ਾਹ ਜੀ ਇਸ ਤੱਤ ਤੇ ਆਪਣੀ ਸਦੀਵੀ ਮੋਹਰ ਲਾ ਗਏ ਸਨ ਕਿ ਵਾਰੇ ਸ਼ਾਹ ਨ ਜਾਣ ਆਦਤਾਂ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ...

ਸ਼ਾਇਦ ਇਸੇ ਤਰ੍ਹਾਂ ਮੇਰੇ ਖ਼ੂਨ ਅੰਦਰ ਵੀ ਕੈਂਸਰ ਵਾਂਗ ਫ਼ਿਲਮੀ ਜਨੂੰਨ ਦਾ ਕੀੜਾ ਘਰ ਕਰ ਗਿਆ ਸੀ। ਜਿਸਨੂੰ ਮੈਂ ਲੱਖ ਚਾਹ ਕੇ ਵੀ ਕਦੇ ਮਾਰ ਨਾ ਸਕਿਆ। ਲੱਖ ਵਕਤੀ ਤੌਰ ਤੇ ਹਾਦਸਿਆਂ, ਸਦਮਿਆਂ, ਨਮੋਸ਼ੀਆਂ ਦੀਆਂ ਥਰੈਪੀਆਂ ਕਰਵਾਈਆਂ। ਫੇਰ ਵੀ ਕਿਤੇ ਨਾ ਕਿਤੇ ਇਸ ਚੰਦਰੀ ਬੀਮਾਰੀ ਦੇ ਘਾਤਿਕ ਕੀਟਾਣੂ ਲੁਕੇ ਰਹਿ ਹੀ ਗਏ। ਛੂਤ ਦੀ ਬੀਮਾਰੀ ਵਾਂਗ ਜਦ ਵੀ ਇਸ ਬੀਮਾਰੀ ਦੇ ਲੋਗ ਸੰਪਰਕ ਵਿੱਚ ਆਉਂਦੇ ਨੇ ਫੇਰ ਪਤਾ ਨਹੀਂ ਇੱਕ ਦਮ ਕਿਵੇਂ ਆਪੇ ਹੀ ਇਹ ਬੀਮਾਰੀ ਏਨੀ ਆਪਹੁਦਰੀ ਹੋ ਜਾਂਦੀ ਏ, ਪੁਰਾਣੇ, ਨਵੇਂ, ਨੁਕਸਾਨਾਂ, ਤਕਲੀਫ਼ਾਂ, ਨਾਕਾਮੀਆਂ, ਸਭ ਨੂੰ ਪਲਾਂ ਵਿੱਚ ਛਿੱਕੇ ਟੰਗ ਦਿੰਦੀ ਏ।

1995-96 ਵਿੱਚ ਫੇਰ ਮੇਰੇ ਜਨੂੰਨ ਦਾ ਲਾਵਾ, ਬੇਕਾਬੂ ਹੋ ਗਿਆ। ਇਥੇ (ਕਨੇਡਾ-ਟੋਰੰਟੋ) ਦੇ ਹੀ ਕੁੱਝ ਲੋਕਲ ਕਲਾਕਾਰ ਤੇ ਟੈਕਨੀਸ਼ੀਅਨ ਨੂੰ ਲੈ ਕੇ ਮੈਂ ਇੱਕ ਟੈਲੀ ਫ਼ਿਲਮ ਦੀ ਯੋਜਨਾ ਆਰੰਭ ਕੀਤੀ। ਜਿਸਦਾ ਪੰਜਾਬੀ ਵਰਜਨ "ਸਰਬੱਤ ਦਾ ਭਲਾ" ਤੇ ਇੰਗਲਿਸ਼ ਵਰਜਨ (Be-A-Friend) ਰੱਖਿਆ ਸੀ।

ਇਥੇ ਕਨੇਡਾ ਦੀ ਤੇਜ-ਤਰਾਰ ਤੇ ਚਕਾਚੌਂਧ ਵਾਲੀ ਜ਼ਿੰਦਗੀ ਦੀ ਦੌੜ ਵਿੱਚ ਜਾਣੋਂ ਹਰ ਬੰਦਾ ਅੰਨ੍ਹੇ ਵਾਹ ਦੌੜਿਆ ਜਾ ਰਿਹਾ ਹੈ। ਬੱਸ ਸਭ ਤੋਂ ਅੱਗੇ ਲੰਘਣ ਦੀ ਹੋੜ ਲੱਗੀ ਹੈ। ਭਾਂਵੇਂ ਕਿਨ੍ਹੇ ਹੀ ਆਪਣਿਆਂ, ਸਕੇ ਸੰਬੰਧੀਆਂ ਤੇ ਯਾਰਾਂ ਦੋਸਤਾਂ ਦੇ ਮੋਢਿਆਂ ਤੇ ਪੈਰ ਰੱਖਕੇ ਨਾ ਲੰਘਣਾ ਪਵੇ, ਕਿਸੇ ਨੂੰ ਕੋਈ ਅਹਿਸਾਸ ਨਹੀਂ ਕੋਈ ਕਰੀਚ ਨਹੀਂ। ਕੋਈ ਵੀ ਨਮੋਸ਼ੀ ਨਹੀਂ। ਬੱਸ ਕਿਸੇ ਵੀ ਤਰ੍ਹਾਂ ਅਮੀਰੀ ਦੀ ਦੌੜ ਵਿੱਚ ਸਭ ਨਾਲੋਂ ਅੱਗੇ ਆਉਣਾ ਹੈ। ਤੇ ਫੇਰ ਆਪਣੇ ਹੰਕਾਰ ਤੇ ਈਰਖਾ ਨੂੰ ਪੱਠੇ ਪਾਉਣੇ ਨੇ, ਇੱਕ ਬਾਰ ਆਪਣੇ ਸ਼ਰੀਕੇ ਨੂੰ ਨੀਵਾਂ ਦਿਖਾਉਣ ਲਈ ਭਾਂਵੇਂ ਆਪਣੀ ਜ਼ਮੀਰ ਤੇ ਆਤਮਾਂ ਨਿੱਘਰ ਕੇ ਬੇਸ਼ੱਕ ਹਮੇਸ਼ਾ ਲਈ ਪਾਤਾਲ ਵਿੱਚ ਧੱਸ ਜਾਏ। ਬੱਸ ਇੱਕ ਬਾਰ ਕਿਵੇਂ ਵੀ ਰਾਤੋ ਰਾਤ ਵਧੀਆ ਮਹਿਲ ਮਾੜ੍ਹੀਆਂ ਖੜੀਆਂ ਹੋ ਜਾਣ। ਭਾਂਵੇਂ ਆਪਣੀ ਔਲਾਦ ਦੇ ਪਿਆਰ ਤੇ ਸਤਿਕਾਰ ਤੋਂ ਹਮੇਸ਼ਾਂ ਲਈ ਸੱਖਣੇ ਹੋ ਜਾਈਏ। ਬੱਸ ਸਦਾ ਸਾਡੇ ਬੈਂਕਾਂ ਦੇ ਖਾਤੇ ਰੱਜੇ ਰਹਿਣ। ਚਾਹੇ ਆਪਣੇ ਫ਼ਰਜਾਂ ਨਾਲ ਅਣਗਹਿਲੀ ਕਰਕੇ, ਸਾਡੀਆਂ ਧੀਆਂ, ਭੈਣਾਂ, ਬੀਵੀਆਂ, ਕੁਰਾਹੇ ਪੈ ਜਾਣ ਪਰ ਪਿੱਛੇ ਪੰਜਾਬ (ਭਾਰਤ) ਵਿਚ ਸਾਡੀ ਫੋਕੀ ਸ਼ੋਹਰਤ ਦੇ ਝੰਡੇ ਜ਼ਰੂਰ ਗੱਡੇ ਰਹਿਣ। ਬੱਸ ਕਿਸੇ ਤਰ੍ਹਾਂ ਰਾਤੋ-ਰਾਤ ਪੁਰਾਣੀ ਜੱਦੀ ਪੁਸ਼ਤੀ ਗਰੀਬੀ ਦੀ ਕਾਲੀ ਸੂਚੀ ਵਿਚੋਂ ਨਾਂ ਖਾਰਿਜ ਹੋ ਜਾਵੇ ਅਤੇ ਸਾਡੇ ਤੇ ਖ਼ਾਨਦਾਨੀ ਅਮੀਰੀ ਦਾ ਸਦਾ ਲਈ ਪੱਕਾ ਲੇਬਲ ਲੱਗ ਜਾਏ।

ਇਸ ਸ਼ੁਭ ਕਾਰਜ ਲਈ ਆਪਣੇ ਹੀਣਤਾ ਭਾਵ ਤੋਂ ਡਰਦੇ ਸਭ ਨਾਲੋਂ ਪਹਿਲਾ ਸਾਡਾ ਆਪਣੀ ਪੰਜਾਬੀ ਮਾਂ ਬੋਲੀ ਤੋਂ ਮੂੰਹ ਫੇਰਨਾ। ਫੇਰ ਆਪਣੇ ਉਚੇ ਸੁਚੇ ਸੰਸਕਾਰ ਤੇ ਸਭਿਆਚਾਰ ਨੂੰ ਤਿਲਾਂਜਲੀ ਦੇਣੀ, ਤੀਜੇ ਆਪਣੇ ਰੱਜੇ ਪੁੱਜੇ ਸਾਦੇ ਖਾਣ ਪੀਣ ਦੇ ਅੰਦਾਜ਼ ਨੂੰ ਜਾਹਿਲ ਤੇ ਘਟੀਆ ਮਹਿਸੂਸ ਕਰਨਾ ਤੇ ਫੇਰ ਧੱਕੇ ਨਾਲ ਵਲੈਤੀਆਂ ਦੇ ਚੂੱਤੜ ਚੱਟਣੇ, ਐਵੇਂ ਦੇਸੀ ਕੁੱਕੜੀ ਤੇ ਵਲੈਤੀ ਠੂੰਗੇ ਮਾਰੀ ਜਾਣੇ। ਕਿਹੋ ਜਿਹੇ ਵੀ ਕੁਕਰਮ ਕਰਨੇ ਪੈਣ, ਪਰ ਛੇਤੀ ਤੋਂ ਛੇਤੀ ਕਰੜਝੋਟ ਵਲੈਤਿਏ ਲੱਗੀਏ; ਨਾਂ ਹੀ ਕੋਲ ਦੇਸੀਪੁਣੇ ਦੀ ਅਪਣੱਤ ਰਹੀ ਨਾਂ ਹੀ ਅੱਗੋਂ ਵਲੈਤੀਆਂ ਨੇ ਮੂੰਹ ਲਾਏ। ਭਾਂਵੇਂ ਕਿਸੇ ਤਰ੍ਹਾਂ ਨਾਲ ਮਾੜੀ ਮੋਟੀ ਤਨ ਦੀ ਅਮੀਰੀ ਤਾਂ ਹਾਸਿਲ ਕਰ ਲਈ ਪਰ ਪੰਜਾਬੀ ਰੂਹ ਤੇ ਜ਼ਮੀਰ ਵੱਲੋਂ ਮੂਲੋਂ ਹੀ ਕੰਗਾਲ ਹੋ ਗਏ। ਹੁਣ ਪਛਤਾਏ ਕੀ ਬਣੇ ਜਦ ਚਿੜਾ ਚੁਗ ਗਿਆ ਸਾਰਾ ਖੇਤ।

ਸੋ ਅਮੀਰ ਮੁਲਕ (ਕਨੇਡਾ) ਦੇ ਤਾਜੇ ਤਾਜੇ ਤਨ ਦੇ ਤਲ ਤੇ ਬਣੇ ਅਮੀਰਾਂ ਨੇ ਕਿਵੇਂ ਆਪਣੀਆਂ ਰੂਹਾਂ ਰੂਹਾਨੀਅਤ, ਅਪਣੱਤ, ਸਤਿਕਾਰ, ਆਪਸੀ ਭਾਈਚਾਰਾ, ਸਭ ਇਸ ਸ਼ਾਨੋਸ਼ੌਕਤ ਲਈ ਗਿਰਵੀ ਤਾਂ ਧਰ ਦਿੱਤਾ ਪਰ ਹੁਣ ਚਿੰਤਤ ਨੇ ਆਪਣੇ ਬੱਚਿਆਂ ਦੀ ਫਰਮਾਬਰਦਾਰੀ, ਧਾਰਮਿਕ ਸਾਂਝ ਦਮ ਤੋੜ ਰਹੇ ਆਪਣੇ ਸਕਿਆਂ ਸੰਬੰਧੀਆਂ ਦੀ ਲਿਹਾਜ ਲਈ। ਆਪਣੇ ਵੱਡਿਆਂ ਬਜ਼ੁਰਗਾਂ ਦੇ ਸਤਿਕਾਰ ਲਈ, ਤਕਰੀਬਨ ਅੱਜ ਇਹ ਤਿੜਕਦੇ ਰਿਸ਼ਤਿਆਂ ਦਾ ਸੰਤਾਪ, ਕਨੇਡਾ ਦਾ ਹਰ ਟੱਬਰ ਹੰਢਾ ਰਿਹਾ ਹੈ। ਅੱਜ ਆਪਹੁੱਦਰੀ ਹੋਈ, ਬੇਬਾਕ, ਬੇਸ਼ਰਮ, ਬੇਕਾਬੂ ਹੋਈ ਔਲਾਦ, ਏਨੀਂ ਬੁਰੀ ਤਰ੍ਹਾਂ ਪੱਛਮੀ ਸਭਿਅਤਾ ਦੇ ਵਹਿਣ ਵਿੱਚ ਰੁੜ੍ਹੀ ਜਾ ਰਹੀ ਹੈ, ਜਿਸ ਸਾਰੇ ਹੱਦਾਂ ਬੰਨੇ ਰੋੜ੍ਹਕੇ ਜਾਣੋਂ ਅੱਜ ਪੰਜਾਬੀ ਤਹਿਜ਼ੀਬ ਨੂੰ ਬੁਰੀ ਤਰ੍ਹਾਂ ਨਾਲ ਲਹੂ ਲੁਹਾਨ ਕਰ ਦਿੱਤਾ ਹੈ। ਸੋ ਅੱਜ ਦੀ ਤਾਰੀਖ ਵਿੱਚ ਇਥੇ ਹਰ ਰਿਸ਼ਤਾ ਤੇ ਅਹਿਸਾਸ ਪੂਰੀ ਤਰ੍ਹਾਂ ਲਾਚਾਰ ਹੈ। ਅੰਦਰੋ-ਅੰਦਰੀਂ ਖ਼ਾਸ ਕਰਕੇ ਹਰ ਪੰਜਾਬੀ ਆਪਣੀ ਗ਼ੈਰਤ ਲਈ ਸਿਰਫ਼ ਝੂਰ ਰਿਹਾ ਹੈ। ਪਰ ਕਰ ਕੁੱਝ ਵੀ ਨਹੀਂ ਰਿਹਾ।

ਕਿਤੇ ਵੀ ਬੱਚਿਆਂ ਤੇ ਮਾਪਿਆਂ ਵਿੱਚ ਕੋਈ ਆਪਸੀ ਤਾਲ ਮੇਲ ਨਹੀਂ ਰਿਹਾ। ਬੱਸ ਸਾਰੇ ਹੀ ਫਰਜ਼ੀ-ਫਰਜ਼ਾਂ ਵਿੱਚ ਨਰੜੇ ਹੋਏ ਨੇ। ਸਾਰੇ ਮਾਪੇ ਬੇਸ਼ਰਮਾਂ ਵਾਂਗ ਗੰਢੇ ਵੀ ਖਾਈ ਜਾਂਦੇ ਨੇ ਤੇ ਛਿੱਤਰ ਵੀ।

ਸੋ ਅਸੀਂ ਇਸ ਉਲਝੀ ਤਾਣੀ ਨੂੰ ਸੁਲਝਾਉਣ ਲਈ ਇੱਕ ਨਿਮਾਣੀ ਜਿਹੀ ਕੋਸ਼ਿਸ਼ ਕਰਕੇ ਦੇਖੀ ਸੀ। ਕਿਵੇਂ ਦੋ ਵਿੱਛੜੇ ਕਿਨਾਰਿਆਂ ਤੇ ਆਪਸੀ ਸਾਂਝ ਦਾ ਮੁੜਕੇ ਪੁਲ ਉਸਾਰੀਏ। ਤੇ ਕਿਵੇਂ ਏਡੇ ਵੱਡੇ ਈਰਖਾ-ਕਲੇਸ਼ ਦੇ ਪਾੜੇ ਨੂੰ ਪੂਰੀਏ। ਕਿਵੇਂ ਟੁੱਟੇ ਰਿਸ਼ਤਿਆਂ ਨੂੰ ਮੁੜ ਕੇ ਸੁਰਜੀਤ ਕਰਨ ਲਈ ਮਾਪਿਆਂ ਤੇ ਬੱਚਿਆਂ ਦਾ ਆਪਸੀ ਤਾਲ ਮੇਲ ਬਿਠਾਈਏ।

ਸਭ ਨਾਲੋਂ ਪਹਿਲਾਂ ਅਸੀਂ ਬਾਬੇ ਨਾਨਕ ਦੇ ਅਮਰ ਸੰਦੇਸ਼, ਸਰਬੱਤ ਦਾ ਭਲਾ ਵਿੱਚ ਹੀ ਸਭ ਭਲਾ ਲੋਚ ਸਕਦੇ ਹਾਂ। ਆਪਣੀ ਡਫ਼ਲੀ ਤੇ ਆਪਣਾ ਹੀ ਰਾਗ ਗਾ ਗਾ ਕੇ ਸਿਰਫ਼ ਆਪਣੀ ਮੈਂ ਨੂੰ ਪੱਠੇ ਪਾਉਣ ਨਾਲੋਂ ਤਾਂ ਅਸੀਂ ਸਾਰੇ ਪਹਿਲਾਂ ਸਿਰਫ਼ ਮਨੁੱਖਤਾ ਨੂੰ ਪਹਿਲ ਦੇਈਏ। "ਮਾਨਸ ਕੀ ਜਾਤ ਸਭੇ ਏਕ" ਬੰਦੇ ਦੇ ਗੁਣਾਂ ਨੂੰ ਪਹਿਚਾਣੀਏ। ਦੂਜੇ ਧਰਮਾਂ ਤੇ ਸਭਿਅਤਾਵਾਂ ਦਾ ਵੀ ਸਤਿਕਾਰ ਕਰਨਾ ਸਿੱਖੀਏ। ਜੇ ਅਸੀਂ ਰਲਕੇ ਵਿਸ਼ਾਲ ਸਮੁੰਦਰ ਪਾਰ ਕਰਨੇ ਨੇ ਤਾਂ ਸਾਨੂੰ ਪਹਿਲਾਂ ਆਪਣੇ ਰੂੜ੍ਹੀਵਾਦ ਛੱਪੜਾਂ ਦਾ ਖਹਿੜਾ ਛੱਡਣਾ ਪਵੇਗਾ। ਆਪਣੇ ਹੰਕਾਰ ਤੇ ਅਹਮ ਨੂੰ ਤਜਕੇ ਅਸੀਂ ਵੀ ਬਾਬੇ ਨਾਨਕ ਵਾਂਗ, ਨਿਮਰਤਾ ਨਾਲ ਆਪਣੇ ਤੋਂ ਨੀਵਿਆਂ ਨੂੰ ਗਲ ਲਾਉਣਾ ਸਿੱਖੀਏ। ਇਸ ਲਈ ਤਾਂ "Be-a-Friend" ਦਾ ਫਾਰਮੂਲਾ ਬੜਾ ਹੀ ਗੁਣਕਾਰੀ ਤੇ ਕਾਮਯਾਬ ਹੈ। ਸਭ ਨੂੰ ਆਪਣਾ ਦੋਸਤ ਬਣਾਉਣ ਦੀ ਅਦਾ ਪੈਦਾ ਕਰੋ। ਰਿਸ਼ਤੇ ਅਕਸਰ ਟੁੱਟਦੇ ਤੇ ਤੋੜਦੇ ਨੇ, ਦੋਸਤ ਹਮੇਸ਼ਾ ਹੀ ਜੋੜਦੇ ਨੇ, ਸੱਚੀ ਦੋਸਤੀ ਵਿੱਚ ਕਦੇ ਈਰਖਾ ਨਹੀਂ ਆਉਂਦੀ ਸਗੋਂ ਇੱਕ ਦੂਜੇ ਤੇ ਵਿਸ਼ਵਾਸ ਹੁੰਦਾ ਹੈ। ਦੋਸਤ ਹਮੇਸ਼ਾਂ ਦੋਸਤ ਦੀ ਸੁੱਖ ਹੀ ਮੰਗਦਾ ਹੈ। ਪਰ ਰਿਸ਼ਤੇਦਾਰੀ ਹਮੇਸ਼ਾਂ ਆਪਣੇ ਹੱਕ ਮੰਗਦੀ ਏ। ਹੱਕ ਕਦੇ ਤਿਆਗ ਨਹੀਂ ਕਰਦਾ, ਸਗੋਂ ਖੋਹਣ ਦੀ ਆਦਤ ਪਾਉਂਦਾ ਹੈ। ਖੋਹਣਾ ਤੇ ਲੁੱਟਣਾ ਕਲੇਸ਼ਾਂ ਦੇ ਘਰ ਨੇ। ਕਦੇ ਸ਼ਾਂਤੀ ਦੇ ਨਹੀਂ ਹੋ ਸਕਦੇ। ਮਾਂ ਪੁੱਤ, ਭਰਾ ਭਰਾ, ਭੈਣਾਂ ਭੈਣਾ, ਪਤੀ ਪਤਨੀ, ਜਦ ਆਪਸੀ ਰਿਸ਼ਤਿਆਂ ਤੋਂ ਉਠਕੇ ਸਿਰਫ਼ ਦੋਸਤ ਬਣ ਜਾਂਦੇ ਨੇ (Be-a-Friend) ਫੇਰ ਉਨ੍ਹਾਂ ਦੀ ਆਪਸੀ ਗੱਲ ਬਾਤ ਤੇ ਸਾਂਝ ਏਨੀ ਬੇਤਕੱਲੁਫ਼, ਬੇਖ਼ੌਫ਼ ਹੋ ਜਾਂਦੀ ਏ ਜੋ ਫਿਰ ਆਸਾਨੀ ਨਾਲ ਵੱਡੀ ਤੋਂ ਵੱਡੀ ਜਟਿਲ ਸਮੱਸਿਆ ਦਾ ਹੱਲ ਪਲਾਂ ਛਿਨਾਂ ਵਿੱਚ ਲੱਭ ਲੈਂਦੇ ਨੇ। ਫੇਰ ਉਨ੍ਹਾਂ ਦੀ ਆਪਸੀ ਸਾਫ਼ ਸੁੱਥਰੀ ਦੋਸਤੀ ਵਿੱਚ ਐਵੇਂ ਕੋਈ ਨਿੰਦਕ ਪਾੜਾ ਪਾ ਕੇ ਆਪਣੇ ਨਿੱਜੀ ਲਾਭ ਨਹੀਂ ਉਠਾ ਸਕਦਾ। ਸੋ ਇਸ ਸ਼ੁਭ ਕਾਰਜ ਲਈ ਹਮੇਸ਼ਾ ਪਹਿਲ ਸਾਨੂੰ ਵੱਡਿਆਂ ਨੂੰ ਅਪਾਣੇ ਬੱਚਿਆਂ ਨਾਲ ਕਰਨੀ ਚਾਹੀਦੀ ਹੈ। ਸਾਨੂੰ ਹਮੇਸ਼ਾਂ ਬੱਚਿਆਂ ਦਾ ਦੋਸਤ ਬਣ ਕੇ, ਅਪਣੱਤ ਨਾਲ ਉਨ੍ਹਾਂ ਦਾ ਯਕੀਨ ਜਿੱਤਣਾ ਚਾਹੀਦਾ ਹੈ ਤਾਂ ਕਿ ਉਹ ਸਾਡੇ ਨਾਲ ਕਦੇ ਵੀ ਕਿਸੇ ਵੀ ਔਕੜ ਦੀ ਸਾਂਝ ਪਾ ਕੇ ਬੇਝਿਜਕ ਗੱਲ ਬਾਤ ਕਰ ਸਕਦੇ ਨੇ ਤੇ ਅਸੀਂ ਵੱਡੇ ਪੂਰੇ ਠਰ੍ਹੰਮੇ ਨਾਲ ਪਹਿਲਾਂ ਬੱਚਿਆਂ ਦੀ ਸਾਰੀ ਗੱਲ ਸੁਣੀਏ ਤੇ ਸਦਾ ਹੀ ਆਪਦੀ ਦੋਸਤੀ ਦੇ ਤਲ ਤੱਕ ਰਹਿ ਕੇ ਹੀ ਉਸ ਔਕੜ ਦਾ ਰਲਕੇ ਹੱਲ ਸੋਚੀਏ। ਕਦੇ ਵੀ ਤੈਸ਼ ਵਿੱਚ ਆ ਕੇ ਆਪਣੀ ਬਜ਼ੁਰਗੀ ਦਾ ਰੋਹਬ ਨਾ ਘਸੋੜੀਏ। ਸੋ ਇਸ ਤਰ੍ਹਾਂ ਤੁਸੀਂ ਬੱਚਿਆਂ ਨਾਲ ਸਹਿਜੇ ਸਹਿਜੇ ਆਪਣੀ ਅਪੱਣਤ ਦੀ ਸਾਂਝ ਪਾ ਸਕਦੇ ਹੋ। ਜਿਵੇਂ ਕੁਨੀਨ ਦੀ ਦਵਾਈ ਅਕਸਰ ਸ਼ੱਕਰ ਚਾੜ ਕੇ ਸੌਖੀ ਖੁਆਈ ਜਾਂਦੀ ਹੈ ਇਸੇ ਤਰ੍ਹਾਂ ਹੌਲੀ ਹੌਲੀ ਤੁਸੀਂ ਆਪਣਾ ਭਰੋਸਾ ਜਿੱਤ ਕੇ, ਉਨ੍ਹਾਂ ਨੂੰ ਆਪਣੀ ਤਹਿਜ਼ੀਬ ਦਾ ਵੀ ਚਸਕਾ ਪਾ ਸਕਦੇ ਹੋ। ਉਸ ਲਈ ਸਭ ਨਾਲੋਂ ਪਹਿਲਾਂ ਆਪਣੇ ਬੱਚਿਆਂ ਨਾਲ ਆਪਣੀ ਪੰਜਾਬੀ ਮਾ ਬੋਲੀ ਦੀ ਸਾਂਝ ਹਮੇਸ਼ਾਂ ਤੋਂ ਹੀ ਬਣਾਈ ਰੱਖੋ। ਇੱਕ ਦਿਨ ਇਹੀ ਮਾਂ ਬੋਲੀ ਦੀ ਸਾਂਝ, ਕੱਲ੍ਹ ਨੂੰ ਤੁਹਾਡੇ ਬੀਤੇ ਹੋਏ ਕੱਲ੍ਹ ਤੇ ਆਉਣ ਵਾਲੇ ਕੱਲ੍ਹ ਵਿੱਚ ਇੱਕ ਪੁਲ ਬਣ ਸਕਦੀ ਹੈ।

ਅਸੀਂ ਕਿਸੇ ਵੀ ਦੇਸ, ਕੌਮ ਦੀ ਸਭਿਅਤਾ ਅਤੇ ਉਸਦੀ ਤਰੱਕੀ ਖ਼ਿਲਾਫ਼ ਨਹੀਂ; ਦੁਨੀਆਂ ਵਿੱਚ ਹਰ ਇੱਕ ਨੂੰ ਵੱਧਣ ਫੁੱਲਣ ਤੇ ਆਪਣਾ ਨਾਮੜਾ ਖੱਟਣ ਦਾ ਜਨਮਸਿੱਧ ਅਧਿਕਾਰ ਹੈ। ਕੀ ਤੁਸੀਂ ਇਸ ਸ਼ਹੁਰਤ ਤੇ ਐਸ਼ ਆਰਾਮ ਦੀ ਜ਼ਿੰਦਗੀ ਲਈ ਕਿਤੇ ਅਪਾਣਾ ਵਿਰਸਾ ਤੇ ਔਲਾਦ ਤਾਂ ਦਾਅ ਤੇ ਨਹੀਂ ਲਾ ਦਿੱਤੀ? ਹੜ੍ਹ ਦਾ ਪਾਣੀ ਹਮੇਸ਼ਾ ਫ਼ਸਲਾਂ ਨੂੰ ਰੋੜਦਾ ਹੈ। ਸਹਿਜਤਾ ਦੇ ਨਿੰਮੇ ਨਿੰਮੇ ਸਿੰਜਣ ਨਾਲ ਹਰ ਫ਼ਸਲ ਪਰਵਾਨ ਚੜ੍ਹਦੀ ਹੈ ਤੇ ਫ਼ਲਦੀ ਫੁਲਦੀ ਹੈ।

ਸੋ ਅਸੀਂ ਇਥੇ (ਕਨੇਡਾ) ਦੇ ਸੁਲਗਦੇ ਮਸਲਿਆਂ ਨੂੰ ਸੁਲਝਾਉਣ ਲਈ ਇਥੇ ਦੇ ਹਾਲਾਤਾਂ ਤੇ ਦੁਖਾਂਤਾਂ ਵਿੱਚ ਓਤ-ਪ੍ਰੋਤ ਕਰਕੇ ਇੱਕ ਕਹਾਣੀ ਸਿਰਜੀ। ਸੋ ਇੱਥੋਂ ਦੇ ਸਮਾਜਿਕ ਸਮੁੰਦਰ ਵਿੱਚ ਦੋ ਨੇਕੀ ਬਦੀ ਦੀਆਂ ਬੇੜੀਆਂ ਉਤਾਰੀਆਂ। ਜਾਣੋਂ ਦੋ ਵੱਖ ਵੱਖ ਪਰਿਵਾਰਾਂ ਦਾ ਜੀਵਨ ਸਿਰਜਿਆ। ਉਨ੍ਹਾਂ ਦੇ ਆਪਣੇ ਆਪਣੇ ਸੰਸਕਾਰ-ਵਿਹਾਰ ਤੇ ਜੀਊਣ ਦੀ ਅਦਾ ਵੀ ਵੱਖਰੀ-ਵੱਖਰੀ ਸਿਰਜੀ। ਕਿਵੇਂ ਇੱਕ ਪਰਿਵਾਰ ਦੇ ਬੰਦੇ ਰਾਤੋ ਰਾਤ ਅਮੀਰ ਹੋਣ ਦੇ ਚੱਕਰ ਵਿੱਚ ਆਪਣੇ ਸਭ ਨਾਲੋਂ ਵਧੀਆ ਤੇ Fully Paidup ਵੱਡੇ ਘਰ ਤੇ ਥੱਲੇ ਮਹਿਗੀਆਂ ਉੱਚੇ ਬਰਾਂਡ ਦੀਆਂ ਸ਼ਾਹੀ ਕਾਰਾਂ ਹੋਣ। ਅਕਸਰ ਹਰ ਜਾਇਜ਼ ਤੇ ਨਾਜਾਇਜ਼ ਤਰੀਕਾ ਅਪਣਾਉਣੋਂ ਰਤਾ ਵੀ ਨਹੀਂ ਕਤਰਾਉਂਦੇ। ਦੋ ਦੋ ਸ਼ਿਫਟਾਂ ਕੰਮ ਕਰਕੇ ਵੀ ਕਿਵੇਂ ਬੱਚਿਆਂ ਦੇ ਪਾਲਣ ਪੋਸ਼ਣ, ਮੋਹ ਸਤਿਕਾਰ, ਤੇ ਆਪਸੀ ਅਪਣੱਤ ਤੋਂ ਸੱਖਣੇ ਰਹਿ ਜਾਂਦੇ ਨੇ। ਪਰ ਫੇਰ ਵੀ ਢੀਠਾਂ ਵਾਂਗ ਹਰ ਵੇਲੇ ਆਪਣੀ ਇਹੀ ਗਲਤਫ਼ਹਿਮੀ ਨੂੰ ਹੀ ਪੱਠੇ ਪਾਈ ਜਾਂਦੇ ਨੇ। ਜੇ ਅਸੀਂ ਟੁੱਟ ਟੁੱਟ ਮਰਦੇ ਹਾਂ ਤਾਂ ਸਿਰਫ਼ ਬੱਚਿਓ ਤੁਹਾਡੇ ਲਈ ਅਸੀਂ ਕਮਾ ਕਮਾ ਕੇ ਡਾਲਰਾਂ ਦੇ ਢੇਰ ਲਾ ਦਿੱਤੇ ਨੇ, ਉਹ ਵੀ ਤੁਹਾਡੇ ਲਈ। ਅਸੀਂ ਤੁਹਾਨੂੰ ਦੁਨੀਆਂ ਭਰ ਦੇ ਐਸ਼ੋ ਅਰਾਮ ਖਰੀਦ ਕੇ ਦਿੱਤੇ ਨੇ। ਅਸੀਂ ਅੱਜ ਦੇ ਨਾਲ ਨਾਲ ਤੁਹਾਡਾ ਕੱਲ੍ਹ ਆਉਣ ਵਾਲਾ ਭਵਿੱਖ ਵੀ ਸੁਰੱਕਸ਼ਿਤ ਕਰ ਦਿੱਤਾ ਹੈ। ਕੀ ਹੋਇਆ ਜੇ ਅਸੀਂ ਆਪ ਘਰ ਰਹਿ ਕੇ ਤੁਹਾਡੀ ਹੱਥੀਂ ਪਰਵਰਿਸ਼ ਨਹੀਂ ਕਰ ਸਕੇ, ਪਰ ਸਾਨੂੰ ਸਤਿਕਾਰਦੇਣਾ ਤੇ ਆਗਿਆਕਾਰੀ ਹੋਣਾ ਤੁਹਾਡਾ ਫ਼ਰਜ਼ ਬਣਦਾ ਹੈ। ਬਸ ਇੱਥੇ ਆਲੇ ਸਾਡੇ ਪੰਜਾਬੀ ਮਾਪੇ ਥਾਪ ਖਾ ਜਾਂਦੇ ਨੇ ਕਿ ਸੰਸਕਾਰ ਤੇ

ਸਤਿਕਾਰ ਕਿਤੋਂ ਖਰੀਦ ਕੇ ਨਹੀਂ ਦਿੱਤੇ ਜਾ ਸਕਦੇ। ਇਹ ਤਾਂ ਬੱਚਿਆਂ ਦੇ ਨਾਲ ਨਾਲ ਵਿਚਰਕੇ ਹੀ ਮਿਲਦੇ ਨੇ। ਕਿਵੇਂ ਮਾਂ ਪਿਓ ਦੀ ਛਤਰ ਛਾਇਆ ਬਿਨਾਂ ਕੋਲ ਸਭ ਕੁੱਝ ਹੁੰਦਿਆਂ ਵੀ ਅਭਾਗੇ ਬੱਚੇ ਕੁਰਾਹੇ ਪੈ ਜਾਂਦੇ ਨੇ। ਭੈੜੀ ਕੁਸ਼ਗਤ ਵਿੱਚ ਪੈ ਕੇ, ਸਾਰੇ ਜਹਾਨ ਦੇ ਐਬ ਸਹੇੜ ਲੈਂਦੇ ਨੇ। ਲੋਭੀ ਮਾਂ ਪਿਓ ਵਾਂਗੂੰ ਉਹ ਵੀ ਲੋਭੀ, ਸਵਾਰਥੀ, ਘਮੰਡੀ ਤੇ ਚਿੜਚਿੜੇ ਬਣਾ ਜਾਂਦੇ ਨੇ। ਅੰਤ ਨੂੰ ਇਸ ਆਪਹੁਦਰੇ ਪਰਿਵਾਰ ਦੀ ਲਾਡਲੀ ਤੇ ਬੇਲਗਾਮ ਗੁਸਤਾਖ਼ ਕੁੜੀ ਇੱਕ ਕਾਲ ਗਰਲ ਬਣ ਕੇ ਰਹਿ ਜਾਂਦੀ ਹੈ ਤੇ ਵੱਡਾ ਮੁੰਡਾ ਤਾਜ਼ਾ ਤਾਜ਼ ਘਰਦਿਆਂ ਦਾ ਬਣਾਇਆ ਪ੍ਰਿੰਸ ਉਬਲਿਆ ਉਬਲਿਆ ਚੱਟਦਾ, ਇੱਕ ਦਿਨ ਨਸ਼ੱਈ ਗੈਂਗ ਵਿੱਚ ਉਲਝ ਕੇ ਰਹਿ ਜਾਂਦਾ ਹੈ। ਫੇਰ ਨਿੱਤ ਗੈਂਗਾਂ ਦੀ ਆਪਸੀ ਦੁਸ਼ਮਣੀ ਤੇ ਗੋਲ਼ੀ ਬਾਜ਼ੀ, ਬਸ ਇੱਕ ਦਿਨ ਕਿਸੇ ਅਣਪਛਾਤੇ ਨਸ਼ੱਈ ਮੁੰਡੇ ਦੀ ਲਾਸ਼ ਪੁਲਿਸ ਘੜੀਸ ਕੇ ਲੈ ਗਈ। ਦੂਜੇ ਦਿਨ ਅਖ਼ਬਾਰਾਂ ਦੀ ਵੱਡੀ ਸੁਰਖ਼ੀ ਵਿੱਚ ਛਪੀ ਪੰਜਾਬੀ ਮੁੰਡੇ ਦੀ ਤਸਵੀਰ ਨੇ ਸਾਰੇ ਪੰਜਾਬੀ ਭਾਈਚਾਰੇ ਦੇ ਮੂੰਹ ਤੇ ਕਾਲਖ਼ ਪੋਚ ਦਿੱਤੀ। ਨਮੋਸ਼ੀ ਦਾ ਮਾਰਾ ਪਿਓ ਹਾਰਟ ਅਟੈਕ ਨਾਲ ਚੱਲ ਬਸਿਆ ਤੇ ਮਮਤਾ 'ਚ ਅੱਨ੍ਹੀਂ ਹੋਈ ਮਾਂ ਨੀਮ ਪਾਗਲ ਹੋ ਗਈ ਤੇ ਛੋਟੇ ਨਾਬਾਲਗ ਮੁੰਡੇ ਨੂੰ ਬੱਚਿਆਂ ਦੀ (ਸੁਧਾਰ ਕੇਂਦਰ) ਜਲ੍ਹ ਵਿੱਚ ਡੱਕ ਦਿੱਤਾ। ਦੂਜੇ ਪਾਸੇ ਇੱਕ ਸਬਰ, ਸੰਤੋਖ, ਸਿਦਕ ਨਾਲ ਜੀਊਣ ਵਾਲੇ ਮਾਪੇ ਰੁੱਖੀ ਮਿੱਸੀ ਖਾਕੇ, ਉਚਾ ਸੁੱਚਾ ਜੀਵਨ ਜੀਊਣ ਵਾਲੇ ਹਿੰਮਤੀ ਮਾਪੇ ਆਪਣੀਆਂ ਕਦਰਾਂ ਕੀਮਤਾਂ ਨਾਲ ਜੁੜੇ ਰਹਿੰਦੇ ਨੇ। ਉਨ੍ਹਾਂ ਦੀ ਕੁੜੀ ਯੂਨੀਵਰਸਿਟੀ ਵਿੱਚ ਟੌਪ ਕਰਕੇ ਸਰਕਾਰੀ ਵਜ਼ੀਫ਼ੇ ਨਾਲ ਵਕਾਲਤ ਪਾਸ ਕੀਤੀ ਤੇ ਸਾਰੇ ਪੰਜਾਬੀਆਂ ਤੇ ਆਪਣੇ ਮਾਂਪਿਆਂ ਦਾ ਨਾਂ ਉ੍ਚਾ ਕਰ ਦਿੱਤਾ। ਫੇਰ ਉਸ ਕੁੜੀ ਨੇ ਗੋਰਿਆਂ ਦੇ ਵਰਲਡ ਚੈਨਲ ਉੱਤੇ ਜਾ ਕੇ ਆਪਣੀ ਇੰਟਰਵਿਊ ਵਿੱਚ ਇੱਕ ਪ੍ਰਣ ਲਿਆ ਕਿ ਮੈਂ ਸਾਰੀ ਉਮਰ ਮਨੁੱਖਤਾ ਦੀ ਸੇਵਾ ਕਰਾਂਗੀ, ਹਰ ਮਜਲੂਮ ਦੇ ਹੱਕ ਲਈ ਲੜਾਂਗੀ, ਭਾਂਵੇਂ ਉਹ ਕਿਸੇ ਵੀ ਰੰਗ ਨਸਲ ਦਾ ਹੋਵੇ। ਭਾਂਵੇਂ ਉਹ ਤੇ ਉਸਦੇ ਗਰੀਬ ਮਾਪੇ ਅੱਜ ਵੀ ਕਿਸੇ ਕਿਰਾਏ ਦੇ ਘਰ ਵਿੱਚ ਰਹਿੰਦੇ ਨੇ ਪਰ ਉਹ ਆਪਣੀ ਅਮੀਰ ਤੇ ਹੋਣਹਾਰ ਔਲਾਦ ਨਾਲ ਮਾਲਾਮਾਲ ਨੇ।

ਇੱਥੇ ਅਸੀਂ ਬਾਬੇ ਨਾਨਕ ਜੀ ਦੇ ਹੀ ਇੱਕ ਫ਼ਲਸਫੇ ਮੁਤਾਬਿਕ ਚੰਗੇ ਬੰਦਿਓ ਤੁਸੀਂ ਉ੍ਜੜ ਜਾਓ ਅਤੇ ਮਾੜੇ ਉਥੇ ਹੀ ਵਸਦੇ ਰਹਿਨ। ਤੇ ਤੁਸੀਂ ਪਰਦੇਸਾਂ ਵਿੱਚ ਆ ਕੇ ਬਾਬੇ ਨਾਨਕ ਦੇ ਸੁਪਨੇ ਸਾਕਾਰ ਕਰਨੇ ਨੇ। ਕਿਵੇਂ ਚੰਗਾ ਨਾਮਣਾ ਖੱਟਣਾਂ ਹੈ, ਕਿਵੇਂ ਆਪਣੀ ਤਹਿਜ਼ੀਬ ਤੇ ਸੰਸਕਾਰਾਂ ਨਾਲ ਮਨੁੱਖਤਾ ਦੀ ਸੇਵਾ ਕਰਨੀ ਹੈ ਤੇ ਹਮੇਸ਼ਾ "ਸਰਬੱਤ ਦਾ ਭਲਾ" ਹੀ ਮੰਗਣਾ ਹੈ। ਹੋਛੇ ਬਣਕੇ ਪੰਜਾਬੀਆਂ ਦਾ ਨਾਂ ਨਹੀਂ ਖ਼ਰਾਬ ਕਰਨਾ।

ਸੋ ਇਸੇ ਮੰਤਵ ਲਈ ਅਸੀਂ ਪੰਜਾਬ ਦੇ ਇੱਕ ਪਿੰਡ ਵਿਚੋਂ ਉਸ ਪਰਿਵਾਰ ਦੀ ਚੰਗੀ ਪਰਵਰਿਸ਼ ਲਈ ਉਨ੍ਹਾਂ ਦੇ ਇੱਕ ਬਜ਼ੁਰਗ ਦਾਦਾ ਜੀ ਨੂੰ ਕਨਾਡਾ ਲਿਆਂਦੇ ਹਾਂ ਤੇ ਫੇਰ ਉਹ ਬਾਬਾ ਕਿਵੇਂ ਹੌਲੀ ਹੌਲੀ ਆਪਣੇ ਸਦਗੁਣਾਂ ਨਾਲ ਉਸ ਬੱਚੇ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਕਿਵੇਂ ਬਾਬਾ ਉਸ ਬੱਚੇ ਨੂੰ ਧੀਰਜ ਨਾਲ ਸਬਰ-ਸੰਤੋਖ ਤੇ ਸਾਂਝੈ ਭਾਈਚਾਰੇ ਦਾ ਸਬਕ ਪੜਾਉਂਦਾ ਹੈ। ਬਾਬਾ ਕਦੇ ਉਸ ਬੱਚੇ ਨੂੰ ਹਿੱਕ ਨਾਲ ਲਾ ਲੈਂਦਾ ਹੈ। ਕਦੇ ਉਸਦੀ ਉਂਗਲੀ ਫੜਕੇ ਕਦੇ ਉਸ ਦੇ ਮਗਰ ਮਗਰ ਕਦੇ ਨਾਲ ਨਾਲ ਹੌਲੀ ਹੌਲੀ ਦਾਦਾ ਪੋਤਾ ਵਿੱਚ ਦੋਸਤੀ ਦਾ ਰਿਸ਼ਤਾ ਕਾਇਮ ਹੋ ਜਾਂਦਾ ਹੈ। ਇੱਕ ਦਿਨ ਬਾਬਾ ਆਪਣੇ ਪੋਤੇ ਦਾ ਪੂਰਾ ਭਰੋਸਾ ਜਿੱਤ ਲੈਂਦਾ ਹੈ। ਆਪਣੇ ਨਿੱਕੇ ਜਿਹੇ ਆੜੀ ਪੋਤੇ ਦੀਆਂ ਮਾਸੂਮ ਜ਼ਿਦਾਂ ਪਗਾਣੀਆਂ ਬਾਬੇ ਨੂੰ ਚੰਗੀਆਂ ਲਗਦੀਆਂ ਨੇ। ਹੌਲੀ ਹੌਲੀ ਬਾਬੇ ਨੇ ਪੋਤੇ ਨੂੰ ਬਾਬੇ ਨਾਨਕ ਦੀਆਂ ਛੋਟੀਆਂ ਛੋਟੀਆਂ ਰੋਚਕ ਗਾਥਾਵਾਂ ਸੁਣਾ ਸੁਣਾ ਕੇ ਪੋਤੇ ਦੇ ਦਿਲੋ ਦਿਮਾਗ ਵਿੱਚ ਬਾਬੇ ਨਾਨਕ ਬਾਰੇ ਵਧੇਰੇ ਹੋਰ ਜਾਨਣ ਦਾ ਉਤਸ਼ਾਹ ਪੈਦਾ ਕਰ ਦਿੱਤਾ। ਫੇਰ ਇੱਕ ਦਿਨ ਪੋਤੇ ਨੇ ਬਾਬੇ ਨੂੰ ਆਪ ਕਿਹਾ ਕਿ ਮੈਂ ਤੁਹਾਡੇ ਬਾਬੇ ਨਾਨਕ ਦਾ ਜਨਮ ਅਸਥਾਨ ਅਤੇ ਅੰਮ੍ਰਿਤਸਰ ਦਰਬਾਰ ਸਾਹਿਬ (Golden Temple) ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਇਹੀ ਪਰਿਵਰਤਨ ਤਾਂ ਬਾਬਾ ਆਪਣੇ ਪੋਤੇ ਵਿੱਚ ਚਾਹੁੰਦਾ ਸੀ। ਸੋ ਬਾਬਾ ਆਪਣੇ ਪੋਤੇ ਦੀ ਉਂਗਲੀ ਫੜ ਕੇ ਪਹਿਲਾਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਪਾਕਿਸਤਾਨ ਦੀ ਧਰਤੀ ਤੇ ਪਹੁੰਚਕੇ ਦਰਸ਼ਨ ਮੇਲਾ ਕਰਦੇ ਨੇ ਫੇਰ ਬਾਬਾ ਬਾਰਡਰ ਲੰਘ ਕੇ ਅੰਮ੍ਰਿਤਸਰ ਦੀ ਧਰਤੀ ਆਪਣੇ ਪੰਜਾਬ ਪਹੁੰਚ ਜਾਂਦੇ ਨੇ। ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿੱਚ ਬਾਬੇ ਦੀ ਅਚਾਨਕ ਤਬੀਅਤ ਖਰਾਬ ਹੋ ਜਾਂਦੀ ਹੈ ਪਰ ਪੋਤੇ ਨੂੰ ਪਵਿੱਤਰ ਸਰੋਵਰ ਵਿਜ ਚੁੱਭੀ ਮਾਰ ਕੇ ਸਾਰੀ ਸੋਝੀ ਆ ਜਾਂਦੀ ਹੈ। ਪੋਤਾ ਵਿਰਲਾਪ ਨਾਲ ਮਰਦੇ ਆਪਣੇ ਯਾਰ ਬਾਪੂ ਨੂੰ ਕਹਿੰਦਾ ਹੈ, "ਮੈਨੂੰ ਅੱਧ ਵਿਚਾਲੇ ਕਿਸਦੇ ਸਹਾਰੇ ਛੱਡ ਚੱਲੇ ਹੋ ਬਾਪੂ ਜੀ।" "ਮੇਰੇ ਬੱਚੇ, ਇੱਥੇ ਮੇਰੀ ਯਾਤਰਾ ਸਮਾਪਤ ਹੋ ਗਈ ਤੇ ਤੇਰੀ ਇੱਥੋਂ ਨਵੀਂ ਯਾਤਰਾ ਸ਼ੁਰੂ ਹੋ ਗਈ ਏ। ਅੱਜ ਤੈਨੂੰ ਅਜਿਹੇ ਦਾਤੇ ਦੇ ਲੜ ਲਾ ਚੱਲਿਆ ਹਾਂ ਜਿਸ ਤੋਂ ਬਾਅਦ ਤੈਨੂੰ ਕਦੇ ਕਿਸੇ ਹੋਰ ਸਹਾਰੇ ਦੀ ਲੋੜ ਹੀ ਨਹੀਂ ਰਹਿਣੀ।"

ਪਹਿਲਾਂ ਪੁੱਛ-ਪੁਛਾ ਕੇ ਉਹ ਬੱਚਾ ਬਾਬੇ ਦਾ ਮ੍ਰਿਤਕ ਸਰੀਰ ਆਪਣੇ ਜੱਦੀ ਪਿੰਡ ਲੈ ਕੇ ਜਾਂਦਾ ਹੈ। ਫੇਰ ਉੱਥੇ ਪਿੰਡ ਵਾਲਿਆਂ ਨਾਲ ਰਲਕੇ ਬਾਬੇ ਦਾ ਅੰਤਿਮ ਸੰਸਕਾਰ ਕਰਵਾਉਂਦਾ ਹੈ। ਫੇਰ ਉਹ ਬੱਚਾ ਕੀਰਤਪੁਰ ਸਾਹਿਬ ਆਪਣੇ ਬਾਬੇ ਦੇ ਫੁੱਲ ਮਾਰਕੇ ਵਾਪਿਸ ਕਨਾਡਾ ਦੀ ਧਰਤੀ ਤੇ "ਸਰਬੱਤ ਦਾ ਭਲਾ" ਮੰਗਣ ਵਾਲਾ ਇੱਕ ਛੋਟਾ ਜਿਹਾ ਗੁਰਸਿੱਖ ਪਚੰਗੀ ਸਜਕੇ ਆ ਜਾਂਦਾ ਹੈ। ਜੇ ਇਸੇ ਤਰ੍ਹਾਂ ਸਾਡੇ ਇਸ ਨਿਮਾਣੇ ਜਿਹੇ ਉਪਰਾਲੇ ਨਾਲ ਇੱਕ ਵੀ ਭਟਕੇ ਬੱਚੇ ਨੂੰ ਸੇਧ ਮਿਲ ਗਈ ਤਾਂ ਅਸੀਂ ਆਪਣੇ ਆਪ ਨੂੰ ਧੰਨ ਸਮਝਾਂਗੇ। ਇਸੇ ਪਾਕਸਤਾਨ ਦੀ ਫੇਰੀ ਦੇ ਦੌਰਾਨ ਸਾਰੇ ਗੁਰੂ ਧਾਮਾਂ ਦੇ ਖੁੱਲ੍ਹੇ ਦਰਸ਼ਨ ਕੀਤੇ। ਖ਼ਾਸ ਕਰਕੇ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਵੱਲੀ ਕੰਧਾਰੀ ਦੀ ਦਰਗਾਹ ਉ੍ਤੇ ਇਸੇ ਸ਼ੂਟਿੰਗ ਵੇਲੇ ਦਾਸ ਨੂੰ ਦੋਨੋਂ ਖਾਸ ਤਖ਼ਤਾਂ (ਨਨਕਾਣਾ ਸਾਹਿਬ ਤੇ ਪੰਜਾ ਸਾਹਿਬ) ਤੇ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਹਿਕੇ ਪਾਠ ਕਰਨ ਦਾ ਸੁਭਾਗ ਮਿਲਿਆ ਅਤੇ ਪੰਜਾ ਸਾਹਿਬ ਦੇ ਨਿਰੰਤਰ 500 ਸਾਲਾਂ ਤੋਂ ਉ੍ਤੇ ਬਹਿ ਰਹੇ ਉਸ ਨਿਰਮਲ ਸੋਮੇ ਵਿੱਚ ਇਸ਼ਨਾਨ ਕਰਨ ਦਾ

ਵੀ ਮੌਕਾ ਮਿਲਿਆ ਅਤੇ ਅਸੀਂ ਦਾਦੇ ਪੋਤੇ ਨੇ ਉਥੇ ਬਾਬੇ ਨਾਨਕ ਦੇ ਲੱਗੇ ਪੰਜੇ ਉੱਤੇ ਬਾਰੀ ਬਾਰੀ ਆਪਣੇ ਪੰਜੇ ਵੀ ਲਾਏ ਤੇ ਮੈਂ ਆਪ ਉਸ ਸੀਰੀਅਲ ਵਿੱਚ ਲੇਖਕ ਤੇ ਨਿਰਦੇਸ਼ਕ ਦੇ ਨਾਲ ਦਾਦੇ ਦੀ ਭੂਮਿਕਾ ਵੀ ਨਿਭਾਈ। ਇਸ ਤੋਂ ਇਲਾਵਾ ਅਸੀਂ ਵਾਰਿਸ ਸ਼ਾਹ ਤੇ ਬੁੱਲ੍ਹੇ ਸ਼ਾਹ ਦੀ ਦਰਗਾਹ ਤੇ ਆਪਣੀ ਅਕੀਦਤ ਦੇ ਫੁੱਲ ਚੜ੍ਹਾਏ। ਫੇਰ ਹੀਰ ਮਾਈ ਦੇ ਮਕਬਰੇ ਦੇ ਦਰਸ਼ਨ ਕੀਤੇ। ਉਸਦੀ ਕਬਰ ਦੀ ਛੱਤ ਵਿੱਚ ਇੱਕ ਗੋਲ ਮਘੋਰਾ ਹੈ। ਉਥੇ ਦੇਲੋਕ ਕਹਿੰਦੇ ਨੇ ਚਾਹੇ ਕਿੰਨਾਂ ਵੀ ਮੀਂਹ ਪਵੇ ਪਰ ਹੀਰ ਮਾਈ ਦੀ ਕਬਰ ਉਵੇਂ ਹੀ ਸੁੱਕੀ ਰਹਿੰਦੀ ਹੈ। ਸੱਚੇ ਆਸ਼ਕਾਂ ਤੇ ਰੱਬ ਦੀਆਂ ਰਹਿਮਤਾਂ ਹਮੇਸ਼ਾ ਰਹਿੰਦੀਆਂ ਨੇ।

ਜਿਨ੍ਹਾਂ ਦਿਨਾਂ ਵਿੱਚ ਅਸੀਂ ਪਾਕਿਸਤਾਨ ਸ਼ੂਟਿੰਗ ਲਈ ਗਏ, ਉਦੋਂ ਉਥੇ ਰੱਬ ਵੱਲੋਂ ਰਮਜਾਨ ਦਾ ਮਹੀਨਾਂ ਚੱਲ ਰਿਹਾ ਸੀ। ਦਿਨੇ ਸਾਰੇ ਬਾਜਾਰ ਬੰਦ ਰਹਿੰਦੇ, ਸਾਰੇ ਖਾਣ-ਪੀਣ ਦੀਆਂ ਦੁਕਾਨਾਂ ਅਤੇ ਹੋਟਲ ਤਾਂ ਖ਼ਾਸ ਕਰਕੇ ਬੰਦਾ ਰਹਿੰਦੇ ਸਨ। ਸ਼ਾਮ ਨੂੰ ਸਾਰੇ ਸ਼ਹਿਰ ਵਿੱਚ ਗਹਿਮਾ-ਗਹਿਮੀ ਹੋ ਜਾਂਦੀ ਸੀ। ਮੇਰਾ ਕਨੇਡੀਅਨ ਪੋਤਾ ਕਹਿੰਦਾ, "ਬਾਪੂ ਜੀ, ਇੱਥੇ ਤਾਂ ਧੱਕੇ ਨਾਲ ਸਾਰਿਆਂ ਨੂੰ ਡਾਈਟਿੰਗ ਕਰਵਾ ਕਰਵਾ ਰਹੇ ਨੇ।" ਸਾਰੇ ਉਸਦੇ ਭੋਲੇ ਪਨ ਤੇ ਹੱਸ ਪਏ। ਫਿਰ ਅਸੀਂ ਆਪਣੀ ਕਹਾਣੀ ਨੂੰ ਥੁੜਾ ਨਵਾਂ ਮੋੜ ਦੇ ਕੇ ਉੱਥੇ ਦੇ ਕੁੱਝ ਲੋਕਲ ਟੀ. ਵੀ. ਆਰਟਿਸਟ ਲੈ ਕੇ ਬੜਾ ਰੋਚਕ ਡਰਾਮਾ ਰਚਿਆ। ਇੱਕ ਤਾਂ ਪਾਕਿਸਤਾਨੀ ਆਸ ਵੀਰਾਂ ਨਾਲ ਸਾਂਝ ਪਾਈ ਦਾਦੇ ਪੋਤੇ ਦੀ। ਇਸੇ ਬਹਾਨੇ ਦਾਦਾ ਪੋਤਾ ਉਨ੍ਹਾਂ ਦੀ "ਈਦ" ਦੇ ਮੁਬਾਰਕ ਜਸ਼ਨ ਵਿੱਚ ਸ਼ਾਮਿਲ ਹੋਏ। ਇੱਕ ਮੁਸਲਿਮ ਪਰਿਵਾਰ ਨੇ ਪਹਿਲਾਂ ਦਾਦੇ ਪੋਤੇ ਨੂੰ ਈਦ ਦੀਆਂ ਸੇਵੀਆਂ ਖੁਆਈਆਂ ਤੇ ਨਾਲ ਹੀ ਆਪਣੀ ਬਜ਼ੁਰਗੀ ਤੇ ਮਹਿਮਾਨਵਾਜ਼ੀ ਦੇ ਨਾਤੇ ਦਾਦੇ ਦੇ ਪੋਤੇ ਨੂੰ ਈਦੀ ਵੀ ਦਿੱਤੀ ਤੇ ਥੋੜਾ ਰਮਜ਼ਾਨ ਦੇ 30 ਰੋਜ਼ਿਆਂ ਬਾਰੇ ਵੀ ਚਾਨ੍ਹਣ ਪਾਇਆ। ਅੱਜ ਫੇਰ ਉਸ ਭੋਲੀ ਜਿਹੀ ਗੱਲ ਕਰਕੇ ਸਭ ਨੂੰ ਹਸਾ ਦਿੱਤਾ, "ਬਾਪੂ ਜੀ, ਏਨੇ ਦਿਨਾਂ ਦੀ ਭੁੱਖ ਬਰਦਾਸ਼ਤ ਕਰਕੇ ਈਦ ਦੀਆਂ ਸੇਵੀਆਂ ਤਾਂ ਆਪੇ ਸੁਆਦ ਲੱਗਦੀਆਂ ਨੇ।"

ਅਸੀਂ ਤਕਰੀਬਨ ਪਾਕਸਤਾਨ ਵਿੱਚ ਇੱਕ ਮਹੀਨੇ ਦੇ ਕਰੀਬ ਰੁਕੇ ਸੀ। ਇਸੇ ਸ਼ੂਟਿੰਗ ਦੇ ਦੌਰਾਨ ਸਾਡੀ ਮੁਲਾਕਾਤ ਪਾਕਿਸਤਾਨ ਦੇ ਮਸ਼ਹੂਰ ਮਿਊਜ਼ਿਕ ਡਾਇਰੈਕਟਰ ਸਾਬਰ ਅਲੀ ਨਾਲ ਹੋਈ। ਉਨ੍ਹਾਂ ਨੂੰ ਮੇਰਾ ਕਲਾਮ ਬੜਾ ਪਸੰਦ ਆਇਆ। ਫੇਰ ਉਨ੍ਹਾਂ ਲਾਹੌਰ ਸ਼ਹਿਰ ਦੇ ਇੱਕ ਮਸ਼ਹੂਰ ਰਿਕਾਰਡਿੰਗ ਸਟੂਡਿਓ (Sun Rise) ਵਿੱਚ ਮੇਰੀਆਂ 12 ਗ਼ਜ਼ਲਾਂ ਰਿਕਾਰਡ ਕੀਤੀਆਂ। ਜਿਨ੍ਹਾਂ ਵਿੱਚ 8 ਉਰਦੂ ਦੀਆਂ ਤੇ 4 ਪੰਜਾਬੀ ਦੀਆਂ ਸਨ। ਰਿਕਾਰਡਿਸਟ ਸਈਦ ਸਾਹਿਬ ਨੇ ਬੜੀ ਸ਼ਿੱਦਤ ਤੇ ਮਿਹਨਤ, ਸਾਰੇ ਗਾਇਕ ਤੇ ਗਾਇਕਾਵਾਂ ਦੀਆਂ ਸੁਰੀਲੀਆਂ ਆਵਾਜ਼ਾਂ ਰਿਕਾਰਡ ਕੀਤੀਆਂ। ਇਕਬਾਲ ਬਾਹੂ, ਬੜੇ ਦਰਵੇਸ਼ ਤੇ ਸੁਰੀਲੇ ਗਾਇਕ ਸਨ, ਦੂਜੇ ਨਿਆਕਤ ਅਲੀ, ਗ਼ੁਲਾਮ ਅਲੀ ਸਾਹਿਬ ਦੇ ਛੋਟੇ ਭਰਾ, ਇਹ ਵੀ ਬੜੇ ਹੀ ਰੰਗੀਲੇ ਤੇ ਸੁਰੀਲੇ ਸਨ। ਤੀਜੇ ਗ਼ੁਲਾਮ ਅੱਬਾਸ ਜੀ ਬੜੇ ਹੀ ਸੁਰੀਲੇ, ਸਹਿਯੋਗ ਦੇਣ ਵਾਲੇ ਗਾਇਕ ਸਨ। ਸਭ ਨਾਲੋਂ ਵੱਧ ਸ਼ਾਜ਼ਿਆ ਮਨਜ਼ੂਰ ਬਚੀ ਉਦੋਂ ਹਾਲੇ ਕਾਲਿਜ ਵਿੱਚ ਪੜ੍ਹ ਰਹੀ ਸੀ, ਬੜੀ ਹੀ ਹੋਣਹਾਰ, ਖੁੱਬ ਕੇ ਗਾਉਣ ਵਾਲੀ ਕੁੜੀ ਸੀ। ਮੈਂ ਹੀ ਸਭ ਨਾਲੋਂ ਪਹਿਲੋਂ ਉਸਤੋਂ ਦੋ ਉਰਦੂ ਦੀਆਂ ਗ਼ਜ਼ਲਾਂ ਗੁਆਈਆਂ। ਸ਼ਾਜ਼ਿਆ ਮਨਜ਼ੂਰ ਦੀ ਇੱਕ ਗਾਈ ਗ਼ਜ਼ਲ ਬੜੀ ਹੀ ਮਕਬੂਲ ਹੋਈ। ਫੇਰ ਮੈਂ ਕਨੇਡਾ ਆ ਕੇ ਉਸਦੀ ਸਪੈਸ਼ਲ ਵੀਡੀਓ ਸ਼ੂਟ ਕੀਤੀ ਉਹ ਵੀ ਬਹੁਤ ਮਕਬੂਲ ਹੋਈ। ਸ਼ਾਜ਼ਿਆ ਤੇ ਮੇਰੀ ਆਮ ਲੋਕਾਂ ਵਿੱਚ ਇਸ ਗ਼ਜ਼ਲ ਨੇ ਕਾਗ਼ੀ ਸਾਂਝ ਪਾਈ। ਹਰ ਕੋਈ ਕਹਿੰਦਾ "ਇਹ ਗ਼ਜ਼ਲ ਦੇ ਬੋਲ ਤਾਂ ਮੇਰੀ ਜ਼ਿੰਦਗੀ ਦੀ ਤਰਜ਼ਮਾਨੀ ਹੈ"

ਬਨ ਬਨ ਕੇ ਹਰ ਬਾਤ ਬਿਗੜੀ
ਕੁਛ ਤੋ ਹਮੀ ਮੇ ਕਮੀ ਹੋਗੀ,
ਜ਼ਿੰਦਗੀ ਦੁਖੋਂ ਕੀ ਇੰਤਹਾ ਸੇ ਗੁਜ਼ਰੀ,
ਕੁਛ ਤੋ ਹਮੀਂ ਮੇ ਕਮੀ ਹੋਗੀ ...

ਇਸ ਰਿਕਾਰਡਿੰਗ ਦੌਰਾਨ ਅਚਾਨਕ ਇੱਕ ਦਿਨ ਜਨਾਬ ਨੁਸਰਤ ਫ਼ਤਿਹ ਅਲੀ ਖਾਨ ਸਾਹਿਬ ਦੇ ਸੈਕਟਰੀ ਜੀ ਆ ਗਏ। ਉਨ੍ਹਾਂ ਨੇ ਕਿਹਾ, "ਸਰਦਾਰ, ਤੁਸੀਂ ਬੜੀ ਹੀ ਸਾਦਗੀ ਵਿੱਚ ਬੜਾ ਹੀ ਉਮਦਾ ਕਲਾਮ ਲਿਖਦੇ ਹੋ। ਕੁੱਝ ਸਾਨੂੰ ਵੀ ਆਪਣੀਆਂ ਨਜ਼ਮਾਂ ਇਨਾਇਤ ਕਰੋ ਜੀ।" ਮੈਂ ਸੁਭਾਵਿਕ ਹੀ ਪੁੱਛ ਲਿਆ, "ਹਜ਼ੂਰ, ਮੈਂ ਤਾਂ ਬਹੁਤ ਹੀ ਸਾਧਾਰਨ ਜਿਹਾ ਸ਼ਾਇਰ ਹਾਂ। ਸਿੱਧੀ ਸਾਦੀ ਜਿਹੀ ਤੁਕਬੰਦੀ ਕਰ ਲੈਂਦਾ ਹਾਂ। ਫੇਰ ਵੀ ਤੁਹਾਨੂੰ ਕਿਸ ਗਾਇਕ ਲਈ ਮੇਰਾ ਕਲਾਮ ਲੋੜੀਂਦਾ ਏ।" ਉਨ੍ਹਾਂ ਅੱਗੋਂ ਕਿਹਾ, "ਜਨਾਬ ਨੁਸਰਤ ਫ਼ਤਿਹ ਅਲੀ ਖਾਂ ਲਈ।" ਜਾਣੋਂ ਮੈਂ ਤਾਂ ਖੁਸ਼ੀ ਵਿੱਚ ਪਾਗਲ ਜਿਹਾ ਹੋ ਗਿਆ ਹੋਵਾਂ। ਫੇਰ ਮੈਂ ਹੱਥ ਬੰਨ੍ਹ ਕੇ ਉਸ ਸ਼ਖ਼ਸ਼ ਅੱਗੇ ਗੁਜ਼ਾਰਿਸ਼ ਕੀਤੀ, "ਬੱਸ ਮੈਨੂੰ ਇੱਕ ਬਾਰ ਉਸ ਮੌਸਿਕੀ ਦੇ ਸ਼ਹਿਨਸ਼ਾਹ ਜਨਾਬ ਨੁਸਰਤ ਫ਼ਤਿਹ ਅਲੀ ਖਾਂ ਸਾਹਿਬ ਦੇ ਦੀਦਾਰ ਕਰਵਾ ਦਿਓ, ਭਾਂਵੇਂ ਮੇਰਾ ਸਭ ਕੁੱਝ ਲੈ ਜਾਵੋ।" ਉਸ ਏਦਾਂ ਹੀ ਹੂ-ਬ-ਹੂ ਉਨ੍ਹਾਂ ਨੂੰ ਜਾ ਕੇ ਦੱਸਿਆ। ਦੂਜੇ ਦਿਨ ਉਨ੍ਹਾਂ ਸਾਡੇ ਲਈ ਆਪਣੀ ਗੱਡੀ ਭੇਜ ਦਿੱਤੀ। ਮੈਂ ਬੜੀ ਸ਼ਿੱਦਤ ਨਾਲ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਉਨ੍ਹਾਂ ਨੂੰ ਆਪਣਾ ਸਜਦਾ ਕੀਤਾ। ਉਨ੍ਹਾਂ ਅੱਗੋਂ ਬੜੀ ਉਦਾਰਤਾ ਨਾਲ ਕਿਹਾ "ਬਜ਼ੁਰਗੋ, ਇਉਂ ਸਾਡੇ ਤੇ ਭਾਰ ਨਾ ਚਾੜੋ। ਤੁਸੀਂ ਸਾਡੇ ਖ਼ਸੂਸੀ ਮਹਿਮਾਨ ਹੋ। ਤੁਹਾਨੂੰ ਜੀ ਆਇਆਂ ਕਹਿਣਾ ਤਾਂ ਸਾਡਾ ਹੱਕ ਬਣਦਾ ਏ।" ਅੱਗੋਂ ਮੈਂ ਬੜੇ ਹੀ ਭਾਵੁਕ ਹੋ ਕੇ ਕਿਹਾ, "ਜਨਾਬ ਇਹ ਸਜ਼ਦਾ ਤੁਹਾਡੇ ਗੁਣਾਂ ਨੂੰ ਏ, ਤੁਹਾਡੀ ਉਮਰ ਨੂੰ ਨਹੀਂ।" ਮੇਰਾ ਆਪਣੇ ਲਈ ਇਤਰਾਮ ਸੁਣ ਕੇ ਨੁਸਰਤ ਜੀ ਗਦ ਗਦ ਹੋ ਗਏ। ਉਨ੍ਹਾਂ ਨੇ ਆਪਣੇ ਗਲੇ ਨਾਲ ਲਾਇਆ ਤੇ ਆਪਦੇ ਹੱਥਾਂ ਨਾਲ ਕਾਵਾ ਬਣਾਕੇ ਪਿਲਾਇਆ। ਫੇਰ ਉਨ੍ਹਾਂ ਮੇਰੀਆਂ ਕੁੱਝ ਨਜ਼ਮਾਂ ਬੜੇ ਹੀ ਗਹੁ ਤੇ ਪਿਆਰ ਨਾਲ ਸੁਣੀਆਂ। ਭਾਂਵੇਂ ਮੇਰਾ ਦਿਲ ਰੱਖਣ ਲਈ ਕਿਹਾ, "ਸਰਦਾਰ ਜੀ, ਇਹ ਕੁੱਝ ਖ਼ਾਸ ਨਜ਼ਮਾਂ ਤਾਂ ਇਸ ਖ਼ਾਦਿਮ ਲਈ ਹੁਣੇ ਰਾਖਵੀਆਂ ਕਰ ਦਿਓ।" ਇਹ ਤਾਂ ਸਗੋਂ

ਉਲਟਾ ਮੇਰੇ ਤੇ ਉਨ੍ਹਾਂ ਦਾ ਅਹਿਸਾਨ ਸੀ। ਫੇਰ ਉਨ੍ਹਾਂ ਮੇਰੀ ਦਾਦ ਵਜੋਂ ਮੈਨੂੰ ਏਨਾ ਖ਼ੂਬਸੂਰਤ ਇੱਕ ਜੁਮਲਾ ਕਿਹਾ, "ਬਲਬੀਰ ਜੀ, ਆਪ ਵਿੱਚ ਖ਼ਾਸ ਅਦਾ ਹੈ। ਤੁਸੀਂ ਰੂੰ ਦੇ ਫ਼ੰਬੇ ਨਾਲ ਬੰਦਾ ਜ਼ਖ਼ਮੀ ਕਰ ਦਿੰਦੇ ਹੋ।" ਇਹ ਉਨ੍ਹਾਂ ਦੇ ਬੋਲ ਮੇਰੇ ਲਈ ਕਈ ਕਰੋੜਾਂ ਰੁਪਏ ਤੋਂ ਵੱਧ ਦੇ ਸਨ। ਮੇਰੇ ਜਿਹੇ ਇੱਕ ਅਦਨਾ ਨਿਮਾਣੇ ਬੰਦੇ ਲਈ ਇਹ ਬੋਲ ਕਈ ਸੋਨੇ ਦੇ ਤਗਮਿਆਂ ਤੋਂ ਉ-੍ਤੇ ਸਨ। ਮੇਰੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਮੱਲੋ ਮੱਲੀ ਛਲਕ ਪਏ। ਇੱਕ ਬਾਰ ਫੇਰ ਮੇਰਾ ਸਿਰ ਅਦਬ ਨਾਲ ਉਸ ਦਰਵੇਸ਼ ਮੌਸਿਕੀ ਦੇ ਸ਼ਹਿਨਸ਼ਾਹ ਅੱਗੇ ਆਪ ਮੁਹਾਰੇ ਝੁੱਕ ਗਿਆ। ਇਹ ਮੇਰੇ ਲਈ ਪਾਕਿਸਤਾਨੀ ਫੇਰੀ ਦਾ ਸਭ ਤੋਂ ਵੱਧ ਨਾਯਾਬ ਤੋਹਫ਼ਾ ਸੀ।

ਮੈਂ ਆਪਣੀ ਪਾਕਿਸਤਾਨੀ ਫੇਰੀ ਦੌਰਾਨ ਜਿੱਥੇ ਵੀ ਗਿਆ, ਮੈਨੂੰ ਪਾਕਿਸਤਾਨੀ ਆਮ ਵੀਰਾਂ ਨੇ ਤੇ ਕਲਾਕਾਰਾਂ ਨੇ ਬੜਾ ਹੀ ਮਾਣ ਸਤਿਕਾਰ ਦਿੱਤਾ। ਖ਼ਾਸ ਕਰਕੇ ਸਾਰੇ ਪਾਕਿਸਤਾਨੀ ਵੀਰ ਖਾਣ ਪੀਣ ਦੇ ਬੜੇ ਸ਼ੌਕੀਨ ਨੇ। ਫੇਰ ਲਾਹੌਰੀਆਂ ਦੀ ਮਹਿਮਾਨ ਨਵਾਜ਼ੀ ਬਸ ਪੁੱਛੋ ਹੀ ਨਾ, ਬੰਦੇ ਨੂੰ ਜ਼ਬਰਦਸਤੀ ਖੁਆ ਖੁਆ ਕੇ ਕਮਲਾ ਕਰ ਦਿੰਦੇ ਨੇ। ਖ਼ਾਸ ਕਰਕੇ ਗੋਸ਼ਤ ਨੂੰ ਬੜੀ ਹੀ ਅਹਿਮੀਅਤ ਦਿੰਦੇ ਨੇ। ਮੈਂ ਇੱਕ ਦਿਨ ਤੰਗ ਆ ਕੇ ਪੁੱਛ ਹੀ ਲਿਆ, "ਭਲਿਓ ਲੋਕੋ, ਕੋਈ ਐਸੀ ਦਾਲ ਸਬਜ਼ੀ ਵੀ ਹੈ, ਜਿਸ ਵਿੱਚ ਤੁਸੀਂ ਗੋਸ਼ਤ ਨਹੀਂ ਪਾਉਂਦੇ। ਹੁਣ ਤਾਈਂ ਸ਼ਾਇਦ ਇੱਕ ਬੈਂਗਣਾਂ ਤੇ ਅਸੀਂ ਤਰਸ ਖਾ ਲਈਦਾ ਹੈ। ਕੱਲ੍ਹਦਾ ਕੋਈ ਭਰੋਸਾ ਨਹੀਂ।" ਮੈਂ ਹੱਸ ਕੇ ਕਿਹਾ, "ਸਾਡੇ ਪਾਸੇ ਦੇ ਪੰਜਾਬੀਆਂ ਨੂੰ ਸ਼ਰਾਬ ਨੇ ਝੱਲਾ ਕੀਤਾ ਹੋਇਆ ਏ। ਸ਼ਾਇਦ ਤੁਹਾਨੂੰ ਗੋਸ਼ਤ ਨੇ।" ਸਾਰੇ ਹੱਸ ਪਏ। ਮੈਂ ਆਪਣੇ ਪਾਕਿਸਤਾਨੀ ਵੀਰਾਂ ਦੇ ਪਿਆਰ ਸਤਿਕਾਰ ਤੇ ਉਨ੍ਹਾਂ ਦੇ ਆਪਣਪਣ ਦਾ ਸਦਾ ਰਿਣੀ ਰਹਾਂਗਾ।

ਇਸੇ ਤਰ੍ਹਾਂ ਇੱਕ ਦਿਨ ਪਾਕਿਸਤਾਨੀ ਫ਼ਿਲਮੀ ਤੇ ਟੀ. ਵੀ. ਅਦਾਕਾਰਾਂ ਦੇ ਕੁੱਝ ਡਾਇਰੈਕਟਰ ਤੇ ਰਾਈਟਰ ਸਾਹਿਬਾਨ ਨੇ ਰਲਕੇ ਮੇਰਾ ਮਾਨ ਸਨਮਾਨ ਕੀਤਾ। ਆਪਣੀ ਐਸੋਸੀਏਸ਼ਨ ਦੇ ਦਫ਼ਤਰ ਵਿੱਚ ਛੋਟੀ ਜਿਹੀ ਚਾਹ ਪਾਰਟੀ ਵੀ ਰੱਖੀ ਗਈ।

ਇਸੇ ਤਰ੍ਹਾਂ ਕੁੱਝ ਮਿਹਰਬਾਨ ਦੋਸਤ ਤੇ ਅਜੀਜ਼ ਮੈਨੂੰ ਇਕਬਾਲ ਬਾਹੂ ਜੀ ਦੇ ਨਾਲ ਆਪਣੇ ਇੱਕ ਪਾਕਿਸਤਾਨੀ ਟੀਵੀ ਚੈਨਲ ਤੇ ਸ਼ਿਰਕਤ ਕਰਨ ਲਈ ਲੈ ਗਏ। ਟੀਵੀ ਤੇ ਮੈਨੂੰ ਬਤੌਰ ਇੱਕ ਲੇਖਕ, ਨਿਰਦੇਸ਼ਕ ਜੋ ਬੰਬਈ ਫ਼ਿਲਮ ਲਾਈਨ ਤੋਂ ਆਪਣੇ ਖ਼ਾਸ ਮਹਿਮਾਨ ਵੱਜੋਂ ਪੇਸ਼ ਕੀਤਾ ਗਿਆ। ਬਾਹੂ ਸਾਹਿਬ ਨੇ ਕਿਹਾ, "ਇਹ ਸਾਡੀ ਖ਼ੁਸ਼ ਕਿਸਮਤੀ ਹੈ ਜੋ ਬੰਬਈ ਫ਼ਿਲਮ ਇੰਡਸਟਰੀ ਤੋਂ ਸਾਡੇ ਗੁਆਂਢੀ ਭਾਰਤ ਦੇ ਪਹਿਲੇ ਅਜਿਹੇ ਸ਼ਾਇਰ ਨੇ ਜੋ ਆਪ ਚੱਲ ਕੇ ਇੱਥੇ ਆਏ ਤੇ ਪਾਕਿਸਤਾਨੀ ਗਾਇਕਾਂ ਤੋਂ ਆਪਣਾ ਕਲਾਮ ਗਵਾਇਆ। ਮੈਨੂੰ ਵੀ ਇਹਨਾਂ ਦਾ ਕਲਾਮ ਪੰਜਾਬੀ ਉਰਦੂ ਵਿੱਚ ਗਾਉਣ ਦਾ ਮੌਕਾ ਮਿਲਿਆ। ਬਲਬੀਰ ਜੀ ਬੜੀ ਹੀ ਸਾਦਗੀ ਵਿੱਚ ਦਿਲ ਟੁੰਬਵਾਂ ਕਲਾਮ ਲਿਖਦੇ ਨੇ। ਇਨ੍ਹਾਂ ਇੱਥੇ ਦੇ ਕੁੱਝ ਟੀਵੀ ਅਤੇ ਫ਼ਿਲਮੀ ਕਲਾਕਾਰਾਂ ਨੂੰ ਨਾਲ ਲੈ ਕੇ ਲਾਹੌਰ ਦੇ ਆਸੇ ਪਾਸੇ ਸ਼ੂਟਿੰਗ ਕਰਕੇ ਦੋਨਾਂ ਦੇਸ਼ਾਂ ਵਿੱਚ ਕਲਾ ਦੀ ਗੂੜ੍ਹੀ ਸਾਂਝ ਪਾਈ ਹੈ। ਮੈਂ ਆਪਣੇ ਸਾਰੇ ਅਦਾਰੇ ਵੱਲੋਂ ਇਨ੍ਹਾਂ ਨੂੰ ਇਸ ਉਪਰਾਲੇ ਦੀ ਵਧਾਈ ਦਿੰਦਾ ਹਾਂ।" ਇਸੇ ਤਰ੍ਹਾਂ ਬਾਲੀਵੁੱਡ ਦੀਆਂ ਫ਼ਿਲਮਾਂ ਨੂੰ ਲੈ ਕੇ ਤੇ ਪਾਕਿਸਤਾਨੀ ਫ਼ਿਲਮ ਇੰਡਸਟਰੀ ਬਾਰੇ ਹਲਕਾ ਫੁਲਕਾ ਤਸਕਰਾ ਹੁੰਦਾ ਰਿਹਾ। ਇੱਕ ਪਾਕਿਸਤਾਨੀ ਪ੍ਰੋਡਿਊਸਰ-ਡਾਇਰੈਕਟਰ ਨੇ ਕਿਹਾ, "ਫ਼ਿਲਮਾਂ ਤਾਂ ਅਸੀਂ ਤੁਹਾਡੇ ਮੁਕਾਬਲੇ ਦੀਆਂ ਬਣਾ ਸਕਦੇ ਹਾਂ ਜੋ ਸਾਡੇ ਕੋਲ ਤੁਹਾਡੇ ਜਿਨੀਆਂ ਵੱਡੀਆਂ ਐਰਟਰੀਜ਼ ਹੋਣ।" ਮੈਂ ਕਿਹਾ, "ਜੇ ਵੰਡ ਨਾ ਹੁੰਦੀ ਤਾਂ ਆਪਣੀ ਲਾਹੌਰ ਦੀ ਫ਼ਿਲਮ ਇੰਡਸਟਰੀ ਬੰਬਈ ਫ਼ਿਲਮੀ ਨਗਰੀ ਤੋਂ ਕਿਤੇ ਘੱਟ ਨਾ ਹੁੰਦੀ। ਖ਼ਾਸ ਕਰਕੇ ਪੰਜਾਬੀ ਫ਼ਿਲਮ ਨੂੰ ਬਹੁਤ ਢਾਹ ਲੱਗੀ ਹੈ। ਤੁਹਾਡੇ ਕੋਲ ਪੰਜਾਬੀ ਰਾਈਟਰ ਇੱਕ ਤੋਂ ਇੱਕ ਵੱਧ ਹੈ। ਤੇ ਬੰਬਈ ਵਿੱਚ ਟੈਕਨੀਕਲ ਲਾਜਵਾਬ ਨੇ।" ਵਿਚੋਂ ਹੀ ਅਚਾਨਕ ਇੱਕ ਮੁਤਸਵੀ ਜਿਹੇ ਪਾਕਿਸਤਾਨੀ ਲੇਖਕ ਨੇ ਜਿਵੇਂ ਇਕਦਮ ਮੈਨੂੰ ਠਾਹ ਸੋਟਾ ਮਾਰ ਸੁਆਲ ਕਰ ਦਿੱਤਾ ਹੋਵੇ, "ਸਰਦਾਰ ਜੀ, ਤੁਸੀਂ ਕਿਸਨੂੰ ਆਪਣਾ ਰਹਿਬਰ ਮੰਨਦੇ ਹੋ? ਤੇ ਤੁਸੀਂ ਕਿਹੜੇ ਮਜ਼ਹਬ ਵਿੱਚ ਯਕੀਨ ਰੱਖਦੇ ਹੋ? ਤੁਹਾਡਾ ਸਿੱਖ ਮੱਤ ਜਾਂ ਹਿੰਦੂ ਮਤ ਜਾਂ ਸਾਡਾ ਇਸਲਾਮ, ਇਹਨਾਂ ਵਿਚੋਂ ਕਿਹੜਾ ਮਜ਼ਹਬ ਬੰਦੇ ਨੂੰ ਨਿਜਾਤ ਦੁਆ ਸਕਦਾ ਹੈ? "ਜਾਣੋਂ ਮੈਂ ਤਾਂ ਇੱਕ ਦਮ ਜਿਵੇਂ ਸਕਤੇ ਿਵਚ ਆ ਗਿਆ ਹੋਵਾਂ। ਬੇਗਾਨਾ ਕੱਟੜ ਇਸਲਾਮੀ ਮੁਲਕ। ਪਰ ਇੱਕ ਦਮ ਜਿਵੇਂ ਦਾਤੇ ਨੇ ਮੇਰੀ ਲਾਜ ਰੱਖ ਲਈ ਹੋਵੇ। ਮੈਂ ਬੜੇ ਅਦਬ ਤੇ ਠਰ੍ਹੰਮੇ ਨਾਲ ਕਿਹਾ, "ਹਜ਼ੂਰ, ਨਿਜਾਤ ਤਾਂ ਸਾਨੂੰ ਤੁਹਾਨੂੰ ਸਾਡੇ ਕੀਤੇ ਅਮਲਾਂ ਨੇ ਦੁਆਣੀ ਏ। ਕਿਸੇ ਮਜ਼ਬਾਂ ਨੇ ਨਹੀਂ। ਸਾਡੀ ਲੜਾਈ ਤਾਂ ਆਪਸ ਵਿੱਚ ਮੰਗਤਿਆਂ ਦੀ ਹੈ, ਉਨ੍ਹਾਂ ਦਾਤਿਆਂ ਦੀ ਉ-੍ਕਾ ਹੀ ਨਹੀਂ। ਉਨ੍ਹਾਂ ਤਾਂ ਭਰ ਭਰ ਝੋਲੀਆਂ ਖ਼ੈਰਾਤਾਂ ਵੰਡੀ ਜਾਣੀਆਂ ਨੇ। ਭਾਂਵੇਂ ਆਪਣਾ ਹੋਵੇ ਜਾਂ ਗ਼ੈਰ। ਸਗੋਂ ਭੋਲੇ ਤੇ ਅਨਜਾਨ ਬੰਦਿਆਂ ਤੇ ਉਹ ਦਾਤੇ ਕੁੱਝ ਜ਼ਿਆਦਾ ਹੀ ਮਿਹਰਬਾਨ ਹੁੰਦੇ ਨੇ।" ਸਾਰੇ ਮੇਰਾ ਸਰਲ ਤੇ ਸੌਖਾ ਜਿਹਾ ਜਵਾਬ ਸੁਣ ਕੇ ਬੜੇ ਖ਼ੁਸ਼ ਹੋਏ। ਫੇਰ ਮੈਂ ਗੁਜ਼ਾਰਿਸ਼ ਕੀਤੀ "ਜੇ ਇਜ਼ਾਜਤ ਹੋਵੇ ਤਾਂ ਆਪਣੀ ਇੱਕ ਨਜ਼ਮ ਦੀਆਂ ਚੰਦ ਲਾਈਨਾਂ ਆਪ ਸਭ ਨਾਲ ਸਾਂਝੀਆਂ ਕਰ ਸਕਦਾ ਹਾਂ। ਕਦੇ ਮੈਨੂੰ ਕੁੱਝ ਅਜਿਹੀ ਹੀ ਸਿਚੁਏਸ਼ਨ ਤੇ ਲਿਖਨ ਨੂੰ ਕਿਸੇ ਬੋਲੀਵੁੱਡ ਦੇ ਡਾਈਰੈਕਟਰ ਨੇ ਕਿਹਾ ਸੀ।" ਸਭ ਨੇ ਇਕੋ ਸਾਂਝੀ ਆਵਾਜ਼ ਵਿੱਚ ਕਿਹਾ, "ਕਿਉਂ ਨਹੀਂ ਸਰਦਾਰ ਜੀ। ਜੀ ਸਦਕੇ ਕਹੋ। ਤੁਸੀਂ ਤਾਂ ਮਨੁੱਖਤਾ ਦੇ ਖ਼ਾਸ ਉਪਾਸਕ ਹੋ। ਇਰਸ਼ਾਦ।"

"ਕਿਸੀ ਨੇ ਮੁਝੇ ਟੋਕਾ,
ਯਹ ਅਰਥੀ ਨਹੀਂ ਥੀ,
ਥਾ ਇੱਕ ਜਨਾਜ਼ਾ ...

ਫਿਰ ਤੂਨੇ ਇਸੇ
ਸਜ਼ਦਾ ਕਿਉਂਕਰ ਕੀਆ,
ਕਮਜ਼ਰਫ਼ੀਓਂ ਕੀ ਹੋ ਗਈ
ਬਸ ਇੰਤਹਾ ...
ਹਮਸੇ ਇੱਕ ਲਾਸ਼
ਕੋ ਭੀ ਨ ਬਖ਼ਸ਼ਾ ਗਯਾ,
ਯੇ ਸਿਰਫ਼ ਮਾਟੀ ਥੀ,
ਹਮਾਰੀ ਇੱਕ ਰਹਿਨੁਮਾਂ,
ਮੈਨੇ ਇਸ ਲੀਏ
ਇਸ ਮਾਟੀ ਕੋ
ਸਜ਼ਦਾ ਥਾ ਕੀਆ॥"

-ਬਲਬੀਰ ਸਿਕੰਦ-

## ਧਰਤੀ ਦਾ ਸਵਰਗ

ਵੈਨਕੂਵਰ ਸ਼ਹਿਰ ਨੂੰ ਜੇ ਧਰਤੀ ਤੇ ਸਿਰਜਿਆ ਸਵਰਗ ਕਹਾਂ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਉਂ ਲੱਗਦਾ ਹੈ ਜਿਵੇਂ ਦਾਤੇ ਨੇ ਆਪ ਖ਼ਾਸ ਵਿਹਲ ਕੱਢਕੇ ਪੂਰੇ ਚਾਵਾਂ ਮਲ੍ਹਾਰਾਂ ਨਾਲ ਆਪਣੀ ਕਲਾ ਕ੍ਰਿਤੀ ਦਿਖਾਉਣ ਲਈ ਸਾਰੀ ਸ੍ਰਿਸ਼ਟੀ ਵਿਚੋਂ ਇੱਕ ਤੋਂ ਇੱਕ ਵਧੀਆ ਸੁਹਪਣ ਦੇ ਨਜ਼ਾਰੇ ਚੁਣ ਚੁਣ ਕੇ ਇਸ ਧਰਤੀ ਦੇ ਖ਼ਾਸ ਖਿੱਤੇ ਨੂੰ ਸਜਾ ਦਿੱਤਾ ਹੋਵੇ। ਜਾਂ ਇਉਂ ਵੀ ਕਹਿ ਸਕਦੇ ਹਾਂ ਜਿਵੇਂ ਦਾਤੇ ਨੇ ਬਾਬਾ ਵਿਸ਼ਕਰਮਾ ਜੀ ਦੀ ਇਸ ਮਹਾਨ ਕਾਰਜ ਲਈ ਖ਼ਾਸ ਨਿਯੁਕਤੀ ਕੀਤੀ ਹੋਵੇ ਕਿ ਕਿਸੇ ਪਾਸਿਉਂ ਵੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਜਿੱਧਰ ਵੀ ਨਜ਼ਰ ਉ੍ਠਦੀ, ਬਸ ਓਥੇ ਹੀ ਟਿਕੀ ਦੀ ਟਿਕੀ ਰਹਿ ਜਾਂਦੀ। ਏਨੇ ਰਮਣੀਕ ਸੁੰਦਰ ਬਾਗ਼-ਬਗ਼ੀਚੇ, ਦੂਰ ਦੂਰ ਤੱਕ ਫੈਲੀਆਂ ਛੋਟੀਆਂ-ਛੋਟੀਆਂ ਹਰੀਆਂ ਭਰੀਆਂ ਮਖ਼ਮਲੀ ਉ੍ਚੀਆਂ ਨੀਵੀਂਆਂ ਘਾਟੀਆਂ ਅਤੇ ਧਰਤੀ ਦੀ ਹਿੱਕ ਤੇ ਸੱਪਾਂ ਵਾਂਗੂੰ ਮੇਲਦੇ ਦਰਿਆ, ਉਨ੍ਹਾਂ ਉ੍ਤੇ ਏਨੇ ਉ੍ਚੇ ਤੇ ਲੰਮੇ ਪੁੱਲ ਜਿਵੇਂ ਕਿਸੇ ਅਰਸ਼ ਨੂੰ ਪਹਿਆਂ ਪਾਈਆਂ ਹੋਣ। ਫੇਰ ਇੱਕ ਪਾਸੇ ਸ਼ਹਿਰ ਦੇ ਲੱਗਦਾ ਵਿਸ਼ਾਲ ਸਮੁੰਦਰ ਦਾ ਕਿਨਾਰਾ। ਜਿਵੇਂ ਕਹਿੰਦੇ ਨੇ ਹਰ ਸੋਹਣੀ ਸ਼ੈ ਨੂੰ ਜ਼ਰੂਰ ਕਿਸੇ ਦੀ ਬੁਰੀ ਨਜ਼ਰ ਲੱਞ ਜਾਂਦੀ ਹੈ, ਜਿਵੇਂ ਸੋਹਣੇ ਚੰਨ ਨੂੰ ਵੀ ਗ੍ਰਹਿਣ ਲੱਗਾ ਹੈ। ਇਵੇਂ ਇਸ ਖ਼ੂਬਸੂਰਤ ਬੰਦਰਗਾਹ ਨੁਮਾ ਕਿਨਾਰੇ ਨੂੰ ਵੀ ਕੁੱਝ ਕਹਾਕੇ ਪਹਿਲਾਂ ਕਾਮਾਗਾਟਾ ਮਾਰੂ ਵਾਲਾ ਗ੍ਰਹਿਣ ਲੱਗ ਚੁੱਕਾ ਹੈ। ਜੋ ਮਨੁੱਖਤਾ ਦੇ ਸੁੱਚੇ ਪੱਲੂ ਤੇ ਬਦਨੁਮਾ ਕਲੰਕਿਤ ਧੱਬਾ ਸਦਾ ਰਹੇਗਾ। ਖ਼ੈਰ, ਜੋ ਉਸਦੀ ਰਜ਼ਾ।

ਜੇ ਰੱਬ ਨੇ ਵੈਨਕੂਵਰ ਦੀ ਧਰਤੀ ਤੇ ਆਪਣੇ ਹੱਥੀਂ ਇੱਥੇ ਸਵਰਗ ਵਸਾਇਆ ਹੈ, ਸ਼ਾਇਦ ਇਸੇ ਰੱਬ ਨੇ ਆਪਣੇ ਸਵਰਗ ਵਿਚੋਂ ਹੀ ਦੇਵਤਿਆਂ ਵਰਗੇ ਵਧੀਆ ਬੰਦੇ ਵੀ ਇੱਥੇ ਵਸਾਏ ਨੇ। ਹੋ ਸਕਦਾ ਹੈ 5-10% ਚੋਰੀ ਛਿਪੇ ਕਿਤੋਂ ਗ਼ੈਰ ਕਾਨੂੰਨੀ ਤੌਰ ਤੇ ਉਦੋਂ ਦੈਂਤ ਵੀ ਆਣ ਵਸੇ ਹੋਣ ਪਰ ਜ਼ਿਆਦਾਤਰ ਲੋਕਾਂ ਵਿੱਚ ਇੱਥੇ ਨਿਮਰਤਾ, ਪਿਆਰ, ਅਪਣੱਤ, ਮਿਲਾਪੜਾਪਣ ਡੁੱਲ੍ਹ ਡੁੱਲ੍ਹ ਪੈਂਦਾ ਹੈ। ਸਾਰੇ ਹੀ ਇੱਕ ਤੋਂ ਇੱਕ ਵਧੀਆ, ਦਰਿਆ ਦਿਲ, ਦਰਵੇਸ਼ ਤਬੀਅਤ ਵਾਲੇ, ਮਿੱਠ ਬੋਲੜੇ ਤੇ ਨਿੱਘੇ ਬੰਦੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਨੇ। ਸਭ ਦੇ ਚਿਹਰਿਆਂ ਤੇ ਰੱਬੀ ਨੂਰ ਡੁੱਲ੍ਹ ਡੁੱਲ੍ਹ ਪੈਂਦਾ ਹੈ। ਈਰਖਾ, ਦਵੇਸ਼, ਕਲੇਸ਼, ਨਿੰਦਾ ਜਿਹੀਆਂ ਵਾਦੀਆਂ ਇਹਨਾਂ ਤੋਂ ਕੋਹਾਂ ਦੂਰ ਨੇ।

ਇਸੇ ਸੋਹਣੀ ਜਿਹੀ ਧਰਤੀ ਦੇ ਖਿੱਤੇ ਵਿੱਚ ਇੱਕ ਸੋਹਣੇ ਜਿਹੇ ਦਿਲ ਵਾਲਾ, ਇੱਕ ਸੋਹਣਾ ਜਿਹਾ ਮਿਲਾਪੜਾ ਜਿਹਾ, ਇੱਕ ਸ਼ੀਸ਼ੇ ਵਰਗੀ ਉ੍ਚੀ ਸੁੱਚੀ ਰੂਹ ਦਾ ਮਾਲਿਕ, ਹੰਸੂੰ ਹੰਸੂੰ ਕਰਦਾ ਚਿਹਰਾ ਮੇਰੇ ਵਰਗੇ ਲੱਖਾਂ ਸ੍ਰੋਤਿਆਂ ਦੇ ਦਿਲ ਦੀ ਧੜਕਣ, ਮੇਰੀ ਜਾਨ ਤੋਂ ਵੀ ਪਿਆਰਾ ਮੇਰਾ ਖ਼ਾਸ ਅਜ਼ੀਜ਼ ਬਲਜਿੰਦਰ ਅਟਵਾਲ ਰਹਿੰਦਾ ਹੈ। ਮੇਰੇ ਵਰਗੇ ਨਿਮਾਣੇ ਜਿਹੇ ਬੰਦੇ ਦੀ ਕਿੱਡੀ ਵੱਡੀ ਖ਼ੁਸ਼ਕਿਸਮਤੀ ਹੈ ਕਿ ਉਹ ਵੀ ਮੈਨੂੰ ਜਾਣਦਾ ਹੈ ਕੀ ਏਨਾ ਮਾਣ ਮੇਰੇ ਲਈ ਘੱਟ ਹੈ। ਉਸਦੇ ਏਨੇ ਸਾਰੇ ਗੁਣਾਂ ਦੀ ਪਹਿਚਾਣ ਕਰਵਾਉਣਾ ਮੇਰੇ ਵਰਗੇ ਆਮ ਸਾਧਾਰਣ ਝੱਲੇ ਜਿਹੇ ਲੇਖਕ ਦੀ ਪਹੁੰਚ ਤੋਂ ਕਿਤੇ ਬਾਹਰ ਹੈ। ਉਹ ਜਿਨਾਂ ਵਧੀਆ ਟੀਵੀ ਤੇ ਰੇਡਿਓ ਹੋਸਟ ਹੈ, ਉਸਤੋਂ ਵੀ ਕਿਤੇ ਜ਼ਿਆਦਾ ਨਿਪੁਣ ਐਡੀਟਰ ਹੈ। ਹਰ ਇੱਕ ਸੀਨ ਦੇ ਇੱਕ ਇਕ ਫਰੇਮ ਨੂੰ ਏਨੀ ਬਰੀਕੀ ਨਾਲ ਘੋਖਣਾ ਤੇ ਪੂਰ ਸ਼ਿੱਦਤ ਨਾਲ ਉਸ ਸੀਨ ਨਾਲ ਇਨਸਾਫ਼ ਕਰਨਾ ਜਾਣੋਂ ਉਸਦਾ ਜਨੂੰਨ ਹੈ। ਉਹ ਆਪ ਵਿੱਚ ਹੀ ਇੱਕ ਪਾਰਸ ਹੈ, ਉਹ ਕਿਸੇ ਵੀ ਗਲੇ ਸੜੇ ਨਕਾਰਾ ਮਨੂਰ ਨੂੰ ਵੀ ਮਰਾਸ਼ ਕੇ ਇੱਕ ਜਗਮਗਾਉਂਦਾ ਹੀਰਾ ਬਣਾ ਸਕਦਾ ਹੈ। ਜਿੰਨਾ ਵਧੀਆ ਤੇ ਸਿਰੜੀ ਉਹ ਟੈਕਨੀਸ਼ੀਅਨ ਹੈ, ਉਸਤੋਂ ਕਈ ਹਜ਼ਾਰ ਗੁਣਾ ਵਧੀਆ ਉਹ ਮਨੁੱਖ ਹੈ। ਇਹ ਹਰਫ਼ਨ ਮੌਲਾ ਬੰਦੇ ਦੇ ਨਾਲ ਨਾਲ ਇੱਕ ਉਮਦਾ ਯਾਰਾਂ ਦਾ ਯਾਰ ਵੀ ਹੈ। ਉਹ ਆਪਣੇ ਮਾਂ ਪਿਉ ਦਾ ਇੱਕ ਸਰਵਣ ਪੁੱਤਰ ਵੀ ਹੈ। ਉਹ ਇੱਕ ਤਨੋਂ ਮਨੋਂ ਸਮਰਪਿਤ ਆਪਣੀ ਸੁਲੱਖਣੀ ਪਤਨੀ ਦਾ ਪਤੀ ਵੀ ਹੈ। ਉਹ ਇੱਕ ਹਮਦਰਦ ਸੁਝਵਾਨ ਦੋਸਤਾਂ ਵਰਗਾ ਆਪਣੇ ਲਾਡਲੇ ਬੱਚਿਆਂ ਦਾ ਪਿਉ ਵੀ ਹੈ।

ਵੈਸੇ ਤਾਂ ਪਿਛਲੇ 30-32 ਸਾਲਾਂ ਤੋਂ ਕਨਾਡਾ ਦੀ ਧਰਤੀ ਦਾ ਵਸਨੀਕ ਹੈ। ਤਕਰੀਬਨ ਪਿਛਲੇ ਦੋ ਦਹਾਕਿਆਂ ਤੋਂ ਮੇਰੀ ਬਲਜਿੰਦਰ ਦੀ ਟੀਵੀ ਹੋਸਟ ਦੇ ਤੌਰ ਤੇ ਪ੍ਰੋਗਰਾਮ ਦੇਸ-ਪਰਦੇਸ ਕਰਕੇ ਸਾਂਝ ਬਣੀ ਹੋਈ ਏ। ਪਿਛਲੇ 5-7 ਸਾਲਾਂ ਤੋਂ ਹੁਣ ਇਹ ਸਾਂਝ ਕੁੱਝ ਨੇੜੇ ਨੇੜੇ ਹੋ ਰਹੀ ਏ। ਹੁਣ ਇਹ ਸਾਂਝ ਅੱਖਾਂ ਤੋਂ ਚੱਲਕੇ ਕੰਨ੍ਹਾਂ ਤੀਕ ਵੀ ਪਹੁੰਚ ਗਈ ਏ। ਹੁਣ ਕਦੇ ਕਦੇ ਫ਼ੋਨ ਤੇ ਵੀ ਇਸ ਪਿਆਰੇ ਜਿਹੇ ਬੰਦੇ ਨਾਲ ਗੱਲ ਬਾਤ ਵੀ ਹੋ ਜਾਂਦੀ ਏ। ਇਸ ਵੱਧਦੀ ਨੇੜਤਾ ਨੇ ਹੁਣ ਮਿਲਾਪ ਦੀ ਤਾਂਘ ਨੂੰ ਜਨਮ ਦਿੱਤਾ ਹੈ। ਫੇਰ ਮੈਂ ਝਕਦਿਆਂ ਝਕਦਿਆਂ, ਆਪਣੀਆਂ ਕੁੱਝ ਰਚਨਾਵਾਂ, ਗੀਤ, ਗ਼ਜ਼ਲਾਂ ਤੇ ਆਪਣੀ ਅੰਬਰੀ ਫ਼ਿਲਮ ਦੀ ਡੀ. ਵੀ. ਡੀ. ਬਲਜਿੰਦਰ ਬੇਟੇ ਨੂੰ ਭੇਜ ਦਿੱਤੀਆਂ। ਮੈਨੂੰ ਉ੍ਕਾ ਹੀ ਆਸ ਨਹੀਂ ਸੀ ਕਿ ਬਲਜਿੰਦਰ ਇਸਨੂੰ ਨਸ਼ਰ ਕਰੇਗਾ। ਉਹ ਵੀ ਏਨੇ ਮਾਣ ਸਨਮਾਨ ਨਾਲ। ਅਚਾਨਕ ਇੱਕ ਦਿਨ ਬੇਟੇ ਦਾ ਫ਼ੋਨ ਆਇਆ ਕਿ ਅੱਜ ਦਾ ਪ੍ਰੋਗਰਾਮ ਜ਼ਰੂਰ ਦੇਖਣਾ। ਅਚਾਨਕ ਬਲਜਿੰਦਰ ਬੇਟੇ ਨੇ ਮੈਨੂੰ ਇਕਦਮ ਏਡਾ ਸਰਪ੍ਰਾਈਜ਼ ਦਿੱਤਾ ਕਿ ਮੈਂ ਇਕਦਮ ਦੰਗ ਹੀ ਰਹਿ ਗਿਆ। ਏਨੀ ਮਿਹਨਤ ਦੇ ਸ਼ਿੱਦਤ ਨਾਲ ਐਡਿਟ ਕਰਕੇ ਇੱਕ ਨਗੀਨੇ ਵਾਂਗ ਤਰਾਸ਼ ਕੇ ਸੰਵਾਰ ਕੇ ਏਨੀ ਖ਼ੂਬਸੂਰਤੀ ਨਾਲ ਮੇਰੀ ਇੰਟਰਵਿਊ ਤੇ ਮੇਰੀਆਂ ਸਾਰੀਆਂ ਡੀ. ਵੀ. ਡੀ. ਦੀਆਂ ਕਲਿੱਪਾਂ ਲਾ ਕੇ ਏਨਾ ਵਧੀਆ ਸਜਾਇਆ ਕਿ ਸਾਰੇ ਸ੍ਰੋਤੇ ਅਸ਼ ਅਸ਼ ਕਰ ਉ੍ਠੇ। ਜਾਣੋਂ ਉਨ੍ਹਾਂ ਜਿਵੇਂ ਫਿਰ ਤੋਂ ਕਿਸੇ ਮੁਰਦੇ ਵਿੱਚ ਜਾਨ ਫੂਕ ਦਿੱਤੀ ਹੋਵੇ। ਸਾਡੇ ਟੋਰੰਟੋ ਦੇ ਸਾਰੇ ਹੋਸਟ ਹਾਲਾਂ ਮੈਨੂੰ ਨਿੱਜੀ ਤੌਰ ਤੇ ਕਈ ਸਾਲਾਂ ਤੋਂ ਜਾਣ ਦੇ ਪਰ ਉਨ੍ਹਾਂ ਇਸ ਕਿੱਤੇ ਨੂੰ ਸਿਰਫ਼ ਧੰਦਾ ਬਣਾ ਲਿਆ ਹੈ। ਕੋਈ ਕਿਸੇ ਨਾਲ ਲਿਹਾਜ਼ ਨਹੀਂ, ਸਭ ਹੀ ਵੱਡੀ ਉਂਗਲੀ ਤੇ ਕਿੰਨੇ ਦਾ ਪਿਸ਼ਾਬ ਕਰੀਏ ਵਾਲੀ ਗੱਲ ਹੈ। ਸਭ ਚੜ੍ਹਦੇ ਸੂਰਜ ਨੂੰ ਹੀ ਸਲਾਮਾਂ ਕਰਨ ਵਾਲੇ ਨੇ। ਕਿਸੇ ਡੁੱਬੇ ਸੂਰਜ ਜਾਂ ਮੁੜ ਤੋਂ ਕਿਸੇ ਬੁੱਝੇ ਦੀਵੇ ਨੂੰ ਰੋਸ਼ਨ ਕਰਨਾ ਉਹ ਤਾਂ ਕਿਸੇ ਵਿਰਲੇ ਜ਼ੇਰੇ

ਵਾਲੇ ਕਰਮਯੋਗੀ ਦਾ ਕੰਮ ਹੈ। ਜਾਣੋਂ ਮੈਨੂੰ ਤਾਂ ਫਿਰ ਤੋਂ ਜਿਵੇਂ ਜੀਉਣ ਦਾ ਕੋਈ ਮਕਸਦ ਮਿਲ ਗਿਆ ਹੋਵੇ। ਜਿਵੇਂ ਦਮ ਤੋੜਕੇ ਮਰੀਜ਼ ਤੇ ਇਸ ਬੱਚੇ ਨੇ ਅਚਾਨਕ ਕੋਈ ਔਕਸੀਜ਼ਨ ਮਾਸਕ ਲਾ ਦਿੱਤਾ ਹੋਵੇ।

ਫੇਰ ਜੂਨ 2009 ਨੂੰ ਬਲਜਿੰਦਰ ਬੇਟੇ ਦੇ ਖ਼ਾਸ ਸੱਦੇ ਤੇ ਮੈਂ ਕਨਾਡਾ ਦੀ ਧਰਤੀ ਦਾ ਖ਼ਾਸ ਸਵਰਗ ਦੇਖਣ ਪਹੁੰਚ ਗਿਆ। ਜਾਣੋਂ ਇਸ ਧਰਤੀ ਦੇ ਦੇਵਤਿਆਂ ਵਰਗੇ ਦਰਵੇਸ਼ ਤੇ ਮਿਲਾਪੜੇ ਬੰਦਿਆਂ ਨੇ ਮੈਨੂੰ ਇੱਕ ਨਿਮਾਣੇ ਜਿਹੇ ਬੰਦੇ ਨੂੰ ਆਪਣੀਆਂ ਪਲਕਾਂ ਉ-ੱਤੇ ਬਿਠਾ ਲਿਆ ਹੋਵੇ। ਹਰ ਪਾਸਿਓਂ ਏਨਾਂ ਮਾਣ ਸਤਿਕਾਰ ਤੇ ਪਿਆਰ ਮਿਲਿਆ, ਜਾਣੋਂ ਮੇਰੀਆਂ ਸਾਰੀਆਂ ਉਮਰ ਭਰ ਦੀਆਂ ਧੱਕੇ ਧੋੜੇ, ਨਾਕਾਮੀਆਂ, ਨਮੋਸ਼ੀਆਂ, ਜ਼ਿੱਲਤਾਂ ਤੇ ਖੱਜਲ ਖ਼ੁਆਰੀਆਂ ਦੀ ਥਕਾਨ ਲਹਿ ਗਈ ਹੋਵੇ।

ਬਲਜਿੰਦਰ ਬੇਟੇ ਨੇ ਮੈਨੂੰ ਏਅਰਪੋਰਟ ਤੋਂ ਰੀਸੀਵ ਕਰਕੇ ਆਪਣੇ ਹੀ ਘਰ ਵਿੱਚ ਖ਼ਾਸ ਮਹਿਮਾਨ ਬਣਾ ਕੇ ਰੱਖਿਆ। ਜਿਵੇਂ ਉਸਦਾ ਕੋਈ ਬਹੁਤ ਨੇੜਲਾ ਆਪਣਾ ਬਜ਼ੁਰਗ ਹੋਵੇ। ਉਸਦੇ ਬੇਟਾ-ਬੇਟੀ ਦੋਵੇਂ ਮੈਨੂੰ ਬਾਪੂ ਜੀ (Grand Pa) ਕਹਿੰਦੇ ਨਾ ਥੱਕਦੇ। ਖ਼ਾਸ ਕਰਕੇ ਸਾਡੀ ਬਹੂ ਰਾਣੀ, ਮੇਰੀ ਪਿਆਰੀ ਜਿਹੀ ਧੀ, ਬਲਬੀਰ ਕੌਰ ਨੇ ਮੈਨੂੰ ਮਾਨ, ਪਿਆਰ ਤੇ ਅਪਣਾਪਨ ਦਿੱਤਾ ਕਿ ਮੈਂ ਧੰਨ ਹੋ ਗਿਆ। ਹੁਣ ਉਹ ਮੇਰੀ ਨੂੰਹ ਨਹੀਂ ਸਗੋਂ ਮੇਰੀ ਇੱਕ ਲਾਡਲੀ ਧੀ ਹੈ। ਉਸ ਮੇਰੀ ਇੱਕ ਸਦੀਆਂ ਤੋਂ ਧੀ ਦੀ ਕਮੀ ਨੂੰ ਪੂਰਾ ਕਰ ਦਿੱਤਾ ਹੈ। ਫੇਰ ਬਲਬੀਰ ਬੇਟੀ ਨੇ ਮੈਨੂੰ ਨਿੱਤ ਨਵੇਂ ਤੋਂ ਨਵੇਂ ਮੇਰੀ ਮਰਜ਼ੀ ਦੇ ਪਕਵਾਨ ਬਣਾ ਬਣਾ ਕੇ ਖੁਆਏ ਤੇ ਬਲਜਿੰਦਰ ਨੇ ਆਪਣੀ ਕਾਰ ਤੇ ਮੈਨੂੰ ਆਪਣੇ ਸ਼ਹਿਰ ਦਾ ਚੱਪਾ-ਚੱਪਾ ਘੁਮਾਇਆ। ਸਭ ਨਾਲ ਵੱਧ ਰਮਣੀਕ ਵਿਕਟੋਰੀਆ ਦੀ ਸ਼ਿਪ ਯਾਤਰਾ ਸੀ। ਜਾਣੋਂ ਕ੍ਰਿਸ਼ਚੈਨਿਟੀ ਦੇ Prihal Film ਵਾਲੇ ਬੇੜੇ ਵਾਂਗ ਇਕੋ ਵਾਰੀ ਸਾਰੀ ਸਿਸ਼ਟੀ ਲੱਦ ਲੈਂਦੇ ਨੇ, ਲੱਦ ਕੇ ਤੁਰ ਪਣਾ। ਵਿਚੇ ਹੀ ਸੈਂਕੜੇ ਕਾਰਾਂ, ਬੱਸਾਂ, ਵੱਡੇ ਵੱਡੇ ਟ੍ਰਾਲੇ, ਟਰੱਕ, ਹਜ਼ਾਰਾ ਬੰਦੇ ਹੋਰ ਪਤਾ ਨਹੀਂ ਕੀ ਕੀ ਲੱਦਿਆ ਹੁੰਦਾ ਏ। ਜਾਣੋਂ ਛੇ ਸੱਤ ਮੰਜ਼ਿਲਾ ਕੋਈ ਪੂਰੇ ਪਿੰਡ ਦਾ ਪਿੰਡ ਪਾਣੀ ਦੀ ਹਿੱਕ ਤੇ ਤੈਰਦਾ ਜਾ ਰਿਹਾ ਹੋਵੇ। ਵੇਖੋ ਕੁਦਰਤ ਦੇ ਰੰਗ ਤਕਰੀਬਨ 30 ਮੀਲ ਸਮੁੰਦਰ ਨੂੰ ਪਾਰ ਕਰਕੇ ਇੱਕ ਖ਼ੂਬਸੂਰਤ ਬਹੁਤ ਵੱਡਾ ਟਾਪੂ ਆਬਾਦ ਹੈ ਜਿਸਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ। ਰੋਜ਼ ਹਜ਼ਾਰਾਂ ਯਾਤਰੂ ਸਵੇਰੇ ਤੋਂ ਰਾਤ ਤਾਈਂ ਇਨ੍ਹਾਂ ਬੇੜਿਆਂ ਵਿੱਚ ਆਪਣੀਆਂ ਕਾਰਾਂ ਸਣੇ ਸਫ਼ਰ ਕਰਦੇ ਨੇ। ਕਈ ਰੋਜ਼ ਇੱਥੇ ਕੰਮ ਕਰਨ ਆਉਂਦੇ ਨੇ ਤੇ ਕਈ ਇੱਥੋਂ ਰੋਜ਼ ਆਪਣੇ ਕੰਮ ਤੇ ਬਾਹਰ ਜਾਂਦੇ ਨੇ।

ਇਸੇ ਤਰ੍ਹਾਂ ਬਲਜਿੰਦਰ ਬੇਟੇ ਦਾ ਘਰ ਵੀ ਇੱਕ ਖ਼ੂਬਸੂਰਤ ਅਜੂਬੇ ਤੋਂ ਘੱਟ ਨਹੀਂ। ਇੱਕ ਖ਼ਾਸ ਨਿਵੇਕਲੀ ਚੀਜ਼ ਜੋ ਆਪਨੂੰ ਵੱਡੇ ਅਰਬ ਪਤੀਆਂ ਦੇ ਮਹਿਲਾਂ ਵਿੱਚ ਵੀ ਨਸੀਬ ਨਾ ਹੋਵੇ। ਉਸਦੇ ਦਿਲ ਵਾਂਗ ਹੀ ਖੁੱਲ੍ਹੀ ਡੁੱਲ੍ਹੀ ਉਸ ਦੀ ਬੇਸਮੈਂਟ ਜਿਸ ਵਿੱਚ ਉਸਨੇ ਜਾਣੋਂ ਉਮਰ ਖਿਆਮ ਦੇ ਸੁਪਨਿਆਂ ਦੀ ਤਾਬੀਰ ਕਰਕੇ ਇੱਕ ਬੜੀ ਹੀ ਦਿਲਕਸ਼, ਆਧੁਨਿਕ ਢੰਗ ਨਾਲ ਲੈਸ ਇਥ ਬਾਰ ਬਣਾਈ ਹੋਈ ਏ, ਜਿਸ ਵਿੱਚ ਦੁਨੀਆਂ ਭਰ ਦੀ ਤਕਰੀਬਨ ਹਰ ਬਰਾਂਡ ਦੀ ਵ੍ਹਿਸਕੀ ਸੁਸ਼ੋਭਿਤ ਹੈ। ਦੂਜੇ ਪਾਸੇ ਇੱਕ ਖ਼ਾਸ ਆਕਰਸ਼ਣ ਵਾਲਾ ਉਸ ਆਪ ਡਿਜ਼ਾਈਨ ਕਰਕੇ ਹੱਥੀਂ ਇੱਕ ਵਿਸ਼ਾਲ ਹੋਮ ਥੀਏਟਰ ਬਣਾਇਆ ਹੋਇਆ ਹੈ। ਜਿਸ ਵਿੱਚ ਫੁੱਲ ਸਕ੍ਰੀਨ ਲੱਗੀ ਹੋਈ ਏ। ਫੇਰ ਬੜੀ ਹੀ ਤਰਤੀਬ ਵਿੱਚ ਲਗਜ਼ਰੀ ਲੈਦਰ ਦੇ ਸੋਫ਼ੇ ਸੈਟ ਕੀਤੇ ਹੋਏ ਨੇ। ਫੇਰ ਬੜੇ ਹੀ ਸ਼ਾਹੀ ਮਾਹੌਲ ਵਿੱਚ ਬੈਠਕੇ ਨਾਲ ਆਪਣਾ ਆਪਣਾ ਖਾਂਦੇ ਪੀਂਦੇ ਮੌਜ ਨਾਲ ਮੂਵੀ ਦੇਖਣ ਦਾ ਨਜ਼ਾਰਾ ਲੈ ਸਕਦੇ ਹੋ। ਜਿੰਨੇ ਵੀ ਦਿਨ ਮੈਂ ਬਲਜਿੰਦਰ ਕੋਲ ਰਿਹਾ, ਅਸੀਂ ਹਰ ਸ਼ਾਮ ਨੂੰ ਰੰਗੀਨ ਕਰਨ ਲਈ ਅਕਸਰ ਉ-ੱਥੇ ਦੀਵਾ ਬੱਤੀ ਬਾਲਦੇ ਤੇ ਧੂਫ਼ ਦਿੰਦੇ ਰਹੇ। ਪੂਰੇ ਟਸ਼ਨ ਨਾਲ ਮੈਂ ਉਸਦੇ ਸ਼ਾਹੀ ਜਾਮ ਨਾਲ ਆਪਣਾ ਕੋਕ ਆਦਿ ਦਾ ਜਾਮ ਟਕਰਾ ਪੀਂਦਾ। ਚਲੋ ਗੁੜ ਨਹੀਂ ਸਹੀ ਗੁੜ ਵਰਗੀ ਗੱਲ ਤਾਂ ਕਰ ਹੀ ਲਈਦੀ ਸੀ।

ਫੇਰ ਬਲਜਿੰਦਰ ਨੇ ਮੈਨੂੰ ਆਪਣਾ ਸਟੂਡੀਓ ਦਿਖਾਇਆ ਬਹੁਤ ਹੀ ਆਧੁਨਿਕ ਤਕਨੀਕ ਨਾਲ ਲੈਸ ਕੀਤਾ। ਹਰ ਕੰਮ ਬੜੀ ਹੀ ਸੁਲਝੀ ਤਰਤੀਬ ਨਾਲ ਹੋ ਰਿਹਾ ਸੀ। ਬਲਜਿੰਦਰ ਬੇਟੇ ਦਾ ਅਪਾਣਾ ਇੱਕ ਖ਼ਾਸ ਐਡੀਟਿੰਗ ਰੂਮ ਮੈਂ ਦੇਖਿਆ ਜਿਸਨੂੰ ਇਸਨੇ ਆਪਣੇ ਕੰਮ ਦੀ ਸਹੂਲਤ ਮੁਤਾਬਿਕ ਸੈਟ ਕੀਤਾ ਹੋਇਆ ਸੀ। ਬੜਾ ਹੀ ਸੁਖਾਵਾਂ ਮਾਹੌਲ ਸਿਰਜਿਆ ਹੋਇਟਾ ਸੀ। ਫੇਰ ਇਸ ਨੇ ਮੈਨੂੰ ਆਪਣੇ ਸਾਰੇ ਸਟਾਫ਼ ਮੈਂਬਰਾਂ ਤੇ ਮਾਲਿਕ ਸੰਘੇੜਾ ਸਾਹਿਬ ਨਾਲ ਵੀ ਮਿਲਾਇਆ। ਸਭ ਨੇ ਜਾਂ ਤਾਂ ਬਲਜਿੰਦਰ ਜੀ ਕਰਕੇ ਜਾਂ ਕੁੱਝ ਮੇਰੀ ਬਜ਼ੁਰਗੀ ਕਰਕੇ ਮੈਨੂੰ ਬੜਾ ਹੀ ਨਿੱਘਾ ਮਾਨ ਸਤਿਕਾਰ ਦਿੱਤਾ। ਫੇਰ ਉਨ੍ਹਾਂ ਦੇ ਸਟਾਫ਼ ਲੰਚ ਰੂਮ ਵਿੱਚ ਬਹਿ ਕੇ ਸਾਰਿਆਂ ਨੇ ਇਥ ਦੂਜੇ ਨਾਲ ਆਪਣਾ ਅਪਾਣਾ ਖਾਣਾ ਸਾਂਝਾ ਕਰਕੇ ਖਾਧਾ। ਬੜਾ ਹੀ ਆਨੰਦ ਆਹਿਆ। ਆਪਸੀ ਸਾਂਝ ਤੇ ਦਿਲੀ ਨੇੜਤਾ ਦਾ ਪ੍ਰਤੀਕ ਮਹਿਸੂਸ ਹੋਇਆ।

ਅਗਲੇ ਦਿਨ ਉਨ੍ਹਾਂ ਦੇ ਜਗਤ ਪ੍ਰਸਿੱਧ 24 ਘੰਟੇ ਚੱਲਣਵਾਲੇ ਰੇਡਿਓ ਐਫ ਐਮ ਤੇ ਨਾਲ ਬਿਠਾਕੇ ਪਹਿਲਾਂ ਥਿੱਦ ਸਾਹਿਬ ਵਾਲੇ ਪ੍ਰੋਗਰਾਮ ਵਿੱਚ ਵੈਨਕੂਵਲ ਦੇ ਸਰੋਤਿਆਂ ਨਾਲ ਸਿੱਧੀ ਆਵਾਜ਼ ਦੀ ਸਾਂਝ ਪੁਆਈ। ਫੇਰ ਅਗਲੇ ਦਿਨ ਆਪਣੇ ਖ਼ਾਸ 2 ਘੰਐ ਦੇ ਰੇਡਿਓ ਪ੍ਰੋਗਰਾਮ ਵਿੱਚ ਸਿੱਧੀ ਸਰੋਤਿਆਂ ਨਾਲ ਸਾਂਝ ਪੁਆਈ। ਪੁਰਾਣਾ ਪੰਜਾਬੀ ਹਿੰਦੀ ਸੰਗੀਤ ਸੁਣਾਇਆ। ਕਈ ਦਿਲਚਸਪ ਵਾਰਤਾਲਾਪ ਸਰੋਤਿਆਂ ਨਾਲ ਸਾਂਝੇ ਕੀਤੇ। ਕਈ ਮਨਚਲੇ ਸਰੋਤਿਆ ਦੇ ਸਿੱਧੇ ਏਅਰ ਤੇ ਫ਼ੋਨ ਸੁਣੇ ਤੇ ਉਨ੍ਹਾਂ ਦੇ ਢੁਕਵੇਂ ਜਵਾਬ ਦੇਕੇ ਉਨ੍ਹਾਂ ਨੂੰ ਪੂਰਾ ਪ੍ਰਸੰਨ ਵੀ ਕੀਤਾ। ਪ੍ਰੋਗਰਾਮ ਤੋਂ ਬਾਅਦ ਵੀ ਕਿੰਲੀ ਦੇਰ ਸਟੂਡਿਓ ਵਿੱਚ ਸਰੋਤਿਆਂ ਦੀਆਂ ਫ਼ੋਨ ਕਾਲਾਂ ਆਉਂਦੀਆਂ ਰਹੀਆਂ। ਉਨ੍ਹਾਂ ਆਪਣੇ ਸ਼ਹਿਰ ਆਏ ਇੱਕ ਪਰਦੇਸੀ ਮਹਿਮਾਨ ਨੂੰ ਦਿਲੋਂ ਜੀ ਆਇਆਂ ਆਖਿਆ। ਮੇਰੀ ਨਿਮਾਣੇ ਜਿਹੇ ਬੰਦੇ ਦੀ ਬੜੀ ਹੀ ਹੌਸਲਾ ਵਲਾਈ ਕੀਤੀ।

ਇੱਥੇ ਹੀ ਬੱਸ ਨਹੀਂ, ਬਲਜਿੰਦਰ ਨੇ ਪਤਾ ਨਹੀਂ ਕਿਹੜੇ ਵੇਲੇ ਏਨੇ ਘੱਟ ਸਮੇਂ ਵਿੱਚ ਕਿਵੇਂ ਏਨੀ ਵੱਡੀ ਗੋਸ਼ਟੀ ਦਾ ਪ੍ਰੋਗਰਾਮ ਕਿਸੇ ਬੈਂਕਟ ਹਾਲ ਵਿੱਚ ਉਲੀਕ ਲਿਆ। ਉੱਥੇ ਬੜੇ ਬੜੇ ਮਹਾਨ ਬੁੱਧੀਜੀਵ, ਕਵਿ ਸੱਜਨ, ਗਾਇਕ ਤੇ ਬੁਲਾਰੇ ਇਕੱਠੇ ਕਰ ਲਏ। ਪਹਿਲਾਂ ਸਾਰੇ ਹੀ ਸ਼ਾਹਿਰਾਂ ਨੇ ਬੜੀ ਹੀ ਕਰਿਆ ਦਿਲੀ ਦਿਖਾਈ। ਆਪਣਾ ਆਪਣਾ ਕਲਾਮ ਨਾ ਕਹਿ ਕੇ ਸਿਰਫ਼ ਮੈਨੂੰ ਖੁੱਲ੍ਹੇ ਦਿਲ ਨਾਲ ਜੀ ਆਇਆਂ ਆਖਿਆ ਤੇ ਪੂਰਾ ਆਦਰ ਸਤਿਕਾਰ ਦਿੱਤਾ। ਦੋ ਸੁਰੀਲੇ ਬੱਚਿਆਂ ਨੇ ਆਏ ਸਰੋਤਿਆਂ ਦਾ ਤੇ ਮੇਰਾ ਮਨੋਰੰਜਨ ਕੀਤਾ। ਪਹਿਲਾਂ ਬਲਜਿੰਦਰ ਨੇ ਆਪਣਾ ਨਿੱਕਾ ਜਿਹਾ ਨਿੱਘਾ ਤੇ ਮਿਲਾਪੜਾ ਜਿਹਾ ਜੀ ਆਇਆਂ ਭਾਸ਼ਣ ਦਿੱਤਾ ਫੇਰ ਟੀਵੀ ਜਗਤ ਦੇ ਮਹਾਨ ਹੋਸਟ ਬਿੰਦ ਸਾਹਿਬ ਜਿਨ੍ਹਾਂ ਦਾ ਇੰਟਰਵਿਊ ਲੈਣ ਦਾ ਆਪਣਾ ਹੀ ਇੱਕ ਵੱਖਰਾ ਅੰਦਾਜ਼ ਹੈ, ਜਿਸਦਾ ਸਾਰੇ ਪੰਜਾਬੀ ਜਗਤ ਵਿੱਚ ਕੋਈ ਸਾਨੀ ਨਹੀਂ, ਬਿੰਦ ਸਾਹਿਬ ਤੇ ਬਲਜਿੰਦਰ ਜੀ ਦੀ ਦਿਲ ਟੁੰਬਵੀਂ ਜੀ ਆਇਆਂ ਦੀ ਗੱਲ ਬਾਤ ਨੇ ਮੈਨੂੰ ਏਨਾ ਭਾਵੁਕ ਕਰ ਦਿੱਤਾ ਜਾਣੋਂ ਖ਼ੁਸ਼ੀ ਨਾਲ ਮੇਰਾ ਗਲ ਭਰ ਆਇਆ ਹੋਵੇ। ਜਾਣੋਂ ਮੇਰੇ ਸਾਰੇ ਸ਼ਬਦ ਗੁਆਚ ਗਏ ਹੋਣ। ਤੇ ਮੈਂ ਡਬਡਬਾਈਟਾ ਅੱਖਾਂ ਨਾਲ ਨੀਵੀਂ ਪਾਈ ਧੰਨਵਾਦ ਵਿੱਚ ਹੱਥ ਜੋੜੀ ਖੜਾ ਸੀ। ਪਤਾ ਨਹੀਂ ਕਦੋਂ ਬਲਜਿੰਦਰ ਨੇ ਮੈਨੂੰ ਆਪਣੇ ਕਲਾਵੇ ਵਿਚਲੈ ਲਿਆ। ਜਿਵੇਂ ਅਚਾਨਕ ਹੀ ਕਿਸੇ ਪੈਰਾਂ ਦੀ ਮਿੱਟੀ ਨੂੰ ਮੱਥੇ ਦਾ ਤਿਲਕ ਬਣਾ ਦਿੱਤਾ ਹੋਵੇ।

ਅੰਤ ਵਿੱਚ ਉਨ੍ਹਾਂ ਮੈਨੂੰ ਮਿਊਜ਼ਿਕ ਵੇਵਜ਼ ਵੱਲੋਂ ਇੱਕ ਮਖ਼ਮਲੀ ਜਿਹੀ ਥੈਲੀ ਵਿੱਚ ਮਾਇਆ ਪਾ ਕੇ ਸਰੋਪਾ ਭੇਂਟ ਕੀਤਾ, ਫੇਰ ਮੈਨੂੰ ਇੱਕ ਬਹੁਤ ਹੀ ਖ਼ੂਬਸੂਰਤ ਉਨ੍ਹਾਂ ਦੋਨਾਂ ਬਿੰਦ ਸਾਹਿਬ ਤੇ ਬਲਜਿੰਦਰ ਜੀ ਨੇ ਮੁਮੈਂਟੋ ਭੇਂਟ ਕੀਤਾ ਜਿਸ ਤੇ ਉਕਰਿਆ ਇੱਕ ਇਕ ਸ਼ਬਦ ਜਿਵੇਂ ਮੇਰੇ ਲਈ ਕੋਈ ਵਰਦਾਨ ਹੋਵੇ। ਹੁਣ ਤਾਂ ਮੈਂ ਹੋਰ ਵੀ ਭਾਵੁਕ ਹੋ ਗਿਆ। ਅੱਖਾਂ ਵਿਚੋਂ ਖ਼ੁਸ਼ੀ ਦੇ ਹੰਝੂ ਮੱਲੋ ਮੱਲੀ ਬਹਿ ਤੁਰੇ। ਬੱਸ ਇਹੀ ਮੇਰਾ ਸਭ ਲਈ ਸ਼ੁਕਰਾਨਾ ਸੀ।

ਮੈਂ ਬਿੰਦ ਸਾਹਿਬ ਦਾ ਸ਼ੁਰੂ ਤੋਂ ਹੀ ਬੜਾ ਮੁਰੀਦ ਸੀ। ਖ਼ਾਸ ਕਰਕੇ ਇਨ੍ਹਾਂ ਦੀ ਇੰਟਰਵਿਊ ਲੈਣ ਦਾ ਅੰਦਾਜ਼ ਬੜਾ ਹੀ ਦਿਲਕਸ਼, ਦਿਲਚਸਪ ਤੇ ਰੋਚਕ ਹੁੰਦਾ ਸੀ। ਬੜੇ ਬੜੇ ਪਾਟੇ ਖਾਂ ਕਹਾਉਂਦੇ ਬੁਲਾਰਿਆਂ ਦੀ ਵੀ ਬਿੰਦ ਸਾਹਿਬ ਅੱਗੇ ਜਾਣੋਂ ਘਿੱਗੀ ਬੰਝ ਜਾਂਦੀ ਸੀ। ਇੱਕ ਤਾਂ ਪੂਰੀ ਰੋਹਬਦਾਰ ਸ਼ਖ਼ਸੀਅਤ ਦੂਜਾ ਹਰ ਖੇਤਰ ਦਾ ਪੂਰਣ ਗਿਆਨ ਤੀਜਾ ਕਈ ਭਾਸ਼ਾਵਾਂ ਦੇ ਸਹੀ ਤਲਖ਼ਜ਼ ਦੀ ਮੁਹਾਰਤ, ਚੌਥਾ ਸ਼ਬਦ ਕੋਸ਼ ਦਾ ਭੰਡਾਰ ਉੱਤੋਂ ਪੂਰੀ ਚੜ੍ਹਤ ਨਾਲ ਅੱਖਾਂ ਵਿੱਚ ਅੱਖ ਪਾ ਕੇ ਇੱਕ ਸ਼ੇਰ ਵਾਂਗੂੰ ਗਰਜਕੇ ਗੱਲ ਕਰਨੀ। ਮੇਰੇ ਵਰਗੇ ਮਾੜੇ ਧੀੜੇ ਬੰਦੇ ਨੂੰ ਤਾਂ ਆਪਣੀ ਚੇਤੇ ਗੱਲ ਵੀ ਭੁੱਲ ਜਾਂਦੀ ਏ। ਉਨ੍ਹਾਂ ਦੇ ਆਮ੍ਹਣੇ ਸਾਹਮਣੇ ਬਹਿਕੇ ਗੱਲ ਕਰਨ ਦਾ ਮੇਰਾ ਵੀ ਬੜੇ ਚਿਰਾਂ ਦਾ ਸੁਪਨਾ ਸੀ। ਜਿਵੇਂ ਕਹਿੰਦੇ ਨੇ ਬਾਰੀਂ ਸਾਲੀਂ ਤਾਂ ਰੱਬ ਰੂੜੀ ਦੀ ਵੀ ਸੁਣਦਾ ਹੈ, ਸੋ ਬਲਜਿੰਦਰ ਬੇਟੇ ਦੀ ਬਦੌਲਤ ਸਾਡੀ ਵੀ ਸੁਣੀ ਗਈ। ਪਹਿਲਾਂ ਬਿੰਦ ਸਾਹਿਬ ਨਾਲ ਮੇਰੀ ਸਰਸਰੀ ਜਿਹੀ ਗੱਲ ਬਾਤ ਹੋਈ ਫੇਰ ਉਨ੍ਹਾਂ ਨੂੰ ਮੈਂ ਆਪਣੀ ਕਿਤਾਬ "ਮੇਰੇ ਗੀਤ ਕੁਸੈਲੇ ਹੋਏ" ਭੇਂਟ ਕੀਤੀ। ਮੇਰੀ ਖ਼ੁਸ਼ਕਿਸਮਤੀ ਹੈ ਕਿ ਉਨ੍ਹਾਂ ਮੈਨੂੰ ਬੜਾ ਬੇਵਾਕ ਹੋ ਕੇ ਕਿਹਾ, "ਸਿਕੰਦ ਸਾਹਿਬ, ਤੁਸੀਂ ਮੈਨੂੰ ਬੜੇ ਹੀ ਦਿਚਸਪ ਫ਼ਿਲਮੀ ਬੰਦੇ ਲੱਗਦੇ ਹੋ। ਤੁਹਾਨੂੰ ਮੈਂ ਆਮ ਲੋਕਾਂ ਵਾਂਗ ਰਲਕੇ ਇੰਟਰਵਿਊ ਦੀ ਤਿਆਰੀ ਦਾ ਮੌਕਾ ਨਹੀਂ ਦੇਣਾ ਚਾਹੁੰਦਾ। ਕੱਲ੍ਹ ਨੂੰ ਕੈਮਰੇ ਸਾਮ੍ਹਣੇ ਬਹਿਕੇ ਆਪਾਂ ਦੋਵੇਂ ਸਿੱਧੀਆਂ ਗੱਲਾਂ ਕਰਾਂਗੇ ਜੋ ਜੀ ਵਿੱਚ ਮੇਰੇ ਆਊ ਆਪ ਨੂੰ ਪੱਛਾਂਗਾ। ਅਸਲੀ ਇੰਟਰਵਿਊ ਦਾ ਮਜ਼ਾ ਤਾਂਸਿਕੰਦ ਸਾਹਿਬ ਏਦਾਂ ਹੀ ਆਉਂਦਾ ਏ।" ਫੇਰ ਥੋੜੀ ਜਿਹੀ ਮੀਣੀ ਹਸੀ ਹੱਸੇ, ਆਪਣੇ ਹੀ ਅੰਦਾਜ਼ ਵਿੱਚ ਕਿਹਾ, "ਉਹ ਵੀ ਕੀ ਦੋਨੋਂ ਪਾਸੀਂ ਗਿੱਲੀ-ਮਿੱਠੀ ਗੱਲ ਕਰਦੇ ਜਾਓ।"

ਸੋ ਅਗਲੇ ਦਿਨ ਸਟੂਡਿਓ ਵਿੱਚ ਆਮ੍ਹਣੇ ਸਾਮ੍ਹਣੇ ਬਹਿਕੇ ਰਨਿੰਗ ਟੀਵੀ ਕੈਮਰੇ ਅੱਗੇ ਦੋਨਾਂ ਦੇ ਸਿੱਧੇ ਟਾਕਰੇ ਹੋਏ। ਸੋ ਬਿੰਦ ਸਾਹਿਬ ਨੇ ਦਿਲ ਖੋਲ ਕੇ ਬੇਝਿਜਕ ਆਪਣੇ ਸਵਾਲ ਪੁੱਛੇ। ਸੋ ਅਸੀਂ ਵੀ ਪੂਰੀ ਇਮਾਨਦਾਰੀ ਨਾਲ ਬਿਨਾਂ ਕਿਸੇ ਲੁਕ ਲੁਕੋ ਦੇ ਜੋ ਵੀ ਸਾਡੇ ਪੱਲੇ ਸੀ, ਸਭ ਕੁੱਝ ਸੱਚ ਸੱਚ ਦੱਸ ਦਿੱਤਾ। ਤਕਰੀਬਨ ਘੰਟੇ ਤੋਂ ਉੱਤੇ ਸਾਡੀ ਨਾਨ ਸਟਾਪ ਸ਼ੂਟਿੰਗ ਤੇ ਗੱਲ ਬਾਤ ਚੱਲਦੀ ਰਹੀ। ਬਿੰਦ ਸਾਹਿਬ ਇੰਟਰਵਿਊ ਕਰਕੇ ਬਹੁਤ ਖ਼ੁਸ਼ ਹੋਏ। ਬਾਅਦ ਵਿੱਚ ਉਨ੍ਹਾਂ ਦਾ ਅਦਬ ਨਾਲ ਦਿੱਤਾ ਥਾਪੜਾ ਮੇਰੇ ਲਈ ਬਹੁਤ ਵੱਡਾ ਇਨਾਮ ਸੀ।

ਅੱਗੋਂ ਸੋਨੇ ਤੇ੍ਹਾਗੇ ਵਾਲੀ ਗੱਲ ਹੋਈ। ਬਲਜਿੰਦਰ ਜੀ ਨੇ ਬੜੀ ਹੀ ਸ਼ਿੱਦਤ ਤੇ ਮਿਹਨਤ ਨਾਲ ਇਸ ਇੰਟਰਵਿਊ ਦੀ ਐਡਿਟਿੰਗ ਕੀਤੀ। ਕਈ ਦਿਨਾਂ ਦੀ ਸਖ਼ਤ ਮਿਹਨਤ ਤੇ ਲਗਨ ਨਾਲ ਇਸ ਇੰਟਰਵਿਊ ਨੂ ਮਰਾਸ਼ਿਆ ਤੇ ਸਜਾਇਆ। ਹੱਦੋਂ ਵੱਧ ਰੋਚਕ ਵੀ ਬਣਾਇਆ। ਪਤਾ ਨਹੀਂ ਕਿੱਥੋਂ ਕਿੱਥੋਂ ਲੱਭਕੇ ਰੈਫਰੈਂਕ ਕਲਿੱਪ ਪਾਏ ਕਿ ਹਰ ਸੀਨ ਮੂੰਹੋਂ ਬੋਲਦਾ ਸੀ ਤੇ ਆਪਣੀ ਅਮਿੱਟ ਛਾਪ ਛੱਡਦਾ ਸੀ। ਫੇਰ ਸਭ ਨਾਲੋਂ ਵੱਡਾ ਮੇਰੇ ਤੇ ਇਹ ਕਰਮ ਕੀਤਾ ਆਪਣੇ ਜਗਤ ਪ੍ਰਸਿੱਧ ਮਿਊਜ਼ਿਕ ਵੇਵਜ਼ ਦੇ "ਦੇਸ-ਪਰਦੇਸ" ਪ੍ਰੋਗਰਾਮ ਵਿੱਚ ਲਗਾਤਾਰ ਚਾਰ ਹਫ਼ਤੇ ਮੇਰੀ ਇਸ ਰੋਚਕ ਇੰਟਰਵਿਊ ਨੂੰ ਨਸ਼ਰ ਕੀਤਾ ਤੇ ਨਾਲ ਹੀ ਬਾਰ ਬਾਰ ਮੇਰਾ ਕੌਂਟੈਕਟ ਟੈਲੀਫ਼ੋਨ ਨੰਬਰ ਵੀ ਸਰੋਤਿਆਂ ਲਈ ਨਸ਼ਰ ਕਰਦੇ ਰਹੇ। ਬਲਜਿੰਦਰ ਬੇਟੇ ਨੇ ਇਸ ਸਾਰੇ ਪ੍ਰੋਜੈਕਟ ਨੂੰ ਹੋਰ ਵੀ ਯਾਦਗਾਰੀ ਬਣਾਉਣ ਲਈ ਇਸ ਪੂਰੇ ਪ੍ਰੋਜੈਕਟ ਦੀ ਇੱਕ No stop non commercial DVDs ਤਿਆਰ ਕਰਕੇ ਚਾਹਵਾਨ ਸਰੋਤਿਆਂ ਨੂੰ ਵੰਡੀਆਂ। ਇਸ ਤੋਂ ਬਾਅਦ ਸਰੋਤਿਆਂ ਦੀ ਭਾਰੀ ਮੰਗ ਤੇ ਸਾਰੇ ਐਪੀਸੋਡ ਇੰਟਰਨੈਟ ਤੇ ਪਾ ਦਿੱਤੇ। ਇਸ ਨਾਲ ਮੇਰੀ ਪੂਰੇ ਜਗਤ ਦੇ ਪੰਜਾਬੀ ਸਰੋਤਿਆਂ ਨਾਲ ਸਾਂਝ ਪਈ। ਫੇਰ ਮੈਨੂੰ ਕਈ ਮਈਨੇ ਤੱਕ ਦੇਸਾਂ ਪਰਦੇਸਾਂ ਤੋਂ ਲਗਾਤਾਰ ਸਰੋਤਿਆਂ ਦੇ ਫ਼ੋਨ ਆਉਂਦੇ ਰਹੇ। ਬਲਜਿੰਦਰ ਦੇ ਇਸ ਉਪਕਾਰ ਸਦਕਾ ਮੈਨੂੰ ਕਈ ਆਪਣੇ ਅਜਿਹੇ ਵਿਛੜੇ ਮਿੱਤਰ ਮਿਲੇ ਜਿਨ੍ਹਾਂ ਨਾਲ ਪਿਛਲੇ 30-40 ਸਾਲਾਂ ਤੋਂ ਰਾਫ਼ਤਾ ਟੁੱਟਿਆ ਹੋਇਆ ਸੀ। ਉਸ ਇੱਕ

ਦਫ਼ਨ, ਫ਼ਨਾ, ਗੁਮਨਾਮ ਜਿਹੇ ਬੰਦੇ ਨੰ ਜਿਸਨੂੰ ਗ਼ੈਰਾਂ ਦੇ ਨਾਲ ਨਾਲ ਆਪਣੇ ਵੀ ਭੁੱਲ ਚੁੱਕੇ ਸਨ, ਜਾਣੋਂ ਉਸ ਮੈਨੂੰ ਮੁੜਕੇ ਜੀਉਂਦਾ ਕਰ ਦਿੱਤਾ ਹੋਵੇ। ਇੱਕ ਨਵੇਂ ਜੀਵਨ ਦੀ ਪ੍ਰੇਰਣਾ ਬਖ਼ਸ਼ੀ ਹੋਵੇ।

ਹੁਣ ਮੇਰੀ ਅਨੇਕਾਂ ਨਵੇਂ ਪੁਰਾਣੇ ਸਰੋਤਿਆਂ ਨਾਲ ਸਾਂਝ ਮੁੜਕੇ ਜੀਉਂਦੀ ਜਾਗਦੀ ਹੋ ਗਈ ਏ। ਇਨ੍ਹਾਂ ਰੱਬ ਵਰਗੇ ਕਈ ਸਰੋਤਿਆਂ ਨੇ ਮੈਨੂੰ ਬਾਰ ਬਾਰ ਇਕੋ ਗੱਲ ਲਈ ਪ੍ਰੇਰਿਆ ਕਿ, "ਬਲਬੀਰ ਜੀ, ਤੁਹਾਡੀ ਜੀਵਨੀ ਵਿੱਚ ਤੁਸੀਂ ਬੜੀ ਸ਼ਿੱਦਤ ਨਾਲ ਹਰ ਸੰਘਰਸ਼, ਘਾਲ਼ਣਾ, ਉਤਾਰ, ਚੜਾਅ, ਨਮੋਸ਼ੀਆਂ, ਸਿਰੜ, ਸਿਦਕ, ਸੰਤਾਪ ਨੂੰ ਅਪਾਣੇ ਤੇ ਹੱਸ ਕੇ ਜਰਿਆ ਹੈ, ਤੁਸੀਂ ਆਪਣੀ ਸਵੈ ਜੀਵਨੀ ਜ਼ਰੂਰ ਅਪਾਣੇ ਪਾਠਕਾਂ ਨਾਲ ਸਾਂਝੀ ਕਰੋ। ਇਹ ਬੜੇ ਹੀ ਡਾਵਾਂਡੋਲ ਤੇ ਭਟਕਦੇ ਬੰਦਿਆਂ ਨੂੰ ਇੱਕ ਸੇਧ ਦੇਵੇਗੀ।"

"ਮੇਰੇ ਰੱਬ ਵਰਗੇ ਸਰੋਤਿਓ, ਤੁਹਾਡਾ ਹੁਕਮ ਮੇਰੇ ਸਿਰ ਮੱਥੇ ਤੇ। ਸੱਚ ਪੁੱਛੋ ਤਾਂ ਮੇਰੇ ਕੋਲ ਕੁੱਝ ਵੀ ਵਧੀਆ ਤੇ ਖ਼ਾਸ, ਵਿਲੱਖਣਤਾ ਵਾਲਾ, ਕਹਿਣ ਸੁਣਨ ਨੂੰ ਨਹੀਂ ਹੈ ਜਿਸਤੋਂ ਮੈਂ ਮਾਣ ਕਰ ਸਕਾਂ ਜਾਂ ਤੁਹਾਨੂੰ ਭਰਮਾ ਸਕਾਂ। ਕੀ ਨੰਗਾਂ ਨ੍ਹਾਊ ਤੇ ਕੀ ਨਚੋੜੂ ਵਾਲੀ ਗੱਲ ਹੈ। ਬੱਸ ਮੇਰੀ ਜ਼ਿੰਦਗੀ ਪੁਰਾਣੀਆਂ, ਟੁੱਟੀਆਂ, ਮੈਲੀਆਂ ਲੀਰਾਂ ਦੀ ਖਿੱਦੋ ਵਾਂਗ ਹੈ ਜਿਸਨੂੰ ਮੈਂ ਆਪਣੀ ਨਮੋਸ਼ੀ ਦੀ ਬੁੱਕਲ ਵਿੱਚ ਲਕੋਈ ਫਿਰਦਾ ਹਾਂ।"

"ਮੇਰੇ ਪਿਆਰੇ ਦਿਆਲੂ ਤੇ ਨਜ਼ਰਅੰਦਾਜ਼ ਕਰਨ ਵਾਲੇ ਸਰੋਤਿਓ, ਹੁਣ ਮੈਂ ਆਪ ਅੱਗੇ ਆਪਣੀ ਹੱਢ ਬੀਤੀ ਦੀ ਖਿੱਦੋ ਫਰੋਲ ਤਾਂ ਦਿੱਤੀ ਹੈ, ਰੱਬ ਦੇ ਵਾਸਤੇ ਤੁਸੀਂ ਇਨ੍ਹਾਂ ਟੁੱਟੀਆਂ, ਪੁਰਾਣੀਆਂ, ਸੜੀਆਂ, ਗਲੀਆਂ ਲੀਰਾਂ ਦਾ ਦਰਦ ਭਾਂਵੇਂ ਮਹਿਸੂਸ ਜ਼ਰੂਰ ਕਰਨਾ ਪਰ ਇਨ੍ਹਾਂ ਤੇ ਕਦੇ ਵੀ ਤਰਸ, ਰਹਿਮ, ਹੌਕਾ ਜਾਂ ਹੰਝੂ ਨਹੀਂ ਕੇਰਨਾ। ਇਹ ਕਰਮ ਕਿਸੇ ਦੇ ਅਣਥੱਕ ਜਨੂੰਨ ਨੂੰ ਸਦਾ ਲਈ ਅਪਾਹਿਜ ਤੇ ਨਾਕਾਰਾ ਬਣਾ ਦਿੰਦੇ ਨੇ।"

"ਸ਼ਾਇਕ ਮੈਂ ਇਹ ਨਾਕਾਮ ਜ਼ਿੰਦਗੀ ਦੀ ਸਵੈਜੀਵਨੀ ਲਿਖਣ ਲਈ ਕਦੇ ਆਮਾਦਾ ਨਾ ਹੁੰਦਾ ਜੇ ਮੇਰੇ ਕੋਲ ਕੁੱਝ ਲੁਕੋਣ ਨੂੰਹੁੰਦਾ ਜਾਂ ਇਸ ਜ਼ਿੰਦਗੀ ਵਿੱਚ ਕੁੱਝ ਹੋਰ ਨਵਾਂ ਸਿਰਜਣ ਦੇ ਮੈਂ ਸਮਰੱਥ ਹੁੰਦਾ ਜਾਂ ਮੇਰੇ ਜੁੱਸੇ ਵਿੱਚ ਹੋਰ ਸੰਤਾਪ ਸਹਿਣ ਦਾ ਤਾਣ ਹੁੰਦਾ। ਮੈਥੋਂ ਤਾਂ ਆਪਣਾ ਪੁਰਾਣਾ ਹੀ ਕੂੜ-ਕਬਾੜ ਨਹੀਂ ਸਮੇਟਿਆ ਜਾਂਦਾ। ਹੁਣ ਦਿਮਾਗੀ ਤੌਰ ਤੇ ਮੇਰੀ ਹਰ ਸੋਚ ਅਪਾਹਿਜ ਹੋ ਚੁੱਕੀ ਹੈ ਤੇ ਮੇਰਾ ਹਰ ਸ਼ੌਕ ਬਿਰਧ ਤੇ ਖਸਤਾ ਹੋ ਚੁੱਕਿਆ ਹੈ। ਉਮਰ ਦੇ ਇਸ ਬਿਲਕੁਲ ਧੀਮੇ (ਮੱਧਮ) ਮੋੜ ਤੇ ਆ ਕੇ ਜ਼ਿੰਦਗੀ ਵਿੱਚ ਰਤਾ ਭਰ ਵੀ ਰਵਾਨਗੀ ਨਹੀਂ ਰਹੀ। ਜਿਵੇਂ ਵੀ ਜਿੱਥੇ ਖੜੀ ਹੈ ਬੱਸ ਉਥੇ ਹੀ ਖੜੀ ਰਹੇ, ਬੜੀ ਗ਼ਨੀਮਤ ਹੈ। ਜ਼ਿੰਦਗੀ ਤਾਂ ਹਰ ਪਲ ਰੇਤ ਵਾਂਗੂੰ ਹੱਥੋਂ ਕਿਰਦੀ ਜਾ ਰਹੀ ਹੈ।"

"ਹੁਣ ਰਹਿੰਦੀ ਖੂੰਹਦੀ ਜ਼ਿੰਦਗੀ ਵਿਚਾਰੀ ਡਾਕਟਰਾਂ ਦੇ ਬੱਸ ਪੈ ਗਈ ਏ। ਡਾਕਟਰ ਕਹਿੰਦੇ ਨੇ ਕੁੱਝ ਨਾ ਖਾਓ, ਘਿਓ ਨਹੀਂ, ਲੂਣ ਨਹੀਂ, ਮਿੱਠਾ ਨਹੀਂ, ਜੇ ਖਾਣਾ ਵੀ ਤਾਂ ਸਿਰਫ਼ ਲੰਬੇ ਲੰਬੇ ਹੌਕੇ ਖਾਈ ਜਾਓ ਜਾਂ ਗ਼ਮ ਖਾਈ ਜਾਓ। ਆਕਸਰ ਮੈਨੂੰ ਰੋਟੀ ਨਾਲੋਂ ਵੱਧ ਹੁਣ ਗੋਲੀਆਂ ਖਾਣੀਆਂ ਪੈਂਦੀਆਂ ਨੇ। ਗਿਣਤੀ ਮਿਣਤੀ ਦਾ ਹਿਸਾਬ ਤਾਂ ਮੈਥੋਂ ਵੀ ਨਹੀਂ ਰੱਖਿਆ ਜਾਂਦਾ। ਇੱਕ ਸਵੇਰੇ 8-10 ਗੋਲੀਆਂ ਦਾ ਫੱਕਾ ਮਾਰ ਲਈਦਾ ਏ। ਇਸੇ ਤਰ੍ਹਾਂ 12-13 ਗੋਲੀਆਂ ਦਾ ਰਾਤ ਨੂੰ ਫੱਕਾ ਮਾਰ ਲਈਦਾ ਏ।"

"ਡਾਕਟਰ ਮੈਨੂੰ ਡਰਾਉਂਦੇ ਰਹਿੰਦੇ ਨੇ, "ਮਿ. ਸਿਕੰਦਰ, ਤੁਹਾਡੀਆਂ ਦੋਨੋਂ ਹੀ ਕਿਡਨੀਆਂ ਬੱਸ ਬਿਲਕੁਲ ਬਾਰਡਰ ਲਾਈਨ ਤੇ ਪਹੁੰਚੀਆਂ ਹੋਈਆਂ ਨੇ। ਤੁਸੀਂ ਪਰਹੇਜ਼ ਨਹੀਂ ਕਰਦੇ ਤਾਂ ਹੀ ਤੁਹਾਡਾ ਬਲੱਡ ਪ੍ਰਸ਼ਰ ਕੰਟਰੋਲ ਵਿੱਚ ਨਹੀਂ ਰਹਿੰਦਾ। ਦਿਲ ਦੀਆਂ ਚਾਰੋਂ Artries 60% ਤੋਂ ਵੱਧ ਬਲਾਕ ਨੇ। ਤੁਹਾਡੇ ਫਲਾਨੇ ਫਲਾਨੇ ਸ਼ਰੀਰ ਦੇ ਅੰਗ ਖ਼ਰਾਬ ਹੋ ਚੁੱਕੇ ਨੇ ਤੇ ਆਹ ਆਹ ਤੁਹਾਨੂੰ ਰੋਗ ਨੇ। ਮੈਂ ਅੱਕ ਕੇ ਡਾਕਟਰ ਸਾਹਿਬ ਜੀ ਨੂੰ ਕਹਿੰਦਾ ਹਾਂ ਕਿ ਐਵੇਂ ਕਾਹਨੂੰ ਇੰਨੀਆਂ ਲੰਬੀਆਂ ਚੌੜੀਆਂ ਲਿਸਟਾਂ ਗਿਣਾਕੇ ਆਪਣਾ ਤੇ ਮੇਰਾ ਵਕਤ ਖ਼ਰਾਬ ਕਰਦੇ ਰਹਿੰਦੇ ਹੋ। ਜਿਹੜਾ ਇੱਕ ਅੱਧਾ ਪੁਰਜਾ ਮੇਰੇ ਵਿੱਚ ਠੀਕ ਜਾਪਦਾ ਹੈ ਤੁਸੀਂ ਉਹ ਵੀ ਕੱਢ ਲਵੋ ਤੇ ਸਾਡੀ ਛੁੱਟੀ ਕਰੋ ਤੇਆਪ ਵੀ ਸੁਰਖ਼ਰੂ ਹੋਵੋ।"

ਸੋ ਮੇਰੇ ਪਿਆਰੇ ਸਰੋਤਿਓ, ਮੈਨੂੰ ਜੋ ਵੀ ਕੁੱਝ ਯਾਦ ਆਇਆ ਜਾਂ ਸਮਝ ਆਇਆ ਮੈਂ ਪੂਰੀ ਇਮਾਨਦਾਰੀ ਤੇ ਸ਼ਿੱਦਤ ਨਾਲ ਆਪਣੀ ਨਜ਼ਰ ਕਰ ਦਿੱਤਾ ਹੈ। ਬੱਸ ਆਦਿ ਤੋਂ ਅੰਤ ਤੱਕ ਇਹੀ ਨਿੱਕ ਸੁਦ ਮੇਰੀ ਪੂੰਜੀ ਸੀ। ਸੋ ਮੇਰੀ ਸਵੈਜੀਵਨੀ ਦਾ ਅੰਤ ਅਗੇਤੀ ਹੀ ਆਪਣੀ ਸਵੈਜਵੀਨੀ ਲਿਖਕੇ ਸਿਰਫ਼ ਆਪਣੀ ਮੌਤ ਦੀ ਆਖ਼ਰੀ ਤਾਰੀਖ਼ ਦੀ ਥਾਂ ਖਾਲੀ ਛੱਡ ਦਿੱਤੀ ਹੈ ... ....॥

ਇਕ ਅਧੂਰੇ ਸਫ਼ਰਨਾਮੇ
ਦਾ ਇੱਕ ਅਧੂਰਾ ਮੁਸਾਫ਼ਿਰ ....

ਬਲਬੀਰ ਸਿਕੰਦ
ਕਨੇਡਾ
416-8800 324